# Ad Space Available

Please call

**Ph: 847-359-0746**



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Kamaljeet Kaur (Realtor/Broker)

**Ph: 317-809-1818** **Ph: 317-909-9295**

midlandrealtygroup@yahoo.com kahlonkamaljeet@gmail.com

**Midland Realty Group-Company You Trust**



*Kamaljeet Kaur*

*Mortgage rates available from 2.1% to 3%*



Twenty-Second Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 24, June 12th, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਨਵੀਆਂ ਸਮੀਕਰਨਾਂ ਨੇ ਕੈਪਟਨ ਨੂੰ ਤ੍ਰੇਲੀ ਲਿਆਂਦੀ

## ਸਰਕਾਰ ਦੀਆਂ ਨਾਲਾਇਕੀਆਂ ਖਿਲਾਫ ਲੋਕ ਰੋਹ ਤਿੱਖਾ ਹੋਣ ਲੱਗਾ

**ਚੰਡੀਗੜ੍ਹ:** ਕਰੋਨਾ ਪਾਬੰਦੀਆਂ ਵਿਚ ਰਤਾ ਕੁ ਢਿੱਲ ਮਿਲਦਿਆਂ ਹੀ ਪੰਜਾਬ ਦੀ ਕੈਪਟਨ ਸਰਕਾਰ ਖਿਲਾਫ ਮੁਲਾਜ਼ਮ ਜਥੇਬੰਦੀਆਂ ਅਤੇ ਸਿਆਸੀ ਵਿਰੋਧੀਆਂ ਨੇ ਮੋਰਚੇ ਖੋਲ੍ਹ ਦਿੱਤੇ ਹਨ। ਪੰਜਾਬ ਰੋਡਵੇਜ਼, ਪਨਬੱਸ ਯੂਨੀਅਨ, ਪਾਵਰਕੌਮ ਠੇਕਾ ਮੁਲਾਜ਼ਮ, ਨੇਤਰਹੀਣਾਂ, ਅਧਿਆਪਕਾਂ, ਪੈਨਸ਼ਨਰਾਂ ਸਮੇਤ ਹੋਰ ਜਥੇਬੰਦੀਆਂ ਨੇ ਕੈਪਟਨ ਦੇ ਪਟਿਆਲਾ ਵਿਖੇ ਮਹਿਲ ਨੂੰ ਘੇਰਾ ਪਾਇਆ ਹੋਇਆ ਹੈ। ਉਧਰ, ਕਰੋਨਾ ਵੈਕਸੀਨ ਅਤੇ ਫਤਿਹ ਕਿੱਟ ਵਿਚ ਘੁਟਾਲੇ, ਆਪਣੇ ਵਿਧਾਇਕਾਂ ਤੇ ਮੰਤਰੀਆਂ ਦੇ ਪੁੱਤਰਾਂ ਨੂੰ ਉਚ ਅਹੁਦਿਆਂ ਉਤੇ ਨੌਕਰੀਆਂ ਦੇਣ ਦੇ ਮਾਮਲੇ ਉਤੇ ਵਿਰੋਧੀ ਧਿਰਾਂ ਸੜਕਾਂ ਉਤੇ ਆ ਗਈਆਂ ਹਨ। ਬੇਅਦਬੀ ਮਾਮਲਿਆਂ ਉਤੇ ਸਿੱਖ ਜਥੇਬੰਦੀਆਂ ਨੇ ਬਰਗਾੜੀ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਹੈ। ਕੈਪਟਨ ਖਿਲਾਫ ਆਪਣੇ ਮੰਤਰੀਆਂ ਤੇ ਵਿਧਾਇਕਾਂ ਨੇ ਵੱਖਰੀ ਮੁਹਿੰਮ ਚਲਾਈ ਹੋਈ ਹੈ। ਅਗਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਜਿਹੀ ਘੇਰਾਬੰਦੀ ਨੇ ਕੈਪਟਨ ਸਰਕਾਰ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਹਨ।

ਅਸਲ ਵਿਚ, ਕੈਪਟਨ ਸਰਕਾਰ ਪਿਛਲੇ ਤਕਰੀਬਨ ਡੇਢ ਸਾਲ ਤੋਂ ਕਰੋਨਾ ਦੇ ਨਾਂ ਉਤੇ ਲਾਈਆਂ ਪਾਬੰਦੀਆਂ ਦੇ ਆਸਰੇ ਹੀ ਦਿਨ ਕੱਢ ਰਹੀ ਹੈ। ਕਿਸਾਨ ਅੰਦੋਲਨ ਕਾਰਨ ਲੋਕ ਰੋਹ ਮੋਦੀ ਸਰਕਾਰ ਵੱਲ ਮੁੜਨ ਕਾਰਨ ਵੀ ਸੂਬਾ ਸਰਕਾਰ ਦਾ ਬਚਾਅ ਹੁੰਦਾ ਰਿਹਾ। ਹੁਣ ਕਰੋਨਾ ਦੀ ਦੂਜੀ ਲਹਿਰ ਦੀ ਜਕੜ ਢਿੱਲੀ ਪੈਣ ਪਿੱਛੋਂ ਮੁਲਕ ਦੇ ਜ਼ਿਆਦਾਤਰ ਸੂਬੇ ਪਾਬੰਦੀਆਂ ਵਿਚ ਢਿੱਲ ਦੇ ਰਹੇ ਹਨ। ਪੰਜਾਬ ਸਰਕਾਰ ਇਸ ਪਾਸੇ ਬੜੀ ਸੁਸਤ ਰਫਤਾਰ ਨਾਲ ਫੈਸਲੇ ਕਰ ਰਹੀ ਹਨ ਅਤੇ ਚਾਹੁੰਦੀ ਹੈ ਕਿ ਕਿਸੇ ਤਰ੍ਹਾਂ ਅਜੇ ਕੁਝ ਹੋਰ ਸਮਾਂ ਪਾਬੰਦੀਆਂ ਦੇ ਆਸਰੇ ਨਿੱਕਲ ਜਾਵੇ। ਸਰਕਾਰ ਨੂੰ ਅਜੇ ਵੀ ਆਸ ਹੈ ਕਿ ਕਰੋਨਾ ਆਸਰੇ ਉਹ ਦੋ-ਚਾਰ ਮਹੀਨੇ ਹੋਰ ਡੰਗ ਟਪਾ ਸਕਦੀ ਹੈ। ਇਸੇ ਲਈ ਪੰਜਾਬ ਦੇ ਡੀ.ਜੀ.ਪੀ. ਨੂੰ ਹੁਕਮ ਦਿੱਤੇ ਹਨ ਕਿ ਕਰੋਨਾ ਅਜੇ ਕਿਤੇ ਨਹੀਂ ਗਿਆ ਤੇ ਸੜਕਾਂ ਉਤੇ ਆਉਣ ਵਾਲਿਆਂ ਖਿਲਾਫ ਸਖਤੀ ਕੀਤੀ ਜਾਵੇ।

ਯਾਦ ਰਹੇ ਕਿ ਕੈਪਟਨ ਸਰਕਾਰ ਤਕਰੀਬਨ ਸਾਢੇ ਚਾਰ ਸਾਲ ਸੱਤਾ ਸੁੱਖ ਭੋਗ ਚੁੱਕੀ ਹੈ ਪਰ ਚੋਣਾਂ ਸਮੇਂ ਕੀਤਾ ਇਕ ਵੀ ਵਾਅਦਾ ਸਿਰੇ ਨਹੀਂ ਚਾੜ੍ਹਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ, ਕਿਸਾਨਾਂ ਦੀ ਕਰਜ਼ ਮੁਆਫੀ, ਨਸ਼ਿਆਂ ਤੇ ਮਾਫੀਆ ਰਾਜ ਦਾ ਖਾਤਮਾ, ਨੌਕਰੀਆਂ, ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ, ਸਸਤੀ ਬਿਜਲੀ ਸਮੇਤ ਕਈ ਵਾਅਦੇ ਕੀਤੇ ਸਨ ਪਰ ਹੁਣ ਤੱਕ ਇਕ ਵੀ ਪੂਰਾ ਨਹੀਂ ਹੋ ਸਕਿਆ। ਕੈਪਟਨ ਦੀਆਂ ਇਨ੍ਹਾਂ ਨਕਾਮੀਆਂ ਖਿਲਾਫ ਲਗਾਤਾਰ ਮੋਰਚੇ ਲੱਗਦੇ ਆਏ ਹਨ ਪਰ ਪਿਛਲੇ ਸਾਲ ਜਨਵਰੀ ਵਿਚ ਕਰੋਨਾ ਮਹਾਮਾਰੀ ਦੇ ਭਾਰਤ ਭਰ ਵਿਚ ਪੈਰ ਪਸਾਰਨ ਤੋਂ ਬਾਅਦ ਕੈਪਟਨ ਸਰਕਾਰ ਦੇ ਵਾਰੇ-ਨਿਆਰੇ ਹੋ ਗਏ।

ਹੁਣ ਪਿਛਲੇ ਦਿਨਾਂ ਦੌਰਾਨ ਪ੍ਰਾਈਵੇਟ ਹਸਪਤਾਲਾਂ ਨੂੰ ਮਹਿੰਗੇ ਭਾਅ ਉਤੇ ਵੇਚੀ ਕਰੋਨਾ ਵੈਕਸੀਨ ਅਤੇ ਫਤਿਹ ਕਿੱਟਾਂ ਖਰੀਦਣ 'ਚ ਘਪਲਾ ਸਾਹਮਣੇ ਆਉਣ ਪਿੱਛੋਂ ਵਿਰੋਧੀ ਧਿਰਾਂ ਮੈਦਾਨ ਵਿਚ ਨਿੱਤਰ ਆਈਆਂ ਹਨ। ਸਰਕਾਰ ਨੇ ਭਾਵੇਂ ਕਰੋਨਾ ਨਿਯਮਾਂ ਦੀ ਉਲੰਘਣਾ ਬਹਾਨੇ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਆਗੂਆਂ ਖਿਲਾਫ ਪਰਚੇ ਦਰਜ ਕਰ ਦਿੱਤੇ ਪਰ ਇਸ ਵਾਰ ਕੈਪਟਨ ਦਾ ਦਾਅ ਲਗਦਾ ਨਜ਼ਰ ਨਹੀਂ ਆ ਰਿਹਾ।

ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦਾ ਦੋਸ਼ ਹੈ ਕਿ ਕਾਂਗਰਸ ਸਰਕਾਰ ਨੇ 837 ਰੁਪਏ ਵਾਲੀ ਫਤਿਹ ਕਿੱਟ 1338 ਰੁਪਏ ਵਿਚ ਖਰੀਦ ਕੇ ਸੂਬੇ ਦੇ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਿਆ ਹੈ। ਇਸੇ ਤਰ੍ਹਾਂ ਕਰੋਨਾ ਦੀ 400 ਰੁਪਏ ਦੀ ਵੈਕਸੀਨ ਪ੍ਰਾਈਵੇਟ ਹਸਪਤਾਲਾਂ ਨੂੰ 1600 ਰੁਪਏ ਤੋਂ ਵੱਧ ਵਿਚ ਵੇਚ ਕੇ ਲੋਕਾਂ ਦੀ ਛਿੱਲ ਲੁਹਾਈ। ਕੈਪਟਨ ਸਰਕਾਰ ਦੀ ਸਭ ਤੋਂ ਵੱਧ ਖਿਚਾਈ ਆਪਣੇ ਵਿਧਾਇਕਾਂ ਤੇ ਮੰਤਰੀਆਂ ਦੇ ਮੁੰਡਿਆਂ ਨੂੰ ਉਚ ਅਹੁਦਿਆਂ ਉਤੇ ਨੌਕਰੀਆਂ ਦੇਣ ਉਤੇ ਹੋਰ ਰਹੀ ਹੈ। ਦੋਸ਼ ਹਨ ਕਿ ਘਰ-ਘਰ ਨੌਕਰੀ ਦੇਣ ਦਾ ਵਾਅਦਾ ਕਰਨ ਵਾਲੀ ਕਾਂਗਰਸ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਨੂੰ ਤਰਸ ਦੇ ਆਧਾਰ ਉਤੇ ਡੀ.ਐਸ.ਪੀ. ਲਾ ਦਿੱਤਾ ਅਤੇ ਫਿਰ ਖੇਡ ਮੰਤਰੀ ਦੇ ਪੁੱਤਰ ਨੂੰ


*(ਬਾਕੀ ਸਫਾ 6 ਉਤੇ)*


# ਅਗਲੀਆਂ ਚੋਣਾਂ ਭਾਜਪਾ ਲਈ ਚੁਣੌਤੀ ਬਣੀਆਂ

**ਨਵੀਂ ਦਿੱਲੀ:** ਅਗਲੇ ਸਾਲ ਉਤਰ ਪ੍ਰਦੇਸ਼, ਉਤਰਾਖੰਡ, ਗੋਆ, ਮਨੀਪੁਰ ਤੇ ਪੰਜਾਬ ਦੀਆਂ ਵਿਧਾਨ ਸਭਾਵਾਂ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਫਿਕਰਮੰਦੀ ਸਾਫ ਦਿਖਾਈ ਦੇਣ ਲੱਗੀ ਹੈ। ਇਸੇ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਸੁਝਾਅ ਦਿੱਤਾ ਹੈ ਕਿ ਹਾਲੀਆ ਅਸੈਂਬਲੀ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਨੂੰ ਲੈ ਕੇ ਵਿਆਪਕ/ਤਫਸੀਲੀ ਸਮੀਖਿਆ ਕੀਤੀ ਜਾਵੇ। ਮੋਦੀ ਨੇ ਆਗੂਆਂ ਨੂੰ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚ ਯਕੀਨੀ ਬਣਾਉਣ ਦੇ ਹੁਕਮ ਵੀ ਚਾੜ੍ਹੇ ਹਨ।



ਭਾਜਪਾ ਵਿਚ ਤਾਜ਼ਾ ਹਿੱਲਜੁਲ ਤੋਂ ਜਾਪ ਰਿਹਾ ਹੈ ਕਿ ਉਸ ਨੂੰ ਆਪਣੇ ਫਿਰਕੂ ਹਿੰਦੂਤਵੀ ਏਜੰਡੇ ਬਾਰੇ ਸੋਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਜਿਸ ਦੇ ਆਸਰੇ ਹੁਣ ਤੱਕ ਇਹ ਸਿਆਸਤ ਕਰ ਰਹੀ ਸੀ। ਕਰੋਨਾ ਦੀ ਝੰਬੀ ਅਵਾਮ ਲਈ ਹੁਣ ਰੋਜ਼ੀ-ਰੋਟੀ ਤੇ ਸਮਾਜਕ ਆਜ਼ਾਦੀ ਮਸਲਾ ਬਣ ਗਿਆ ਹੈ ਤੇ ਇਸੇ ਲਈ ਮੋਦੀ ਨੇ ਆਗੂਆਂ ਨੂੰ ਲੋਕਾਂ ਦੇ ਮਨ ਪੜ੍ਹਨ ਦੇ ਹੁਕਮ ਦਿੱਤੇ ਹਨ। ਭਾਜਪਾ ਨੂੰ ਸਭ ਤੋਂ ਵੱਧ ਫਿਕਰ ਉਤਰ ਪ੍ਰਦੇਸ਼ ਦਾ ਹੈ।

ਸਿਆਸੀ ਮਾਹਿਰਾਂ ਦੀ ਦਲੀਲ ਹੈ ਕਿ ਕੋਵਿਡ-19 ਦੀ ਮਹਾਮਾਰੀ ਕਾਰਨ ਲੋਕ ਭਾਜਪਾ ਨੂੰ ਸਵਾਲਾਂ ਦੇ ਕਟਹਿਰੇ ਵਿਚ ਖੜ੍ਹਾ ਕਰਨਗੇ। ਭਾਜਪਾ ਵੀ ਇਹ ਜਾਣਦੀ ਹੈ ਅਤੇ ਉਸ ਨੇ ਹੁਣ ਤੋਂ ਹੀ ਇਹ ਬਿਰਤਾਂਤ ਬਣਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਕੋਵਿਡ-19 ਦੀ ਪਹਿਲੀ ਅਤੇ ਦੂਜੀ ਲਹਿਰ ਨੂੰ ਮਾਤ ਦੇਣ ਵਿਚ ਸਫਲ ਹੋਇਆ


*(ਬਾਕੀ ਸਫਾ 6 ਉਤੇ)*



**ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ**

**ਲੋੜ ਹੈ**

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING

ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ

Ph: 317-406-9924

Mela INDIAN RESTAURANT • PUB

ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ

Baljinder S. Ben

Ph: 317-869-2400

BIG BAZAAR

Grocery, Sweets & Catering

*Fresh Vegetables Every Thursday

*Book your catering now.

5425 E. Thompson Rd., Indianapolis IN 46237





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਹਕੀਕਤ ਉਤੇ ਪਰਦਾ ਪਾਉਣ 'ਚ ਜੁਟੀਆਂ ਸਰਕਾਰਾਂ

**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਟਾਕਰੇ ਦੀ ਥਾਂ ਕੇਂਦਰ ਤੇ ਸੂਬਾ ਸਰਕਾਰਾਂ ਇਸ ਮਹਾਮਾਰੀ ਕਾਰਨ ਹੋਏ ਨੁਕਸਾਨ ਉਤੇ ਪਰਦਾ ਪਾਉਣ ਵਿਚ ਜੁਟੀਆਂ ਜਾਪ ਰਹੀਆਂ ਹਨ। ਭਾਰਤ ਦੇ ਕਈ ਸੂਬਿਆਂ 'ਚੋਂ ਇਹ ਖਬਰਾਂ ਮਿਲ ਰਹੀਆਂ ਹਨ ਕਿ ਸਰਕਾਰ ਦੁਆਰਾ ਕੋਵਿਡ-19 ਕਾਰਨ ਹੋਈਆਂ ਮੌਤਾਂ ਅਤੇ ਸ਼ਮਸ਼ਾਨਘਾਟਾਂ ਵਿਚ ਹੋ ਰਹੇ ਸਸਕਾਰਾਂ ਦੇ ਅੰਕੜਿਆਂ ਵਿਚ ਅੰਤਰ ਬਹੁਤ ਜ਼ਿਆਦਾ ਹੈ। ਪਹਿਲਾਂ ਇਹ ਖਬਰਾਂ ਗੁਜਰਾਤ ਤੋਂ ਮਿਲੀਆਂ ਸਨ ਅਤੇ ਹੁਣ ਬਿਹਾਰ ਤੋਂ ਅਜਿਹੀ ਜਾਣਕਾਰੀ ਆ ਰਹੀ ਹੈ। ਗੰਗਾ ਅਤੇ ਹੋਰ ਦਰਿਆਵਾਂ ਵਿਚ ਮਿਲੀਆਂ ਲਾਸ਼ਾਂ ਨੇ ਵੀ ਲੋਕਾਂ ਦੇ ਮਨਾਂ ਵਿਚ ਇਹ ਸੰਦੇਹ ਪੈਦਾ ਕੀਤਾ ਹੈ ਕਿ ਸਰਕਾਰਾਂ ਦੁਆਰਾ ਦੱਸੀ ਜਾ ਰਹੀ ਮੌਤਾਂ ਦੀ ਗਿਣਤੀ ਸਹੀ ਨਹੀਂ ਹੈ।

ਕਈ ਹਾਈ ਕੋਰਟਾਂ ਵਿਚ ਵੀ ਇਸ ਬਾਰੇ ਸਵਾਲ ਉਠਾਏ ਗਏ ਹਨ। ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਸਹੀ ਅੰਕੜੇ ਦੇਣ ਵਿਚ ਕੀ ਹਰਜ ਹੈ। ਪਿਛਲੇ ਦਿਨੀਂ ਲਾਤੀਨੀ ਅਮਰੀਕੀ ਦੇਸ਼ ਪੀਰੂ ਨੇ ਸਵੀਕਾਰ ਕੀਤਾ ਕਿ ਉਥੇ ਕੋਵਿਡ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਪਹਿਲਾਂ ਦਿੱਤੇ ਗਏ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਿਚ ਵਸੋਂ ਦੇ ਬਹੁਤ ਵੱਡੇ ਹਿੱਸੇ ਦੀ ਹਸਪਤਾਲਾਂ ਤੱਕ ਕੋਈ ਪਹੁੰਚ ਨਹੀਂ ਹੈ। ਦੇਸ਼ ਦੇ 80 ਫੀਸਦੀ ਡਾਕਟਰ ਨਿੱਜੀ ਖੇਤਰ ਦੇ ਹਸਪਤਾਲਾਂ ਵਿਚ ਕੰਮ ਕਰਦੇ ਹਨ ਅਤੇ ਇਸ ਤਰ੍ਹਾਂ ਸਰਕਾਰੀ ਖੇਤਰ ਦੇ ਹਸਪਤਾਲਾਂ ਦੀ ਸਮਰੱਥਾ ਸੀਮਤ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਕੁੱਲ ਘਰੇਲੂ ਉਤਪਾਦਨ ਦਾ 1.26 ਫੀਸਦੀ ਸਿਹਤ ਖੇਤਰ 'ਤੇ ਖਰਚ ਕਰਦੀਆਂ ਹਨ। ਇਸ ਦੇ ਨਾਲ ਨਾਲ ਵੱਡੀ ਸਮੱਸਿਆ ਸਰਕਾਰਾਂ ਦੇ ਗਲਤ ਦਾਅਵੇ ਤੇ ਗਲਤ ਪ੍ਰਚਾਰ ਕਰਨ ਵਿਚ ਹੈ।

ਕੋਵਿਡ-19 ਦੀ ਮਹਾਮਾਰੀ ਨੇ ਦਰਸਾਇਆ ਹੈ ਕਿ ਸਿਹਤ ਸੰਭਾਲ ਦਾ ਸਾਡਾ ਢਾਂਚਾ ਕਿੰਨਾ ਕਮਜ਼ੋਰ ਅਤੇ ਜਰਜਰਾ ਹੈ। ਨਿੱਜੀ ਖੇਤਰ ਦੇ ਹਸਪਤਾਲ ਜਿਨ੍ਹਾਂ ਨੇ ਪਿਛਲੇ ਦਹਾਕਿਆਂ ਵਿਚ ਅਰਬਾਂ ਰੁਪਏ ਕਮਾਏ ਹਨ, ਲੋਕਾਂ ਦੀ ਸਹਾਇਤਾ ਲਈ ਅੱਗੇ ਨਹੀਂ ਆਏ। ਸਰਕਾਰਾਂ ਦੀ ਵਿਉਂਤਬੰਦੀ ਵਿਚ ਵੀ ਵੱਡੀਆਂ ਕਮੀਆਂ ਦੇਖੀਆਂ ਗਈਆਂ। ਖਤਰਾ ਸਾਹਮਣੇ ਹੋਣ ਅਤੇ ਮਾਹਿਰਾਂ ਦੀਆਂ ਚਿਤਾਵਨੀਆਂ ਦੇ ਬਾਵਜੂਦ ਸਰਕਾਰਾਂ ਵੇਲੇ ਸਿਰ ਉਹ ਪਹਿਲਕਦਮੀਆਂ ਨਾ ਕਰ ਸਕੀਆਂ ਜਿਹੜੀਆਂ ਕੋਵਿਡ-19 ਜਿਹੀ ਮਹਾਮਾਰੀ ਨਾਲ ਲੜਾਈ ਕਰਨ ਲਈ ਜ਼ਰੂਰੀ ਸਨ। ਜਦ ਲੋਕਾਂ ਦੀ ਮੌਤ ਆਕਸੀਜਨ ਦੀ ਘਾਟ ਕਾਰਨ ਹੋ ਰਹੀ ਹੋਵੇ ਅਤੇ ਸੂਬਾ ਸਰਕਾਰਾਂ ਆਕਸੀਜਨ, ਦਵਾਈਆਂ, ਵੈਕਸੀਨ ਆਦਿ ਲਈ ਕੇਂਦਰ ਸਰਕਾਰ ਵਿਰੁੱਧ ਅਦਾਲਤਾਂ ਦੇ ਬੂਹੇ ਖੜਕਾ ਰਹੀਆਂ ਹੋਣ ਤਾਂ ਇਹ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਕੋਵਿਡ-19 ਦਾ ਸਾਹਮਣਾ ਕਰਨ ਲਈ ਵਿਉਂਤਬੰਦੀ ਕਰਨ ਵਿਚ ਸਮੂਹਿਕ ਤੌਰ 'ਤੇ ਨਾਕਾਮਯਾਬ ਹੋਈਆਂ।

ਅੰਤਰਰਾਸ਼ਟਰੀ ਅਖਬਾਰਾਂ ਵਿਚ ਇਹ ਦੋਸ਼ ਲਗਾਏ ਗਏ ਕਿ ਭਾਰਤ ਕੋਵਿਡ-19 ਕਾਰਨ ਹੋਈਆਂ ਮੌਤਾਂ ਦੀ ਗਿਣਤੀ ਸਹੀ ਨਹੀਂ ਦੱਸ ਰਿਹਾ। ਇਸ ਬਾਰੇ 'ਦਿ ਆਸਟਰੇਲੀਅਨ', 'ਨਿਊ ਯਾਰਕ ਟਾਈਮਜ', 'ਦਿ ਗਾਰਡੀਅਨ', 'ਲੇ ਮੌਂਦੇ' ਆਦਿ ਅਖਬਾਰਾਂ ਵਿਚ ਅੰਕੜੇ ਪੇਸ਼ ਕੀਤੇ ਗਏ। ਭਾਰਤ ਦੇ ਵਿਦੇਸ਼ ਵਿਭਾਗ ਨੇ 'ਦਿ ਆਸਟਰੇਲੀਅਨ' ਅਖਬਾਰ ਵਿਚ ਦਿੱਤੀ ਗਈ ਜਾਣਕਾਰੀ ਨੂੰ ਗਲਤ ਤੇ ਭਾਰਤ ਦੀ ਬਦਨਾਮੀ ਕਰਨ ਵਾਲੀ ਦੱਸਿਆ ਸੀ। ਸਰਕਾਰ ਦੀ ਅਜਿਹੀ ਨੀਤੀ ਕਾਰਨ ਦੇਸ਼ ਦਾ ਅੰਤਰਰਾਸ਼ਟਰੀ ਅਕਸ ਹੋਰ ਖਰਾਬ ਹੋਇਆ ਹੈ।

## ਕਰੋਨਾ ਮਹਾਮਾਰੀ

### ਡਾਕਟਰਾਂ ਦੀ ਗਈ ਜਾਨ

**ਨਵੀਂ ਦਿੱਲੀ:** ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਦੱਸਿਆ ਕਿ ਕਰੋਨਾ ਦੀ ਦੂਸਰੀ ਲਹਿਰ ਦੌਰਾਨ ਦੇਸ ਭਰ ਵਿਚ 646 ਡਾਕਟਰਾਂ ਦੀ ਜਾਨ ਚਲੀ ਗਈ। ਦਿੱਲੀ 'ਚ ਡਾਕਟਰਾਂ ਦੀਆਂ ਸਭ ਤੋਂ ਵੱਧ 109 ਮੌਤਾਂ ਹੋਈਆਂ। ਇਸ ਤੋਂ ਬਿਹਾਰ ਵਿਚ 97, ਉੱਤਰ ਪ੍ਰਦੇਸ਼ 'ਚ 79, ਰਾਜਸਥਾਨ 43, ਝਾਰਖੰਡ 39, ਗੁਰਜਾਤ 37, ਆਂਧਰਾ ਪ੍ਰਦੇਸ 35, ਤੇਲੰਗਾਨਾ 34 ਡਾਕਟਰਾਂ ਦੀਆਂ ਮੌਤਾਂ ਹੋਈਆਂ। ਪੰਜਾਬ ਅਤੇ ਹਰਿਆਣਾ ਵਿਚ 3-3 ਡਾਕਟਰਾਂ ਦੀ ਮੌਤ ਹੋ ਗਈ।

### ਡਾਕਟਰਾਂ ਨੂੰ ਕੋਵਿਡ ਤੇ ਭਾਜਪਾ ਤੋਂ ਬਚਾਉਣ ਦੀ ਲੋੜ: ਰਾਹੁਲ

**ਨਵੀਂ ਦਿੱਲੀ:** ਦੇਸ਼ 'ਚ ਕਰੋਨਾ ਕਾਰਨ ਬਣੇ ਹਾਲਾਤ ਨਾਲ ਨਜਿੱਠਣ 'ਚ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਆਲੋਚਨਾ ਕਰਦਿਆਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਡਾਕਟਰਾਂ ਨੂੰ ਕਰੋਨਾ ਵਾਇਰਸ ਤੇ ਭਾਜਪਾ ਸਰਕਾਰ ਤੋਂ ਬਚਾਉਣ ਦੀ ਲੋੜ ਹੈ। ਰਾਹੁਲ ਗਾਂਧੀ ਨੇ ਕਰੋਨਾ ਵਾਇਰਸ ਦੇ ਫੈਲਣ ਤੇ ਟੀਕਾਕਰਨ ਮੁਹਿੰਮ ਲਈ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਟਵੀਟ ਕੀਤਾ, 'ਡਾਕਟਰਾਂ ਨੂੰ ਕਰੋਨਾ ਵਾਇਰਸ ਦੇ ਨਾਲ ਨਾਲ ਭਾਜਪਾ ਸਰਕਾਰ ਤੋਂ ਬਚਾਉਣ ਦੀ ਲੋੜ ਹੈ। ਰਾਖਿਆਂ ਨੂੰ ਬਚਾਓ।' ਇਸੇ ਤਰ੍ਹਾਂ ਕਾਂਗਰਸ ਆਗੂ ਜੈਰਾਮ ਰਾਮੇਸ਼ ਨੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ.ਐੱਸ. ਜਗਨ ਮੋਹਨ ਰੈੱਡੀ ਦੀ ਆਲੋਚਨਾ ਕੀਤੀ ਜਿਨ੍ਹਾਂ ਸਾਰਿਆਂ ਸੂਬਿਆਂ ਨੂੰ ਇੱਕਮਤ ਹੋ ਕੇ ਕਰੋਨਾ ਵੈਕਸੀਨ ਲਈ ਆਵਾਜ਼ ਚੁੱਕਣ ਨੂੰ ਕਿਹਾ ਸੀ।

# ਦੂਜੀ ਲਹਿਰ ਦੇ ਘਟਦੇ ਅੰਕੜਿਆਂ ਨੇ ਜਗਾਈ ਆਸ ਦੀ ਕਿਰਨ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਮੱਠੀ ਪੈਂਦੀ ਨਜ਼ਰ ਆ ਰਹੀ ਹੈ। ਪਿਛਲੇ ਕੁਝ ਦਿਨਾਂ ਤੋਂ ਰਾਹਤ ਦੇਣ ਵਾਲੀਆਂ ਖਬਰਾਂ ਮਿਲ ਰਹੀਆਂ ਹਨ। ਜਿਥੇ ਕਰੋਨਾ ਮਹਾਂਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਘਟ ਰਹੀ ਹੈ, ਉਥੇ ਮੁਕਾਬਲਤਨ ਬਿਮਾਰ ਹੋਣ ਵਾਲਿਆਂ ਨਾਲੋਂ ਠੀਕ ਹੋਣ ਵਾਲਿਆਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ। ਪਿਛਲੇ ਹਫਤੇ ਪਾਜ਼ੀਟਿਵ ਦਰ ਵੀ ਘਟ ਕੇ 9.04 ਫੀਸਦੀ ਹੋ ਗਈ ਹੈ ਅਤੇ ਮੌਤ ਦਰ ਵੀ 1.17 ਫੀਸਦੀ ਆਂਕੀ ਗਈ ਹੈ। ਪਿਛਲੇ ਮਹੀਨੇ 7 ਮਈ ਤੱਕ ਇਹ ਬਿਮਾਰੀ ਸਿਖਰ ਉਤੇ ਪੁੱਜ ਗਈ ਸੀ।

ਸਿਹਤ ਮੰਤਰਾਲੇ ਅਨੁਸਾਰ ਹੁਣ ਇਸ ਵਿਚ 69 ਫੀਸਦੀ ਤੋਂ ਵੱਧ ਕਮੀ ਆ ਚੁੱਕੀ ਹੈ। ਤਕਰੀਬਨ ਦੋ ਮਹੀਨਿਆਂ ਬਾਅਦ ਇਕ ਲੱਖ ਤੋਂ ਥੱਲੇ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿਚ ਵੀ 5 ਸੂਬਿਆਂ 'ਚੋਂ 66 ਫੀਸਦੀ ਮਾਮਲੇ ਆ ਰਹੇ ਹਨ ਜਦੋਂ ਕਿ ਦੂਸਰੇ ਸੂਬਿਆਂ ਵਿਚ ਇਸ ਦਾ ਪ੍ਰਭਾਵ ਕਾਫੀ ਘਟਦਾ ਨਜ਼ਰ ਆ ਰਿਹਾ ਹੈ। ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵੀ 93 ਫੀਸਦੀ ਤੱਕ ਪੁੱਜ ਗਈ ਹੈ। ਸਿਹਤ ਮੰਤਰਾਲੇ ਨਾਲ ਸਬੰਧਤ ਸੀ.ਬੀ.ਆਈ. ਈਕੋ ਰੇਪ ਨੇ ਜੋ ਰਿਪੋਰਟ ਦਿੱਤੀ ਹੈ, ਉਸ ਵਿਚ ਇਹ ਕਿਹਾ ਗਿਆ ਹੈ ਕਿ ਤੀਸਰੀ ਲਹਿਰ ਦਾ ਪ੍ਰਭਾਵ ਬੱਚਿਆਂ 'ਤੇ ਵਧੇਰੇ ਪੈਣ ਦੀ ਸੰਭਾਵਨਾ ਹੈ। ਇਸ ਲਈ ਹਰ ਸੂਰਤ ਵਿਚ 12 ਤੋਂ 18 ਸਾਲ ਤੱਕ ਦੇ ਬੱਚਿਆਂ ਦੇ ਟੀਕਾਕਰਨ ਉਤੇ ਜ਼ੋਰ ਦੇਣ ਦੀ ਜ਼ਰੂਰਤ ਹੈ।

## ਟੀਕਿਆਂ 'ਚੋਂ 60% ਅਮਰੀਕਾ, ਚੀਨ ਤੇ ਭਾਰਤ ਨੂੰ ਮਿਲ

**ਸੰਯੁਕਤ ਰਾਸ਼ਟਰ:** ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ ਕਿਹਾ ਕਿ ਕਰੋਨਾ ਲਾਗ ਦੀ ਰੋਕਥਾਮ ਲਈ ਵਿਸ਼ਵ ਪੱਧਰ 'ਤੇ ਹੁਣ ਤੱਕ ਵੰਡੇ ਲਗਭਗ ਦੋ ਅਰਬ ਟੀਕਿਆਂ ਵਿਚੋਂ 60 ਫੀਸਦੀ ਟੀਕੇ ਸਿਰਫ ਤਿੰਨ ਮੁਲਕਾਂ ਭਾਰਤ, ਚੀਨ ਅਤੇ ਅਮਰੀਕਾ ਨੂੰ ਮਿਲੇ ਹਨ।

ਡਬਲਿਊ.ਐਚ.ਓ. ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਗੈਬਰੀਆਸਿਸ ਦੇ ਸੀਨੀਅਰ ਸਲਾਹਕਾਰ ਬਰੂਸ ਅਲਵਰਡ ਨੇ ਇਹ ਖੁਲਾਸਾ ਇਕ ਪ੍ਰੈੱਸ ਕਾਨਫਰੰਸ 'ਚ ਕੀਤਾ। ਉਨ੍ਹਾਂ ਕਿਹਾ, 'ਇਸ ਹਫਤੇ ਸਾਨੂੰ ਦੋ ਅਰਬ ਤੋਂ ਵੱਧ ਟੀਕੇ ਮਿਲਣਗੇ... ਅਸੀਂ ਟੀਕਿਆਂ ਦੀ ਗਿਣਤੀ ਅਤੇ ਨਵੇਂ ਕਰੋਨਾ ਟੀਕੇ ਦੇ ਲਿਹਾਜ਼ ਨਾਲ ਜਿਕਰਯੋਗ ਦੋ ਅਰਬ ਟੀਕਿਆਂ ਦਾ ਅੰਕੜਾ ਪਾਰ ਕਰ ਕਰ ਲਵਾਂਗੇ। ਇਨ੍ਹਾਂ ਨੂੰ 212 ਤੋਂ ਵੱਧ ਮੁਲਕਾਂ 'ਚ ਵੰਡਿਆ ਗਿਆ ਹੈ।'

ਬਰੂਸ ਨੇ ਕਿਹਾ, 'ਜੇਕਰ ਅਸੀਂ ਦੋ ਅਰਬ ਵੱਲ ਦੇਖੀਏ ਤਾਂ 75 ਫੀਸਦੀ ਤੋਂ ਵੱਧ ਖੁਰਾਕਾਂ ਸਿਰਫ 10 ਦੇਸ਼ਾਂ ਨੂੰ ਮਿਲੀਆਂ ਹਨ। ਇਥੋਂ ਤੱਕ ਕਿ 60 ਫੀਸਦੀ ਟੀਕੇ ਸਿਰਫ ਤਿੰਨ ਮੁਲਕਾਂ ਚੀਨ, ਅਮਰੀਕਾ ਤੇ ਭਾਰਤ ਨੂੰ ਮਿਲੇ ਹਨ।' ਉਨ੍ਹਾਂ ਦੱਸਿਆ ਕਿ ਕੋਵੈਕਸ ਨੇ 127 ਦੇਸ਼ਾਂ 'ਚ ਕਰੋਨਾ ਰੋਕੂ ਟੀਕੇ ਵੰਡਣ ਅਤੇ ਕਈ ਦੇਸ਼ਾਂ 'ਚ ਟੀਕਾਕਰਨ ਮੁਹਿੰਮ ਸ਼ੁਰੂ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਦੋ ਅਰਬ ਟੀਕਿਆਂ ਵਿਚੋਂ ਅਮਰੀਕਾ, ਚੀਨ ਤੇ ਭਾਰਤ ਨੂੰ ਮਿਲੇ 60 ਫੀਸਦੀ ਟੀਕਿਆਂ ਨੂੰ 'ਘਰੇਲੂ ਤੌਰ 'ਤੇ ਖਰੀਦਿਆ ਅਤੇ ਵਰਤਿਆ ਗਿਆ।' ਬਰੂਸ ਨੇ ਦੱਸਿਆ, 'ਜਦਕਿ ਸਿਰਫ 0.5 ਫੀਸਦੀ ਟੀਕੇ ਹੀ ਘੱਟ ਆਮਦਨ ਵਾਲੇ ਦੇਸ਼ਾਂ, ਜੋ ਕਿ ਦੁਨੀਆਂ ਦੀ ਆਬਾਦੀ ਦਾ 10 ਫੀਸਦੀ ਹਿੱਸਾ ਹਨ, ਨੂੰ ਮਿਲੇ ਹਨ। ਹੁਣ ਸਮੱਸਿਆ ਇਹ ਹੈ ਕਿ ਟੀਕਿਆਂ ਦੀ ਸਪਲਾਈ 'ਚ ਵਿਘਨ ਪੈ ਰਿਹਾ ਹੈ। ਭਾਰਤ ਅਤੇ ਹੋਰ ਦੇਸ਼ਾਂ 'ਚ ਸਮੱਸਿਆ ਕਾਰਨ ਵਿਘਨ ਪੈ ਰਹੇ ਹਨ। ਸਪਲਾਈ ਦੀ ਪੂਰਤੀ ਕਰਨ 'ਚ ਮੁਸ਼ਕਲ ਹੋ ਰਹੀ ਹੈ।' ਉਨ੍ਹਾਂ ਕਿਹਾ, 'ਸਾਨੂੰ ਉਮੀਦ ਹੈ ਸੀਰਮ ਇੰਸਟੀਚਿਊਟ ਆਫ ਇੰਡੀਆ ਘੱਟੋ-ਘੱਟ ਚੌਥੀ ਤਿਮਾਹੀ 'ਚ ਫਿਰ ਤੋਂ ਟੀਕਿਆਂ ਦੀ ਸਪਲਾਈ ਕਰੇਗਾ।'


ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

ਫੋਨ: 515-291-1961

18-21

ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼*


**Restaurant Help**

**Immediately hiring Kitchen Helper & Dishwasher for Indian restaurant in Indiana. Good Salary and free accommodation.**

*ਸੰਪਰਕ ਕਰੋ: ਟੋਨੀ*

ਫੋਨ: 317-340-1470

17-20




For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*




Winner of the Maharashtra Government Award for fiction

Available at Amazon.com

PAPERBACK: $9.99

KINDLE: $2.99

*For more information visit:*

ForHomelandTheNovel.com

# ਚੋਣਾਂ ਵਿਚ ਅੰਦਰੂਨੀ ਖਿੱਚੋਤਾਣ ਨੇ ਡੋਬੀ ਕਾਂਗਰਸ ਦੀ ਬੇੜੀ

## ਪੜਚੋਲ ਕਮੇਟੀ ਨੇ ਸੋਨੀਆ ਗਾਂਧੀ ਨੂੰ ਸੌਂਪੀ ਰਿਪੋਰਟ

**ਨਵੀਂ ਦਿੱਲੀ:** ਤਕਰੀਬਨ ਇਕ ਮਹੀਨਾ ਪਹਿਲਾਂ ਪੰਜ ਸੂਬਿਆਂ 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਹਾਰ ਦੀ ਪੜਚੋਲ ਕਰਨ ਲਈ ਬਣੀ ਕਮੇਟੀ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਰਿਪੋਰਟ ਸੌਂਪ ਦਿੱਤੀ ਹੈ। ਸ੍ਰੀ ਅਸ਼ੋਕ ਚਵਾਨ ਦੀ ਅਗਵਾਈ ਹੇਠ ਬਣੀ ਕਮੇਟੀ 'ਚ ਸਲਮਾਨ ਖੁਰਸ਼ੀਦ, ਮਨੀਸ਼ ਤਿਵਾੜੀ, ਵਿਨਸੈਂਟ ਪਾਲ ਅਤੇ ਜੋਤੀ ਮਣੀ ਮੈਂਬਰ ਵਜੋਂ ਸ਼ਾਮਲ ਸਨ।

ਸੂਤਰਾਂ ਨੇ ਕਿਹਾ ਕਿ ਕਮੇਟੀ ਨੇ ਆਪਣੀ ਰਿਪੋਰਟ 'ਚ ਪਾਰਟੀ ਅੰਦਰ ਅੰਦਰੂਨੀ ਟਕਰਾਅ, ਗੱਠਜੋੜ ਅਤੇ ਉਮੀਦਵਾਰਾਂ ਦੀ ਚੋਣ 'ਚ ਖਾਮੀਆਂ ਨੂੰ ਹਾਰ ਦਾ ਮੁੱਖ ਕਾਰਨ ਦੱਸਿਆ ਹੈ। ਕਮੇਟੀ ਨੇ ਕਿਹਾ ਕਿ ਸਾਰੇ ਸੂਬਿਆਂ 'ਚ ਅੰਦਰੂਨੀ ਕਲੇਸ਼ ਸੀ। ਕੇਰਲਾ 'ਚ ਤਾਂ ਓਮਨ ਚਾਂਡੀ ਅਤੇ ਰਮੇਸ਼ ਚੈਨੀਥਲਾ ਦੀ ਅਗਵਾਈ ਹੇਠ ਕਾਂਗਰਸ ਦੇ ਦੋ ਧੜੇ ਬਣੇ ਹੋਏ ਸਨ। ਅਸਾਮ 'ਚ ਕਈਆਂ ਨੇ ਏ.ਆਈ.ਯੂ.ਡੀ.ਐਫ. ਨਾਲ ਗੱਠਜੋੜ ਨੂੰ ਹਾਰ ਲਈ ਦੋਸ਼ੀ ਠਹਿਰਾਇਆ ਜਦਕਿ ਕੁਝ ਨੇ ਪਾਰਟੀ ਮਾਮਲਿਆਂ ਦੇ ਇੰਚਾਰਜ ਜਿਤੇਂਦਰ ਸਿੰਘ 'ਤੇ ਸੂਬੇ ਦੇ ਹੋਰ ਆਗੂਆਂ ਨੂੰ ਨਾਲ ਲੈ ਕੇ ਨਾ ਚੱਲਣ ਦੇ ਦੋਸ਼ ਲਾਏ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਅੱਪਰ ਅਸਾਮ ਦੇ ਮੁੱਦਿਆਂ ਨੂੰ ਅਣਗੌਲਿਆ ਕਰ ਦਿੱਤਾ ਗਿਆ। ਕਮੇਟੀ ਨੂੰ ਦੱਸਿਆ ਗਿਆ ਕਿ ਪੱਛਮੀ ਬੰਗਾਲ 'ਚ ਸੀ.ਪੀ.ਐਮ. ਨਾਲ ਗੱਠਜੋੜ ਦੇਰੀ ਨਾਲ ਕੀਤਾ ਗਿਆ। ਇਸ ਤੋਂ ਇਲਾਵਾ ਭਾਜਪਾ ਅਤੇ ਟੀ.ਐਮ.ਸੀ. ਵਿਚਕਾਰ ਧਰੁਵੀਕਰਨ ਕਰਕੇ ਵੀ ਕਾਂਗਰਸ ਦੇ ਮਨਸੂਬੇ ਮਿੱਟੀ 'ਚ ਮਿਲ ਗਏ।

ਸੂਤਰਾਂ ਨੇ ਕਿਹਾ ਕਿ ਕਾਂਗਰਸ ਦਾ ਮੀਡੀਆ ਪ੍ਰਬੰਧਨ ਵੀ ਹੋਰ ਪਾਰਟੀਆਂ ਦੇ ਮੁਕਾਬਲੇ 'ਚ ਬਹੁਤ ਮਾੜਾ ਸੀ। ਕਾਂਗਰਸ ਕਮੇਟੀ ਨੇ ਪੰਜ ਸੂਬਿਆਂ ਦੀਆਂ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਕੁਝ ਸਿਫਾਰਸ਼ਾਂ ਕੀਤੀਆਂ ਹਨ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਾਰਟੀ ਦੀ ਹਾਰ ਦੇ ਕਾਰਨਾਂ ਦਾ ਅਧਿਐਨ ਕਰਨ ਲਈ 11 ਮਈ ਨੂੰ ਕਮੇਟੀ ਬਣਾਈ ਸੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਕੇਰਲਾ ਤੇ ਅਸਾਮ 'ਚ ਵਿਰੋਧੀ ਪਾਰਟੀਆਂ ਨੂੰ ਸੱਤਾ ਤੋਂ ਲਾਂਭੇ ਕਿਉਂ ਨਹੀਂ ਕੀਤਾ ਜਾ ਸਕਿਆ ਅਤੇ ਪੱਛਮੀ ਬੰਗਾਲ 'ਚ ਪਾਰਟੀ ਦਾ ਖਾਤਾ ਕਿਉਂ ਨਹੀਂ ਖੁੱਲ੍ਹ ਸਕਿਆ।

ਉਨ੍ਹਾਂ ਕਿਹਾ ਕਿ ਇਸ ਤਰੀਕੇ ਕਰੋਨਾ ਵੈਕਸੀਨ ਦੇ ਕੀਤੇ ਜਾ ਰਹੇ ਸਾਰੇ ਪ੍ਰਬੰਧ ਹੀ ਬੇਨਕਾਬ ਹੋ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਵੱਡੇ-ਵੱਡੇ ਵਾਅਦੇ ਤਾਂ ਕੀਤੇ ਪਰ ਪੂਰਾ ਕੋਈ ਨਹੀਂ ਕੀਤਾ। ਭੁਲੱਥ ਦੇ ਵਿਧਾਇਕ ਸੁਖਪਾਲ ਖਹਿਰਾ ਤੇ 'ਆਪ' ਦੇ ਦੋ ਵਿਧਾਇਕਾਂ ਜਗਦੇਵ ਸਿੰਘ ਕਮਾਲੂ ਤੇ ਪਿਰਮਲ ਸਿੰਘ ਵੱਲੋਂ ਕਾਂਗਰਸ ਵਿਚ ਸ਼ਾਮਲ ਹੋਣ ਦੇ ਫੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਉਨ੍ਹਾਂ ਕਿਹਾ ਕਿ ਬਿੱਲ ਥੈਲਿਓਂ ਬਾਹਰ ਆ ਗਈ ਹੈ ਤੇ ਇਹ ਸਾਬਤ ਹੋ ਗਿਆ ਹੈ ਕਿ 'ਆਪ' ਤੇ ਕਾਂਗਰਸ ਇਕੋ ਸਿੱਕੇ ਦੇ ਦੋ ਪਹਿਲੂ ਹਨ।

# ਜੇਲ੍ਹੀਂ ਡੱਕੇ ਬੁੱਧੀਜੀਵੀਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਰਾਸ਼ਟਰਪਤੀ ਕੋਲ ਪਹੁੰਚ

**ਜਲੰਧਰ:** ਮੁਲਕ ਦੇ ਨਾਮਵਰ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਰੰਗਕਰਮੀਆਂ, ਸਾਹਿਤਕਾਰਾਂ, ਪੱਤਰਕਾਰਾਂ, ਜਮਹੂਰੀ ਕਾਮਿਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼ ਦੇ ਰਾਸ਼ਟਰਪਤੀ ਨੂੰ ਮੰਗ ਭੇਜਿਆ ਹੈ। ਪੰਜਾਬ ਦੇ ਗਵਰਨਰ ਰਾਹੀਂ ਭੇਜੇ ਮੰਗ ਪੱਤਰ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਨੇ ਚਿਤਾਵਨੀ ਦਿੱਤੀ ਹੈ ਕਿ ਝੂਠੇ ਕੇਸ ਮੜ੍ਹ ਕੇ ਦੇਸ਼ ਦੇ ਰੌਸ਼ਨ ਦਿਮਾਗ ਵਿਦਵਾਨਾਂ ਦੀ ਰਿਹਾਈ ਲਈ ਜੇ ਲੋਕ ਆਵਾਜ਼ ਪ੍ਰਵਾਨ ਨਾ ਕੀਤੀ ਗਈ ਤਾਂ ਸਮੂਹ ਮਿਹਨਤਕਸ਼ ਤਬਕੇ, ਬੁੱਧੀਮਾਨ ਹਲਕੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਇਕ ਆਵਾਜ਼ ਹੋ ਕੇ ਰਿਹਾਈ ਲਈ ਰੋਸ ਪ੍ਰਦਰਸ਼ਨ ਕਰਨਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ 6 ਜੂਨ ਤੋਂ ਬੁੱਧੀਜੀਵੀਆਂ ਦੀ ਰਿਹਾਈ ਲਈ ਚਲਾਈ ਜਾ ਰਹੀ 'ਚੇਤਨਾ ਅਤੇ ਆਵਾਜ਼ ਉਠਾਓ' ਪੰਦਰਵਾੜਾ ਮੁਹਿੰਮ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਜ਼ੋਰਦਾਰ ਹਮਾਇਤ ਕਰੇਗੀ। ਉਨ੍ਹਾਂ ਕਿਹਾ ਕਿ 6 ਜੂਨ, 2018 ਨੂੰ ਭੀਮਾ ਕੋਰੇਗਾਓਂ ਮਨਘੜਤ ਕੇਸ ਵਿਚ ਮੋਦੀ ਹਕੂਮਤ ਨੇ ਪਹਿਲਾਂ ਸੁਰਿੰਦਰ ਗੈਰਲਿੰਗ, ਸੁਧੀਰ ਧਾਵਲੇ, ਰੋਨਾ ਵਿਲਸਨ, ਸੋਮਾ ਸੇਨ, ਮਾਹੇਸ਼ ਰਾਊਤ ਨੂੰ ਜੇਲ੍ਹ 'ਚ ਡੱਕਿਆ। ਉਸ ਉਪਰੰਤ 28 ਅਗਸਤ 2018 ਨੂੰ ਪੂਨਾ ਪੁਲਿਸ ਨੇ ਵਰਵਰਾ ਰਾਓ, ਸੁਧਾ ਭਾਰਦਵਾਜ, ਅਰੁਣ ਫਰੇਰਾ ਅਤੇ ਗੌਤਮ ਨਵਲੱਖਾ ਨੂੰ ਪਹਿਲਾਂ ਘਰ 'ਚ ਨਜ਼ਰਬੰਦ ਕੀਤਾ ਅਤੇ ਫਿਰ ਜੇਲ੍ਹ ਭੇਜ ਦਿੱਤਾ। ਆਨੰਦ ਤੇਲਤੁੰਬੜੇ, ਪ੍ਰੋ. ਹਨੀ ਬਾਬੂ, ਫਾਦਰ ਸਟੇਨ ਸੁਆਮੀ ਅਤੇ ਦਰਜਨਾਂ ਬੁੱਧੀਜੀਵੀਆਂ ਨੂੰ ਜੇਲ੍ਹਾਂ ਅੰਦਰ ਹੀ ਦਮ ਤੋੜ ਦੇਣ ਵਰਗੀਆਂ ਹਾਲਤਾਂ ਵਿਚ ਡੱਕ ਰੱਖਿਆ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਗੂਆਂ ਨੇ ਮੋਦੀ ਹਕੂਮਤ 'ਤੇ ਦੋਸ਼ ਲਾਇਆ ਹੈ ਕਿ ਉਹ ਫਾਸ਼ੀ ਹੱਲੇ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਗੰਭੀਰ ਰੋਗਾਂ ਤੋਂ ਪੀੜਤ ਵਿਦਵਾਨਾਂ ਨੂੰ ਜ਼ਮਾਨਤ ਨਾ ਦੇਣ, ਹਸਪਤਾਲਾਂ ਦਾ ਪ੍ਰਬੰਧ ਨਾ ਕਰਨ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੱਕ ਦੇ ਦਮ ਤੋੜਨ 'ਤੇ ਵੀ ਜ਼ਮਾਨਤ ਨਾ ਦੇਣ ਵਰਗੇ ਘਿਨੌਣੇ ਕਦਮ ਚੁੱਕ ਰਹੀ ਹੈ। ਇਸ ਦੀ ਤਾਜ਼ਾ ਉਦਾਹਰਨ ਨਤਾਸ਼ਾ ਨਰਵਾਲ ਨਾਲ ਉਸ ਦੇ ਪਿਤਾ ਪ੍ਰੋ. ਮਹਾਵੀਰ ਨਰਵਾਲ ਦੀ ਮੌਤ ਵੇਲੇ ਵਿਹਾਰ ਕਰਨ ਤੋਂ ਮਿਲਦੀ ਹੈ।

# Matrimonials

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 14-17

### ਲੜਕੀ ਦੀ ਲੋੜ ਹੈ

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com 20-23

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com 14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

*To Advertise with Punjab Times Call: 847-359-0746*

*Visit us on the web:www.punjabtimesusa.com*


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ: ਫੋਨ: 651-353-9584

18-21



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਪ੍ਰਾਈਵੇਟ ਹਸਪਤਾਲਾਂ ਨੂੰ ਕਰੋਨਾ ਟੀਕੇ ਵੇਚਣ ‘ਤੇ ਬੁਰੀ ਫਸੀ ਕੈਪਟਨ ਸਰਕਾਰ

**ਨਵੀਂ ਦਿੱਲੀ:** ਪ੍ਰਾਈਵੇਟ ਹਸਪਤਾਲਾਂ ਨੂੰ ਮਹਿੰਗੇ ਭਾਅ ‘ਤੇ ਕਰੋਨਾ ਵੈਕਸੀਨ ਵੇਚਣ ਦੇ ਮਾਮਲੇ ਉਤੇ ਕੈਪਟਨ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਹੈ। ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਕੋਵੈਕਸੀਨ ਦੀਆਂ 1,40,000 ਖੁਰਾਕਾਂ ਕੇਂਦਰ ਤੋਂ 400 ਰੁਪਏ ‘ਚ ਖਰੀਦ ਕੇ ਅੱਗੇ 20 ਪ੍ਰਾਈਵੇਟ ਹਸਪਤਾਲਾਂ ਨੂੰ 1,060 ਰੁਪਏ ਪ੍ਰਤੀ ਖੁਰਾਕ ਦੇ ਹਿਸਾਬ ਨਾਲ ਵੇਚੀਆਂ ਹਨ। ਇਸ ਦੀ ਪੋਲ ਖੁੱਲ੍ਹਣ ਤੋਂ ਬਾਅਦ ਸਰਕਾਰ ਨੇ ਭਾਵੇਂ ਤੁਰਤ ਫੈਸਲਾ ਵਾਪਸ ਲੈ ਲਿਆ ਹੈ ਪਰ ਵਿਰੋਧੀ ਧਿਰਾਂ ਨੇ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਭਾਜਪਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ‘ਤੇ ਦੋਸ਼ ਲਾਇਆ ਹੈ ਕਿ ਉਸ ਨੇ ਕਰੋਨਾ ਤੋਂ ਬਚਾਅ ਦੇ ਟੀਕੇ ਕੋਵੈਕਸੀਨ ਦੀਆਂ 1,40,000 ਖੁਰਾਕਾਂ ਕੇਂਦਰ ਤੋਂ 400 ਰੁਪਏ ‘ਚ ਖਰੀਦ ਕੇ ਅੱਗੇ 20 ਪ੍ਰਾਈਵੇਟ ਹਸਪਤਾਲਾਂ ਨੂੰ 1,060 ਰੁਪਏ ਪ੍ਰਤੀ ਖੁਰਾਕ ਦੇ ਹਿਸਾਬ ਨਾਲ ਵੇਚੀਆਂ ਹਨ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਲੋਕਾਂ ਦੀਆਂ ਲੋੜਾਂ ਦਾ ਅਪਮਾਨ ਕਰਦਿਆਂ ਵੱਡਾ ਗੁਨਾਹ ਕੀਤਾ ਹੈ।

ਉਨ੍ਹਾਂ ਕਿਹਾ ਕਿ ਸੂਬੇ ‘ਚ ਕੋਵਿਡ ਟੈਸਟਿੰਗ ‘ਚ ਵੀ ਸਰਕਾਰ ਦੀ ਸ਼ਮੂਲੀਅਤ ਵੱਡੇ ਪੱਧਰ ‘ਤੇ ਨਜ਼ਰ ਨਹੀਂ ਆ ਰਹੀ ਹੈ ਜਦਕਿ ਪੰਜਾਬ ‘ਚ ਮਹਾਮਾਰੀ ਨੇ ਕਹਿਰ ਢਾਹਿਆ ਹੈ ਅਤੇ ਸਰਕਾਰ ‘ਮੁਨਾਫਾ‘ ਕਮਾਉਣ ਵੱਲ ਧਿਆਨ ਦੇ ਰਹੀ ਹੈ। ਕਾਂਗਰਸ ਪਾਰਟੀ ਦੀ ਅੰਦਰੂਨੀ ਖਿੱਚੋਤਾਣ ‘ਤੇ ਟਿੱਪਣੀ ਕਰਦਿਆਂ ਉਨ੍ਹਾਂ ਸਵਾਲ ਉਠਾਇਆ ਕਿ ਕੀ ਕੈਪਟਨ ਸਰਕਾਰ ਸੂਬੇ ‘ਚ ਕੋਵਿਡ-19 ਮਹਾਮਾਰੀ ਨਾਲ ਲੜਨ ਪ੍ਰਤੀ ਵਚਨਬੱਧ ਹੈ ਜਾਂ ਨਹੀਂ। ਉਧਰ, ਚੁਫੇਰਿਉਂ ਘੇਰੇਬੰਦੀ ਪਿੱਛੋਂ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਸੂਬੇ ਵੱਲੋਂ ਨਿੱਜੀ ਹਸਪਤਾਲਾਂ ਨੂੰ ਇਕ ਸਮੇਂ ਦੀ ਸੀਮਤ ਟੀਕਾ ਖੁਰਾਕ ਮੁਹੱਈਆ ਕਰਵਾਉਣ ਦੀਆਂ ਹਦਾਇਤਾਂ ਵਾਪਸ ਲੈ ਲਈਆਂ ਗਈਆਂ ਹਨ। ਹੁਣ 18 ਤੋਂ 44 ਸਾਲ ਦੇ ਵਿਅਕਤੀਆਂ ਨੂੰ ਸਰਕਾਰੀ ਟੀਕਾਕਰਨ ਕੇਂਦਰਾਂ ‘ਚ ਇਹ ਵੈਕਸੀਨ ਮੁਫਤ ‘ਚ ਲਗਾਈ ਜਾਵੇਗੀ।

ਪੰਜਾਬ ਵਿਧਾਨ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਵੱਲੋਂ ਪ੍ਰਾਈਵੇਟ ਹਸਪਤਾਲਾਂ ਤੋਂ ਵੈਕਸੀਨ ਵਾਪਸ ਲੈਣ ਦੇ ਹੁਕਮਾਂ ਤੋਂ ਸਿੱਧ ਹੋ ਗਿਆ ਹੈ ਕਿ ਕੈਪਟਨ ਸਰਕਾਰ ਨੇ ਵੈਕਸੀਨ ਘੁਟਾਲਾ ਕੀਤਾ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੂੰ ਪੰਜਾਬ ਮੰਤਰੀ ਮੰਡਲ ਵਿਚੋਂ ਬਰਖਾਸਤ ਕੀਤਾ ਜਾਵੇ। ਸ੍ਰੀ ਚੀਮਾ ਨੇ ਕਿਹਾ ਕਿ ਸਰਕਾਰ ਨੇ ਹੁਸ਼ਿਆਰੀ ਨਾਲ ਲੋਕਾਂ ਨੂੰ ਮੁਫਤ ਵਿਚ ਲਗਾਏ ਜਾਣ ਵਾਲੇ ਟੀਕੇ ਨੂੰ ਪ੍ਰਾਈਵੇਟ ਹਸਪਤਾਲਾਂ ਨੂੰ ਵੇਚ ਕੇ ਮੁਨਾਫਾ ਕਮਾਇਆ ਹੈ। ‘ਆਪ‘ ਆਗੂ ਨੇ ਕਿਹਾ ਕਿ ਕੈਪਟਨ ਸਰਕਾਰ ਵੈਕਸੀਨ ਘੁਟਾਲੇ ਕਾਰਨ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਦਾ ਸ਼ਿਕਾਰ ਹੋਏ ਪੰਜਾਬ ਦੇ ਲੋਕਾਂ ਨੂੰ ਪੈਸੇ ਤੁਰਤ ਵਾਪਸ ਕਰਵਾਏ।

ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਕੈਪਟਨ ਨੇ ਸੂਬਾ ਸਰਕਾਰ ਦੇ ਕੋਟੇ ਦੀਆਂ ਕਰੀਬ 1 ਲੱਖ 40 ਹਜ਼ਾਰ ਖੁਰਾਕਾਂ 400 ਰੁਪਏ ਦੀ ਕੀਮਤ ‘ਤੇ ਖਰੀਦ ਕੇ 1060 ਰੁਪਏ ਦੀ ਕੀਮਤ ‘ਤੇ ਵੇਚ ਕੇ ਕਰੋੜਾਂ ਦੀ ਕਮਾਈ ਕੀਤੀ ਹੈ। ਸ੍ਰੀ ਚੀਮਾ ਨੇ ਦੋਸ਼ ਲਾਇਆ ਕਿ ਪੰਜਾਬ ਵਾਸੀਆਂ ਦੀ ਵੈਕਸੀਨ ਨਿੱਜੀ ਹਸਪਤਾਲਾਂ ਨੂੰ ਵੇਚ ਕੇ ਇਕੱਠੀ ਕੀਤੀ ਰਕਮ ਕਥਿਤ ਕੈਪਟਨ ਸਰਕਾਰ ਵੱਲੋਂ ਰਾਹੁਲ ਗਾਂਧੀ ਤੱਕ ਪਹੁੰਚਾਈ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਨੇ ਕਰੋਨਾ ਵੈਕਸੀਨ ਪ੍ਰਾਈਵੇਟ ਹਸਪਤਾਲਾਂ ਨੂੰ ਵੇਚ ਕੇ ਆਮ ਲੋਕਾਂ ਦੀ ਜਾਨ ਖਤਰੇ ਵਿਚ ਪਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਸੰਵੇਦਨਸ਼ੀਲ ਤੇ ਘਿਨਾਉਣੇ ਅਪਰਾਧ ਦੀ ਹਾਈ ਕੋਰਟ ਦੀ ਨਿਗਰਾਨੀ ਹੇਠ ਜਾਂਚ ਹੋਣੀ ਚਾਹੀਦੀ ਹੈ।

## ਬਾਜਵਾ ਨੇ ਕਰੋਨਾ ਦੇ ਟੀਕੇ ਵੇਚਣ ‘ਤੇ ਉਠਾਏ ਸਵਾਲ

**ਚੰਡੀਗੜ੍ਹ:** ਪੰਜਾਬ ਕਾਂਗਰਸ ਆਗੂ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਰੋਨਾ ਰੋਕੂ ਟੀਕੇ ਨਿੱਜੀ ਹਸਪਤਾਲਾਂ ਨੂੰ ‘ਵੇਚਣ’ ਦੇ ਵਿਵਾਦ ’ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਹਸਪਤਾਲਾਂ ਨੂੰ 1060 ਰੁਪਏ ਪ੍ਰਤੀ ਖੁਰਾਕ ਦੇ ਹਿਸਾਬ ਨਾਲ 40 ਹਜ਼ਾਰ ਖੁਰਾਕਾਂ ਵੇਚੀਆਂ ਗਈਆਂ, ਜਿਸ ਤੋਂ ਸਰਕਾਰ ਨੂੰ 2.64 ਕਰੋੜ ਰੁਪਏ ਦਾ ਫਾਇਦਾ ਹੋਇਆ। ਉਨ੍ਹਾਂ ਪੱਤਰ ’ਚ ਕਿਹਾ ਕਿ ਪੰਜਾਬ ਵੈਕਸੀਨੇਸ਼ਨ ਦੇ ਨੋਡਲ ਅਫਸਰ ਵਿਕਾਸ ਗਰਗ ਨੇ ਵੀ ਇਸ ਵਿਕਰੀ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ, ‘ਖਾਸ ਕਰਕੇ ਕਰੋਨਾ ਦੀ ਦੂਜੀ ਲਹਿਰ ਦਰਮਿਆਨ ਇਹ ਨੀਤੀ ਬਿਲਕੁਲ ਸਹੀ ਨਹੀਂ ਹੈ। ਕੋਵੀਸ਼ੀਲਡ ਦਾ ਭੰਡਾਰ ਖਤਮ ਹੋਣ ਮਗਰੋਂ ਪੰਜਾਬ ਸਰਕਾਰ ਨੂੰ 27 ਮਈ ਨੂੰ ਕੋਵੈਕਸੀਨ ਦੀਆਂ 1.14 ਲੱਖ ਖੁਰਾਕਾਂ ਮਿਲੀਆਂ ਸਨ।’


## ਦੋ ਹਸਪਤਾਲਾਂ ਨੇ ਟੀਕਾ 3200 ਤੱਕ ਵੇਚਿਆ: ਪੁਰੀ


**ਨਵੀਂ ਦਿੱਲੀ:** ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਹੈ ਕਿ ਕਾਂਗਰਸ ਦੀ ਹਕੂਮਤ ਹੇਠਲੇ ਸੂਬੇ ਪੰਜਾਬ ‘ਚ ਨਿੱਜੀ ਹਸਪਤਾਲਾਂ ਨੂੰ ਕੋਵਿਡ ਟੀਕੇ ਵੇਚ ਕੇ 38 ਕਰੋੜ ਰੁਪਏ ਦਾ ਮੁਨਾਫਾ ਕਮਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਟੀਕੇ ਵੇਚਣ ਦੀ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਟੀਕਿਆਂ ਤੋਂ ਕਮਾਇਆ ਮੁਨਾਫਾ ਕਿਸੇ ਖਾਤੇ ਵਿਚ ਗਿਆ। ਪੰਜਾਬ ਸਰਕਾਰ ਦੇ ਹੁਕਮ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ 309 ਰੁਪਏ ਦੀ ਦਰ ਨਾਲ ਕੋਵੀਸ਼ੀਲਡ ਦੀ ਇਕ ਖੁਰਾਕ ਖਰੀਦੀ ਤੇ ਉਸ ਨੂੰ ਪ੍ਰਾਈਵੇਟ ਹਸਪਤਾਲਾਂ ਕੋਲ 1000 ਰੁਪਏ ਵਿਚ ਵੇਚ ਦਿੱਤਾ। ਅੱਗੋਂ ਹਸਪਤਾਲਾਂ ਨੇ ਲੋਕਾਂ ਨੂੰ 1560 ਰੁਪਏ ਵਸੂਲੇ। ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਜਾਣਕਾਰੀ ਮਿਲੀ ਹੈ ਕਿ ਮੁਹਾਲੀ ਦੇ ਦੋ ਨਿੱਜੀ ਹਸਪਤਾਲਾਂ ਨੇ ਕੋਵਿਡ ਟੀਕਾ 3000 ਤੋਂ ਲੈ ਕੇ 3200 ਰੁਪਏ ਤੱਕ ਵੇਚਿਆ ਗਿਆ।

ਕੁੱਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਵਿਸਕਾਨਸਿਨ ਵਿਚ ‘ਮਹਾਰਾਜਾ ਰੈਸਟੋਰੈਂਟ’ ਲਈ ਕੁਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਫਰੀ
ਸੰਪਰਕ ਕਰੋ: ਬਲਬੀਰ ਸਿੰਘ
ਫੋਨ: 414-581-3784
22-24

A & I WATSONVILLE, CA
A & I Transport Inc.
123 E Lee Rd Watsonville, CA Ph: 831-763-7805
ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ
ਕਲਾਸ ‘ਏ’ ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ
*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING
Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.
We pay Solo 55 cents per mile and Teams 70 cents per mile.
Job Requirements:
• Class A Driver. • Clean driving record • Ability to pass DOT drug test.
We offer the following benefits of employment
• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.
*Signing bonus subject to terms and conditions.
For More Information Call (24 hours) Armando or Vicente, Ph: (831) 763-7805

# ਘੱਲੂਘਾਰਾ ਦਿਵਸ ਮੌਕੇ ਜਥੇਦਾਰ ਵੱਲੋਂ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ

**ਅੰਮ੍ਰਿਤਸਰ:** ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਇਥੇ ਸ੍ਰੀ ਅਕਾਲ ਤਖਤ ਵਿਖੇ ਸਿੱਖ ਕੌਮ ਵੱਲੋਂ ਜੈਕਾਰਿਆਂ ਤੇ ਨਾਅਰਿਆਂ ਨਾਲ ਸ਼ਰਧਾਂਜਲੀ ਦਿੱਤੀ ਗਈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੌਮੀ ਹਿੱਤਾਂ ਅਤੇ ਸਿੱਖ ਮਸਲਿਆਂ ਦੇ ਹੱਲ ਲਈ ਸਮੁੱਚੀ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਉਨ੍ਹਾਂ ਸ਼ਹੀਦੀ ਦਿਵਸ ਮੌਕੇ ਲਾਏ ਨਾਅਰਿਆਂ ਨੂੰ ਨਿਆਸੰਗਤ ਦੱਸਦਿਆਂ ਕਿਹਾ ਕਿ ਸਿੱਖ ਕੌਮ ਇਸ ਘਟਨਾ ਨੂੰ ਕਦੇ ਵੀ ਭੁੱਲ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਸਿੱਖ ਅਜਿਹੇ ਨਾਅਰੇ ਲਾ ਕੇ ਆਪਣੀ ਪੀੜ ਬਾਹਰ ਕੱਢ ਲੈਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਨੂੰ 'ਸਾਕਾ ਨੀਲਾ ਤਾਰਾ' ਤੇ 'ਬਲਿਊ ਸਟਾਰ' ਅਪਰੇਸ਼ਨ ਦੀ ਥਾਂ '84 ਦਾ ਘੱਲੂਘਾਰਾ' ਆਖਿਆ ਜਾਵੇ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪੁਲਿਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਹਰਿਮੰਦਰ ਸਾਹਿਬ ਨੂੰ ਆਉਂਦੇ ਸਾਰੇ ਰਸਤਿਆਂ ਦੀ ਘੇਰਾਬੰਦੀ ਕੀਤੀ ਗਈ ਸੀ। ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਵੀ ਸਾਦੇ ਕੱਪੜਿਆਂ ਵਿਚ ਪੁਲਿਸ ਕਰਮਚਾਰੀ ਮੌਜੂਦ ਸਨ।

ਇਸ ਤੋਂ ਪਹਿਲਾਂ ਸਵੇਰੇ ਅਕਾਲ ਤਖਤ ਵਿਖੇ ਰੱਖੇ ਗਏ ਅਖੰਡ ਪਾਠ ਦੇ ਭੋਗ ਤੋਂ ਬਾਅਦ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪੇ ਦੇ ਕੇ ਸਿੱਖ ਕੌਮ ਵਲੋਂ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸ਼ਹੀਦੀ ਯਾਦਗਾਰ ਵਿਖੇ ਰੱਖੇ ਅਖੰਡ ਪਾਠ ਦੇ ਵੀ ਭੋਗ ਪਾਏ ਗਏ। ਇਸ ਮੌਕੇ ਅਕਾਲ ਤਖਤ ਦੀ



ਫਸੀਲ ਤੋਂ ਕੌਮ ਦੇ ਨਾਂ ਆਪਣੇ ਸੰਦੇਸ਼ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਅਕਾਲ ਤਖਤ 'ਤੇ ਕੀਤਾ ਫੌਜੀ ਹਮਲਾ ਠੀਕ ਉਸੇ ਤਰ੍ਹਾਂ ਦਾ ਹਮਲਾ ਸੀ, ਜਿਸ ਤਰ੍ਹਾਂ ਦਾ ਹਮਲਾ 1962 ਵਿਚ ਚੀਨ ਅਤੇ 1965 ਵਿਚ ਪਾਕਿਸਤਾਨ ਨੇ ਭਾਰਤ 'ਤੇ ਕੀਤਾ ਸੀ। ਇਸ ਹਮਲੇ ਵਿਚ ਫੌਜਾਂ ਨੇ ਉਹੀ ਵਿਵਹਾਰ ਕੀਤਾ, ਜੋ ਜੇਤੂ ਫੌਜਾਂ ਹਾਰੇ ਹੋਏ ਮੁਲਕ ਦੇ ਬਾਸ਼ਿੰਦਿਆਂ ਨਾਲ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਲਈ ਇਹ ਹਮਲਾ ਕੌਮ ਦੇ ਪਿੰਡੇ 'ਤੇ ਇਕ ਅਜਿਹਾ ਨਾਸੂਰ ਹੈ, ਜੋ ਸਾਰਾ ਸਾਲ ਰਿਸਦਾ ਤੇ ਪੀੜ ਕਰਦਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਮਤਭੇਦ ਭੁਲਾ ਕੇ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਸਿਰ ਜੋੜ ਕੇ ਬੈਠੇ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਕੌਮ ਦੀ ਤਾਕਤ ਦਾ ਸਰੋਤ ਹਨ ਤੇ ਰਾਜਸੀ ਮਤਭੇਦਾਂ ਦੇ ਚਲਦਿਆਂ ਆਪਣੀ ਇਸ ਤਾਕਤ ਨੂੰ ਕਦੇ ਕਮਜ਼ੋਰ ਨਾ ਕੀਤਾ ਜਾਵੇ।

ਇਸ ਦਿਨ ਨੂੰ ਅੰਮ੍ਰਿਤਸਰ ਨਸਲਕੁਸ਼ੀ ਦਿਨ ਐਲਾਨਣ ਦੀ ਮੰਗ ਬਾਰੇ ਉਨ੍ਹਾਂ ਕਿਹਾ ਕਿ ਇਹ ਹਮਲਾ ਸਿਰਫ ਸ੍ਰੀ ਹਰਿਮੰਦਰ ਸਾਹਿਬ 'ਤੇ ਹੀ ਨਹੀਂ ਸੀ, ਸਗੋਂ 37 ਹੋਰ ਗੁਰਧਾਮਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਇਥੇ ਸਿੱਖਾਂ ਨੇ ਭਾਰਤੀ ਫੌਜ ਨੂੰ ਆਪਣੀ ਸਮਰੱਥਾ ਮੁਤਾਬਕ ਜਵਾਬ ਦਿੱਤਾ ਸੀ। ਇਸ ਦਿਨ ਨੂੰ ਸਿੱਖ ਕੌਮ ਘੱਲੂਘਾਰਾ ਪ੍ਰਵਾਨ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਨਸਲਕੁਸ਼ੀ ਇਕ ਤੋਂ 4 ਨਵੰਬਰ 1984 ਤੱਕ ਦਿੱਲੀ ਤੇ ਹੋਰ ਥਾਵਾਂ 'ਤੇ ਹੋਈ ਸੀ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਨੂੰ 'ਸਾਕਾ ਨੀਲਾ ਤਾਰਾ' ਤੇ 'ਬਲਿਊ ਸਟਾਰ' ਅਪਰੇਸ਼ਨ ਦੀ ਥਾਂ '84 ਦਾ ਘੱਲੂਘਾਰਾ' ਆਖਿਆ ਜਾਵੇ।

## ਖਾਲਿਸਤਾਨ ਦੇ ਹੱਕ ਵਿਚ ਨਾਅਰੇਬਾਜ਼ੀ ਹੋਈ

ਸ਼ਰਧਾਂਜਲੀ ਸਮਾਗਮ ਵਿਚ ਖਾਲਿਸਤਾਨ ਪੱਖੀ ਨਾਅਰੇ ਲੱਗੇ। ਲਗਭਗ ਇਕ ਘੰਟਾ ਨਾਅਰੇਬਾਜ਼ੀ ਹੁੰਦੀ ਰਹੀ। ਇਸ ਦੌਰਾਨ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ਼ਹੀਦੀ ਯਾਦਗਾਰ ਦੇ ਸਾਹਮਣੇ ਖੜ੍ਹੇ ਹੋ ਕੇ ਸਿੱਖ ਕੌਮ ਦੇ ਨਾਂ ਸੰਦੇਸ਼ ਪੜ੍ਹਿਆ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਹਾਜ਼ਰ ਸੰਗਤ ਨੂੰ ਸੰਬੋਧਨ ਕੀਤਾ। ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ ਤੇ ਹੋਰਨਾਂ ਨੇ ਵੀ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਨਿਹੰਗ ਸਿੰਘ ਬਾਣੇ ਵਿਚ ਕੁਝ ਨੌਜਵਾਨਾਂ ਨੇ ਨੰਗੀਆਂ ਕਿਰਪਾਨਾਂ ਤੇ ਹੋਰ ਹਥਿਆਰ ਵੀ ਚੁੱਕੇ ਹੋਏ ਸਨ। ਕਈ ਨੌਜਵਾਨਾਂ ਨੇ ਸੰਤ ਭਿੰਡਰਾਂਵਾਲਾ ਜ਼ਿੰਦਾਬਾਦ ਦੇ ਪੋਸਟਰ ਚੁੱਕੇ ਹੋਏ ਸਨ ਅਤੇ ਕਈਆਂ ਨੇ ਅਜਿਹੀਆਂ ਟੀ-ਸ਼ਰਟਾਂ ਪਾਈਆਂ ਹੋਈਆਂ ਸਨ।

## ਖਾਲਿਸਤਾਨ ਪੱਖੀ ਨਾਅਰੇ ਜਾਇਜ਼: ਜਗੀਰ ਕੌਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼ਹੀਦੀ ਸਮਾਗਮ ਦੌਰਾਨ ਅਕਾਲ ਤਖਤ 'ਤੇ ਲੱਗੇ ਖਾਲਿਸਤਾਨ ਪੱਖੀ ਨਾਅਰਿਆਂ ਨੂੰ ਜਾਇਜ਼ ਕਰਾਰ ਦਿੱਤਾ। ਉਨ੍ਹਾਂ ਖੁਲਾਸਾ ਕੀਤਾ ਕਿ ਜੂਨ 1984 ਘੱਲੂਘਾਰੇ ਸਮੇਂ ਫੌਜ ਵੱਲੋਂ ਚਲਾਈ ਗਈ ਗੋਲੀ ਨਾਲ ਹਰਿਮੰਦਰ ਸਾਹਿਬ ਵਿਖੇ ਪਹਿਲੀ ਮੰਜ਼ਿਲ 'ਤੇ ਹਰ ਕੀ ਪੌੜੀ ਵਾਲੀ ਥਾਂ 'ਤੇ ਵੱਡ ਅਕਾਰੀ ਹੱਥ ਲਿਖਤ ਪਾਵਨ ਸਰੂਪ ਵੀ ਗੋਲੀ ਲੱਗਣ ਨਾਲ ਜ਼ਖਮੀ ਹੋਇਆ ਸੀ। ਇਸ ਦੀ ਤਾਬਿਆ ਬੈਠਾ ਗ੍ਰੰਥੀ ਸਿੰਘ ਵੀ ਜ਼ਖਮੀ ਹੋ ਗਿਆ ਸੀ। ਉਨ੍ਹਾਂ ਇਸ ਜ਼ਖਮੀ ਸਰੂਪ ਨੂੰ ਦੇਖਣ ਮਗਰੋਂ ਦੱਸਿਆ ਕਿ ਉਸ ਵੇਲੇ ਹੋਏ ਨੁਕਸਾਨ ਸਬੰਧੀ ਜਾਰੀ ਕੀਤੇ ਵ੍ਹਾਈਟ ਪੇਪਰ ਦਾ ਅਧਿਐਨ ਕਰ ਰਹੇ ਹਨ ਅਤੇ ਜਲਦੀ ਹੀ ਇਸ ਵਾਈਟ ਪੇਪਰ ਨੂੰ ਮੁੜ ਪ੍ਰਕਾਸ਼ਤ ਕੀਤਾ ਜਾਵੇਗਾ।

ਉਧਰ ਪੁਲਿਸ ਨੇ ਇਹਤਿਆਤ ਵਜੋਂ ਕੁਝ ਸਿੱਖ ਨੌਜਵਾਨਾਂ ਨੂੰ ਘਰਾਂ ਵਿਚ ਹੀ ਨਜ਼ਰਬੰਦ ਕਰ ਦਿੱਤਾ। ਸਿੱਖ ਯੂਥ ਪਾਵਰ ਆਫ ਪੰਜਾਬ ਦੇ ਮੁਖੀ ਪਰਮਜੀਤ ਸਿੰਘ ਅਕਾਲੀ ਨੇ ਦੱਸਿਆ ਕਿ ਪੁਲਿਸ ਵੱਲੋਂ ਉਨ੍ਹਾਂ ਸਮੇਤ ਹੋਰ ਕਈ ਸਿੱਖ ਨੌਜਵਾਨਾਂ ਨੂੰ ਰਾਤ ਤੋਂ ਹੀ ਘਰ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਕਰੋਨਾ ਕਾਰਨ ਚੱਲ ਰਹੀ ਦੋ ਦਿਨ ਦੀ ਤਾਲਾਬੰਦੀ ਕਾਰਨ ਭਾਵੇਂ ਬਾਜ਼ਾਰ ਬੰਦ ਸਨ, ਪਰ ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤ ਵੱਡੀ ਗਿਣਤੀ ਵਿਚ ਪੁੱਜੀ ਹੋਈ ਸੀ।

# ਫੌਜੀ ਹਮਲਾ: ਸ਼੍ਰੋਮਣੀ ਕਮੇਟੀ ਵ੍ਹਾਈਟ ਪੇਪਰ ਮੁੜ ਛਾਪੇਗੀ



**ਅੰਮ੍ਰਿਤਸਰ:** ਜੂਨ 1984 ਦੇ ਘੱਲੂਘਾਰੇ ਮੌਕੇ ਅਕਾਲ ਤਖਤ ਸਾਹਿਬ ਦੀ ਮਾਣ-ਮਰਿਆਦਾ ਨੂੰ ਬਹਾਲ ਰੱਖਣ ਲਈ ਆਪਣੀਆਂ ਸ਼ਹਾਦਤਾਂ ਦੇਣ ਵਾਲੇ ਸਿੰਘ, ਸਿੰਘਣੀਆਂ ਅਤੇ ਬੱਚੇ ਸਿੱਖ ਕੌਮ ਦਾ ਸਰਮਾਇਆ ਹਨ।

ਇਹ ਪ੍ਰਗਟਾਵਾ ਇਥੇ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਅਕਾਲ ਤਖਤ ਵਿਖੇ ਹੋਏ ਸ਼ਹੀਦੀ ਸਮਾਗਮ 'ਚ ਸ਼ਾਮਲ ਹੋਣ ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕੀਤਾ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਜੂਨ 1984 ਦੇ ਫੌਜੀ ਹਮਲੇ ਦੌਰਾਨ ਹੋਏ ਨੁਕਸਾਨ ਸਬੰਧੀ ਸ਼੍ਰੋਮਣੀ ਕਮੇਟੀ ਵਲੋਂ ਕੁਝ ਦਹਾਕੇ ਪਹਿਲਾਂ ਛਾਪਿਆ ਵਾਈਟ ਪੇਪਰ ਮੁੜ ਪ੍ਰਕਾਸ਼ਤ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਾ ਸਾਹਿਬਾਨ ਸਿੱਖਾਂ ਲਈ ਭਗਤੀ ਅਤੇ ਸ਼ਕਤੀ ਦਾ ਸੋਮਾ ਹਨ, ਪਰ ਦੁੱਖ ਦੀ ਗੱਲ ਹੈ ਕਿ ਜੂਨ 1984 'ਚ ਸਮੇਂ ਦੀ ਕਾਂਗਰਸ ਹਕੂਮਤ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਸਮੇਤ 37 ਗੁਰਦੁਆਰਿਆਂ ਨੂੰ ਆਪਣਾ ਨਿਸ਼ਾਨਾ ਬਣਾ ਕੇ ਸਿੱਖ ਜਗਤ ਨੂੰ ਮਾਨਸਿਕ ਤੌਰ 'ਤੇ ਅਸਹਿ ਅਤੇ ਅਕਹਿ ਜ਼ਖਮ ਦਿੱਤੇ। ਉਨ੍ਹਾਂ ਦੱਸਿਆ ਕਿ ਫੌਜੀ ਹਮਲੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਗੋਲੀ ਲੱਗਣ ਕਾਰਣ ਜ਼ਖਮੀ ਹੋਏ ਸਨ, ਜਿਨ੍ਹਾਂ ਵਿਚ ਹਰਿ ਕੀ ਪਉੜੀ ਵਿਖੇ ਪ੍ਰਕਾਸ਼ਮਾਨ ਹੱਥ ਲਿਖਤ ਪਾਵਨ ਸਰੂਪ ਵੀ ਸ਼ਾਮਲ ਸੀ। ਉਨ੍ਹਾਂ ਕਿਹਾ ਇਨ੍ਹਾਂ ਜ਼ਖਮੀ ਸਰੂਪਾਂ ਦੇ ਸੰਗਤ ਨੂੰ ਸਮੇਂ ਸਮੇਂ ਮੰਗ ਅਨੁਸਾਰ ਦਰਸ਼ਨ ਕਰਵਾਏ ਜਾਣਗੇ।

## ਸਿੰਘੂ 'ਤੇ ਮਨਾਇਆ ਘੱਲੂਘਾਰਾ ਦਿਵਸ

**ਨਵੀਂ ਦਿੱਲੀ:** ਸਿੰਘੂ ਬਾਰਡਰ ਦੀ ਸਟੇਜ 'ਤੇ ਘੱਲੂਘਾਰਾ ਦਿਵਸ ਮਨਾਇਆ ਗਿਆ, ਜਿਸ 'ਚ ਜੂਨ 1984 'ਚ ਆਪਰੇਸ਼ਨ ਬਲਿਊ ਸਟਾਰ ਦੌਰਾਨ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਿੰਘੂ ਬਾਰਡਰ ਦੀ ਸਟੇਜ ਤੋਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਸਿਮਰਪ੍ਰੀਤ ਸਿੰਘ, ਕਥਾਵਾਚਕ ਭਾਈ ਅਮਰੀਕ ਸਿੰਘ ਦਿੱਲੀ ਵਾਲੇ ਅਤੇ ਭਾਈ ਕਸ਼ਮੀਰ ਸਿੰਘ ਫ਼ਤਹਿਗੜ੍ਹ ਸਾਹਿਬ ਵਲੋਂ ਕੀਰਤਨ ਕੀਤਾ ਗਿਆ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਵੱਲੋਂ 2017 'ਚ ਮੱਧ ਪ੍ਰਦੇਸ਼ ਦੇ ਮੰਦਸੌਰ ਗੋਲੀ ਕਾਂਡ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇਸ ਨੂੰ ਸੰਕਲਪ ਦਿਵਸ ਵਜੋਂ ਮਨਾਇਆ ਗਿਆ। 2017 'ਚ ਮੱਧ ਪ੍ਰਦੇਸ਼ ਦੇ ਮੰਦਸੌਰ 'ਚ 4 ਕਿਸਾਨ ਪੁਲਿਸ ਦੀਆਂ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਗਏ ਸਨ।

# ਸਿੱਖ ਜਥੇਬੰਦੀਆਂ ਵੱਲੋਂ ਯਾਦ ਮਾਰਚ

**ਅੰਮ੍ਰਿਤਸਰ:** ਦਲ ਖਾਲਸਾ ਵੱਲੋਂ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਅਤੇ ਦਰਬਾਰ ਸਾਹਿਬ ਤੱਕ ਮਾਰਚ ਕੀਤਾ ਗਿਆ। ਸਮਾਗਮ ਦੌਰਾਨ ਜਨਰਲ ਸੁਬੇਗ ਸਿੰਘ ਦੇ ਭਰਾ




ਬੇਅੰਤ ਸਿੰਘ, ਭਾਈ ਅਮਰੀਕ ਸਿੰਘ ਦੀ ਬੇਟੀ ਬੀਬੀ ਸਤਵੰਤ ਕੌਰ ਅਤੇ ਗੁਰਮੀਤ ਸਿੰਘ ਖੁੱਡਾ ਦੇ ਭਰਾ ਗਿਆਨੀ ਸੁਰਜੀਤ ਸਿੰਘ ਦਾ ਸਨਮਾਨ ਕੀਤਾ ਗਿਆ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਮੇਂ ਨਾਲ ਆਈਆਂ ਰਾਜਨੀਤਕ ਤਬਦੀਲੀਆਂ ਦੇ ਬਾਵਜੂਦ ਸਿੱਖ ਮਨਾਂ ਅੰਦਰੋਂ ਰਾਜ ਕਰਨ ਦੀ ਭਾਵਨਾ ਖਤਮ ਨਹੀਂ ਕੀਤੀ ਜਾ ਸਕਦੀ।

ਦਲ ਖਾਲਸਾ ਦੇ ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਵਿਚ ਫੈਡਰਲਿਜ਼ਮ ਭੁਲੇਖੇ ਤੋਂ ਵੱਧ ਹੋਰ ਕੁਝ ਨਹੀਂ ਹੈ। ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਅਤੇ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਭਾਰਤ ਨੂੰ ਅਮਲੀ ਰੂਪ ਵਿਚ ਹਿੰਦੂ ਰਾਸ਼ਟਰ ਬਣਾਉਣ ਵੱਲ ਵਧ ਰਹੀ ਹੈ, ਅਜਿਹੇ ਹਾਲਾਤ ਵਿਚ ਵੱਧ ਅਧਿਕਾਰਾਂ ਦੀ ਗੱਲ ਕਰਨਾ ਅਰਥਹੀਣ ਹੈ ਅਤੇ ਸਮੇਂ ਦੀ ਬਰਬਾਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਫੌਜੀ ਹਮਲੇ ਦੌਰਾਨ ਨੁਕਸਾਨੇ ਗਏ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਉਣ ਬਾਰੇ ਬੁਲਾਰਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ 37 ਸਾਲਾਂ ਬਾਅਦ ਜਾਗ ਆਈ ਹੈ। ਅਕਾਲ ਫੈਡਰੇਸ਼ਨ ਦੇ ਪ੍ਰਧਾਨ ਭਾਈ ਨਰਾਇਣ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ, ਬਹੁਜਨ ਮੁਕਤੀ ਮੋਰਚਾ ਦੇ ਰਾਜਿੰਦਰ ਰਾਣਾ, ਯੂਨਾਈਟਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ, ਜਥੇਦਾਰ ਦਿਲਬਾਗ ਸਿੰਘ ਅਤੇ ਭੁਪਿੰਦਰ ਸਿੰਘ ਨੇ ਵੀ ਸੰਬੋਧਨ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

# ਗੋਲੀ ਨਾਲ ਵਿੰਨ੍ਹਿਆ ਸਰੂਪ ਸੰਗਤ ਦੇ ਦਰਸ਼ਨਾਂ ਲਈ ਰੱਖਿਆ

**ਅੰਮ੍ਰਿਤਸਰ:** ਜੂਨ 1984 ਵਿਚ ਸਾਕਾ ਨੀਲਾ ਤਾਰਾ ਫੌਜੀ ਹਮਲੇ ਵੇਲੇ ਸ੍ਰੀ ਦਰਬਾਰ ਸਾਹਿਬ ਵਿਖੇ ਗੋਲੀ ਲੱਗਣ ਨਾਲ ਵਿੰਨ੍ਹੇ ਗਏ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਦਰਸ਼ਨਾਂ ਲਈ ਅਕਾਲ ਤਖਤ ਦੇ ਨੇੜੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਚ ਲਿਆਂਦਾ ਗਿਆ, ਜਿੱਥੇ ਸੰਗਤਾਂ ਤਿੰਨ ਦਿਨ ਸਰੂਪ ਦੇ ਦਰਸ਼ਨ ਕਰ ਸਕਣਗੀਆਂ।

ਇਸ ਦੇ ਨਾਲ ਹੀ ਪਾਵਨ ਸਰੂਪ ਵਿਚ ਲੱਗੀ ਗੋਲੀ ਵੀ ਸੰਗਤ ਨੂੰ ਦਿਖਾਉਣ ਲਈ ਰੱਖੀ ਗਈ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਕੀਤੇ ਗਏ ਫੈਸਲੇ ਮੁਤਾਬਕ ਇਹ ਪੁਰਾਤਨ ਤੇ ਹੱਥ ਲਿਖਤ ਸਰੂਪ ਸੰਗਤ ਦੇ ਦਰਸ਼ਨਾਂ ਵਾਸਤੇ ਇਥੇ ਲਿਆਂਦਾ ਗਿਆ ਹੈ, ਜਿਸ ਦਾ ਪ੍ਰਕਾਸ਼ ਨਹੀਂ ਕੀਤਾ ਗਿਆ ਪਰ ਇਥੇ ਆਉਣ ਵਾਲੀ ਸੰਗਤ ਨੂੰ ਇਸ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਇਸ ਸਬੰਧੀ ਅਕਾਲ ਤਖਤ ਨੇੜੇ 2 ਵੱਡੀਆਂ ਐਲ.ਸੀ.ਡੀ. ਸਕਰੀਨਾਂ ਵੀ ਲਾਈਆਂ ਗਈਆਂ ਹਨ, ਜਿਨ੍ਹਾਂ ਰਾਹੀਂ ਮੱਥਾ ਟੇਕਣ ਆਉਂਦੀ ਸੰਗਤ ਸਰੂਪ ਦੇ ਦਰਸ਼ਨ ਕਰ ਰਹੀ ਹੈ। ਗੋਲੀ ਨਾਲ ਵਿੰਨ੍ਹਿਆ ਇਹ ਸਰੂਪ 37 ਸਾਲਾਂ ਬਾਅਦ ਸੰਗਤ ਦੇ ਦਰਸ਼ਨ ਲਈ ਲਿਆਂਦਾ ਗਿਆ ਹੈ। ਗੋਲੀ ਲੱਗਣ ਕਾਰਨ ਸਰੂਪ ਦੇ ਲਗਭਗ 90 ਅੰਗਾਂ ਨੂੰ ਨੁਕਸਾਨ ਪਹੁੰਚਿਆ ਸੀ, ਜਿਸ ਦੀ ਅਤਿ ਆਧੁਨਿਕ ਢੰਗ ਨਾਲ ਸੰਭਾਲ ਕੀਤੀ ਗਈ ਹੈ ਪਰ ਇਸ ਉੱਪਰ ਗੋਲੀ ਲੱਗਣ ਦੇ ਨਿਸ਼ਾਨ ਅੱਜ ਵੀ ਦੇਖੇ ਜਾ ਸਕਦੇ ਹਨ। ਅੰਦਾਜ਼ਨ ਇਕ ਸਦੀ ਤੋਂ ਵੱਧ ਪੁਰਾਤਨ ਇਸ ਹੱਥ ਲਿਖਤ ਸਰੂਪ ਦੀ ਜਿਲਦ ਨੂੰ ਉਸ ਸਥਿਤੀ 'ਚ ਰੱਖਿਆ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਦੱਸਿਆ ਕਿ ਜੂਨ 1984 ਦੇ ਘੱਲੂਘਾਰੇ ਵੇਲੇ ਦੱਖਣੀ ਦਰਵਾਜ਼ੇ ਤੋਂ ਹੋਈ ਗੋਲੀਬਾਰੀ ਦੌਰਾਨ ਇਕ ਗੋਲੀ



ਇਸ ਪਾਵਨ ਸਰੂਪ ਨੂੰ ਲੱਗੀ ਸੀ, ਜਿਸ ਨਾਲ ਗਉੜੀ ਰਾਗ ਤੋਂ ਸੁਖਮਨੀ ਸਾਹਿਬ ਦੀ ਬਾਣੀ ਤੱਕ ਅੰਗ ਨੂੰ ਨੁਕਸਾਨ ਪੁੱਜਿਆ ਸੀ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਨੇ ਸੰਗਤ ਨੂੰ ਉਕਤ ਸਰੂਪ ਦੀ ਕੀਤੀ ਗਈ ਸੇਵਾ ਅਤੇ ਗੋਲੀ ਨਾਲ ਨੁਕਸਾਨੇ ਗਏ ਅੰਗਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪਾਵਨ ਸਰੂਪ ਦੀ ਜਿਲਦ ਤੋਂ ਲੈ ਕੇ ਗੁਰਬਾਣੀ ਦੀ ਸ਼ੁਰੂਆਤ ਤੱਕ ਗੋਲੀ ਦੇ ਨਿਸ਼ਾਨ ਨੂੰ ਉਸੇ ਤਰ੍ਹਾਂ ਹੀ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਨਕਾਣਾ ਸਾਹਿਬ 1921 ਵਿਚ ਜ਼ਖਮੀ ਹੋਏ ਸਰੂਪ ਦੀ ਵੀ ਇਥੇ ਸਾਂਭ ਸੰਭਾਲ ਦੀ ਸੇਵਾ ਕਰਵਾਈ ਜਾ ਰਹੀ ਹੈ।

## ਫੌਜੀ ਹਮਲੇ ਦੀ ਨਿਆਇਕ ਜਾਂਚ ਹੋਵੇ: ਚੰਦੂਮਾਜਰਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੀ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜਾਂ ਦੇ ਪੈਨਲ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਪੱਤਰ ਵਿਚ ਆਖਿਆ ਕਿ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਹ ਹਮਲਾ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਤਹਿਤ ਕਰਵਾਇਆ ਸੀ, ਜਿਸ ਵਿਚ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਇਸ ਦੌਰਾਨ ਉਨ੍ਹਾਂ ਇਸ ਹਮਲੇ ਸਬੰਧੀ ਬਰਤਾਨੀਆ ਦੇ ਆਰਕਾਈਵ ਵਿਚ ਪਏ ਦਸਤਾਵੇਜ਼ ਵੀ ਜਨਤਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਹਮਲੇ ਵਿਚ ਕਿਸੇ ਦੂਜੇ ਦੇਸ਼ ਨੂੰ ਸ਼ਾਮਲ ਕਰਨਾ ਦੇਸ਼ ਦੀ ਪ੍ਰਭੂਸੱਤਾ ਵਿਚ ਦਖਲਅੰਦਾਜ਼ੀ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਅਦਬੀ ਕਾਂਡ: ਜਥੇਦਾਰ ਮੰਡ ਵੱਲੋਂ ਮੁੜ ਸੰਘਰਸ਼ ਵਿੱਢਣ ਦਾ ਐਲਾਨ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਸ਼ਹੀਦੀ ਯਾਦਗਾਰ ਦੇ ਬਾਹਰ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਬਰਗਾੜੀ ਬੇਅਦਬੀ ਮਾਮਲੇ ਵਿਚ ਮੁਲਜ਼ਮਾਂ ਨੂੰ ਸਜਾ ਦਿਵਾਉਣ ਲਈ ਮੁੜ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਸ ਸਬੰਧੀ ਪਹਿਲਾਂ ਵੀ ਸੰਘਰਸ਼ ਵਿੱਢਿਆ ਗਿਆ ਸੀ ਪਰ ਆਖਰੀ ਪੜਾਅ 'ਤੇ ਕੁਝ ਧਿਰਾਂ ਦੀ ਮਿਲੀਭੁਗਤ ਕਾਰਨ ਸਿੱਖ ਪੰਥ ਨਾਲ ਧੋਖਾ ਹੋ ਗਿਆ।

ਇਸ ਦਾ ਲੇਖਾ-ਜੋਖਾ ਕਰਨ ਲਈ ਪੰਥ ਦਰਦੀਆਂ ਨਾਲ ਵਿਚਾਰ-ਚਰਚਾ ਕਰਕੇ ਸ਼ਾਂਤਮਈ ਢੰਗ ਨਾਲ ਮੁੜ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਦਲਿਤ ਭਾਈਚਾਰੇ ਅਤੇ ਪੰਥ ਵਿਚਾਲੇ ਪੈਦਾ ਹੋਇਆ ਭਰਮ ਦੂਰ ਕਰ ਕੇ ਇਨ੍ਹਾਂ ਨੂੰ ਮੁੜ ਮੁੱਖ ਧਾਰਾ ਨਾਲ ਜੋੜਿਆ ਜਾਵੇਗਾ। ਇਸੇ ਤਰ੍ਹਾਂ ਗੁਰੂ ਰਵਿਦਾਸ ਨਾਲ ਸਬੰਧਤ ਡੇਰਾ ਬੱਲਾਂ ਨਾਲ ਵੀ ਗੱਲਬਾਤ ਕੀਤੀ ਜਾਵੇਗੀ। ਜਥੇਦਾਰ ਮੰਡ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਮੁੱਚੀ ਕੌਮ ਨੂੰ ਸ਼ਹੀਦਾਂ ਦੇ ਸੁਫਨੇ ਪੂਰੇ ਕਰਨ ਲਈ ਇੱਕਜੁਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੂਨ '84 ਦੇ ਘੱਲੂਘਾਰੇ ਤੋਂ ਬਾਅਦ ਸਿੱਖ ਕੌਮ ਦੇ ਆਗੂਆਂ ਨੇ ਪਹਿਲੇ ਘੱਲੂਘਾਰਿਆਂ ਦੀ ਤਰਜ਼ 'ਤੇ ਆਪਣੇ ਫਰਜ਼ ਨਹੀਂ ਨਿਭਾਏ, ਜਿਸ ਕਾਰਨ ਅੱਜ ਤੱਕ ਕੌਮ ਖੱਜਲ ਹੋ ਰਹੀ ਹੈ। ਕੌਮ ਵਿਚ ਈਰਖਾ ਤੇ ਨਫਰਤ ਵਿਚ ਵਾਧਾ ਹੋਇਆ ਹੈ। ਇਸ ਤੋਂ ਪਹਿਲਾਂ ਜਦੋਂ ਉਹ ਅਕਾਲ ਤਖਤ ਮੱਥਾ ਟੇਕਣ ਜਾ ਰਹੇ ਸਨ ਤਾਂ ਉਥੇ ਸਾਦੇ ਕਪੜਿਆਂ ਵਿਚ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਰੋਕਿਆ ਪਰ ਮੱਥਾ ਟੇਕ ਕੇ ਪਰਤ ਆਉਣ ਦੇ ਭਰੋਸੇ ਮਗਰੋਂ ਉਨ੍ਹਾਂ ਨੂੰ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਗਈ।

## ਮਾਨ ਵੱਲੋਂ ਪਹਿਲੀ ਤੋਂ ਬਰਗਾੜੀ 'ਚ ਮੋਰਚਾ ਲਾਉਣ ਦਾ ਐਲਾਨ

**ਅੰਮ੍ਰਿਤਸਰ:** ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਇਥੇ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਲੋਕਾਂ ਨੂੰ ਇਸ ਵਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਖਾਲਿਸਤਾਨ ਦੇ ਮੁੱਦੇ 'ਤੇ ਲੜਨ ਦਾ ਸੱਦਾ ਦਿੱਤਾ। ਇਸ ਦੌਰਾਨ ਉਨ੍ਹਾਂ ਬੇਅਦਬੀ ਮਾਮਲੇ ਵਿਚ ਇਨਸਾਫ ਲੈਣ ਲਈ ਪਹਿਲੀ ਜੁਲਾਈ ਤੋ ਬਰਗਾੜੀ ਵਿਚ ਸੰਘਰਸ਼ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ। ਇਥੇ ਅਕਾਲ ਤਖਤ ਨੇੜੇ ਸੰਗਤ ਨੂੰ ਸੰਬੋਧਨ ਕਰਦਿਆਂ ਮਾਨ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਨੂੰ ਜਨਰਲ ਹਾਊਸ ਵਿਚ ਮਤਾ ਪਾਸ ਕਰਵਾ ਕੇ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਵਾਰ ਵੋਟਾਂ ਰਾਹੀਂ ਖਾਲਿਸਤਾਨ ਦੇ ਮੁੱਦੇ ਨੂੰ ਹੁਕਮਰਾਨਾਂ ਕੋਲ ਰੱਖਿਆ ਜਾਣਾ ਚਾਹੀਦਾ ਹੈ।

# ਫੌਜੀ ਹਮਲੇ ਨੂੰ ਸਿੱਖ ਨਸਲਕੁਸ਼ੀ ਐਲਾਨਣ ਲਈ ਯੂ.ਐਨ.ਓ. ਨੂੰ ਪੱਤਰ

**ਅੰਮ੍ਰਿਤਸਰ:** ਖਾਲੜਾ ਮਿਸ਼ਨ ਆਰਗ਼ੇਨਾਈਜ਼ੇਸ਼ਨ ਨੇ ਯੂ.ਐਨ.ਓ. ਨੂੰ ਇਕ ਪੱਤਰ ਭੇਜ ਕੇ ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਨੂੰ ਸਿੱਖ ਨਸਲਕੁਸ਼ੀ ਐਲਾਨਣ ਦੀ ਅਪੀਲ ਕੀਤੀ ਹੈ। ਜਥੇਬੰਦੀ ਨੇ ਅਕਾਲ ਤਖਤ ਵਿਖੇ ਫੌਜੀ ਹਮਲੇ ਦੇ ਸ਼ਹੀਦਾਂ ਦੀ ਯਾਦ ਵਿਚ ਅਰਦਾਸ ਕੀਤੀ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਵੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਭੇਜ ਕੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਨੂੰ ਸਿੱਖ ਨਸਲਕੁਸ਼ੀ ਐਲਾਨਣ ਦੀ ਅਪੀਲ ਕੀਤੀ ਹੈ। ਖਾਲੜਾ ਮਿਸ਼ਨ ਆਰਗ਼ੇਨਾਈਜ਼ੇਸ਼ਨ ਦੀ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ, ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਸਤਵਿੰਦਰ ਸਿੰਘ ਪਲਾਸੌਰ, ਹਰਮਨ ਦੀਪ ਸਿੰਘ, ਵਿਰਸਾ ਸਿੰਘ, ਕਿਰਪਾਲ ਸਿੰਘ, ਬਾਬਾ ਦਰਸ਼ਨ ਸਿੰਘ ਅਤੇ ਹੋਰਨਾਂ ਨੇ ਅਕਾਲ ਤਖਤ ਵਿਖੇ ਫੌਜੀ ਹਮਲੇ ਦੇ ਸ਼ਹੀਦਾਂ ਦੀ ਯਾਦ ਵਿਚ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਇਹ ਘੱਲੂਘਾਰਾ ਜਲ੍ਹਿਆਂਵਾਲਾ ਬਾਗ ਤੋਂ ਵੀ ਭਿਆਨਕ ਸੀ। ਇਸ ਵਿਚ ਸ਼ਹੀਦ ਹੋਣ ਵਾਲਿਆਂ ਦੀਆਂ ਦੇਹਾਂ ਵੀ ਵਾਰਸਾਂ ਨੂੰ ਨਹੀਂ ਸੌਂਪੀਆਂ ਗਈਆਂ। ਇਸ ਮਾਮਲੇ ਦੀ ਹੁਣ ਤੱਕ ਕੋਈ ਜਾਂਚ ਨਹੀਂ ਕੀਤੀ ਗਈ। ਇਸ ਦੌਰਾਨ ਜਥੇਬੰਦੀ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੂੰ ਇੱਕ ਪੱਤਰ ਭੇਜ ਕੇ ਯੂਐੱਨ ਸਕਿਓਰਿਟੀ ਕੌਂਸਲ ਅਤੇ ਜਨਰਲ ਅਸੈਂਬਲੀ ਵਿਚ ਜੂਨ 1984 ਫੌਜੀ ਹਮਲੇ ਸਬੰਧੀ ਮਤਾ ਪਾਸ ਕਰ ਕੇ ਇਸ ਕਾਰਵਾਈ ਨੂੰ ਸਿੱਖ ਨਸਲਕੁਸ਼ੀ ਦਾ ਦਰਜਾ ਦੇਣ ਦੀ ਅਪੀਲ ਕੀਤੀ। ਇਸ ਸਬੰਧੀ ਉਨ੍ਹਾਂ ਅਰਮੀਨੀਆ ਕਤਲੇਆਮ ਦਾ ਵੀ ਹਵਾਲਾ ਦਿੱਤਾ, ਜਿਸ ਨੂੰ ਨਸਲਕੁਸ਼ੀ ਐਲਾਨਿਆ ਗਿਆ ਸੀ।

# ਦਿੱਲੀ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਦੇ ਥਰਮਲਾਂ ਖਿਲਾਫ ਪਟੀਸ਼ਨ

**ਨਵੀਂ ਦਿੱਲੀ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠਲੀ ਦਿੱਲੀ ਸਰਕਾਰ ਨੇ ਰਾਜਧਾਨੀ ਦੀ ਹਵਾ ਦੀ ਗੁਣਵੱਤਾ ਵਿਚ ਸੁਧਾਰ ਲਿਆਉਣ ਲਈ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦਿੱਲੀ ਦੇ ਆਸਪਾਸ ਪੁਰਾਣੀ ਤੇ ਪ੍ਰਦੂਸ਼ਣ ਪੈਦਾ ਕਰਨ ਵਾਲੀ ਤਕਨਾਲੋਜੀ 'ਤੇ ਚੱਲ ਰਹੇ 10 ਥਰਮਲ ਪਾਵਰ ਪਲਾਂਟ ਬੰਦ ਕਰਵਾਉਣ ਦੀ ਮੰਗ ਕੀਤੀ ਹੈ। ਪਟੀਸ਼ਨ 'ਚ ਕਿਹਾ ਗਿਆ ਕਿ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ ਵਿੱਚ ਕੋਲੇ ਨਾਲ ਚੱਲਣ ਵਾਲੇ 10 ਥਰਮਲ ਪਾਵਰ ਪਲਾਂਟ ਦਿੱਲੀ-ਐਨ.ਸੀ.ਆਰ. ਦੀ ਹਵਾ ਨੂੰ ਪ੍ਰਦੂਸ਼ਿਤ ਕਰਨ 'ਚ ਯੋਗਦਾਨ ਪਾਉਂਦੇ ਹਨ।

ਦਿੱਲੀ ਦੇ ਵਾਤਾਵਰਨ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ ਦਿੱਲੀ ਸਰਕਾਰ ਦਿੱਲੀ ਦੀ ਹਵਾ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਕਈ ਕਦਮ ਉਠਾ ਰਹੀ ਹੈ। ਇਸ ਦੇ ਨਾਲ ਹੀ ਇਕ ਪੱਤਰ ਲਿਖ ਕੇ ਇਨ੍ਹਾਂ ਥਰਮਲ ਪਾਵਰ ਪਲਾਂਟਾਂ ਕਾਰਨ ਹੋਣ ਵਾਲੇ ਪ੍ਰਦੂਸ਼ਣ ਸਬੰਧੀ ਕੇਂਦਰ ਸਰਕਾਰ ਨੂੰ ਸਹਿਯੋਗ ਕਰਨ ਦੀ ਬੇਨਤੀ ਵੀ ਕਰ ਰਹੇ ਹਾਂ ਪਰ ਅਜੇ ਤੱਕ ਕੇਂਦਰ ਵੱਲੋਂ ਕੋਈ ਸਹਾਇਤਾ ਨਹੀਂ ਮਿਲੀ।

ਇਹ ਪਟੀਸ਼ਨ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ ਦੇ ਕੋਲੇ ਨਾਲ ਚੱਲਣ ਵਾਲੇ 10 ਥਰਮਲ ਪਾਵਰ ਪਲਾਂਟਾਂ, ਜਿਨ੍ਹਾਂ ਵਿਚ ਦਾਦਰੀ ਐਨ.ਸੀ.ਟੀ.ਪੀ.ਪੀ. (ਯੂਪੀ), ਹਰਦੂਆਗੰਜ ਟੀ.ਪੀ.ਐਸ. (ਯੂਪੀ), ਜੀ.ਐਚ. ਟੀ.ਪੀ.ਐਸ. (ਲਹਿਰਾ ਮੁਹੱਬਤ), ਨਾਭਾ ਟੀ.ਪੀ.ਪੀ, ਰੋਪੜ ਟੀ.ਪੀ.ਐਸ, ਤਲਵੰਡੀ ਸਾਬੋ ਟੀ.ਪੀ.ਪੀ, ਯਮੁਨਾਨਗਰ ਟੀ.ਪੀ.ਐਸ, ਇੰਦਰਾ ਗਾਂਧੀ ਐਸ.ਟੀ.ਪੀ.ਪੀ, ਪਾਣੀਪਤ ਟੀ.ਪੀ.ਐਸ, ਰਾਜੀਵ ਗਾਂਧੀ ਟੀ.ਪੀ.ਐਸ. (ਹਰਿਆਣਾ) ਸ਼ਾਮਲ ਹਨ, ਦੇ ਸਬੰਧ ਵਿਚ ਦਾਇਰ ਕੀਤੀ ਗਈ ਹੈ, ਜੋ ਕੌਮ ਰਾਜਧਾਨੀ ਖੇਤਰ ਦੀ ਹਵਾ ਨੂੰ ਪ੍ਰਦੂਸ਼ਿਤ ਕਰਨ ਦਾ ਕਾਰਨ ਬਣਦੇ ਹਨ।

# ਮਹਾਤਮਾ ਗਾਂਧੀ ਦੀ ਪੜਪੋਤੀ ਨੂੰ ਧੋਖਾਧੜੀ ਦੇ ਦੋਸ਼ 'ਚ 7 ਸਾਲ ਦੀ ਕੈਦ

**ਜੋਹਾਨੈੱਸਬਰਗ:** ਦੱਖਣੀ ਅਫਰੀਕਾ ਵਿਚਲੀ ਡਰਬਨ ਦੀ ਅਦਾਲਤ ਨੇ ਮਹਾਤਮਾ ਗਾਂਧੀ ਦੀ ਪੜਪੋਤੀ ਨੂੰ 60 ਲੱਖ ਰੈਂਡ ਦੀ ਧੋਖਾਧੜੀ ਅਤੇ ਜਾਅਲਸਾਜੀ ਕਰਨ ਦੇ ਦੋਸ਼ ਵਿਚ ਸੱਤ ਸਾਲ ਦੀ ਕੈਦ ਦੀ ਸਜਾ ਸੁਣਾਈ ਹੈ। ਅਸੀਸ ਲਤਾ ਰਾਮਗੋਬਿਨ (56) ਨੂੰ ਅਦਾਲਤ ਨੇ ਸਜਾ ਸੁਣਾਈ। ਉਸ 'ਤੇ ਸਨਅਤਕਾਰ ਐਸ.ਆਰ. ਮਹਾਰਾਜ ਨੂੰ ਧੋਖਾ ਦੇਣ ਦਾ ਦੋਸ਼ ਸੀ। ਮਹਾਜਨ ਨੇ ਉਸ ਨੂੰ ਕਥਿਤ ਤੌਰ 'ਤੇ ਭਾਰਤ ਤੋਂ ਅਜਿਹੀ ਖੇਪ ਦਰਾਮਦ ਤੇ ਕਸਟਮ ਡਿਊਟੀ ਤੋਂ ਬਚਾ ਕੇ ਲਿਆਉਣ ਲਈ 62 ਲੱਖ ਰੈਂਡ ਦਿੱਤੇ ਸਨ ਜਿਹੜੀ ਚੀਜ ਦੀ ਹੋਂਦ ਹੀ ਨਹੀਂ ਸੀ। ਇਸ ਵਿਚੋਂ ਲਾਭ ਦਾ ਇਕ ਹਿੱਸਾ ਮਹਾਜਨ ਨੂੰ ਮਿਲਣਾ ਸੀ ਜਿਹੜਾ ਨਹੀਂ ਦਿੱਤਾ ਗਿਆ।

# ਨਵੀਆਂ ਸਮੀਕਰਨਾਂ ਨੇ ਕੈਪਟਨ ਨੂੰ ਤ੍ਰੇਲੀ ਲਿਆਂਦੀ

*(ਸਫਾ ਇਕ ਦੀ ਬਾਕੀ*

ਸਟੇਟ ਇਨਫਰਮੇਸ਼ਨ ਕਮੇਟੀ ਵਿਚ ਉੱਚ ਅਹੁਦੇ 'ਤੇ ਨਿਯੁਕਤ ਕੀਤਾ ਗਿਆ। ਹੁਣ ਦੋ ਹੋਰ ਵਿਧਾਇਕਾਂ ਦੇ ਪੁੱਤਰਾਂ ਨੂੰ ਡੀ.ਐਸ.ਪੀ. ਅਤੇ ਤਹਿਸੀਲਦਾਰ ਨਿਯੁਕਤ ਕਰਨ ਦਾ ਮਤਾ ਪਾਸ ਕੀਤਾ ਗਿਆ ਹੈ।

ਇਹ ਅਜਿਹੇ ਸਮੇਂ ਕੀਤਾ ਜਾ ਰਿਹਾ ਹੈ ਜਦੋਂ ਬੇਰੁਜ਼ਗਾਰੀ ਤੋਂ ਤੰਗ ਨੌਜਵਾਨ ਖੁਦਕੁਸ਼ੀਆਂ ਕਰ ਰਹੇ ਹਨ। ਚਰਚਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਕੁਰਸੀ ਬਚਾਉਣ ਲਈ ਨਾਰਾਜ਼ ਧੜੇ ਦੇ ਵਿਧਾਇਕਾਂ ਦੇ ਬੱਚਿਆਂ ਨੂੰ ਨੌਕਰੀਆਂ ਦੇ ਰਹੇ ਹਨ।

ਅਸਲ ਵਿਚ, ਇਸ ਸਮੇਂ ਪੰਜਾਬ ਕਾਂਗਰਸ ਵਿਚ ਵੱਡੇ ਪੱਧਰ ਉਤੇ ਖਾਨਾਜੰਗ ਛਿੜੀ ਹੋਈ ਹੈ। ਕੈਪਟਨ ਦੀਆਂ ਨਾਲਾਇਕੀਆਂ ਖਿਲਾਫ ਵੱਡੀ ਗਿਣਤੀ ਵਿਧਾਇਕਾਂ ਅਤੇ ਮੰਤਰੀਆਂ ਨੇ ਮੋਰਚਾ ਖੋਲ੍ਹਿਆ ਹੋਇਆ ਹੈ ਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਜੇਕਰ ਕੈਪਟਨ ਦੀ ਅਗਵਾਈ ਵਿਚ 2022 ਦੀ ਚੋਣ ਲੜੀ ਗਈ ਤਾਂ ਪਾਰਟੀ ਦੀ ਹਾਰ ਤੈਅ ਹੈ। ਇਨ੍ਹਾਂ ਆਗੂਆਂ ਦਾ ਮੰਨਣਾ ਹੈ ਕਿ ਲੋਕਾਂ ਵਿਚ ਕੈਪਟਨ ਖਿਲਾਫ ਰੋਹ ਹੈ। ਇਹ ਆਗੂ ਮੰਨ ਰਹੇ ਹਨ ਕਿ ਸਰਕਾਰ ਨੇ ਕੋਈ ਵਾਅਦਾ ਪੂਰਾ ਨਹੀਂ ਕੀਤਾ ਤੇ ਲੋਕਾਂ ਨੂੰ ਡੰਡੇ ਦੇ ਜ਼ੋਰ ਉਤੇ ਦਬਾਈ ਰੱਖਿਆ ਹੈ।

## ਨਵਜੋਤ ਕੌਰ ਸਿੱਧੂ ਵੱਲੋਂ ਪੰਜਾਬ 'ਚ ਅਫੀਮ ਦੀ ਖੇਤੀ ਦੀ ਵਕਾਲਤ

**ਸਮਾਣਾ:** ਸਾਬਕਾ ਚੀਫ ਪਾਰਲੀਮਾਨੀ ਸਕੱਤਰ ਪੰਜਾਬ ਡਾ. ਨਵਜੋਤ ਕੌਰ ਸਿੱਧੂ ਨੇ ਪੰਜਾਬ ਵਿਚ ਅਫੀਮ ਦੀ ਖੇਤੀ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਅਫੀਮ ਦੀ ਖੇਤੀ ਕਣਕ ਤੇ ਝੋਨੇ ਨਾਲੋਂ ਕਿਤੇ ਵੱਧ ਫਾਇਦੇਮੰਦ ਹੋਣ ਦੇ ਨਾਲ ਕਿਸਾਨਾਂ ਨੂੰ ਫਸਲੀ ਚੱਕਰ ਵਿਚੋਂ ਕੱਢਣ ਲਈ ਵੀ ਸਹਾਈ ਸਿੱਧ ਹੋ ਸਕਦੀ ਹੈ।

ਇਹ ਪੰਜਾਬ ਵਿਚ ਜ਼ਮੀਨੀ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ ਨੂੰ ਉੱਚਾ ਚੁੱਕਣ ਵਿਚ ਵੀ ਸਹਾਈ ਸਿੱਧ ਹੋਵੇਗੀ। ਉਹ ਸਮਾਣਾ ਦੇ ਪਿੰਡ ਗਾਜੀਪੁਰ ਵਿਚ ਖੇਤੀਬਾੜੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਇੰਦਰਪਾਲ ਸਿੰਘ ਸੰਧੂ ਦੇ ਫਾਰਮ ਹਾਊਸ 'ਤੇ 'ਮਿਸ਼ਨ ਹਰਿਆਲੀ' ਤਹਿਤ 200 ਪੌਦੇ ਲਗਾਉਣ ਦੀ ਸ਼ੁਰੂਆਤ ਕਰਨ ਆਏ ਸਨ।

# ਅਗਲੀਆਂ ਚੋਣਾਂ ਭਾਜਪਾ ਲਈ ਚੁਣੌਤੀ ਬਣੀਆਂ

*(ਸਫਾ ਇਕ ਦੀ ਬਾਕੀ*

ਹੈ। ਇਸੇ ਮੁਹਿੰਮ ਤਹਿਤ ਕੇਂਦਰ ਸਰਕਾਰ ਸੋਸ਼ਲ ਮੀਡੀਆ ਦੀ ਸੰਘੀ ਘੁੱਟਣ 'ਤੇ ਜ਼ੋਰ ਲਾ ਰਹੀ ਹੈ।

ਵਧਦੀ ਬੇਰੁਜ਼ਗਾਰੀ, ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦਾ ਸੰਘਰਸ਼, ਪਰਵਾਸੀ ਮਜ਼ਦੂਰਾਂ ਦੀਆਂ ਸਮੱਸਿਆਵਾਂ, ਭੁੱਖਮਰੀ ਵਰਗੇ ਮਸਲਿਆਂ ਨੇ ਧਰਮ ਦੇ ਨਾਮ ਉਤੇ ਸਿਆਸੀ ਦੁਕਾਨਦਾਰੀ ਫਿੱਕੀ ਪਾ ਦਿੱਤੀ ਹੈ। ਉਤਰ ਪ੍ਰਦੇਸ਼ ਵਿਚ ਤਾਜ਼ਾ ਹੋਈਆਂ ਪੰਚਾਇਤੀ ਚੋਣਾਂ ਵਿਚ ਭਾਜਪਾ ਦੇ ਹਸ਼ਰ ਤੋਂ ਵੀ ਲੀਡਰਸ਼ਿਪ ਨਰਾਸ਼ ਹੈ। ਇਨ੍ਹਾਂ ਚੋਣਾਂ ਵਿਚ ਸਮਾਜਵਾਦੀ ਪਾਰਟੀ ਅਤੇ ਬਸਪਾ ਵੱਡੀ ਧਿਰ ਵਜੋਂ ਉਭਰਿਆਂ ਹਨ।

ਭਾਜਪਾ ਭਾਵੇਂ ਰਾਮ ਮੰਦਰ ਬਣਾਉਣ ਅਤੇ ਜੰਮੂ ਕਸ਼ਮੀਰ ਵਿਚ ਧਾਰਾ-370 ਨੂੰ ਮਨਸੂਖ ਕਰਨ ਜਿਹੀਆਂ 'ਪ੍ਰਾਪਤੀਆਂ' ਨੂੰ ਅੱਗੇ ਰੱਖਣ ਦੀ ਫਿਰਾਕ ਵਿਚ ਹੈ ਪਰ ਉਸ ਨੂੰ ਇਹ ਸਮਝ ਵੀ ਆ ਗਈ ਹੈ ਕਿ ਹੁਣ ਸਿਰਫ ਫਿਰਕੂ ਏਜੰਡੇ ਉਤੇ ਕੰਮ ਨਾਲ ਗੱਲ ਨਹੀਂ ਬਣਨੀ ਕਿਉਂਕਿ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਭਾਜਪਾ ਦੀਆਂ ਆਸਾਂ ਉਤੇ ਖਰੇ ਨਹੀਂ ਉਤਰ ਸਕੇ। ਇਹੀ ਕਾਰਨ ਹੈ ਕਿ ਭਾਜਪਾ ਯੋਗੀ ਦੇ ਕੱਦ ਨੂੰ ਹੌਲਾ ਕਰਨ ਲਈ ਜ਼ੋਰ ਲਾ ਰਹੀ ਹੈ। ਜਿਵੇਂ-ਜਿਵੇਂ ਚੋਣਾਂ ਨਜ਼ਦੀਕ ਆਉਂਦੀਆਂ ਜਾ ਰਹੀਆਂ ਹਨ, ਯੋਗੀ ਆਪਣਾ ਉਹ ਚਿਹਰਾ ਵੀ ਦਿਖਾਉਣ ਲੱਗੇ ਹਨ ਜੋ ਹਾਈਕਮਾਨ ਨੂੰ ਆਗਿਆਕਾਰੀ ਨਹੀਂ ਲੱਗ ਰਿਹਾ। ਯੋਗੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀਆਂ ਕਤਾਰਾਂ ਵਿਚ ਨਹੀਂ ਆਉਂਦੇ। ਉਹ ਹਿੰਦੂਤਵਵਾਦੀ ਹਨ ਅਤੇ ਕਿਤੇ ਜ਼ਿਆਦਾ ਭੜਕਾਊ ਕਿਸਮ ਦੀ ਭਾਸ਼ਾ ਘੱਟ ਗਿਣਤੀਆਂ ਵਿਰੁੱਧ ਵਰਤਦੇ ਹਨ। ਇਹੀ ਕਾਰਨ ਹੈ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਹੁਣ ਤੱਕ ਉਸ ਤੋਂ ਹੱਥ ਫੜ ਕੇ ਕੰਮ ਕਰਵਾਉਂਦੀ ਰਹੀ ਹੈ ਪਰ ਹੁਣ ਚੋਣਾਂ ਤੋਂ ਪਹਿਲਾਂ ਯੋਗੀ ਦਾ ਬਦਲ ਲੱਭਣ ਦੀ ਸਰਗਰਮੀਆਂ ਪਿੱਛੋਂ ਸਥਿਤੀ ਵਿਗੜ ਗਈ। ਚਰਚਾ ਹੈ ਕਿ ਇਸ ਸਮੇਂ ਮੋਦੀ ਤੇ ਯੋਗੀ ਆਹਮੋ-ਸਾਹਮਣੇ ਹਨ ਤੇ ਹਾਈਕਮਾਨ ਵੀ ਉਨ੍ਹਾਂ ਨੂੰ ਹੱਥ ਪਾਉਣ ਤੋਂ ਝਿਜਕ ਰਹੀ ਹੈ। ਭਾਜਪਾ ਨੇ ਮਜਬੂਰਨ ਇਹ ਤਾਂ ਤੈਅ ਕਰ ਹੀ ਲਿਆ ਹੈ ਕਿ ਯੋਗੀ ਨੂੰ ਫਿਲਹਾਲ ਹਟਾਇਆ ਨਹੀਂ ਜਾਵੇਗਾ ਅਤੇ ਪਾਰਟੀ ਉਨ੍ਹਾਂ ਦੇ ਨਾਂ ਉਤੇ ਹੀ ਚੋਣਾਂ ਲੜੇਗੀ। ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਵਿਧਾਨ ਸਭਾ ਚੋਣਾਂ ਵਿਚ ਯੋਗੀ ਭਾਜਪਾ ਲਈ ਵੱਡੀ ਚੁਣੌਤੀ ਬਣ ਸਕਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਾਂਗਰਸ ਦਾ ਅੰਦਰੂਨੀ ਕਲੇਸ਼; ਗੇਂਦ ਹੁਣ ਗਾਂਧੀ ਪਰਿਵਾਰ ਦੇ ਪਾਲੇ ਵਿਚ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਦੋਵੇਂ ਧੜਿਆਂ ਦੀਆਂ ਨਜ਼ਰਾਂ ਹੁਣ ਪਾਰਟੀ ਹਾਈ ਕਮਾਨ ਦੇ ਹੁਕਮਾਂ 'ਤੇ ਟਿਕੀਆਂ ਹੋਈਆਂ ਹਨ। ਮਲਿਕਾਰਜੁਨ ਖੜਗੇ, ਜੇ.ਪੀ. ਅਗਰਵਾਲ ਅਤੇ ਹਰੀਸ਼ ਰਾਵਤ ਦੀ ਅਗਵਾਈ ਹੇਠਲੀ ਤਿੰਨ ਮੈਂਬਰੀ ਕਮੇਟੀ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿਰੋਧੀ ਧੜੇ ਦੀਆਂ ਦਲੀਲਾਂ ਅਤੇ ਸ਼ਿਕਾਇਤਾਂ ਸੁਣਨ ਮਗਰੋਂ ਹੁਣ ਗੇਂਦ ਗਾਂਧੀ ਪਰਿਵਾਰ ਦੇ ਪਾਲੇ ਵਿਚ ਚਲੀ ਗਈ ਹੈ। ਪਾਰਟੀ ਸੂਤਰਾਂ ਮੁਤਾਬਕ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਮੁੱਖ ਮੰਤਰੀ ਪ੍ਰਤੀ ਨਰਮ ਰਵੱਈਆ ਹੈ ਜਦੋਂ ਕਿ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਵੱਲੋਂ ਨਵਜੋਤ ਸਿੰਘ ਸਿੱਧੂ ਦੇ ਪੱਖ ਦੀ ਗੱਲ ਕੀਤੀ ਜਾ ਰਹੀ ਹੈ।



ਪਾਰਟੀ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਪੰਜ ਦਿਨ ਚਲੀਆਂ ਲੰਮੀਆਂ ਮੀਟਿੰਗਾਂ ਤੋਂ ਬਾਅਦ ਸਥਿਤੀ ਇਹ ਬਣ ਗਈ ਹੈ ਕਿ ਹਾਈ ਕਮਾਨ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਨੂੰ ਇਕ ਮੰਚ 'ਤੇ ਲਿਆਉਣਾ ਚਾਹੁੰਦੀ ਹੈ ਤਾਂ ਜੋ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੂੰ ਸਿਆਸੀ ਨੁਕਸਾਨ ਨਾ ਝੱਲਣਾ ਪਵੇ। ਕਮੇਟੀ ਵੱਲੋਂ ਅਗਲੇ ਹਫਤੇ ਰਿਪੋਰਟ ਦਿੱਤੀ ਜਾਵੇਗੀ। ਪਾਰਟੀ ਦੇ ਦਿੱਲੀ 'ਚ ਬੈਠੇ ਆਗੂਆਂ ਨੂੰ ਦੋਹਾਂ ਦਰਮਿਆਨ ਸੁਲਾਹ-ਸਫਾਈ ਕਰਾਉਣ ਦਾ ਕੋਈ ਰਾਹ ਨਹੀਂ ਲੱਭ ਰਿਹਾ ਹੈ। ਸੂਤਰਾਂ ਮੁਤਾਬਕ ਇਸ ਸਮੇਂ ਪਾਰਟੀ ਅੰਦਰ ਨਵਜੋਤ ਸਿੰਘ ਸਿੱਧੂ ਨੂੰ ਉਪ ਮੁੱਖ ਮੰਤਰੀ, ਪ੍ਰਚਾਰ ਕਮੇਟੀ ਦਾ ਮੁਖੀ ਅਤੇ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਵਿਚੋਂ ਇਕ ਅਹੁਦਾ ਦੇਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਕੈਪਟਨ ਦੇ ਹਮਾਇਤੀਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਹਾਲ ਦੀ ਘੜੀ ਉਨ੍ਹਾਂ ਦੀ ਕੁਰਸੀ ਸੁਰੱਖਿਅਤ ਹੈ ਜਦੋਂ ਕਿ ਬਾਗੀ ਧੜੇ ਦੇ ਆਗੂਆਂ ਵੱਲੋਂ 'ਤੇਲ ਦੇਖੋ, ਤੇਲ ਦੀ ਧਾਰ ਦੇਖੋ' ਵਾਲੀ ਰਣਨੀਤੀ ਅਪਣਾਈ ਜਾ ਰਹੀ ਹੈ।

ਪੰਜਾਬ ਵਿਚ ਕਾਂਗਰਸ ਦੀ ਮਜ਼ਬੂਤ ਸਰਕਾਰ ਹੋਣ ਦੇ ਬਾਵਜੂਦ ਪਾਰਟੀ ਅੰਦਰਲੀ ਪਾਟੋਧਾੜ ਕਾਰਨ ਹਾਈ ਕਮਾਨ ਦੀਆਂ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ। ਕਈ ਪਾਰਟੀ ਆਗੂਆਂ ਨੇ ਖੁੱਲ੍ਹੇਆਮ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤਣਾ ਮੁਸ਼ਕਲ ਹੋਵੇਗਾ। ਇਹ ਤੱਥ ਮਹੱਤਵਪੂਰਨ ਹੈ ਕਿ ਪੰਜਾਬ ਦੇ ਬਹੁ-ਗਿਣਤੀ ਵਿਧਾਇਕਾਂ, ਮੰਤਰੀਆਂ, ਸੰਸਦ ਮੈਂਬਰਾਂ ਅਤੇ ਹਲਕਾ ਇੰਚਾਰਜਾਂ ਨੇ 4 ਦਿਨ ਹਾਈ ਕਮਾਨ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਨਾਲ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਬਾਦਲ ਪਰਿਵਾਰ ਨਾਲ ਰਲੇ ਹੋਣ, ਬੇਅਦਬੀ ਮਾਮਲੇ 'ਤੇ ਕਾਰਵਾਈ ਨਾ ਕਰਨ, ਰੇਤ ਮਾਫੀਆ, ਕੇਬਲ ਮਾਫੀਆ, ਟਰਾਂਸਪੋਰਟ ਮਾਫੀਆ ਤੇ ਸ਼ਰਾਬ ਮਾਫੀਆ ਦਾ ਬੋਲਬਾਲਾ ਹੋਣ ਦੇ ਨਾਲ ਨਾਲ ਵਿਜੀਲੈਂਸ ਵਿਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੋਣ ਅਤੇ ਅਕਾਲੀਆਂ ਦੇ ਭ੍ਰਿਸ਼ਟ ਕਾਰਨਾਮਿਆਂ 'ਤੇ ਪਰਦਾ ਪਾਉਣ ਦੇ ਦੋਸ਼ ਲਾਏ ਸਨ। ਕੈਪਟਨ ਦੇ ਕਈ ਕਰੀਬੀਆਂ ਨੇ ਵੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ ਸਨ।

ਦਿਲਚਸਪ ਗੱਲ ਇਹ ਵੀ ਹੈ ਕਿ ਰਾਹੁਲ ਗਾਂਧੀ ਨੇ ਵੀ ਪੰਜਾਬ ਦੇ ਚੋਣਵੇਂ ਆਗੂਆਂ ਨਾਲ ਗੱਲਬਾਤ ਕਰਕੇ ਜਾਣਕਾਰੀ ਲੈਣ ਦਾ ਸਿਲਸਿਲਾ ਜਾਰੀ ਰੱਖਿਆ ਹੈ। ਮੁੱਖ ਮੰਤਰੀ ਨੇ ਕਮੇਟੀ ਨਾਲ ਮੀਟਿੰਗ ਕਰਕੇ ਸਾਰੇ ਦੋਸ਼ਾਂ ਨੂੰ ਰੱਦ ਕੀਤਾ ਅਤੇ ਵਿਧਾਇਕਾਂ, ਮੰਤਰੀਆਂ ਤੇ ਪਾਰਟੀ ਆਗੂਆਂ ਦੇ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਤੱਥ ਵੀ ਰੱਖੇ।

### ਕਾਂਗਰਸ ਲੋਕਾਂ ਦੀ ਅਣਦੇਖੀ ਦਾ 'ਪਾਪ' ਕਰ ਰਹੀ: ਭਾਜਪਾ

**ਨਵੀਂ ਦਿੱਲੀ:** ਪੰਜਾਬ ਦੀ ਸੱਤਾਧਾਰੀ ਕਾਂਗਰਸ ਵਿਚ ਚੱਲ ਰਹੀ ਖਾਨਾਜੰਗੀ ਨੂੰ ਅਜੀਬੋ-ਗਰੀਬ ਰਾਜਨੀਤੀ ਕਰਾਰ ਦਿੰਦਿਆਂ ਭਾਜਪਾ ਨੇ ਦੋਸ਼ ਲਗਾਇਆ ਜਦੋਂ ਪੂਰਾ ਰਾਜ ਕਰੋਨਾ ਤੋਂ ਪ੍ਰਭਾਵਿਤ ਹੈ ਅਤੇ ਕਾਂਗਰਸ ਆਪਣੀ ਅੰਦਰੂਨੀ ਲੜਾਈ ਕਾਰਨ ਲੋਕਾਂ ਦੀ ਅਣਦੇਖੀ ਕਰਦੇ 'ਪਾਪ' ਕਰ ਰਹੀ ਹੈ। ਕੇਂਦਰੀ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਪੰਜਾਬ ਵਿਚ ਕਿਹੋ ਜਿਹੀ ਅਜੀਬ ਰਾਜਨੀਤੀ ਚੱਲ ਰਹੀ ਹੈ। ਸਾਰਾ ਪੰਜਾਬ ਕਰੋਨਾ ਤੋਂ ਪ੍ਰਭਾਵਿਤ ਹੈ, ਟੀਕਿਆਂ ਦਾ ਸਹੀ ਪ੍ਰਬੰਧ ਨਹੀਂ ਹੈ ਤੇ ਕਾਂਗਰਸ ਸਰਕਾਰ ਆਪਸੀ ਲੜਾਈ ਵਿਚ ਉਲਝੀ ਹੋਈ ਹੈ।

## ਕੇਜਰੀਵਾਲ ਵੱਲੋਂ ਪੰਜਾਬ ਦੇ ਆਗੂਆਂ ਨਾਲ ਗੁਪਤ ਮੀਟਿੰਗ

**ਫਰੀਦਕੋਟ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਪਾਰਟੀ ਆਗੂਆਂ ਨਾਲ ਦਿੱਲੀ ਵਿਚ ਇਕ ਅਹਿਮ ਮੀਟਿੰਗ ਕੀਤੀ ਹੈ। ਮੀਟਿੰਗ ਦੌਰਾਨ ਦੂਜੀਆਂ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਅਤੇ 'ਆਪ' ਛੱਡ ਕੇ ਦੂਜੀਆਂ ਪਾਰਟੀਆਂ ਵਿਚ ਜਾਣ ਵਾਲੇ ਆਗੂਆਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ। ਹਾਲਾਂਕਿ ਇਸ ਮੀਟਿੰਗ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ।



ਅਰਵਿੰਦ ਕੇਜਰੀਵਾਲ ਨੇ ਇਕੱਲੇ-ਇਕੱਲੇ ਪਾਰਟੀ ਆਗੂ ਨਾਲ ਪੰਜਾਬ ਦੇ ਸਿਆਸੀ ਹਾਲਾਤਾਂ ਬਾਰੇ ਮੀਟਿੰਗ ਕੀਤੀ ਅਤੇ ਸੰਭਾਵੀ ਉਮੀਦਵਾਰਾਂ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਆਪਣੇ ਹਲਕੇ ਵਿਚ ਕੀਤੀਆਂ ਗਈਆਂ ਸਰਗਰਮੀਆਂ ਦਾ ਜਾਇਜ਼ਾ ਲਿਆ। ਸੂਤਰਾਂ ਅਨੁਸਾਰ ਆਮ ਆਦਮੀ ਪਾਰਟੀ ਜੁਲਾਈ ਦੇ ਪਹਿਲੇ ਹਫਤੇ ਉਮੀਦਵਾਰਾਂ ਦਾ ਐਲਾਨ ਕਰਨਾ ਚਾਹੁੰਦੀ ਸੀ ਪਰ ਕੁਝ ਕਾਰਨਾਂ ਕਰਕੇ ਹੁਣ ਇਹ ਐਲਾਨ ਜੁਲਾਈ ਦੀ ਥਾਂ ਅਕਤੂਬਰ ਦੇ ਆਖਰੀ ਹਫਤੇ ਜਾਂ ਨਵੰਬਰ ਵਿਚ ਕਰਨ ਦੀ ਸੰਭਾਵਨਾ ਹੈ। ਹਾਲਾਂਕਿ ਪਾਰਟੀ ਸੁਪਰੀਮੋ ਨੇ ਸੰਭਾਵੀ ਉਮੀਦਵਾਰਾਂ ਨੂੰ ਆਪਣੇ ਹਲਕਿਆਂ ਵਿਚ ਸਰਗਰਮ ਰਹਿਣ ਤੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਤਿਆਰੀ ਕਰਨ ਦੇ ਨਿਰਦੇਸ਼ ਦਿੱਤੇ ਹਨ।

ਅਰਵਿੰਦ ਕੇਜਰੀਵਾਲ ਨੇ ਮੀਟਿੰਗ ਤੋਂ ਪਹਿਲਾਂ ਆਪਣੇ ਆਗੂਆਂ ਬਾਰੇ ਖੁਫੀਆ ਜਾਣਕਾਰੀ ਵੀ ਹਾਸਲ ਕੀਤੀ ਅਤੇ ਆਪਣੇ ਆਗੂਆਂ ਦੇ ਫੇਸਬੁੱਕ ਖਾਤੇ ਵੀ ਬਾਕਾਇਦਾ ਤੌਰ 'ਤੇ ਚੈੱਕ ਕਰਵਾਏ। ਆਮ ਆਦਮੀ ਪਾਰਟੀ ਦੇ ਸੂਬਾਈ ਆਗੂ ਗੁਰਦਿੱਤ ਸਿੰਘ ਸੇਖੋਂ ਨੇ ਮੀਟਿੰਗ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਲਗਾਤਾਰ ਪੰਜਾਬ ਦੀ ਲੀਡਰਸ਼ਿਪ ਨਾਲ ਰਾਬਤੇ ਵਿਚ ਹਨ।

## ਖਹਿਰਾ ਸਣੇ ਬਾਗੀ 'ਆਪ' ਵਿਧਾਇਕ ਕਾਂਗਰਸ ਨਾਲ ਰਲੇ

**ਚੰਡੀਗੜ੍ਹ:** ਪੰਜਾਬ ਦੇ ਸਿਆਸੀ ਦ੍ਰਿਸ਼ 'ਤੇ ਵਾਪਰੀ ਦਲ-ਬਦਲੀ ਦੀ ਵੱਡੀ ਘਟਨਾ ਨੇ ਕਾਂਗਰਸ ਅੰਦਰ ਛਿੜੀ ਖਾਨਾਜੰਗੀ ਨੂੰ ਨਵਾਂ ਮੋੜ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਤਿੰਨ ਬਾਗੀ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ, ਜਗਦੇਵ ਸਿੰਘ ਕਮਾਲੂ ਅਤੇ ਪਿਰਮਲ ਸਿੰਘ ਖਾਲਸਾ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਰਾਹੀਂ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ 'ਆਪ' ਦੇ ਤਿੰਨਾਂ ਵਿਧਾਇਕਾਂ ਨੂੰ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੀ ਸਹਿਮਤੀ ਨਾਲ ਪਾਰਟੀ 'ਚ ਸ਼ਾਮਲ ਕਰਾਇਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਇਸ ਸਮੇਂ ਦਿੱਲੀ 'ਚ ਮੀਟਿੰਗਾਂ ਵਿਚ ਰੁੱਝੇ ਹੋਏ ਹਨ।



ਪੰਜਾਬ ਕਾਂਗਰਸ ਦੇ ਇਕ ਵੱਡੇ ਧੜੇ ਜਿਸ 'ਚ ਮੰਤਰੀਆਂ, ਵਿਧਾਇਕਾਂ, ਸੰਸਦ ਮੈਂਬਰਾਂ ਦੀ ਬਹੁ ਗਿਣਤੀ ਸ਼ਾਮਲ ਹੈ, ਵੱਲੋਂ ਮੁੱਖ ਮੰਤਰੀ ਵਿਰੁੱਧ ਕੀਤੀ ਜਾ ਰਹੀ ਬਗਾਵਤ ਦੌਰਾਨ 'ਆਪ' ਦੇ ਤਿੰਨ ਬਾਗੀ ਵਿਧਾਇਕਾਂ ਦੀ ਸ਼ਮੂਲੀਅਤ ਨੇ ਰਾਜਸੀ ਹਲਕਿਆਂ ਅੰਦਰ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਕਾਂਗਰਸ ਵਿਚ ਭਖੀ ਹੋਈ ਖਾਨਾਜੰਗੀ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਗੀ ਧੜੇ ਦੀਆਂ ਗਤੀਵਿਧੀਆਂ ਨੂੰ ਪੁੱਠਾ ਮੋੜਾ ਦੇਣ ਲਈ ਇਸ ਘਟਨਾ ਲਈ ਅਜਿਹੇ ਦਿਨ ਦੀ ਚੋਣ ਕੀਤੀ ਹੈ ਜਦੋਂ ਬਾਗੀਆਂ ਨੇ ਸਾਰਾ ਗੁਬਾਰ ਕੱਢ ਲਿਆ ਹੈ।

ਕਾਂਗਰਸ ਆਗੂਆਂ ਅਨੁਸਾਰ, ਮੁੱਖ ਮੰਤਰੀ ਨੇ 'ਆਪ' ਵਿਧਾਇਕਾਂ ਦੀ ਸ਼ਮੂਲੀਅਤ ਕਰਵਾ ਕੇ ਹਾਈ ਕਮਾਨ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਪੰਜਾਬ 'ਚ ਅੱਜ ਵੀ ਉਹ ਮਕਬੂਲ ਆਗੂ ਹਨ। ਕੈਪਟਨ ਹਮਾਇਤੀਆਂ ਦਾ ਦਾਅਵਾ ਹੈ ਕਿ 'ਆਪ' ਵਿਧਾਇਕਾਂ ਦੀ ਕਾਂਗਰਸ 'ਚ ਸ਼ਮੂਲੀਅਤ ਨਾਲ ਮੁੱਖ ਮੰਤਰੀ ਦੀ ਪਾਰਟੀ ਤੇ ਸਰਕਾਰ 'ਤੇ ਪਕੜ ਮਜ਼ਬੂਤ ਹੋਈ ਹੈ ਜਦਕਿ ਬਾਗੀ ਧੜੇ ਦੇ ਆਗੂਆਂ ਦਾ ਕਹਿਣਾ ਹੈ ਕਿ ਇਸ ਨਾਲ ਕੋਈ ਖਾਸ ਅਸਰ ਨਹੀਂ ਪੈਣਾ ਕਿਉਂਕਿ ਪਾਰਟੀ ਦੇ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਮੰਤਰੀਆਂ ਦਾ ਇੱਕ ਵੱਡਾ ਹਿੱਸਾ ਪਹਿਲਾਂ ਹੀ ਮੁੱਖ ਮੰਤਰੀ ਖਿਲਾਫ ਭੁਗਤ ਚੁੱਕਾ ਹੈ। ਕਾਂਗਰਸ 'ਚ ਸ਼ਾਮਲ ਹੋਣ ਵਾਲੇ 'ਆਪ' ਦੇ ਬਾਗੀ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ, ਜਗਦੇਵ ਸਿੰਘ ਕਮਾਲੂ ਅਤੇ ਪਿਰਮਲ ਸਿੰਘ ਖਾਲਸਾ ਨੇ ਆਪਣੇ ਅਸਤੀਫੇ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੂੰ ਭੇਜ ਦਿੱਤੇ ਹਨ। ਖਹਿਰਾ ਭੁਲੱਥ, ਕਮਾਲੂ ਮੌੜ ਮੰਡੀ ਤੇ ਖਾਲਸਾ ਨੇ ਭਦੌੜ ਵਿਧਾਨ ਸਭਾ ਹਲਕੇ ਤੋਂ ਸਾਲ 2017 ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਜਿੱਤੀ ਸੀ।

## ਹਾਈਕਮਾਨ ਅੱਗੇ ਵਿਧਾਇਕਾਂ ਤੇ ਮੰਤਰੀਆਂ ਦੇ ਕਾਰਨਾਮਿਆਂ ਦੀ ਪੋਲ ਖੋਲ੍ਹ ਆਏ ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਵਿਚ ਕਾਂਗਰਸ ਹਾਈ ਕਮਾਨ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਨਾਲ ਮੁਲਾਕਾਤ ਕਰਕੇ ਮੰਤਰੀਆਂ, ਵਿਧਾਇਕਾਂ ਤੇ ਸੰਸਦ ਮੈਂਬਰਾਂ ਵੱਲੋਂ ਲਾਏ ਦੋਸ਼ਾਂ ਦੇ ਜਵਾਬ ਹੀ ਨਹੀਂ ਦਿੱਤੇ ਸਗੋਂ ਗੈਰਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਕਾਂਗਰਸੀ ਨੇਤਾਵਾਂ ਦੀਆਂ ਫਾਈਲਾਂ ਵੀ ਤਿੰਨ ਮੈਂਬਰੀ ਕਮੇਟੀ ਨੂੰ ਦਿਖਾਈਆਂ। ਮੁੱਖ ਮੰਤਰੀ ਨੇ ਬੇਅਦਬੀ ਦੇ ਮਾਮਲੇ ਸਮੇਤ ਮਾਫੀਆ ਦੇ ਦੋਸ਼ਾਂ ਸਬੰਧੀ ਸਾਰੇ ਮੁੱਦਿਆਂ 'ਤੇ ਚਰਚਾ ਕੀਤੀ ਅਤੇ ਤੱਥਾਂ ਸਮੇਤ ਦੋਸ਼ਾਂ ਨੂੰ ਝੁਠਲਾਉਣ ਦਾ ਯਤਨ ਕੀਤਾ। ਸੂਤਰਾਂ ਦਾ ਦੱਸਣਾ ਹੈ ਕਿ ਪੰਜਾਬ ਪੁਲਿਸ ਦੇ ਖੁਫੀਆ ਵਿੰਗ ਨੇ ਪੰਜਾਬ ਦੇ ਵਿਧਾਇਕਾਂ ਤੇ ਮੰਤਰੀਆਂ ਦੇ ਕਾਰਨਾਮਿਆਂ ਦੀ ਸੂਚੀ ਬਣਾ ਕੇ ਮੁੱਖ ਮੰਤਰੀ ਨੂੰ ਹਫਤਾ ਕੁ ਪਹਿਲਾਂ ਹੀ ਸੌਂਪੀ ਸੀ। ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਵੱਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਦੇ ਯਤਨ ਕੀਤੇ ਜਾ ਰਹੇ ਹਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਦਾ ਵਿਰੋਧੀ ਧੜਾ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਦੇ ਸੰਪਰਕ ਵਿਚ ਹੈ ਜਦਕਿ ਸ੍ਰੀਮਤੀ ਗਾਂਧੀ ਵੱਲੋਂ ਅਮਰਿੰਦਰ ਸਿੰਘ ਦੀ ਹਮਾਇਤ ਕੀਤੀ ਜਾਂਦੀ ਹੈ।



ਮੁੱਖ ਮੰਤਰੀ ਦੇ ਕਰੀਬੀ ਸੂਤਰਾਂ ਦਾ ਦੱਸਣਾ ਹੈ ਕਿ ਉਨ੍ਹਾਂ ਮੀਟਿੰਗ ਦੌਰਾਨ ਬੇਅਦਬੀ ਦੇ ਮੁੱਦੇ 'ਤੇ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਦੱਸਿਆ। ਸੂਬੇ ਦੇ ਵਿਧਾਇਕਾਂ ਵੱਲੋਂ ਰੇਤ ਮਾਫੀਆ ਤੇ ਹੋਰਨਾਂ ਧੰਦਿਆਂ 'ਚ ਸ਼ਮੂਲੀਅਤ ਬਾਰੇ ਵੀ ਕਮੇਟੀ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਵਿਜੀਲੈਂਸ ਤੇ ਇੰਟੈਲੀਜੈਂਸ ਵੱਲੋਂ ਦਿੱਤੀਆਂ ਗਈਆਂ ਰਿਪੋਰਟਾਂ ਵੀ ਕਮੇਟੀ ਦੇ ਮੈਂਬਰਾਂ ਨੂੰ ਦਿਖਾਈਆਂ। ਕੈਪਟਨ ਦੇ ਕਰੀਬੀਆਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਨੇ ਸੂਬੇ ਦੇ ਮੰਤਰੀਆਂ ਦੀ ਕਾਰਗੁਜ਼ਾਰੀ ਬਾਰੇ ਵੀ ਕਮੇਟੀ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਮੁੱਖ ਮੰਤਰੀ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਅਧਿਕਾਰਤ ਤੌਰ 'ਤੇ ਮੀਡੀਆ ਨਾਲ ਕੋਈ ਵੀ ਜਾਣਕਾਰੀ ਸਾਂਝੀ ਕਰਨ ਤੋਂ ਨਾਂਹ ਕਰ ਦਿੱਤੀ। ਸੂਤਰਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਮੰਤਰੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵੱਲੋਂ ਲਾਏ ਗਏ ਸਾਰੇ ਦੋਸ਼ਾਂ ਦੇ ਜਵਾਬ ਦਿੱਤੇ ਹਨ। ਪੰਜਾਬ ਦੇ ਬਹੁ ਗਿਣਤੀ ਵਿਧਾਇਕਾਂ, ਮੰਤਰੀਆਂ, ਸੰਸਦ ਮੈਂਬਰਾਂ ਤੇ ਹਲਕਾ ਇੰਚਾਰਜਾਂ ਨੇ ਖੜਗੇ ਕਮੇਟੀ ਨਾਲ ਚਾਰ ਦਿਨ ਚੱਲੀਆਂ ਮੀਟਿੰਗਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਬਾਦਲ ਪਰਿਵਾਰ ਨਾਲ ਰਲੇ ਹੋਣ, ਬੇਅਦਬੀ ਮਾਮਲੇ 'ਤੇ ਕਾਰਵਾਈ ਨਾ ਕਰਨ, ਸੂਬੇ 'ਚ ਰੇਤ ਮਾਫੀਆ, ਕੇਬਲ ਮਾਫੀਆ, ਟਰਾਂਸਪੋਰਟ ਮਾਫੀਆ ਤੇ ਸ਼ਰਾਬ ਮਾਫੀਆ ਦਾ ਬੋਲਬਾਲਾ ਹੋਣ ਦੇ ਨਾਲ ਵਿਜੀਲੈਂਸ ਵਿੱਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੋਣ ਅਤੇ ਅਕਾਲੀਆਂ ਦੇ ਭ੍ਰਿਸ਼ਟ ਕਾਰਨਾਮਿਆਂ 'ਤੇ ਪਰਦਾ ਪਾਉਣ ਦੇ ਦੋਸ਼ ਲਾਏ ਸਨ। ਕੈਪਟਨ ਦੇ ਕਈ ਕਰੀਬੀਆਂ ਨੇ ਵੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ ਸਨ। ਇਸ ਦੌਰਾਨ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਵੀ ਪੰਜਾਬ ਦੇ ਚੋਣਵੇਂ ਆਗੂਆਂ ਨਾਲ ਗੱਲਬਾਤ ਕਰਕੇ ਜਾਣਕਾਰੀ ਲੈਣ ਦਾ ਸਿਲਸਿਲਾ ਜਾਰੀ ਹੈ। ਖੜਗੇ ਕਮੇਟੀ ਵੱਲੋਂ ਅਗਲੇ ਹਫਤੇ ਤੱਕ ਰਿਪੋਰਟ ਸੌਂਪੇ ਜਾਣ ਦੀ ਸੰਭਾਵਨਾ ਹੈ। ਇਹ ਵੀ ਪਤਾ ਲੱਗਾ ਹੈ ਕਿ ਆਉਂਦੇ ਦਿਨਾਂ ਦੌਰਾਨ ਹਾਈ ਕਮਾਨ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਦਰਮਿਆਨ ਮੀਟਿੰਗ ਕਰਾਏ ਜਾਣ ਦੇ ਵੀ ਆਸਾਰ ਹਨ।

### ਪੰਜਾਬ ਵਜ਼ਾਰਤ ਵਿਚ ਫੇਰਬਦਲ ਦੇ ਚਰਚੇ

**ਚੰਡੀਗੜ੍ਹ:** ਕਾਂਗਰਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਸੂਬਾਈ ਮੰਤਰੀ ਮੰਡਲ 'ਚ ਆਉਂਦੇ ਦਿਨਾਂ ਦੌਰਾਨ ਫੇਰਬਦਲ ਹੋ ਸਕਦਾ ਹੈ। ਮੰਤਰੀ ਮੰਡਲ ਵਿਚ ਕੁਝ ਨਵੇਂ ਚਿਹਰੇ ਲਏ ਜਾ ਸਕਦੇ ਹਨ ਤੇ ਕੁਝ ਦੀ ਛੁੱਟੀ ਵੀ ਹੋ ਸਕਦੀ ਹੈ। ਪਾਰਟੀ 'ਚ ਜਥੇਬੰਦਕ ਪੱਧਰ 'ਤੇ ਵੀ ਵੱਡੀਆਂ ਤਬਦੀਲੀਆਂ ਦਾ ਮੁੱਢ ਬੱਝਿਆ ਦਿਖਾਈ ਦੇ ਰਿਹਾ ਹੈ। ਇਸ ਲਈ ਆਉਣ ਵਾਲੇ ਦਿਨ ਪੰਜਾਬ ਦੀ ਸਿਆਸਤ ਲਈ ਅਹਿਮ ਮੰਨੇ ਜਾ ਰਹੇ ਹਨ। ਪਾਰਟੀ ਹਾਈ ਕਮਾਨ ਵੱਲੋਂ ਸੂਬਾਈ ਮਾਮਲਿਆਂ ਦੇ ਇੰਚਾਰਜ ਅਤੇ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਵੀ ਨਵਾਂ ਥਾਪਿਆ ਜਾ ਰਿਹਾ ਹੈ।

### ਭ੍ਰਿਸ਼ਟਾਚਾਰੀਆਂ ਦੀ ਸੂਚੀ ਦਿੱਲੀ ਸੌਂਪਣ ਦੀ ਕੋਈ ਤੁਕ ਨਹੀਂ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਭ੍ਰਿਸ਼ਟ ਕਾਂਗਰਸੀ ਮੰਤਰੀਆਂ ਅਤੇ ਵਿਧਾਇਕਾਂ ਦੀਆਂ ਸੂਚੀਆਂ ਦਿੱਲੀ ਦਰਬਾਰ ਵਿਚ ਰਾਹੁਲ ਗਾਂਧੀ ਨੂੰ ਸੌਂਪਣ ਦੀ ਥਾਂ ਉਨ੍ਹਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਸਭ ਤੋਂ ਕਮਜ਼ੋਰ ਮੁੱਖ ਮੰਤਰੀ ਸਾਬਤ ਹੋਏ ਹਨ ਜਿਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਹਰ ਥਾਂ ਸਹੁੰ ਖਾ ਕੇ ਕਹਿੰਦੇ ਸਨ ਕਿ ਉਹ ਮੁੱਖ ਮੰਤਰੀ ਬਣ ਕੇ ਪੰਜਾਬ ਵਿੱਚੋਂ ਹਰ ਤਰ੍ਹਾਂ ਦਾ ਮਾਫੀਆ ਰਾਜ ਖਤਮ ਕਰਨਗੇ।

# ਮਨੁੱਖਤਾ ਦੀ ਸੇਵਾ ਲਈ ਵਰਤਿਆ ਜਾਵੇਗਾ ਗੁਰੂ ਘਰ ਦਾ ਸੋਨਾ

**ਅੰਮ੍ਰਿਤਸਰ:** ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਨਾਂਦੇੜ ਵੱਲੋਂ ਮਨੁੱਖਤਾ ਦੀ ਸੇਵਾ ਲਈ ਜਲਦੀ ਹੀ ਇਕ ਵੱਡਾ ਮਲਟੀ ਸਪੈਸ਼ਲਿਟੀ ਹਸਪਤਾਲ ਸਥਾਪਤ ਕਰਨ ਦੀ ਯੋਜਨਾ ਹੈ। ਤਖਤ ਸ੍ਰੀ ਹਜ਼ੂਰ ਸਾਹਿਬ 'ਤੇ ਸੰਗਤ ਵੱਲੋਂ ਦਾਨ ਵਜੋਂ ਭੇਟ ਕੀਤਾ ਗਿਆ ਸੋਨਾ ਵੀ ਇਸ ਨੇਕ ਕੰਮ 'ਚ ਵਰਤਿਆ ਜਾਵੇਗਾ। ਕਰੋਨਾ ਮਹਾਮਾਰੀ ਦੌਰਾਨ ਸਿੱਖ ਸੰਸਥਾਵਾਂ ਵੱਲੋਂ ਇਸ ਬਿਮਾਰੀ ਤੋਂ ਮਨੁੱਖਤਾ ਨੂੰ ਬਚਾਉਣ ਲਈ ਇਸ ਦਿਸ਼ਾ ਵਿਚ ਕਈ ਅਹਿਮ ਕੰਮ ਕੀਤੇ ਜਾ ਰਹੇ ਹਨ।

ਨਾਂਦੇੜ ਵਿਚ ਇਸ ਸਮੇਂ ਕੋਈ ਵੱਡਾ ਅਤੇ ਮਲਟੀ ਸਪੈਸ਼ਲਿਟੀ ਹਸਪਤਾਲ ਨਹੀਂ ਹੈ ਜਿਸ ਕਾਰਨ ਉਥੋਂ ਦੇ ਲੋਕਾਂ ਨੂੰ ਆਪਣੇ ਇਲਾਜ ਵਾਸਤੇ ਔਰੰਗਾਬਾਦ ਜਾਂ ਮੁੰਬਈ ਜਾਣਾ ਪੈਂਦਾ ਹੈ। ਮਾਰਚ ਵਿਚ ਕਰੋਨਾ ਦੀ ਦੂਜੀ ਲਹਿਰ ਵੇਲੇ ਸਿੱਖ ਬੋਰਡ ਵੱਲੋਂ ਉਥੇ ਚੱਲ ਰਹੇ ਇਕ ਓ.ਪੀ.ਡੀ. ਕੇਂਦਰ ਵਿਚ 35 ਬੈੱਡਾਂ ਦਾ ਹਸਪਤਾਲ ਸਥਾਪਤ ਕੀਤਾ ਗਿਆ ਹੈ, ਜਿਸ ਵਿਚ ਕਰੋਨਾ ਦੇ ਇਲਾਜ, ਡਾਇਲੇਸਿਸ ਅਤੇ ਆਈਸੀਯੂ ਦੀ ਸਹੂਲਤ ਵੀ ਹੈ। ਤਿੰਨ ਡਾਇਲੇਸਿਸ ਮਸ਼ੀਨਾਂ ਵੀ ਵਿਦੇਸ਼ ਤੋਂ



ਮੰਗਵਾਈਆਂ ਗਈਆਂ ਹਨ। ਹਸਪਤਾਲ ਆਈ.ਸੀ.ਯੂ, ਵੈਂਟੀਲੇਟਰ ਅਤੇ ਆਕਸੀਜਨ ਕੰਸਟਰੇਟਰਾਂ ਨਾਲ ਲੈਸ ਹੈ।

ਪ੍ਰਬੰਧਕੀ ਬੋਰਡ ਦੇ ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ, ਜੋ ਖੁਦ ਉਘੇ ਸਨਅਤਕਾਰ ਵੀ ਹਨ, ਨੇ ਦੱਸਿਆ ਕਿ ਹਸਪਤਾਲ ਦੀਆਂ ਸਹੂਲਤਾਂ ਲਈ ਸਾਰਾ ਖਰਚਾ ਉਨ੍ਹਾਂ ਆਪਣੀ ਜੇਬ ਵਿਚੋਂ ਕੀਤਾ ਹੈ ਪਰ ਹੁਣ ਇਸ ਨੂੰ ਚਲਾਉਣ ਦਾ ਖਰਚਾ ਗੁਰਦੁਆਰਾ ਬੋਰਡ ਵੱਲੋਂ ਕੀਤਾ ਜਾਵੇਗਾ। ਇਸ ਦੀ ਰਸਮੀ ਸ਼ੁਰੂਆਤ ਜਲਦੀ ਕੀਤੀ ਜਾ ਰਹੀ ਹੈ। ਹਸਪਤਾਲ ਵਿਚ ਸਾਰਾ ਇਲਾਜ ਮੁਫਤ ਹੋਵੇਗਾ। ਸ੍ਰੀ ਮਿਨਹਾਸ ਨੇ ਦੱਸਿਆ ਕਿ ਸਿੱਖ ਬੋਰਡ ਵੱਲੋਂ ਜਲਦੀ ਹੀ ਇਥੇ 120 ਬੈੱਡ ਦਾ ਵੱਡਾ ਮਲਟੀ ਸਪੈਸ਼ਲਿਟੀ ਹਸਪਤਾਲ ਸਥਾਪਤ ਕਰਨ ਦੀ ਵੀ ਯੋਜਨਾ ਹੈ ਜਿਸ ਦਾ ਫੈਸਲਾ 13 ਜੂਨ ਨੂੰ ਸਿੱਖ ਬੋਰਡ ਦੀ ਹੋਣ ਵਾਲੀ ਮੀਟਿੰਗ ਵਿਚ ਹੋ ਜਾਵੇਗਾ। ਇਸ ਵਾਸਤੇ ਗੁਰਦੁਆਰੇ ਦੀ ਮਲਕੀਅਤ ਵਾਲੀ 3 ਤੋਂ 4 ਏਕੜ ਜਮੀਨ ਦੀ ਵਰਤੋਂ ਕੀਤੀ ਜਾਵੇਗੀ। ਇਸ ਦੀ ਉਸਾਰੀ ਅਤੇ ਲੋੜੀਂਦੇ ਸਾਜੋ-ਸਾਮਾਨ 'ਤੇ ਲਗਭਗ 200 ਕਰੋੜ ਰੁਪਏ ਰੁਪਏ ਖਰਚ ਦਾ ਅਨੁਮਾਨ ਹੈ। ਹਸਪਤਾਲ 'ਚ ਅਤਿ ਆਧੁਨਿਕ ਅਪਰੇਸ਼ਨ ਥੀਏਟਰ, ਐਮ.ਆਰ.ਆਈ. ਅਤੇ ਹੋਰ ਸਹੂਲਤਾਂ ਵੀ ਹੋਣਗੀਆਂ। ਉਨ੍ਹਾਂ ਦੱਸਿਆ ਕਿ ਨਾਂਦੇੜ ਇਸ ਵੇਲੇ ਮੁੰਬਈ, ਦਿੱਲੀ, ਚੰਡੀਗੜ੍ਹ ਅਤੇ ਅੰਮ੍ਰਿਤਸਰ ਸਮੇਤ ਕਈ ਸ਼ਹਿਰਾਂ ਨਾਲ ਹਵਾਈ ਮਾਰਗ ਰਾਹੀਂ ਸਿੱਧਾ ਜੁੜਿਆ ਹੋਇਆ ਹੈ। ਇਨ੍ਹਾਂ ਥਾਵਾਂ ਤੋਂ ਮਾਹਿਰ ਡਾਕਟਰਾਂ ਨੂੰ ਲੋਕਾਂ ਦੇ ਇਲਾਜ ਲਈ ਸੱਦਿਆ ਜਾਵੇਗਾ, ਜੋ ਇਕ-ਦੋ ਦਿਨ ਇਥੇ ਠਹਿਰ ਕੇ ਇਲਾਜ ਕਰਕੇ ਵਾਪਸ ਜਾ ਸਕਣਗੇ।

ਉਨ੍ਹਾਂ ਵਾਸਤੇ ਰਿਹਾਇਸ਼ ਦਾ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਜਾਵੇਗਾ। ਇਹ ਯੋਜਨਾ ਡੇਢ-ਦੋ ਸਾਲ ਵਿਚ ਮੁਕੰਮਲ ਕਰਨ ਦਾ ਟੀਚਾ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਭਵਿੱਖ ਵਿਚ ਨਾਂਦੇੜ ਦੇ ਬੱਚਿਆਂ ਵਾਸਤੇ ਇਕ ਵੱਡਾ ਸੀ.ਬੀ.ਐਸ.ਈ. ਸਕੂਲ ਵੀ ਉਹ ਬਣਾਉਣਾ ਚਾਹੁੰਦੇ ਹਨ। ਉਂਜ ਇਕ ਸਕੂਲ ਵੀ ਚਲਾਇਆ ਜਾ ਰਿਹਾ ਹੈ, ਜਿਸ ਵਿਚ ਔਸਤਨ 500 ਰੁਪਏ ਮਾਸਿਕ ਫੀਸ ਹੈ ਅਤੇ ਉਸ 'ਚ 800 ਤੋਂ ਵੱਧ ਬੱਚੇ ਸਿੱਖਿਆ ਪ੍ਰਾਪਤ ਕਰ ਰਹੇ ਹਨ।

## ਕਰੋਨਾ ਨੇ ਮੁੜ ਰੋਕਿਆ ਪਾਕਿ ਜਾਣ ਵਾਲੇ ਸਿੱਖ ਜਥੇ ਦਾ ਰਾਹ

**ਅੰਮ੍ਰਿਤਸਰ:** ਕਰੋਨਾ ਮਹਾਮਾਰੀ ਕਾਰਨ ਸਿੱਖ ਸ਼ਰਧਾਲੂਆਂ ਦਾ ਜਥਾ ਇਸ ਵਾਰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਨਹੀਂ ਜਾ ਸਕੇਗਾ। ਪਾਕਿਸਤਾਨ ਸਰਕਾਰ ਵੱਲੋਂ ਮਹਾਮਾਰੀ ਕਾਰਨ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਕਰੋਨਾ ਦਾ ਹਵਾਲਾ ਦੇ ਕੇ ਪਾਕਿਸਤਾਨ ਸਰਕਾਰ ਨੇ ਜਥੇ ਨੂੰ ਪ੍ਰਵਾਨਗੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਤਿਆਰੀਆਂ ਮੁਕੰਮਲ ਸਨ। ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ਾ ਲੱਗਣ ਵਾਸਤੇ ਭੇਜੇ ਹੋਏ ਸਨ। ਭਾਰਤ ਸਰਕਾਰ ਵੱਲੋਂ ਵੀ ਹੁਣ ਤੱਕ ਕੋਈ ਰੋਕ ਲਾ ਕੇ ਜਥਾ ਭੇਜਣ ਦੀ ਮਨਾਹੀ ਨਹੀਂ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਦੇ ਅਧਿਕਾਰੀਆਂ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨਾਲ



ਟੈਲੀਫੋਨ 'ਤੇ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਨੇ ਦੱਸਿਆ ਕਿ ਸ਼ਹੀਦੀ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਜਥੇ ਨੂੰ ਪਾਕਿਸਤਾਨ ਸਰਕਾਰ ਵੱਲੋਂ ਕਰੋਨਾ ਕਾਰਨ ਆਗਿਆ ਨਹੀਂ ਦਿੱਤੀ ਗਈ। ਇਸ ਜਥੇ ਨੇ 14 ਜੂਨ ਨੂੰ ਸ਼ਹੀਦੀ ਦਿਹਾੜਾ ਮਨਾਉਣ ਲਈ ਪਾਕਿਸਤਾਨ ਜਾਣਾ ਸੀ, ਜਿਸ ਦੀ ਰਵਾਨਗੀ 6 ਜੂਨ ਨੂੰ ਹੋਣੀ ਸੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸ਼ਰਧਾਲੂਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਜਾਣ ਲਈ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਪਾਸ ਜਮ੍ਹਾਂ ਕਰਵਾਏ ਸਨ, ਉਹ ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਤੋਂ ਵਾਪਸ ਲੈ ਸਕਦੇ ਹਨ। ਮੌਜੂਦਾ ਹਾਲਾਤਾਂ ਦੇ ਮੱਦੇਨਜਰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਵੀ ਸਿੱਖ ਸ਼ਰਧਾਲੂਆਂ ਦੇ ਜਥੇ ਦੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਣ ਦੀ ਸੰਭਾਵਨਾ ਵੀ ਨਾ ਦੇ ਬਰਾਬਰ ਹੈ। ਇਹ ਬਰਸੀ ਇਸੇ ਮਹੀਨੇ ਦੇ ਆਖਰੀ ਹਫਤੇ ਵਿਚ ਮਨਾਈ ਜਾਂਦੀ ਹੈ। ਇਥੇ ਦੱਸਣਯੋਗ ਹੈ ਕਿ ਕਰੋਨਾ ਕਾਰਨ ਪਿਛਲੇ ਵਰ੍ਹੇ ਵੀ ਸ਼ਹੀਦੀ ਦਿਹਾੜੇ ਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਨਹੀਂ ਗਿਆ ਸੀ। ਇਸ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਵੀ ਕਈ ਵਾਰ ਇਸ ਦਿਹਾੜੇ ਮੌਕੇ ਜਥਾ ਭੇਜਣ ਵਿਚ ਅੜਿੱਕਾ ਬਣ ਚੁੱਕਾ ਹੈ।

## ਅਕਾਲੀ ਦਲ (ਸੰਯੁਕਤ) ਦੇ ਜਥੇਬੰਦਕ ਢਾਂਚੇ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਦੇ ਜਥੇਬੰਦਕ ਢਾਂਚੇ 'ਚ ਨਿਯੁਕਤੀਆਂ ਕੀਤੀਆਂ ਹਨ। ਪਾਰਟੀ ਦੇ ਆਗੂ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਧਾਨਾਂ ਅਤੇ ਵੱਖ-ਵੱਖ ਪਾਰਟੀ ਵਿੰਗਾਂ ਦਾ ਐਲਾਨ ਅਗਲੇ ਕੁਝ ਦਿਨਾਂ ਵਿਚ ਕੀਤਾ ਜਾਵੇਗਾ। ਨਵੇਂ ਅਹੁਦੇਦਾਰਾਂ ਵਿਚ ਜਥੇਦਾਰ ਸੇਵਾ ਸਿੰਘ ਸੇਖਵਾਂ, ਜਗਦੀਸ਼ ਸਿੰਘ ਗਰਚਾ, ਬੀਰ ਦਵਿੰਦਰ ਸਿੰਘ, ਜਥੇਦਾਰ ਉਜਾਗਰ ਸਿੰਘ ਬਡਾਲੀ, ਜਸਟਿਸ (ਰਿਟਾ) ਨਿਰਮਲ ਸਿੰਘ, ਸੁਖਵਿੰਦਰ ਸਿੰਘ ਔਲਖ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਮੈਂਬਰ ਐਸਜੀਪੀਸੀ ਸਾਰੇ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਜਰਨਲ ਸਕੱਤਰਾਂ ਵਿੱਚ ਜਥੇਦਾਰ ਰਣਜੀਤ ਸਿੰਘ ਤਲਵੰਡੀ, ਨਿਧੜਕ ਸਿੰਘ ਬਰਾੜ, ਕਰਨੈਲ ਸਿੰਘ



ਪੀਰਮੁਹੰਮਦ, ਮਨਮੋਹਨ ਸਿੰਘ ਸਠਿਆਲਾ, ਤੇਜਿੰਦਰਪਾਲ ਸਿੰਘ ਸੰਧੂ, ਸੁਖਵੰਤ ਸਿੰਘ ਸਰਾਓ, ਹਰਸੁਖਇੰਦਰ ਸਿੰਘ (ਬੱਬੀ ਬਾਦਲ), ਮਨਜੀਤ ਸਿੰਘ ਦਸੂਹਾ, ਅਵਤਾਰ ਸਿੰਘ ਜੌਹਲ, ਜਥੇਦਾਰ ਮੱਖਣ ਸਿੰਘ ਨੰਗਲ, ਜਥੇਦਾਰ ਅਰਜਨ ਸਿੰਘ ਸ਼ੇਰਗਿੱਲ, ਹਰਪ੍ਰੀਤ ਸਿੰਘ ਗਰਚਾ ਸ਼ਾਮਲ ਹਨ। ਪੀਰਮੁਹੰਮਦ ਨੇ ਦੱਸਿਆ ਕਿ ਦਲ ਦੇ ਸਕੱਤਰਾਂ ਤੇ ਵਰਕਿੰਗ ਕਮੇਟੀ ਮੈਂਬਰਾਂ ਦੀ ਵੀ ਨਿਯੁਕਤੀ ਕੀਤੀ ਗਈ ਹੈ।

## 'ਮਿਸ਼ਨ ਤੰਦਰੁਸਤ ਪੰਜਾਬ' ਦੇ ਨਵੇਂ ਰੂਪ ਦਾ ਆਗਾਜ਼

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦਾ ਸੱਦਾ ਦਿੰਦਿਆਂ ਸੁਰੱਖਿਅਤ ਅਤੇ ਸਾਫ-ਸੁਥਰੇ ਚੌਗਿਰਦੇ ਲਈ ਮਿਥੇ ਟੀਚਿਆਂ ਦੀ ਪੂਰਤੀ ਲਈ ਸਾਰੇ ਸਬੰਧਤ ਵਿਭਾਗਾਂ ਦਰਮਿਆਨ ਤਾਲਮੇਲ ਬਣਾਉਣ ਦੀ ਲੋੜ 'ਤੇ ਜੋਰ ਦਿੱਤਾ ਹੈ। ਉਨ੍ਹਾਂ 'ਮਿਸ਼ਨ ਤੰਦਰੁਸਤ ਪੰਜਾਬ' ਦਾ ਸੂਬਾ ਪੱਧਰ 'ਤੇ ਆਗਾਜ਼ ਕਰਦਿਆਂ ਮਿਸ਼ਨ ਦੇ ਪਹਿਲੇ ਪੜਾਅ ਦੀ ਸਫਲਤਾ ਨੂੰ ਅੱਗੇ ਵਧਾਉਂਦਿਆਂ 115 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਤਾਂ ਕਿ ਵੱਖ-ਵੱਖ ਵਿਭਾਗਾਂ ਦੀ ਅਗਵਾਈ ਹੇਠ 10 ਉਪ-ਮਿਸ਼ਨਾਂ ਨੂੰ ਅਮਲ ਵਿਚ ਲਿਆ ਕੇ ਦੂਜੇ ਪੜਾਅ 'ਤੇ ਵਧੇਰੇ ਕੇਂਦਰਿਤ ਹੋਇਆ ਜਾ ਸਕੇ।

ਇਨ੍ਹਾਂ ਉਪ-ਮਿਸ਼ਨਾਂ ਵਿਚ ਸੁਰੱਖਿਅਤ ਭੋਜਨ, ਸਾਫ ਪਾਣੀ, ਹਰਿਆ-ਭਰਿਆ ਪੰਜਾਬ, ਸੜਕ ਸੁਰੱਖਿਆ, ਪਾਲਣ-ਪੋਸ਼ਣ, ਰਹਿੰਦ-ਖੂੰਹਦ ਪ੍ਰਬੰਧਨ, 'ਖੇਡੋ ਪੰਜਾਬ', ਭੌਂ ਸੁਰੱਖਿਆ ਤੇ ਸਾਫ ਹਵਾ ਆਦਿ ਸ਼ਾਮਲ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੇ ਫਲਸਫੇ ਦੀ ਭਾਵਨਾ ਨੂੰ ਕਾਇਮ ਰੱਖਣ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਕਾਰਨ ਫੈਲਦੀਆਂ ਘਾਤਕ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਜਿਵੇਂ ਕਿ ਮੌਜੂਦਾ ਸਮੇਂ ਹਵਾ ਪ੍ਰਦੂਸ਼ਣ ਅੱਖਾਂ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਦਾ ਕਾਰਨ ਬਣਿਆ ਹੋਇਆ ਹੈ। ਉਨ੍ਹਾਂ ਸਾਰਿਆਂ ਨੂੰ ਅਪੀਲ ਕਰਦਿਆਂ ਕੁਦਰਤ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਦੀ ਅਪੀਲ ਕੀਤੀ ਤਾਂ ਕਿ ਪੰਜਾਬ ਨੂੰ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਸਾਫ-ਸੁਥਰਾ, ਹਰਿਆ-ਭਰਿਆ ਤੇ ਪ੍ਰਦੂਸ਼ਣ-ਮੁਕਤ ਰੱਖਿਆ ਜਾ ਸਕੇ। ਇਸ ਲਈ ਉਨ੍ਹਾਂ ਧਰਤੀ ਹੇਠਲੇ ਪਾਣੀ ਦੀ ਲੋੜੀਂਦੀ ਵਰਤੋਂ, ਪਾਣੀ ਦੀ ਘੱਟ ਖਪਤ ਵਾਲੀਆਂ ਫਸਲਾਂ ਪੈਦਾ ਕਰਨ, ਪਰਾਲੀ ਨਾ ਸਾੜਨ ਅਤੇ ਰਸਾਇਣਕ ਖਾਦਾਂ ਦੀ ਘੱਟ ਵਰਤੋਂ 'ਤੇ ਜ਼ੋਰ ਦਿੱਤਾ।

## ਪੁਆਧੀ ਅਖਾੜਾ ਗਾਇਕੀ ਦੇ ਥੰਮ੍ਹ ਰੱਬੀ ਬੈਂਰੋਪੁਰੀ ਦਾ ਦੇਹਾਂਤ

**ਮੁਹਾਲੀ:** ਪੁਆਧੀ ਅਖਾੜਾ ਗਾਇਕੀ ਦੇ ਥੰਮ੍ਹ ਰਹੇ ਰੱਬੀ ਬੈਂਰੋਪੁਰੀ ਦਾ ਦੇਹਾਂਤ ਹੋ ਗਿਆ। ਉਹ 84 ਵਰ੍ਹਿਆਂ ਦੇ ਸਨ ਤੇ ਪਿਛਲੇ ਕੁਝ ਸਮੇਂ ਤੋਂ ਗੁਰਦਿਆਂ ਤੇ ਦਿਲ ਦੇ ਰੋਗ ਤੋਂ ਪੀੜਤ ਸਨ। 1937 ਵਿਚ ਪਿਤਾ ਤਰਲੋਕ ਸਿੰਘ ਦੇ ਘਰ ਜਨਮੇ ਰੱਬੀ ਬੈਂਰੋਪੁਰੀ ਨੇ ਨੌਵੀਂ ਕਲਾਸ ਵਿਚ ਲਾਂਡਰਾਂ ਦੇ ਸਰਕਾਰੀ ਸਕੂਲ ਵਿਚ ਪੜ੍ਹਦਿਆਂ ਡਾ. ਐਮ.ਐਸ. ਰੰਧਾਵਾ ਦੀ ਹਾਜ਼ਰੀ ਵਾਲੇ ਇਕ ਸਮਾਗਮ ਦੌਰਾਨ ਗਾਏ ਗੀਤ ਤੋਂ ਬਾਅਦ ਸ੍ਰੀ ਰੰਧਾਵਾ ਨੇ ਉਨ੍ਹਾਂ ਦੇ ਬਹੁਤ ਵੱਡਾ ਗਾਇਕ ਬਣਨ ਦੀ ਭਵਿੱਖਬਾਣੀ ਕੀਤੀ ਸੀ, ਜਿਸ ਨੇ ਉਨ੍ਹਾਂ ਨੂੰ ਗਾਇਕੀ ਦੇ ਰਾਹ ਤੋਰਿਆ।

# ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਤੋਂ ਮੁੜ ਭੱਜੀ ਕੈਪਟਨ ਸਰਕਾਰ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਦਫਤਰਾਂ ਵਿਚ ਤਾਇਨਾਤ ਮੁਲਾਜ਼ਮਾਂ ਨੂੰ ਸਾਲ 2006 ਤੋਂ ਬਾਅਦ ਦਿੱਤੇ ਜਾਣ ਵਾਲੇ ਛੇਵੇਂ ਤਨਖਾਹ ਕਮਿਸ਼ਨ ਦੀ ਮਿਆਦ ਇਕ ਵਾਰ ਫਿਰ ਤੋਂ ਵਧਾ ਦਿੱਤੀ ਗਈ ਹੈ। ਮੁੱਖ ਸਕੱਤਰ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਇਸ ਵਾਰ ਤਨਖਾਹ ਕਮਿਸ਼ਨ ਦੀ ਮਿਆਦ 31 ਅਗਸਤ 2021 ਤੱਕ ਕੀਤੀ ਗਈ ਹੈ। ਸਰਕਾਰ ਵੱਲੋਂ ਤਨਖਾਹ ਕਮਿਸ਼ਨ ਲਾਗੂ ਕਰਨ ਲਈ ਕਈ ਵਾਰ ਨਿਸ਼ਚਿਤ ਕੀਤੀਆਂ ਤਰੀਕਾਂ ਦੇ ਬਾਵਜੂਦ ਵੀ ਹਰ ਵਾਰ ਮਿਆਦ ਵਧਾ ਦੇਣ ਨਾਲ ਸਰਕਾਰ ਖਿਲਾਫ ਮੁਲਾਜ਼ਮਾਂ ਵਿਚ ਭਾਰੀ ਰੋਸ ਦੀ ਲਹਿਰ ਹੈ ਅਤੇ ਸਰਕਾਰ ਪ੍ਰਤੀ ਬੇਵਿਸ਼ਵਾਸੀ ਵਧੀ ਹੈ।

ਪੰਜਾਬ ਸਰਕਾਰ ਦੀ ਕੈਬਨਿਟ ਦੀ ਮੀਟਿੰਗ ਨੇ ਸੂਬੇ ਦੇ ਲੱਖਾਂ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਆਸਾਂ ਉਮੀਦਾਂ ਉਤੇ ਇਕ ਵਾਰ ਫਿਰ ਪਾਣੀ ਫੇਰ ਦਿੱਤਾ ਹੈ ਅਤੇ ਸਰਕਾਰ ਪ੍ਰਤੀ ਬੇਭਰੋਸਗੀ ਪੈਦਾ ਹੋ ਗਈ ਹੈ। ਛੇਵਾਂ ਤਨਖਾਹ ਕਮਿਸ਼ਨ ਮੁਲਾਜ਼ਮਾਂ ਲਈ ਮ੍ਰਿਗ ਤ੍ਰਿਸ਼ਨਾ ਬਣ ਕੇ ਰਹਿ ਗਿਆ ਹੈ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬ ਸਿਵਲ ਸਕੱਤਰੇਤ ਵਿਚ ਕਾਫੀ ਜ਼ਿਆਦਾ ਖੁਸ਼ੀ ਦਾ ਮਾਹੌਲ ਸੀ ਕਿ ਸ਼ਾਇਦ ਅੱਜ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਬਾਰੇ ਸਰਕਾਰ ਮੁਲਾਜ਼ਮਾਂ ਨੂੰ ਕੋਈ ਤੋਹਫਾ ਦੇਵੇਗੀ। ਪਰ ਜਦੋਂ ਦੁਪਹਿਰ ਵੇਲੇ ਤੱਕ ਨਾ ਤਾਂ ਤਨਖਾਹ ਕਮਿਸ਼ਨ ਦੀ ਰਿਪੋਰਟ ਸਕੱਤਰੇਤ ਦੀਆਂ ਸ਼ਾਖਾਵਾਂ ਵਿਚ ਪਹੁੰਚੀ ਅਤੇ ਨਾ ਹੀ ਮੀਟਿੰਗ ਦਾ ਏਜੰਡਾ ਕੈਬਨਿਟ ਅਫ਼ੇਅਰ ਬਰਾਂਚ ਵਿਚ ਪਹੁੰਚਿਆ ਤਾਂ ਮੁਲਾਜ਼ਮਾਂ ਵਿੱਚ ਨਿਰਾਸ਼ਾ ਫੈਲ ਗਈ। ਸਰਕਾਰ ਦੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਪ੍ਰਤੀ ਇਸ ਬੇਰੁਖੀ ਉਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਸਾਂਝਾ ਮੁਲਾਜ਼ਮ ਮੰਚ ਪੰਜਾਬ ਤੇ ਯੂ.ਟੀ. ਚੰਡੀਗੜ੍ਹ ਦੇ ਕਨਵੀਨਰ ਸੁਖਚੈਨ ਸਿੰਘ ਖਹਿਰਾ, ਕਨਵੀਨਰ ਤੇ ਆਮ ਆਦਮੀ ਪਾਰਟੀ ਦੇ ਮੁਲਾਜ਼ਮ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧੂ ਤੇ ਹੋਰਨਾਂ ਨੇ ਕਿਹਾ ਕਿ ਸਰਕਾਰ ਆਪਣੇ ਮੰਤਰੀਆਂ-ਸੰਤਰੀਆਂ ਤੇ ਚਹੇਤਿਆਂ ਨੂੰ ਖੁਸ਼ ਕਰਨ ਵਿਚ ਲੱਗੀ ਹੋਈ ਹੈ ਪ੍ਰੰਤੂ ਸਰਕਾਰ ਕੱਚੇ ਅਤੇ ਪੱਕੇ ਮੁਲਾਜ਼ਮਾਂ ਸਮੇਤ ਬੇਰੁਜ਼ਗਾਰਾਂ ਨਾਲ ਕੀਤੇ ਗਏ ਚੋਣ ਵਾਅਦਿਆਂ ਨੂੰ ਪੂਰਾ ਕਰਨ ਤੋਂ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਅੰਦਰ ਹਾਲੇ ਵੀ ਕੁਝ ਅਣਖ ਬਾਕੀ ਬਚੀ ਹੈ ਤਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਤੁਰਤ ਧਿਆਨ ਦੇਵੇ।

### ਲੋਕਾਂ ਨੂੰ ਬੇਵਕੂਫ ਬਣਾ ਰਹੀ ਹੈ ਸਰਕਾਰ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਅਤੇ ਦਿੱਲੀ ਦੇ ਵਿਧਾਇਕ ਰਾਘਵ ਚੱਢਾ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਚਾਰ ਸਾਲਾਂ ਦੌਰਾਨ ਬਿਜਲੀ ਦੇ ਬਿੱਲਾਂ ਵਿਚ ਭਾਰੀ ਵਾਧਾ ਕੀਤਾ ਹੈ ਪਰ ਹੁਣ ਆਖਰੀ ਸਾਲ ਵਿਚ ਬਿਜਲੀ ਦਰਾਂ 'ਚ ਪ੍ਰਤੀ ਯੂਨਿਟ 50 ਪੈਸੇ ਦੀ ਕਮੀ ਕਰਕੇ ਲੋਕਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪੰਜਾਬ 'ਚ ਸਭ ਤੋਂ ਮਹਿੰਗੀ ਬਿਜਲੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਕੈਪਟਨ ਅਮਰਿੰਦਰ ਸਿੰਘ ਦੀ ਡਰਾਮੇਬਾਜੀ ਨੂੰ ਸਮਝ ਚੁੱਕੇ ਹਨ ਅਤੇ 2022 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਉਣਗੇ। ਸ੍ਰੀ ਚੱਢਾ ਨੇ ਦੋਸ਼ ਲਾਇਆ ਕਿ 'ਘਰ-ਘਰ ਰੁਜ਼ਗਾਰ' ਦਾ ਵਾਅਦਾ ਕਰਕੇ ਕੈਪਟਨ ਅਮਰਿੰਦਰ ਸਿੰਘ ਕੇਵਲ ਕਾਂਗਰਸੀ ਵਿਧਾਇਕਾਂ ਅਤੇ ਮੰਤਰੀਆਂ ਦੇ ਪੁੱਤਾਂ ਨੂੰ ਹੀ ਲਾਭ ਦੇ ਰਹੇ ਹਨ।

## ਟੀਕਾਕਰਨ 'ਤੇ ਲੱਗੇਗੀ ਵਿੱਤ ਕਮਿਸ਼ਨ ਦੀ ਗਰਾਂਟ

**ਮੁਹਾਲੀ:** ਸੂਬੇ ਦੀਆਂ 150 ਪੰਚਾਇਤ ਸਮਿਤੀਆਂ ਨੂੰ 15ਵੇਂ ਵਿੱਤ ਕਮਿਸ਼ਨ ਵੱਲੋਂ ਲੰਮੇ ਸਮੇਂ ਬਾਅਦ ਸਿੱਧੇ ਤੌਰ 'ਤੇ ਭੇਜੀ ਗਈ ਰਾਸ਼ੀ ਹੁਣ ਕੋਵਿਡ ਟੀਕਾਕਰਨ ਲਈ ਖਰਚੀ ਜਾਵੇਗੀ। ਪੰਚਾਇਤ ਵਿਭਾਗ ਨੇ ਪੰਚਾਇਤ ਸਮਿਤੀਆਂ ਕੋਲ 2021-22 ਲਈ ਪਹਿਲੀ ਕਿਸ਼ਤ ਵਜੋਂ ਆਈ ਰਕਮ ਦੇ ਬੰਧਨ ਮੁਕਤ ਫੰਡ ਵਾਪਸ ਮੰਗਵਾ ਲਏ ਹਨ। ਪੰਚਾਇਤ ਸਮਿਤੀਆਂ ਨੂੰ ਉਕਤ ਕਿਸ਼ਤ ਦੀ ਰਾਸ਼ੀ ਜ਼ਿਲ੍ਹਾ ਪਰਿਸ਼ਦਾਂ ਨੂੰ ਭੇਜਣ ਲਈ ਕਿਹਾ ਗਿਆ ਹੈ। ਜ਼ਿਲ੍ਹਾ ਪਰਿਸ਼ਦਾਂ ਰਾਹੀਂ ਇਹ ਰਾਸ਼ੀ ਕੋਵਿਡ ਵੈਕਸੀਨ 'ਤੇ ਖਰਚੀ ਜਾਵੇਗੀ। 15ਵੇਂ ਵਿੱਤ ਕਮਿਸ਼ਨ ਨੇ ਦੋ ਕੁ ਮਹੀਨੇ ਪਹਿਲਾਂ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਨੂੰ ਪਹਿਲੀ ਕਿਸ਼ਤ ਵਜੋਂ ਸਿੱਧੇ ਤੌਰ 'ਤੇ ਇਹ ਰਾਸ਼ੀ ਭੇਜੀ ਸੀ। ਸੂਬੇ ਦੀਆਂ ਪੰਚਾਇਤ ਸਮਿਤੀਆਂ ਨੂੰ 40 ਕਰੋੜ ਦੇ ਕਰੀਬ ਰਾਸ਼ੀ ਇਨ੍ਹਾਂ ਫੰਡਾਂ ਅਧੀਨ ਆਈ ਹੈ।

# ਕੈਨੇਡਾ ਦੀ ਸੰਗਤ ਨੇ ਕਰੋਨਾ ਮਰੀਜ਼ਾਂ ਦੇ ਇਲਾਜ ਲਈ 12 ਵੈਂਟੀਲੇਟਰ ਭੇਜੇ

**ਅੰਮ੍ਰਿਤਸਰ:** ਕੈਨੇਡਾ ਦੀ ਸੰਗਤ ਵੱਲੋਂ 12 ਵੈਂਟੀਲੇਟਰ ਸ਼੍ਰੋਮਣੀ ਕਮੇਟੀ ਨੂੰ ਭੇਟ ਕੀਤੇ ਗਏ ਹਨ, ਕਿਉਂਕਿ ਸ਼੍ਰੋਮਣੀ ਕਮੇਟੀ ਵੱਲੋਂ ਕਰੋਨਾ ਮਰੀਜ਼ਾਂ ਵਾਸਤੇ ਹਾਲ ਹੀ ਵਿਚ 10 ਕਰੋਨਾ ਕੇਅਰ ਸੈਂਟਰ ਸਥਾਪਿਤ ਕੀਤੇ ਗਏ ਹਨ।

ਇਹ ਵੈਂਟੀਲੇਟਰ ਕੈਨੇਡਾ ਨਿਵਾਸੀ ਗਿਆਨ ਸਿੰਘ, ਹਰਦੀਪ ਸਿੰਘ, ਸਤਵੰਤ ਸਿੰਘ, ਪ੍ਰਦੀਪ ਸਿੰਘ ਤੇ ਸੁਖਜੀਵਨ ਸਿੰਘ ਨੇ ਸੰਗਤ ਦੇ ਸਹਿਯੋਗ ਨਾਲ ਭੇਜੇ ਹਨ। ਸ਼੍ਰੋਮਣੀ ਕਮੇਟੀ ਦਫਤਰ ਵਿਖੇ ਵੈਂਟੀਲੇਟਰ ਪ੍ਰਾਪਤ ਕਰਨ ਮੌਕੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਮੌਜੂਦਾ ਕਰੋਨਾ ਮਹਾਮਾਰੀ ਦੌਰਾਨ ਸੰਸਥਾ ਨੇ ਵੱਡੀਆਂ ਸੇਵਾਵਾਂ ਨਿਭਾਈਆਂ ਹਨ, ਜਿਸ ਤਹਿਤ ਬਿਮਾਰੀ ਤੋਂ ਬਚਾਅ ਲਈ ਮੁਫਤ ਟੀਕਾਕਰਨ ਦੇ ਨਾਲ-ਨਾਲ ਕਰੋਨਾ ਮਰੀਜ਼ਾਂ ਦੇ ਇਲਾਜ ਲਈ ਕੋਵਿਡ ਕੇਅਰ ਕੇਂਦਰ ਸਥਾਪਤ ਕੀਤੇ ਗਏ ਹਨ। ਵੈਕਸੀਨੇਸ਼ਨ ਲਈ ਕੈਂਪ ਵੀ ਲਗਾਏ ਜਾ ਰਹੇ ਹਨ। ਪਹਿਲਾਂ ਕੈਂਪ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਲਾਇਆ ਗਿਆ ਸੀ, ਜਿਸ ਵਿਚ ਇਕ ਹਜ਼ਾਰ ਦੇ ਕਰੀਬ ਵੈਕਸੀਨੇਸ਼ਨ ਕੀਤੀ ਗਈ। ਦੂਜਾ ਕੈਂਪ 4 ਜੂਨ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਵਿਖੇ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਮਰੀਜ਼ਾਂ ਨੂੰ ਵੈਂਟੀਲੇਟਰ ਦੀ ਲੋੜ ਪੈਂਦੀ ਹੈ, ਜਿਸ ਲਈ ਉਨ੍ਹਾਂ ਨੇ ਸੰਗਤ ਨੂੰ ਵੈਂਟੀਲੇਟਰ ਭੇਜਣ ਦੀ ਅਪੀਲ ਕੀਤੀ ਸੀ ਅਤੇ ਸੰਗਤ ਨੇ ਸ਼੍ਰੋਮਣੀ ਕਮੇਟੀ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਇਨ੍ਹਾਂ ਸੇਵਾਵਾਂ ਵਿਚ ਹਿੱਸਾ ਪਾਇਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਅਜਮੇਰ ਸਿੰਘ ਖੇੜਾ ਦੇ ਸਪੁੱਤਰ ਵੱਲੋਂ ਵੀ ਇਕ ਵੈਂਟੀਲੇਟਰ ਭੇਜਿਆ ਜਾ ਰਿਹਾ ਹੈ। ਇਹ ਵੈਂਟੀਲੇਟਰ ਮਰੀਜ਼ਾਂ ਦੇ ਇਲਾਜ ਲਈ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਨੂੰ ਸੌਂਪ ਦਿੱਤੇ।

## ਸਿੰਗਾਪੁਰ ਭੇਜੇਗਾ 38 ਕਰੋੜ ਰੁਪਏ

**ਸਿੰਗਾਪੁਰ:** ਸਿੰਗਾਪੁਰ ਰੈੱਡ ਕਰਾਸ (ਐਸ.ਆਰ.ਸੀ.) ਦੇ ਜਨਰਲ ਸਕੱਤਰ ਅਤੇ ਸੀ.ਈ.ਓ. ਬੈਂਜਾਮਿਨ ਵਿਲੀਅਮਜ ਨੇ ਕਿਹਾ ਕਿ ਸੰਸਥਾ ਵੱਲੋਂ ਭਾਰਤ 'ਚ ਕਰੋਨਾ ਨਾਲ ਪੈਦਾ ਹੋਏ ਸਿਹਤ ਸੰਕਟ ਦੇ ਟਾਕਰੇ ਲਈ ਹਸਪਤਾਲਾਂ ਅਤੇ ਮੈਡੀਕਲ ਸੰਸਥਾਵਾਂ ਨੂੰ ਉਪਕਰਨ ਮੁਹੱਈਆ ਕਰਵਾਉਣ ਲਈ ਲਗਭਗ 38 ਕਰੋੜ ਰੁਪਏ (7 ਮਿਲੀਅਨ ਸਿੰਗਾਪੁਰੀ ਡਾਲਰ) ਭੇਜੇ ਜਾ ਰਹੇ ਹਨ। ਸਿੰਗਾਪੁਰ 'ਚ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਐਸ. ਆਈ. ਸੀ. ਸੀ. ਆਈ.) ਅਤੇ ਲਿਟਲ ਇੰਡੀਅਨ ਸ਼ਾਪਕੀਪਰਜ ਐਂਡ ਹੈਰੀਟੇਜ ਐਸੋਸੀਏਸ਼ਨ (ਐਲ. ਆਈ. ਐਸ. ਐਚ. ਏ.) ਵੱਲੋਂ ਇਕੱਠੇ ਕੀਤੇ ਲਗਭਗ 5.50 ਕਰੋੜ ਰੁਪਏ (ਇਕ ਮਿਲੀਅਨ ਸਿੰਗਾਪੁਰੀ ਡਾਲਰ) ਦਾ ਚੈੱਕ ਇਕ ਸਮਾਗਮ ਦੌਰਾਨ ਬੈਂਜਾਮਿਨ ਵਿਲੀਅਮਜ ਨੂੰ ਸੌਂਪਿਆ ਗਿਆ।

# ਮਲੇਰਕੋਟਲਾ ਪੰਜਾਬ ਦਾ 23ਵਾਂ ਜਿਲਾ




**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵੱਲੋਂ ਮਲੇਰਕੋਟਲਾ ਨੂੰ ਸੂਬੇ ਦਾ 23ਵਾਂ ਜ਼ਿਲ੍ਹਾ ਬਣਾਏ ਜਾਣ ਨੂੰ ਰਸਮੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਵਜ਼ਾਰਤੀ ਮੀਟਿੰਗ ਦੌਰਾਨ ਸਬ ਤਹਿਸੀਲ ਅਮਰਗੜ੍ਹ, ਜੋ ਕਿ ਮਲੇਰਕੋਟਲਾ ਸਬ ਡਿਵੀਜ਼ਨ ਦਾ ਹਿੱਸਾ ਸੀ, ਨੂੰ ਸਬ ਡਿਵੀਜ਼ਨ/ਤਹਿਸੀਲ ਬਣਾਉਣ ਨੂੰ ਵੀ ਮਨਜ਼ੂਰੀ ਦਿੱਤੀ ਗਈ। ਸਰਕਾਰ ਦੇ ਤਾਜ਼ਾ ਫੈਸਲੇ ਮੁਤਾਬਕ ਮਲੇਰਕੋਟਲਾ ਜ਼ਿਲ੍ਹੇ ਵਿੱਚ ਹੁਣ ਤਿੰਨ ਸਬ ਡਿਵੀਜ਼ਨਾਂ ਮਲੇਰਕੋਟਲਾ, ਅਹਿਮਦਗੜ੍ਹ ਅਤੇ ਅਮਰਗੜ੍ਹ ਸ਼ਾਮਲ ਹੋਣਗੇ।

ਇਸ ਤੋਂ ਇਲਾਵਾ ਜ਼ਿਲ੍ਹੇ ਵਿਚ 192 ਪਿੰਡ, 62 ਪਟਵਾਰ ਸਰਕਲ ਅਤੇ 6 ਕਾਨੂੰਨਗੋ ਸਰਕਲ ਵੀ ਸ਼ਾਮਲ ਹੋਣਗੇ। ਮੰਤਰੀ ਮੰਡਲ ਵੱਲੋਂ ਮੁੱਖ ਮੰਤਰੀ ਨੂੰ 12 ਵਿਭਾਗਾਂ ਪੁਲਿਸ, ਪੇਂਡੂ ਵਿਕਾਸ ਤੇ ਪੰਚਾਇਤ, ਸਮਾਜਿਕ ਨਿਆਂ ਅਤੇ ਘੱਟ ਗਿਣਤੀ, ਖੇਤੀਬਾੜੀ ਅਤੇ ਕਿਸਾਨ ਵਿਕਾਸ, ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ, ਸਿਹਤ, ਸਿੱਖਿਆ (ਪ੍ਰਾਇਮਰੀ ਅਤੇ ਸੈਕੰਡਰੀ), ਰੁਜ਼ਗਾਰ ਉਤਪੱਤੀ, ਉਦਯੋਗ ਅਤੇ ਵਣਜ, ਖੁਰਾਕ ਸਿਵਲ ਸਪਲਾਈ ਤੇ ਉਪਭੋਗਤਾ ਮਾਮਲਿਆਂ ਤੋਂ ਇਲਾਵਾ ਵਿੱਤ ਦੇ ਦਫਤਰਾਂ ਲਈ ਨਵੀਆਂ ਅਸਾਮੀਆਂ ਸਿਰਜੇ ਜਾਣ ਨੂੰ ਮਨਜ਼ੂਰੀ ਦੇਣ ਲਈ ਅਧਿਕਾਰ ਸੌਂਪ ਦਿੱਤੇ।

ਮੁੱਖ ਮੰਤਰੀ ਨੇ 14 ਮਈ ਨੂੰ ਈਦ-ਉਲ-ਫਿਤਰ ਦੇ ਮੌਕੇ 'ਤੇ ਮਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦਾ ਐਲਾਨ ਕਰਦਿਆਂ ਸਥਾਨਕ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਸੀ। ਇਸ ਤੋਂ ਇਲਾਵਾ ਲੋਕਾਂ ਦੀ ਸਹੂਲਤ ਲਈ ਲਏ ਗਏ ਇਸ ਫੈਸਲੇ ਦਾ ਮਕਸਦ ਮਲੇਰਕੋਟਲਾ ਦੇ ਸ਼ਹਿਰੀ ਵਿਕਾਸ ਨੂੰ ਯਕੀਨੀ ਬਣਾਉਣਾ, ਇਸ ਇਤਿਹਾਸਕ ਸ਼ਹਿਰ ਦੇ ਅਮੀਰ ਵਿਰਸੇ ਨੂੰ ਕਾਇਮ ਰੱਖਣਾ ਅਤੇ ਇਸ ਖੇਤਰ ਦੇ ਸਮੁੱਚੇ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣਾ ਵੀ ਹੈ।

ਪੰਜਾਬ ਵਜ਼ਾਰਤ ਨੇ ਸੂਬੇ ਵਿੱਚ ਵੱਡੀ ਬਹੁ-ਮੰਤਵੀ ਨਹਿਰੀ ਪਾਣੀ ਸਪਲਾਈ ਦੀਆਂ ਸਕੀਮਾਂ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਸਪੈਸ਼ਲ ਪਰਪਜ਼ ਵਹੀਕਲ (ਐਸ.ਵੀ.ਪੀ.) ਦੀ ਪ੍ਰਵਾਨਗੀ ਦੇ ਦਿੱਤੀ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਧੀਨ ਇਹ ਭਾਰਤ ਵਿਚ ਆਪਣੇ ਕਿਸਮ ਦੀ ਪਹਿਲੀ ਉਪਯੋਗੀ 'ਪੰਜਾਬ ਪੇਂਡੂ ਜਲ (ਸਹੂਲਤ) ਕੰਪਨੀ' ਹੋਵੇਗੀ।

ਮੰਤਰੀ ਮੰਡਲ ਨੇ ਐਸ.ਵੀ.ਪੀ. ਦੇ ਨਾਂ ਉਤੇ ਖਾਤਾ ਖੋਲ੍ਹਣ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਵਿਚ ਵਿਸ਼ਵ ਬੈਂਕ ਫੰਡ (64 ਫੀਸਦੀ) ਵੱਲੋਂ ਜਾਰੀ 25 ਕਰੋੜ ਰੁਪਏ ਦੀ ਰਾਸ਼ੀ ਜਮ੍ਹਾਂ ਹੈ ਅਤੇ ਸੂਬੇ ਦਾ ਬਜਟ 36 ਫੀਸਦੀ ਹੈ। ਇਹ ਫੰਡ ਐਸ.ਵੀ.ਪੀ. ਦੇ ਠੇਕੇ ਦੀਆਂ ਜ਼ਿੰਮੇਵਾਰੀਆਂ ਅਤੇ ਇਸ ਦੇ ਪ੍ਰਬੰਧਕੀ ਖਰਚਿਆਂ ਅਤੇ ਮਾਲੀਆ ਇਕੱਤਰ ਹੋਣ ਵਿੱਚ ਕਮੀ ਹੋਣ 'ਤੇ ਉਸ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰੇਗੀ।

# ਕਰਜ਼ਾ ਵਸੂਲੀ 'ਤੇ ਰੋਕ ਲਈ ਪਟੀਸ਼ਨ

**ਨਵੀਂ ਦਿੱਲੀ:** ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਗਈ ਹੈ ਕਿ ਅਦਾਲਤ ਕੇਂਦਰ ਸਰਕਾਰ ਨੂੰ ਹੁਕਮ ਦੇਵੇ ਕਿ ਉਹ ਬੈਂਕਾਂ ਨੂੰ ਇਸ ਸਾਲ ਜੂਨ ਤੋਂ ਅਗਸਤ ਤੱਕ ਕਰਜ਼ਿਆਂ ਦੀ ਵਸੂਲੀ ਉਤੇ ਰੋਕ ਲਾਉਣ ਲਈ ਕਹੇ। ਕਰੋਨਾ ਵਾਇਰਸ ਦੀ ਦੂਜੀ ਲਹਿਰ ਦੇ ਅਸਰਾਂ ਨੂੰ ਧਿਆਨ ਵਿਚ ਰੱਖ ਕੇ ਪਟੀਸ਼ਨ ਰਾਹੀਂ ਇਹ ਮੰਗ ਕੀਤੀ ਗਈ ਹੈ।

ਪਟੀਸ਼ਨ ਜੋ ਕਿ ਅਗਲੇ ਕੁਝ ਦਿਨਾਂ ਦੌਰਾਨ ਸੁਣੀ ਜਾਵੇਗੀ, ਵਿਚ ਕੇਂਦਰ ਤੇ ਆਰ.ਬੀ.ਆਈ. ਨੂੰ ਹੁਕਮ ਦੇਣ ਦੀ ਮੰਗ ਕੀਤੀ ਗਈ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਕੇਂਦਰ ਨੋਟੀਫਿਕੇਸ਼ਨ ਜਾਰੀ ਕਰ ਕੇ ਸਾਰੀਆਂ ਬੈਂਕਾਂ ਨੂੰ ਹੁਕਮ ਦੇਵੇ ਕਿ ਕਰਜ਼ਿਆਂ ਦੀਆਂ ਕਿਸ਼ਤਾਂ ਰੁਕਣ ਉਤੇ ਇਨ੍ਹਾਂ ਨੂੰ ਡੁੱਬੇ ਕਰਜ਼ੇ (ਐਨ.ਪੀ.ਏ.) ਨਾ ਐਲਾਨਿਆ ਜਾਵੇ।

ਮੱਧਵਰਗ ਉਤੇ ਪਏ ਮਹਾਮਾਰੀ ਦੇ ਵਿੱਤੀ ਅਸਰਾਂ ਦੇ ਮੱਦੇਨਜਰ ਅਪਰੈਲ ਤੋਂ ਅਗਸਤ ਤੱਕ ਕਰਜ਼ਾ ਵਸੂਲੀ ਰੋਕਣ ਦੀ ਮੰਗ ਕੀਤੀ ਗਈ ਹੈ।

# ਮੋਦੀ ਸਰਕਾਰ ਵੱਲੋਂ ਲੇਬਰ ਕੋਡ ਲਾਗੂ ਕਰਨ ਦੀ ਤਿਆਰੀ

**ਨਵੀਂ ਦਿੱਲੀ:** ਚਾਰ ਲੇਬਰ (ਕਿਰਤੀ) ਕੋਡ ਅਗਲੇ ਕੁਝ ਮਹੀਨਿਆਂ ਵਿਚ ਅਮਲ ਵਿਚ ਆ ਸਕਦੇ ਹਨ ਕਿਉਂਕਿ ਕੇਂਦਰ ਸਰਕਾਰ ਨੇ ਇਨ੍ਹਾਂ ਕਿਰਤ ਕਾਨੂੰਨਾਂ ਨੂੰ ਲਾਗੂ ਕਰਨ ਦੀ ਤਿਆਰੀ ਖਿੱਚ ਲਈ ਹੈ। ਉਂਜ ਇਨ੍ਹਾਂ ਲੇਬਰ ਕੋਡਾਂ ਦੇ ਕਾਨੂੰਨ ਦੀ ਸ਼ਕਲ ਲੈਣ ਤੋਂ ਬਾਅਦ ਮੁਲਾਜ਼ਮਾਂ/ਕਰਮਚਾਰੀਆਂ ਦੇ ਹੱਥਾਂ ਵਿਚ ਤਨਖਾਹ ਘੱਟ ਜਾਵੇਗੀ, ਜਦੋਂ ਕਿ ਕੰਪਨੀਆਂ ਦੀ ਪ੍ਰੋਵੀਡੈਂਟ ਫੰਡ (ਪੀ.ਐਫ.) ਦੇਣਦਾਰੀ ਵੱਧ ਜਾਵੇਗੀ। ਵੇਜਿਜ (ਤਨਖਾਹਾਂ ਬਾਰੇ) ਕੋਡ ਦੇ ਲਾਗੂ ਹੋਣ ਤੋਂ ਬਾਅਦ ਮੁਲਾਜ਼ਮਾਂ ਦੀ ਮੁੱਢਲੀ ਤਨਖਾਹ ਅਤੇ ਪੀ.ਐਫ. ਦੀਆਂ ਗਿਣਤੀਆਂ ਮਿਣਤੀਆਂ ਕਰਨ ਦੇ ਢੰਗ ਤਰੀਕੇ ਵਿਚ ਵੀ ਅਹਿਮ ਤਬਦੀਲੀ ਆਏਗੀ। ਕਿਰਤ ਮੰਤਰਾਲੇ ਨੇ ਸਨਅਤੀ ਮੇਲ-ਜੋਲ, ਤਨਖਾਹਾਂ, ਸਮਾਜਿਕ ਸੁਰੱਖਿਆ ਤੇ ਪੇਸ਼ੇਵਰ ਸਿਹਤ ਸੁਰੱਖਿਆ ਤੇ ਕੰਮਕਾਜੀ ਹਾਲਾਤ ਬਾਰੇ ਚਾਰ ਕੋਡਜ ਨੂੰ 1 ਅਪਰੈਲ 2021 ਤੋਂ ਲਾਗੂ ਕਰਨ ਲਈ ਵਿਚਾਰ ਚਰਚਾ ਸ਼ੁਰੂ ਕਰ ਦਿੱਤੀ ਹੈ। ਇਹ ਚਾਰੋਂ ਲੇਬਰ ਕੋਡਜ 44 ਕੇਂਦਰੀ ਕਿਰਤ ਕਾਨੂੰਨਾਂ ਦੀ ਥਾਂ ਲੈਣਗੇ। ਮੰਤਰਾਲੇ ਨੇ ਇਨ੍ਹਾਂ ਚਾਰ ਕੋਡਜ ਤਹਿਤ ਨੇਮਾਂ ਨੂੰ ਵੀ ਅੰਤਿਮ ਰੂਪ ਦੇ ਦਿੱਤਾ ਹੈ। ਪਰ ਇਨ੍ਹਾਂ ਨੂੰ ਲਾਗੂ ਨਹੀਂ ਕੀਤਾ ਕਿਉਂਕਿ ਕਈ ਰਾਜ ਆਪਣੇ ਅਧਿਕਾਰ ਖੇਤਰ ਵਿਚ ਇਨ੍ਹਾਂ ਕੋਡਜ ਨੂੰ ਨੋਟੀਫਾਈ ਕਰਨ ਦੀ ਸਥਿਤੀ ਵਿਚ ਨਹੀਂ ਹਨ। ਭਾਰਤ ਦੇ ਸੰਵਿਧਾਨ ਤਹਿਤ ਕਿਰਤ ਇਕੋ ਵੇਲੇ ਲਾਗੂ ਹੋਣ ਵਾਲਾ ਵਿਸ਼ਾ ਹੈ, ਲਿਹਾਜ਼ਾ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਆਪੋ ਆਪਣੇ ਅਧਿਕਾਰ ਖੇਤਰ ਵਿਚ ਇਨ੍ਹਾਂ ਚਾਰ ਕਿਰਤ ਕੋਡਜ ਨੂੰ ਕਾਨੂੰਨ ਦੀ ਸ਼ਕਲ ਦੇਣ ਲਈ ਇਕੋ ਵੇਲੇ ਨੇਮ ਨੋਟੀਫਾਈ ਕਰਨੇ ਹੋਣਗੇ। ਇਕ ਸੂਤਰ ਨੇ ਦੱਸਿਆ, "ਕਈ ਪ੍ਰਮੁੱਖ ਸੂਬਿਆਂ ਨੇ ਅਜੇ ਤੱਕ ਇਨ੍ਹਾਂ ਚਾਰ ਕੋਡਜ ਤਹਿਤ ਨੇਮਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ। ਕੁਝ ਰਾਜ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਨੇਮਾਂ ਨੂੰ ਅੰਤਿਮ ਰੂਪ ਦੇਣ ਦੇ ਅਮਲ ਵਿੱਚ ਹਨ। ਕੇਂਦਰ ਸਰਕਾਰ ਸਦਾ ਲਈ ਰਾਜਾਂ ਦੀ ਉਡੀਕ ਨਹੀਂ ਕਰ ਸਕਦੀ। ਲਿਹਾਜ਼ਾ ਇਨ੍ਹਾਂ ਕੋਡਜ ਨੂੰ ਅਗਲੇ ਕੁਝ ਮਹੀਨਿਆਂ ਵਿਚ ਲਾਗੂ ਕਰਨ ਲਈ ਯੋਜਨਾਬੰਦੀ ਸ਼ੁਰੂ ਕਰ ਦਿੱਤੀ ਹੈ, ਕਿਉਂਕਿ ਸਬੰਧਤ ਅਦਾਰਿਆਂ ਜਾਂ ਫਰਮਾਂ ਨੂੰ ਵੀ ਇਨ੍ਹਾਂ ਨਵੇਂ ਕਾਨੂੰਨਾਂ ਮੁਤਾਬਕ ਲੋੜੀਂਦਾ ਤਾਲਮੇਲ ਬਿਠਾਉਣ ਲਈ ਸਮਾਂ ਦੇਣਾ ਹੈ।" ਸੂਤਰ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਸਮੇਤ ਹੋਰ ਕੋਈ ਸੂਬੇ ਨੇਮਾਂ ਸਬੰਧੀ ਖਰੜੇ ਨੂੰ ਪਹਿਲਾਂ ਹੀ ਘੁੰਮਾ ਚੁੱਕੇ ਹਨ। ਨਵੇਂ ਵੇਜਿਜ ਕੋਡ ਤਹਿਤ ਭੱਤੇ 50 ਫੀਸਦ ਤੋਂ ਵੱਧ ਨਹੀਂ ਹੋਣਗੇ, ਜਿਸ ਦਾ ਮਤਲਬ ਇਹ ਹੋਇਆ ਕਿ ਇਕ ਮੁਲਾਜ਼ਮ ਨੂੰ ਆਪਣੇ ਕੁੱਲ ਵੇਤਨ 'ਚੋਂ ਅੱਧੀ ਦੀ ਬੇਸਿਕ ਵੇਜਿਜ ਵਜੋਂ ਅਦਾਇਗੀ ਹੋਵੇਗੀ। ਪ੍ਰਾਵੀਡੈਂਟ ਫੰਡ ਕੰਟਰੀਬਿਊਸ਼ਨ ਦੀ ਬੇਸਿਕ ਤਨਖਾਹ ਦੀ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਗਿਣਤੀ ਮਿਣਤੀ ਹੋਵੇਗੀ, ਜਿਸ ਵਿਚ ਬੇਸਿਕ ਤਨਖਾਹ ਤੇ ਮਹਿੰਗਾਈ ਭੱਤਾ ਸ਼ਾਮਲ ਹੋਣਗੇ। ਮੌਜੂਦਾ ਸਮੇਂ ਰੁਜਗਾਰਦਾਤੇ ਆਮ ਕਰਕੇ ਵੇਜਿਜ ਨੂੰ ਕਈ ਭੱਤਿਆਂ ਵਿਚ ਵੰਡ ਦਿੰਦੇ ਹਨ, ਜਿਸ ਨਾਲ ਮੂਲ ਵੇਤਨ ਘੱਟ ਜਾਂਦਾ ਹੈ ਅਤੇ ਪ੍ਰਾਵੀਡੈਂਟ ਫੰਡ ਤੇ ਆਮਦਨ ਕਰ ਦੇ ਰੂਪ ਵਿੱਚ ਹੁੰਦੀ ਕੰਟਰੀਬਿਊਸ਼ਨ ਵੀ ਘੱਟ ਜਾਂਦੀ ਹੈ।

# ਕਰੋਨਾ ਕਾਰਨ ਅਨਾਥ ਹੋਏ ਬੱਚਿਆਂ ਨੂੰ ਅਪਨਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਜੂਨ 1984 ਘੱਲੂਘਾਰਾ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਰੋਨਾ ਕਾਰਨ ਅਨਾਥ ਅਤੇ ਲਾਵਾਰਸ ਹੋਏ ਬੱਚਿਆਂ ਨੂੰ ਕਮੇਟੀ ਵੱਲੋਂ ਅਪਣਾਉਣ ਦਾ ਐਲਾਨ ਕੀਤਾ। ਉਨ੍ਹਾਂ ਦੀ ਪੜ੍ਹਾਈ ਅਤੇ ਸੰਭਾਲ ਦਾ ਖਰਚਾ ਸਿੱਖ ਸੰਸਥਾ ਵੱਲੋਂ ਕੀਤਾ ਜਾਵੇਗਾ। ਇਸੇ ਤਰ੍ਹਾਂ ਕਿਸਾਨ ਸੰਘਰਸ਼ ਦੌਰਾਨ ਜਾਨ ਗਵਾਉਣ ਵਾਲੇ ਕਿਸਾਨਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਕਰੇਗੀ।

ਘੱਲੂਘਾਰਾ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਮਗਰੋਂ ਉਨ੍ਹਾਂ ਖੁਲਾਸਾ ਕੀਤਾ ਕਿ ਜੂਨ 1984 ਘੱਲੂਘਾਰੇ ਸਮੇਂ ਫੌਜ ਵੱਲੋਂ ਚਲਾਈ ਗਈ ਗੋਲੀ ਕਾਰਨ ਹਰਿਮੰਦਰ ਸਾਹਿਬ ਵਿਖੇ ਪਹਿਲੀ ਮੰਜ਼ਿਲ 'ਤੇ ਵੱਡ ਆਕਾਰੀ ਹੱਥ ਲਿਖਤ ਪਾਵਨ ਸਰੂਪ ਨੁਕਸਾਨਿਆ ਗਿਆ ਸੀ। ਇਸ ਦੀ ਤਾਬਿਆ ਬੈਠਾ ਗ੍ਰੰਥੀ ਸਿੰਘ ਵੀ ਜਖਮੀ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਉਹ ਉਸ ਵੇਲੇ ਹੋਏ ਨੁਕਸਾਨ ਸਬੰਧੀ ਜਾਰੀ ਕੀਤੇ ਵ੍ਹਾਈਟ ਪੇਪਰ ਦਾ ਅਧਿਐਨ ਕਰ ਰਹੇ ਹਨ ਅਤੇ ਜਲਦੀ ਹੀ ਇਹ ਮੁੜ ਪ੍ਰਕਾਸ਼ਤ ਕੀਤਾ ਜਾਵੇਗਾ। ਸੰਗਤ ਦੀ ਮੰਗ ਮੁਤਾਬਕ ਨੁਕਸਾਨੇ ਗਏ ਪਾਵਨ ਸਰੂਪ ਦੇ ਦਰਸ਼ਨ ਅਗਾਂਹ ਵੀ ਕਰਵਾਏ ਜਾਣਗੇ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਹਰਿਮੰਦਰ ਸਾਹਿਬ 'ਤੇ ਲੱਗੇ ਸੋਨੇ ਦੇ ਪੱਤਰੇ, ਜੋ ਫੌਜ ਦੀਆਂ ਗੋਲੀਆਂ ਨਾਲ ਨੁਕਸਾਨੇ ਗਏ ਗਏ ਸਨ, ਨੂੰ ਵੀ ਸੰਗਤ ਦੇ ਦਰਸ਼ਨਾਂ ਲਈ ਰੱਖਿਆ ਜਾਵੇਗਾ। ਇਸ ਦੇ ਨਾਲ ਹੀ ਅਕਾਲ ਤਖਤ ਦੇ ਹੇਠਾਂ ਗੁਰੂ ਸਾਹਿਬ ਵੇਲੇ ਦਾ ਬਣਿਆ ਖੂਹ ਖੋਲ੍ਹਣ ਦੇ ਨਾਲ ਨਾਲ ਸ਼ਹੀਦ ਗੈਲਰੀ ਵੀ ਜਲਦੀ ਸੰਗਤ ਅਰਪਣ ਕੀਤੀ



ਜਾਵੇਗੀ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਜੂਨ '84 ਦੇ ਘੱਲੂਘਾਰੇ ਨੂੰ ਸਿੱਖ ਕੌਮ ਕਦੇ ਭੁਲਾ ਨਹੀਂ ਸਕਦੀ। ਇਹ ਜ਼ਖ਼ਮ ਹਰ ਸਾਲ ਰਿਸਦੇ ਰਹਿਣਗੇ।

ਸ਼ਹੀਦੀ ਸਮਾਗਮ ਦੌਰਾਨ ਅਕਾਲ ਤਖਤ 'ਤੇ ਲੱਗੇ ਖਾਲਿਸਤਾਨ ਪੱਖੀ ਨਾਅਰਿਆਂ ਨੂੰ ਬੀਬੀ ਜਗੀਰ ਕੌਰ ਨੇ ਜਾਇਜ਼ ਕਰਾਰ ਦਿੱਤਾ ਹੈ ਤੇ ਕਿਹਾ ਕਿ ਇਹ ਸਿੱਖ ਕੌਮ ਦੇ ਰੋਹ ਤੇ ਪੀੜ ਦਾ ਪ੍ਰਗਟਾਵਾ ਹੈ। ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਹਥਿਆਰਾਂ ਦਾ ਪ੍ਰਦਰਸ਼ਨ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਭਵਿੱਖ ਵਿਚ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰ ਕੇ ਇਹ ਰੁਝਾਨ ਖਤਮ ਕਰਨ ਬਾਰੇ ਚਾਰਾਜੋਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜਿਹੜੇ ਲੋਕਾਂ ਦੀ ਕਰੋਨਾ ਕਾਰਨ ਮੌਤ ਹੋ ਗਈ ਹੈ, ਉਨ੍ਹਾਂ ਦੇ ਬੱਚਿਆਂ ਦੀ ਵਿੱਦਿਆ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਇਸੇ ਤਰ੍ਹਾਂ ਕਿਸਾਨ ਸੰਘਰਸ਼ ਦੌਰਾਨ ਚਲਾਣਾ ਕਰਨ ਵਾਲੇ ਕਿਸਾਨਾਂ ਦੇ ਬੱਚਿਆਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਮੁਫਤ ਪੜ੍ਹਾਇਆ ਜਾਵੇਗਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਦੀ ਸਹਾਇਤਾ ਵੀ ਦਿੱਤੀ ਹੈ।

## ਤੀਜੀ ਲਹਿਰ ਨਾਲ ਨਜਿੱਠਣ ਲਈ ਧਾਰਮਿਕ ਸਥਾਨਾਂ ਵੱਲੋਂ ਤਿਆਰੀ

**ਲਖਨਊ:** ਕਰੋਨਾ ਵਾਇਰਸ ਦੀ ਸੰਭਾਵੀ ਤੀਜੀ ਲਹਿਰ ਦੇ ਮੱਦੇਨਜਰ ਲਖਨਊ ਸਥਿਤ ਆਲਮਬਾਗ ਗੁਰਦੁਆਰੇ ਤੇ ਜਾਮਾ ਮਸਜਿਦ ਵੱਲੋਂ ਅਗੇਤੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਗੁਰਦੁਆਰਾ ਆਲਮਬਾਗ ਨੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ 50 ਬੈੱਡਾਂ ਦਾ ਬੰਦੋਬਸਤ ਕੀਤਾ ਹੈ। ਗੁਰਦੁਆਰੇ ਵੱਲੋਂ ਪਿਛਲੇ ਮਹੀਨੇ ਤੋਂ ਹੀ ਕਰੋਨਾ ਪੀੜਤਾਂ ਨੂੰ ਆਕਸੀਜਨ ਸਿਲੰਡਰ ਤੇ ਕੰਸਨਟਰੇਟਰਾਂ ਸਮੇਤ ਰਾਸ਼ਨ ਕਿੱਟਾਂ, ਦਵਾਈਆਂ, ਮਾਸਕ ਆਦਿ ਵੰਡਣ ਤੋਂ ਇਲਾਵਾ ਕਰੋਨਾ ਦੇ ਮਰੀਜ਼ਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾ ਰਹੀ ਹੈ। ਗੁਰਦੁਆਰਾ ਕਮੇਟੀ ਵੱਲੋਂ ਲਖੀਮਪੁਰ ਖੇੜੀ, ਰਾਏ ਬਰੇਲੀ, ਸੀਤਾਪੁਰ, ਉਨਾਓ ਤੇ ਹੋਰਨਾਂ ਜਿਲ੍ਹਿਆਂ 'ਚ ਵੀ ਲੋੜਵੰਦਾਂ ਨੂੰ ਮਦਦ ਪਹੁੰਚਾਈ ਜਾ ਰਹੀ ਹੈ।

# ਟਿਕਾਊ ਵਿਕਾਸ 'ਚ ਭਾਰਤ ਹੁਣ ਭੂਟਾਨ, ਨੇਪਾਲ, ਸ੍ਰੀਲੰਕਾ ਤੇ ਬੰਗਲਾਦੇਸ਼ ਤੋਂ ਵੀ ਪੱਛੜਿਆ

**ਨਵੀਂ ਦਿੱਲੀ:** ਟਿਕਾਊ ਵਿਕਾਸ ਦੇ 17 ਟੀਚਿਆਂ ਨੂੰ ਹਾਸਲ ਕਰਨ ਦੇ ਮਾਮਲੇ ਵਿਚ ਭਾਰਤ ਦੀ ਦਰਜਾਬੰਦੀ ਹੇਠਾਂ ਖਿਸਕ ਕੇ 117 ਉਤੇ ਪਹੁੰਚ ਗਈ ਹੈ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਦੇ 193 ਮੁਲਕਾਂ ਨੇ 2030 ਦੇ ਏਜੰਡੇ ਵਜੋਂ 17 ਟੀਚੇ ਮਿਥੇ ਸਨ। ਇਸ ਸਬੰਧੀ ਜਾਰੀ ਇਕ ਨਵੀਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਦਰਜਾਬੰਦੀ ਜੋ ਕਿ ਪਿਛਲੇ ਸਾਲ 115 ਸੀ, ਹੁਣ ਦੋ ਥਾਂ ਡਿੱਗ ਗਈ ਹੈ।

ਦਰਜਾਬੰਦੀ ਖਿਸਕਣ ਦਾ ਕਾਰਨ ਭੁੱਖ ਖਤਮ ਕਰਨ ਦੀਆਂ ਚੁਣੌਤੀਆਂ ਤੇ ਭੋਜਨ ਸੁਰੱਖਿਆ ਹਾਸਲ ਕਰਨ ਦੇ ਟੀਚਿਆਂ ਵਿਚ ਅੜਿੱਕਾ ਪੈਣਾ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਲਿੰਗ ਸਮਾਨਤਾ, ਠੋਸ ਬੁਨਿਆਦੀ ਢਾਂਚਾ, ਟਿਕਾਊ ਸਨਅਤੀਕਰਨ ਤੇ ਨਵੀਆਂ ਕਾਢਾਂ ਦੀ ਗੈਰ-ਮੌਜੂਦਗੀ ਵੀ ਅਜਿਹੇ ਕਾਰਨ ਹਨ ਜਿਨ੍ਹਾਂ ਭਾਰਤ ਦੀ ਦਰਜਾਬੰਦੀ ਡੇਗੀ ਹੈ। ਭਾਰਤ ਦਾ ਦਰਜਾ ਚਾਰ ਦੱਖਣੀ ਏਸ਼ਿਆਈ ਮੁਲਕਾਂ- ਭੂਟਾਨ, ਨੇਪਾਲ, ਸ੍ਰੀਲੰਕਾ ਤੇ ਬੰਗਲਾਦੇਸ਼ ਤੋਂ ਵੀ ਹੇਠਾਂ ਹੈ। ਭਾਰਤ ਦੇ 'ਐਸ.ਡੀ.ਜੀ.' ਅੰਕ ਕੁਲ-ਮਿਲਾ ਕੇ 100 ਵਿਚੋਂ 61.9 ਹੀ ਹਨ। 'ਦਿ ਸਟੇਟ ਆਫ ਇੰਡੀਆ'ਜ ਐਨਵਾਇਰਨਮੈਂਟ ਰਿਪੋਰਟ 2021' ਵਿਚ ਕਿਹਾ ਗਿਆ ਹੈ ਕਿ ਝਾਰਖੰਡ ਤੇ ਬਿਹਾਰ ਇਸ ਮਾਮਲੇ ਵਿਚ ਸਭ ਤੋਂ ਵੱਧ ਪੱਛੜੇ ਹੋਏ ਹਨ। 2030 ਤੱਕ ਮਿਥੇ ਟੀਚੇ ਹਾਸਲ ਕਰਨ 'ਚ ਇਨ੍ਹਾਂ ਰਾਜਾਂ ਦੀ ਤਿਆਰੀ ਸਭ ਤੋਂ ਪੱਛੜੀ ਹੋਈ ਦੱਸੀ ਗਈ ਹੈ। ਝਾਰਖੰਡ ਪੰਜ ਤੇ ਬਿਹਾਰ ਸੱਤ ਟੀਚੇ ਹਾਸਲ ਕਰਨ ਵਿਚ ਪਿੱਛੇ ਹੈ। ਕੇਰਲਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਅਜਿਹੇ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਹਨ ਜੋ ਕਿ ਮਿਥੇ ਟੀਚੇ ਹਾਸਲ ਕਰਨ ਵੱਲ ਵੱਧ ਰਹੇ ਹਨ। ਰਿਪੋਰਟ ਵਿਚ ਨਾਲ ਹੀ ਕਿਹਾ ਗਿਆ ਹੈ ਕਿ ਭਾਰਤ ਵਾਤਾਵਰਨ ਦੇ ਪੱਖ ਤੋਂ ਵੀ 180 ਮੁਲਕਾਂ ਵਿਚੋਂ 168 ਨੰਬਰ ਉਤੇ ਹੈ। ਇਸ ਦਰਜਾਬੰਦੀ ਵਿਚ ਜਲਵਾਯੂ, ਹਵਾ ਪ੍ਰਦੂਸ਼ਣ, ਸਫਾਈ, ਪੀਣ ਵਾਲੇ ਪਾਣੀ ਜਿਹੇ ਪੈਮਾਨੇ ਰੱਖੇ ਜਾਂਦੇ ਹਨ। ਵਾਤਾਵਰਨ ਨੂੰ ਬਚਾਉਣ ਦੇ ਮਾਮਲੇ ਵਿਚ ਭਾਰਤ ਦਾ ਨੰਬਰ 172 ਹੈ। ਯੇਲ ਯੂਨੀਵਰਸਿਟੀ ਦੀ 'ਈ.ਪੀ.ਆਈ.' ਰਿਪੋਰਟ ਮੁਤਾਬਕ ਜੈਵ ਵਿਭਿੰਨਤਾ ਤੇ ਕੁਦਰਤੀ ਆਵਾਸ ਦੀ ਰਾਖੀ ਦੇ ਮਾਮਲੇ ਵਿਚ ਭਾਰਤ ਪਾਕਿਸਤਾਨ ਤੋਂ ਵੀ ਪਿੱਛੇ ਹੈ। ਕੁਦਰਤੀ ਵਾਤਾਵਰਨ ਪ੍ਰਣਾਲੀ ਨੂੰ ਬਚਾਉਣ ਦੇ ਮਾਮਲੇ ਵਿਚ ਦੁਨੀਆਂ 'ਚ ਪਾਕਿਸਤਾਨ ਦਾ ਰੈਂਕ 127 ਤੇ ਭਾਰਤ ਦਾ 148 ਹੈ।

## ਮਈ 'ਚ ਜੀ.ਐਸ.ਟੀ. ਦੀ ਵਸੂਲੀ 'ਚ 65 ਫੀਸਦੀ ਵਾਧਾ

**ਨਵੀਂ ਦਿੱਲੀ:** ਜੀ.ਐਸ.ਟੀ. ਦੀ ਲਗਾਤਾਰ ਅੱਠਵੇਂ ਮਹੀਨੇ ਮਈ ਵਿਚ ਵੀ ਵਸੂਲੀ 1 ਲੱਖ ਕਰੋੜ ਤੋਂ ਵੱਧ ਰਹੀ ਹੈ। ਮਈ 2021 ਵਿਚ ਪ੍ਰਾਪਤ ਜੀ.ਐਸ.ਟੀ. ਮਈ 2020 ਵਿਚ ਇਕੱਤਰ ਹੋਏ ਜੀ.ਐਸ.ਟੀ. 62,009 ਕਰੋੜ ਦੇ ਮੁਕਾਬਲੇ ਵਿਚ 65 ਫੀਸਦੀ ਵੱਧ ਹੈ ਜੋ 1.02 ਲੱਖ ਕਰੋੜ ਰੁਪਏ ਹੈ। ਪਿਛਲੇ ਵੇਰਵੇ ਕੋਵਿਡ- 19 ਦਾ ਫੈਲਾਅ ਰੋਕਣ ਲਈ ਮੁਲਕ ਭਰ 'ਚ ਲੱਗੇ ਲੌਕਡਾਊਨ ਕਾਰਨ ਆਰਥਿਕ ਵਿਕਾਸ 'ਤੇ ਮਾੜਾ ਪ੍ਰਭਾਵ ਪਿਆ ਸੀ ਜਿਸ ਕਾਰਨ ਜੀ.ਐਸ.ਟੀ. 'ਤੇ ਵੀ ਅਸਰ ਪਿਆ ਸੀ। ਹਾਲਾਂਕਿ ਮਈ 2021 'ਚ ਪ੍ਰਾਪਤ ਕਰ ਅਪਰੈਲ 2021 ਵਿਚ ਇਕੱਤਰ ਹੋਏ 1.41 ਲੱਖ ਕਰੋੜ ਰੁਪਏ ਦੇ ਰਿਕਾਰਡ ਜੀ.ਐਸ.ਟੀ. ਤੋਂ ਘੱਟ ਹੈ।

# ਦੇਸ਼ ਵਿਆਪੀ ਪ੍ਰਦਰਸ਼ਨਾਂ ਨੂੰ ਮਿਲੇ ਹੁੰਗਾਰੇ ਪਿੱਛੋਂ ਕਿਸਾਨਾਂ ਦੇ ਹੌਸਲੇ ਬੁਲੰਦ

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਘਰਾਂ/ਦਫਤਰਾਂ ਮੂਹਰੇ, ਟੌਲ ਪਲਾਜ਼ਿਆਂ, ਪੂੰਜੀਪਤੀ ਘਰਾਣਿਆਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ ਅਤੇ ਨਿੱਜੀ ਥਰਮਲ ਪਲਾਂਟ ਸਣੇ ਸਵਾ ਸੌ ਤੋਂ ਵੱਧ ਥਾਵਾਂ 'ਤੇ ਮੀਂਹ ਅਤੇ ਝੱਖੜ ਦੌਰਾਨ ਵੀ ਧਰਨੇ ਜਾਰੀ ਹਨ।



ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਨੂੰ ਦੇਸ਼ ਭਰ ਦੇ ਲੋਕਾਂ ਤੋਂ ਮਿਲ ਰਹੇ ਲਾਮਿਸਾਲ ਹੁੰਗਾਰੇ ਨੇ ਵੀ ਕਿਸਾਨਾਂ ਵਿਚ ਜੋਸ਼ ਭਰਿਆ ਹੈ। ਕੇਂਦਰ ਸਰਕਾਰ ਦੀ ਅੜੀ ਤੋੜਨ ਲਈ ਹਰ ਹਫਤੇ ਪੰਜਾਬ ਤੋਂ ਦਿੱਲੀ ਵੱਲ ਕਿਸਾਨਾਂ ਦੇ ਵੱਡੇ ਕਾਫਲੇ ਰਵਾਨਾ ਹੋ ਰਹੇ ਹਨ। ਕਿਸਾਨ ਆਗੂ ਜਗਮੋਹਨ ਸਿੰਘ ਪਟਿਆਲਾ, ਡਾ. ਸਤਨਾਮ ਸਿੰਘ ਅਜਨਾਲਾ, ਬਲਵੰਤ ਸਿੰਘ ਬਹਿਰਾਮਕੇ, ਮੁਕੇਸ਼ ਚੰਦਰ ਅਤੇ ਕੁਲਦੀਪ ਸਿੰਘ ਵਜੀਦਪੁਰ ਨੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਭਰ ਵਿਚ ਅੰਦੋਲਨ ਨੂੰ ਮਿਲੇ ਹੁੰਗਾਰੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਜਾਇਜ਼ ਹਨ। ਲੋਕਾਂ ਦੇ ਵੱਡੇ ਇਕੱਠਾਂ ਨੂੰ ਦੇਖਦਿਆਂ ਹੀ ਕੇਂਦਰ ਸਰਕਾਰ ਕਾਨੂੰਨਾਂ ਵਿਚ ਸੋਧ ਕਰਨ ਅਤੇ ਡੇਢ ਸਾਲ ਤੱਕ ਅੱਗੇ ਪਾਉਣ ਲਈ ਤਿਆਰ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਦੀ ਮੰਗ ਹੈ ਕਿ ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਘਰ ਵਾਪਸੀ ਨਹੀਂ ਕੀਤੀ ਜਾਵੇਗੀ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜਿਥੇ ਦੇਸ਼ ਭਰ ਵਿਚ ਖੇਤੀ ਕਾਨੂੰਨਾਂ ਦਾ ਵਿਰੋਧ ਕਰਦਿਆਂ ਹਜ਼ਾਰਾਂ ਥਾਵਾਂ 'ਤੇ ਰੋਸ ਮੁਜ਼ਾਹਰੇ ਕੀਤੇ ਗਏ, ਉਥੇ ਕਿਸਾਨ ਜਥੇਬੰਦੀਆਂ ਨੇ ਹਰਿਆਣਾ ਵਿਚ ਭਾਜਪਾ ਆਗੂਆਂ ਦੇ ਘਰਾਂ ਅਤੇ ਦਫਤਰਾਂ ਅੱਗੇ ਰੋਸ ਪ੍ਰਗਟਾਉਂਦਿਆਂ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ। ਇਸ ਦੌਰਾਨ ਪੁਲਿਸ ਨੇ ਪੰਚਕੂਲਾ ਵਿਚ ਹਰਿਆਣਾ ਦੇ ਸਪੀਕਰ ਗਿਆਨ ਚੰਦ ਦੇ ਘਰ ਦਾ ਘਿਰਾਓ ਕਰਨ ਜਾਂਦੇ ਕਿਸਾਨਾਂ ਨੂੰ ਰੋਕ ਲਿਆ ਤੇ ਉਨ੍ਹਾਂ 'ਤੇ ਲਾਠੀਚਾਰਜ ਕੀਤਾ। ਇਸ ਮੌਕੇ ਡਾ. ਦਰਸ਼ਨ ਪਾਲ ਨੇ ਕਿਹਾ ਕਿ 5 ਜੂਨ 2020 ਨੂੰ ਮੋਦੀ ਸਰਕਾਰ ਨੇ ਤਿੰਨ ਕਿਸਾਨ ਵਿਰੋਧੀ ਖੇਤੀਬਾੜੀ ਕਾਨੂੰਨਾਂ ਨੂੰ ਆਰਡੀਨੈਂਸ ਵਜੋਂ ਲਿਆਂਦਾ ਸੀ। ਇਹ ਉਹ ਕਾਨੂੰਨ ਹਨ ਜਿਨ੍ਹਾਂ ਦੀ ਕਦੇ ਵੀ ਕਿਸਾਨਾਂ ਵੱਲੋਂ ਮੰਗ ਨਹੀਂ ਕੀਤੀ ਗਈ। ਸਾਰੇ ਦੇਸ਼ 'ਚ ਭਾਜਪਾ ਆਗੂਆਂ, ਐਨ.ਡੀ.ਏ. ਦੀਆਂ ਹੋਰ ਸਹਿਯੋਗੀ ਪਾਰਟੀਆਂ ਦੇ ਆਗੂਆਂ ਦੇ ਦਫਤਰਾਂ ਤੇ ਘਰਾਂ ਦੇ ਬਾਹਰ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਹ ਵਿਰੋਧ ਪ੍ਰਦਰਸ਼ਨ ਕੇਂਦਰ ਲਈ ਚਿਤਾਵਨੀ ਹਨ ਕਿ ਆਉਣ ਵਾਲੇ ਦਿਨਾਂ 'ਚ ਵਿਰੋਧ ਹੋਰ ਤੇਜ਼ ਹੋਵੇਗਾ। ਆਂਧਰਾ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਉੜੀਸਾ, ਛੱਤੀਸਗੜ੍ਹ, ਬਿਹਾਰ, ਤੇਲੰਗਾਨਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਪੰਜਾਬ, ਹਰਿਆਣਾ, ਰਾਜਸਥਾਨ, ਉੱਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ ਹਜ਼ਾਰਾਂ ਥਾਵਾਂ 'ਤੇ ਜ਼ਬਰਦਸਤ ਮੁਜ਼ਾਹਰੇ ਹੋਏ ਹਨ। ਕਈ ਥਾਵਾਂ 'ਤੇ ਭਾਜਪਾ ਆਗੂਆਂ ਦੇ ਘਰਾਂ ਅਤੇ ਦਫਤਰਾਂ ਦਾ ਘਿਰਾਓ ਵੀ ਕੀਤਾ ਗਿਆ। ਕੁਝ ਥਾਵਾਂ 'ਤੇ 'ਵਿਸ਼ਵ ਵਾਤਾਵਰਨ ਦਿਵਸ' ਮੌਕੇ ਬੂਟੇ ਲਾਏ ਗਏ।

ਦਿੱਲੀ ਦੀਆਂ ਬਰੂੰਹਾਂ 'ਤੇ ਖੇਤੀ ਕਾਨੂੰਨਾਂ ਖਿਲਾਫ 6 ਮਹੀਨਿਆਂ ਤੋਂ ਵੱਧ ਸਮੇਂ ਤੋਂ ਬੈਠੇ ਕਿਸਾਨਾਂ ਨੇ ਸਿੰਘੂ, ਟਿਕਰੀ ਤੇ ਗਾਜ਼ੀਪੁਰ ਦੇ ਮੋਰਚਿਆਂ ਤੋਂ ਇਲਾਵਾ ਦੱਖਣੀ ਦਿੱਲੀ ਤੋਂ ਨਿਕਲਦੇ ਸਮੇਂ ਦਿੱਲੀ-ਆਗਰਾ ਕੌਮੀਸ਼ਾਹ ਰਾਹ- 2 'ਤੇ ਪਲਵਲ ਕੋਲ ਚੱਲ ਰਹੇ ਮੋਰਚੇ ਸਮੇਤ ਰਾਜਸਥਾਨ ਦੇ ਸ਼ਾਹਜਹਾਂਪੁਰ ਦੇ ਮੋਰਚਿਆਂ ਵਿੱਚ ਕਿਸਾਨਾਂ ਨੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ। ਬੀਤੇ ਦਿਨਾਂ ਤੋਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ ਤੇ ਰਾਜਸਥਾਨ ਤੋਂ ਕਿਸਾਨ ਉਕਤ ਮੋਰਚਿਆਂ 'ਤੇ 'ਸੰਪੂਰਨ ਕ੍ਰਾਂਤੀ ਦਿਵਸ' ਮਨਾਉਣ ਤੇ ਕਾਲੇ ਕਾਨੂੰਨਾਂ ਦੇ ਪਾਸ ਹੋਣ ਦੇ ਇਕ ਸਾਲ ਹੋਣ ਮੌਕੇ ਸ਼ਾਮਲ ਹੋ ਰਹੇ ਸਨ। ਕਿਸਾਨਾਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਸਾਲ ਪਹਿਲਾਂ ਜੋ ਕਾਨੂੰਨ ਬਣਾਏ ਸਨ, ਉਨ੍ਹਾਂ ਨਾਲ ਕਿਸਾਨ, ਮਜ਼ਦੂਰ ਤੇ ਹੋਰ ਵਰਗਾਂ ਦੀ ਜ਼ਿੰਦਗੀ ਵਿਚ ਖਲਲ ਮਚ ਗਿਆ ਹੈ। ਕਿਸਾਨ ਆਗੂਆਂ ਨੇ ਭਖਵੀਆਂ ਤਕਰੀਰਾਂ ਕਰਦਿਆਂ ਕਿਸਾਨ ਏਕੇ ਨਾਲ ਅੱਗੇ ਵਧਣ ਦਾ ਸੰਕਲਪ ਦੁਹਰਾਇਆ ਤੇ ਕੇਂਦਰ ਸਰਕਾਰ ਦੀ ਲਟਕਾਊ ਨੀਤੀ ਦੇ ਬਖੀਏ ਉਧੇੜੇ। ਕਿਸਾਨ ਆਗੂਆਂ ਨੇ ਦੱਸਿਆ ਕਿ ਹੁਣ ਉਨ੍ਹਾਂ ਦਾ ਨਿਸ਼ਾਨਾ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਵਿੱਚ ਕਿਸਾਨੀ ਘੋਲ ਨੂੰ ਮਘਾ ਕੇ ਕੇਂਦਰ ਸਰਕਾਰ ਨੂੰ ਹਰ ਪਾਸਿਓਂ ਘੇਰਾ ਪਾਉਣਾ ਹੈ।

## ਬੰਗਾਲ ਵਾਂਗ ਯੂ.ਪੀ. 'ਚ ਵੀ ਭਾਜਪਾ ਨੂੰ ਹਰਾਵਾਂਗੇ: ਚੜੂਨੀ

**ਅੰਬਾਲਾ:** ਹਰਿਆਣਾ ਭਾਰਤੀ ਕਿਸਾਨ ਯੂਨੀਅਨ ਦੇ ਮੁਖੀ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਕਿਸਾਨ ਵਿਰੋਧੀ ਭਾਜਪਾ ਨੂੰ ਪੱਛਮੀ ਬੰਗਾਲ ਦੀ ਤਰ੍ਹਾਂ ਉੱਤਰ ਪ੍ਰਦੇਸ਼ 'ਚ ਵੀ ਹਰਾਇਆ ਜਾਵੇਗਾ ਜਿਥੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਚੜੂਨੀ ਨੇ ਦਾਅਵਾ ਕੀਤਾ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਲੋਕਾਂ 'ਚ ਭਾਜਪਾ ਪ੍ਰਤੀ ਨਫਰਤ ਵਧੀ ਹੈ ਕਿਉਂਕਿ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਦੀਆਂ ਫਿਕਰਾਂ ਦਾ ਕੇਂਦਰ ਸਰਕਾਰ ਨੇ ਹੱਲ ਨਹੀਂ ਕੀਤਾ ਹੈ। ਅੰਬਾਲਾ ਤੋਂ ਸਿੰਘੂ ਬਾਰਡਰ ਤੱਕ ਕਿਸਾਨਾਂ ਦੇ ਮਾਰਚ ਦੀ ਅਗਵਾਈ ਕਰਨ ਤੋਂ ਪਹਿਲਾਂ ਉਨ੍ਹਾਂ ਕਿਹਾ, 'ਜਿਸ ਤਰ੍ਹਾਂ ਉਨ੍ਹਾਂ (ਭਾਜਪਾ) ਨੂੰ ਪੱਛਮੀ ਬੰਗਾਲ 'ਚ ਸੱਤਾ 'ਚ ਆਉਣ ਤੋਂ ਰੋਕਿਆ ਗਿਆ, ਉਸੇ ਤਰ੍ਹਾਂ ਮਿਸ਼ਨ ਯੂਪੀ ਹੋਵੇਗਾ ਅਤੇ ਭਾਜਪਾ ਦੀ ਹਾਰ ਯਕੀਨੀ ਬਣਾਈ ਜਾਵੇਗੀ।'

# ਕਰੋਨਾ ਦੀ ਦੂਜੀ ਲਹਿਰ ਦਾ ਖੇਤੀ ਸੈਕਟਰ 'ਤੇ ਨਹੀਂ ਪਏਗਾ ਅਸਰ: ਨੀਤੀ ਆਯੋਗ

**ਨਵੀਂ ਦਿੱਲੀ:** ਨੀਤੀ ਆਯੋਗ ਮੈਂਬਰ (ਖੇਤੀਬਾੜੀ) ਰਮੇਸ਼ ਚੰਦ ਨੇ ਕਿਹਾ ਕਿ ਕੋਵਿਡ-19 ਦੀ ਦੂਜੀ ਲਹਿਰ ਕਿਸੇ ਵੀ ਢੰਗ ਨਾਲ ਭਾਰਤ ਦੇ ਖੇਤੀਬਾੜੀ ਸੈਕਟਰ ਨੂੰ ਅਸਰਅੰਦਾਜ਼ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਭਾਰਤ ਨੂੰ ਖਰੀਦ ਤੇ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਨੀਤੀਆਂ ਨੂੰ ਦਾਲਾਂ ਦੇ ਪੱਖ ਵਿਚ ਬਣਾਉਣ ਦੀ ਲੋੜ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਵਿਚ ਖੇਤੀ ਨੂੰ ਦਿੱਤੀ ਜਾਂਦੀ ਸਬਸਿਡੀ, ਕੀਮਤ ਤੇ ਤਕਨੀਕ ਕਾਫੀ ਹੱਦ ਤੱਕ ਝੋਨੇ, ਕਣਕ ਤੇ ਗੰਨੇ ਦੇ ਹੱਕ ਵਿਚ ਹੈ। ਉਨ੍ਹਾਂ ਕਿਹਾ ਕਿ ਖੇਤੀ ਖੇਤਰ ਦੀ ਵਿਕਾਸ ਦਰ 2021-22 'ਚ ਤਿੰਨ ਫੀਸਦ ਤੋਂ ਵੱਧ ਰਹੇਗੀ। ਰਮੇਸ਼ ਚੰਦ ਨੇ ਕਿਹਾ ਕਿ ਪੇਂਡੂ ਇਲਾਕਿਆਂ ਵਿੱਚ ਮਈ ਮਹੀਨੇ 'ਚ ਕਰੋਨਾ ਵਾਇਰਸ ਮਹਾਮਾਰੀ ਫੈਲੀ, ਜਿਸ ਦੌਰਾਨ ਖੇਤੀ ਸਬੰਧੀ ਗਤੀਵਿਧੀਆਂ ਬਹੁਤ ਹੀ ਘੱਟ ਸਨ। ਉਨ੍ਹਾਂ ਕਿਹਾ ਕਿ ਪੇਂਡੂ ਇਲਾਕਿਆਂ ਵਿੱਚ ਮਈ ਮਹੀਨੇ ਵਿੱਚ ਕੋਵਿਡ-19 ਦੇ ਕੇਸ ਵਧਣੇ ਸ਼ੁਰੂ ਹੋਏ ਸਨ। ਮਈ ਵਿਚ ਕਾਫੀ ਗਰਮੀ ਹੁੰਦੀ ਹੈ ਤੇ ਕੁਝ ਸਬਜ਼ੀਆਂ ਤੇ ਬੇਮੌਸਮੀ ਫਸਲਾਂ ਤੋਂ ਬਿਨਾਂ ਨਾ ਤਾਂ ਕੋਈ ਫਸਲ ਬੀਜੀ ਜਾਂਦੀ ਹੈ ਤੇ ਨਾ ਹੀ ਕਿਸੇ ਫਸਲ ਦੀ ਵਾਢੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰੀ ਇਲਾਕਿਆਂ ਵਿੱਚ ਕਰੋਨਾ ਦੇ ਕੇਸ ਵਧਣ ਕਾਰਨ ਲੇਬਰ ਪਿੰਡਾਂ ਵਿੱਚ ਜਾ ਰਹੀ ਹੈ ਤੇ ਇਹ ਲੇਬਰ ਰੋਜ਼ੀ-ਰੋਟੀ ਕਮਾਉਣ ਲਈ ਖੇਤੀਬਾੜੀ ਸੈਕਟਰ ਲਈ ਕੰਮ ਕਰਨ ਦੀ ਇੱਛੁਕ ਹੈ।

ਉਨ੍ਹਾਂ ਤਰਕ ਦਿੰਦਿਆਂ ਕਿਹਾ ਕਿ ਸਬੂਤ ਵਜੋਂ ਖੇਤੀਬਾੜੀ ਸਬੰਧੀ ਮਾਰਕੀਟ ਡੇਟਾ (ਅੰਕੜੇ) ਵੇਖ ਸਕਦੇ ਹੋ। ਹਰ ਥਾਂ ਖੇਤੀਬਾੜੀ ਸਬੰਧੀ ਬਾਜ਼ਾਰ ਆਮ ਵਾਂਗ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੈਕਟਰ ਤੋਂ ਮਿਲਣ ਵਾਲੀ ਆਮਦਨ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਪੇਂਡੂ ਇਲਕੇ ਵਿੱਚ ਨਾ ਚੱਲਣ ਵਾਲੀਆਂ ਸਿਰਫ ਕੁਝ ਸੇਵਾਵਾਂ ਦੇ ਮਾਮਲੇ ਵਿੱਚ ਦਿੱਕਤ ਆ ਰਹੀ ਹੈ।

ਉਨ੍ਹਾਂ ਕਿਹਾ, 'ਮੈਂ ਕਹਾਂਗਾ ਕਿ ਸਰਕਾਰ ਨੂੰ ਮਗਨਰੇਗਾ 'ਤੇ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।' ਇਹ ਪੁੱਛਣ 'ਤੇ ਕਿ ਭਾਰਤ ਦਾਲਾਂ ਦੇ ਉਤਪਾਦਨ ਵਿੱਚ ਸਵੈ-ਨਿਰਭਰ ਕਿਉਂ ਨਹੀਂ ਹੈ, ਉਨ੍ਹਾਂ ਕਿਹਾ ਕਿ ਸਿੰਜਾਈ ਹੇਠ ਦਾਲਾਂ ਦਾ ਖੇਤਰ ਵਧਾਉਣ ਦੀ ਲੋੜ ਹੈ ਅਤੇ ਇਸ ਨਾਲ ਉਤਪਾਦਨ ਤੇ ਕੀਮਤਾਂ ਵਿਚ ਸਥਿਰਤਾ 'ਚ ਵੱਡਾ ਫਰਕ ਪਏਗਾ। ਉਨ੍ਹਾਂ ਕਿਹਾ, ''ਮੇਰਾ ਪੱਕਾ ਵਿਸ਼ਵਾਸ ਹੈ ਕਿ ਤਕਨਾਲੋਜੀ ਪੱਖੋਂ ਸਾਨੂੰ ਦਾਲਾਂ ਦੇ ਪੱਖ 'ਚ ਖਰੀਦ 'ਤੇ ਐਮ.ਐਸ.ਪੀ. ਤੈਅ ਕਰਨੀ ਚਾਹੀਦੀ ਹੈ।'

## ਪੰਜਾਬ ਦੇ ਕਿਸਾਨ ਝੋਨੇ ਦਾ ਖਹਿੜਾ ਛੱਡਣ: ਜੌਹਲ

**ਜਲੰਧਰ:** ਦੇਸ਼ ਦੇ ਨਾਮਵਰ ਅਰਥ-ਸ਼ਾਸਤਰੀ ਤੇ ਖੇਤੀਬਾੜੀ ਮਾਮਲਿਆਂ ਦੇ ਮਾਹਿਰ ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਪੰਜਾਬ ਦੇ ਖੇਤੀ ਸੈਕਟਰ ਨੂੰ ਬਚਾਉਣਾ ਹੈ ਤਾਂ ਝੋਨੇ ਦਾ ਖਹਿੜਾ ਛੱਡਣਾ ਪਵੇਗਾ। ਉਨ੍ਹਾਂ ਝੋਨੇ ਦਾ ਬਦਲ ਦੱਸਦਿਆਂ ਕਿਹਾ ਕਿ ਦਾਲਾਂ, ਕਪਾਹ ਤੇ ਤੇਲ ਬੀਜਾਂ ਵੱਲ ਕਿਸਾਨਾਂ ਨੂੰ ਪਰਤਣਾ ਪਵੇਗਾ ਤਦ ਹੀ ਪੰਜਾਬ ਦੇ ਪਾਣੀਆਂ ਤੇ ਜ਼ਮੀਨ ਨੂੰ ਬਚਾਇਆ ਜਾ ਸਕਦਾ।

# ਕਿਸਾਨਾਂ ਵੱਲੋਂ ਪਿੰਡਾਂ 'ਚ ਭਾਜਪਾ ਖਿਲਾਫ ਤਿੱਖੀ ਲਾਮਬੰਦੀ



**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਭਾਰਤੀ ਜਨਤਾ ਪਾਰਟੀ ਖ਼ਿਲਾਫ਼ ਪਿੰਡਾਂ ਵਿਚ ਲਾਮਬੰਦੀ ਮੁਹਿੰਮ ਭਖਾ ਦਿੱਤੀ ਹੈ। ਸੰਯੁਕਤ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ, ਬਿਜਲੀ ਸੋਧ ਬਿੱਲ-2020 ਅਤੇ ਪਰਾਲੀ ਆਰਡੀਨੈਂਸ ਨੂੰ ਰੱਦ ਕਰਵਾਉਣ ਲਈ ਕਿਸਾਨ ਜਥੇਬੰਦੀਆਂ ਹਰ ਰੋਜ਼ 150-200 ਪਿੰਡਾਂ ਵਿਚ ਮੀਟਿੰਗਾਂ ਕਰ ਕੇ ਕਿਸਾਨਾਂ ਨੂੰ ਜਥੇਬੰਦਕ ਸੰਘਰਸ਼ ਲਈ ਲਾਮਬੰਦ ਕਰ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਸੰਘਰਸ਼ੀ ਅਖਾੜਿਆਂ 'ਤੇ ਔਰਤਾਂ ਅਤੇ ਨੌਜਵਾਨਾਂ ਦੀ ਵੱਡੀ ਸ਼ਮੂਲੀਅਤ ਲਗਾਤਾਰ ਜਾਰੀ ਹੈ ਤੇ ਭਰਾਤਰੀ ਜਥੇਬੰਦੀਆਂ ਵਜੋਂ ਮਜ਼ਦੂਰ, ਨੌਜਵਾਨ, ਵਿਦਿਆਰਥੀਆਂ, ਮੁਲਾਜ਼ਮ, ਸਾਹਿਤਕਾਰ, ਰੰਗਕਰਮੀਆਂ, ਵਪਾਰੀਆਂ ਅਤੇ ਟਰਾਂਸਪੋਰਟਰਾਂ ਵੱਲੋਂ ਵੀ ਬਣਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਪੰਜਾਬ ਭਰ ਵਿਚ 108 ਥਾਵਾਂ ਜਿਵੇਂ ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ ਅਤੇ ਅਡਾਨੀਆਂ ਦੀ ਖੁਸ਼ਕ ਬੰਦਰਗਾਹ ਸਮੇਤ ਭਾਜਪਾ ਆਗੂਆਂ ਦੇ ਘਰਾਂ ਅੱਗੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ 'ਸੰਪੂਰਨ ਕ੍ਰਾਂਤੀ ਦਿਹਾੜਾ' ਭਾਜਪਾ ਦੇ ਸਿਆਸੀ ਅੰਤ ਦਾ ਕਾਰਨ ਬਣੇਗਾ।

ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ, ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ 500 ਦੇ ਕਰੀਬ ਕਿਸਾਨਾਂ ਦੀਆਂ ਸ਼ਹਾਦਤਾਂ ਮਗਰੋਂ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੱਲਬਾਤ ਲਈ ਅੱਗੇ ਨਾ ਆਉਣਾ ਸਾਬਤ ਕਰਦਾ ਹੈ ਕਿ ਉਹ ਪੂੰਜੀਪਤੀ ਘਰਾਣਿਆਂ ਦੇ ਹਿੱਤਾਂ ਲਈ ਫਿਕਰਮੰਦ ਹਨ।

ਆਗੂਆਂ ਨੇ ਕਿਹਾ ਕਿ ਕੇਂਦਰ ਵੱਲੋਂ ਕਿਸਾਨ ਮੋਰਚਿਆਂ ਨੂੰ ਕਰੋਨਾ ਸਰਕਾਰ ਫੈਲਾਉਣ ਦੇ ਕੇਂਦਰਾਂ ਵਜੋਂ ਪ੍ਰਚਾਰਨ ਦੀਆਂ ਨਾਪਾਕ ਕੋਸ਼ਿਸ਼ਾਂ ਹੋ ਰਹੀਆਂ ਹਨ ਅਤੇ ਇਸ ਪ੍ਰਚਾਰ ਰਾਹੀਂ ਸੰਘਰਸ਼ ਨੂੰ ਦਬਾਉਣ ਦੇ ਵਾਰ-ਵਾਰ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਭਾਜਪਾ ਦੀ ਖੋਟੀ ਨੀਅਤ ਨੂੰ ਭਾਂਪਦਿਆਂ ਦਿਖਾਈ ਜਾ ਰਹੀ ਚੌਕਸੀ ਤੇ ਲਾਮਬੰਦੀ ਬਰਕਰਾਰ ਰੱਖਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਹੀ ਮੰਦੇ ਮਨਸੂਬਿਆਂ ਮੂਹਰੇ ਅੜਿੱਕੇ ਹਨ।

## ਭਾਜਪਾ ਦੀਆਂ ਸਾਜ਼ਿਸ਼ਾਂ ਤੋਂ ਸੁਚੇਤ ਰਹਿਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਭਾਰਤੀ ਜਨਤਾ ਪਾਰਟੀ 'ਤੇ ਸੂਬੇ ਦੇ ਲੋਕਾਂ ਨੂੰ ਫਿਰਕੂ ਆਧਾਰ 'ਤੇ ਵੰਡਣ ਦੇ ਦੋਸ਼ ਲਾਏ ਹਨ। ਸੂਬੇ ਵਿਚ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਜਨਤਕ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਭਾਜਪਾ ਪੰਜਾਬ ਵਿਚ ਵੀ ਜਾਤੀਵਾਦ ਦਾ ਪੱਤਾ ਖੇਡਣਾ ਚਾਹੁੰਦੀ ਹੈ, ਜਿਸ ਤੋਂ ਕਿਸਾਨਾਂ, ਮਜ਼ਦੂਰਾਂ ਤੇ ਦਲਿਤਾਂ ਨੂੰ ਸੁਚੇਤ ਰਹਿਣ ਦਾ ਲੋੜ ਹੈ। ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਭਾਜਪਾ ਦਾ ਅੰਤ ਆ ਗਿਆ ਹੈ।

# ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦੇ ਮੁੱਦੇ ਉਤੇ ਸਰਕਾਰ ਦੀ ਘੇਰਾਬੰਦੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਘਰ-ਘਰ ਨੌਕਰੀ ਦਾ ਵਾਅਦਾ ਕਰਕੇ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਤੋਂ ਨਰਾਜ਼ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਚੰਡੀਗੜ੍ਹ ਵਿਚ ਮੁੱਖ ਮੰਤਰੀ ਦੀ ਰਿਹਾਇਸ਼ ਮੂਹਰੇ ਧਰਨਾ ਦਿੱਤਾ। ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ। ਇਸ ਮੌਕੇ ਵਿਧਾਇਕ ਮੀਤ ਹੇਅਰ, ਕੁਲਤਾਰ ਸਿੰਘ ਸੰਧਵਾਂ, ਪ੍ਰਿੰਸੀਪਲ ਬੁੱਧ ਰਾਮ, ਅਨਮੋਲ ਗਗਨ ਮਾਨ ਸਣੇ ਹੋਰ ਆਗੂ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਕੈਪਟਨ ਨੇ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਵਿਚੋਂ ਇਕ ਵੀ ਪੂਰਾ ਨਹੀਂ ਕੀਤਾ।

ਇਸੇ ਤਰ੍ਹਾਂ ਫਰੀਡਮ ਫਾਈਟਰ ਉਤਰਾਅਧਿਕਾਰੀ ਜਥੇਬੰਦੀ ਪੰਜਾਬ ਨੇ ਕੈਪਟਨ ਸਰਕਾਰ ਵੱਲੋਂ ਦੋ ਕਾਂਗਰਸੀ ਵਿਧਾਇਕਾਂ ਦੇ ਪੁੱਤਰਾਂ ਨੂੰ ਦਿੱਤੀ ਜਾ ਰਹੀ ਨੌਕਰੀ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਘਰ-ਘਰ ਨੌਕਰੀ ਦੇਣ ਕੀਤੇ ਵਾਅਦੇ ਤੋਂ ਭੱਜੀ ਕਾਂਗਰਸ ਹੁਣ ਆਪਣੀ ਹੀ ਪਾਰਟੀ ਦੇ ਅਮੀਰ ਪਰਿਵਾਰਾਂ ਦੇ ਨੌਜਵਾਨਾਂ ਨੂੰ ਉਚ ਅਹੁਦੇ ਨਿਵਾਜ ਕੇ ਕਿਹੜਾ ਵਾਅਦਾ ਪੂਰਾ ਕਰ ਰਹੀ ਹੈ।



ਜਥੇਬੰਦੀ ਦੇ ਸੂਬਾ ਪ੍ਰਧਾਨ ਹਰਿੰਦਰਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਕਾਂਗਰਸੀ ਪਰਿਵਾਰਾਂ 'ਤੇ ਤਰਸ ਕਰਨ ਵਾਲੀ ਕੈਪਟਨ ਸਰਕਾਰ ਨੂੰ ਦੇਸ਼ ਆਜ਼ਾਦ ਕਰਾਉਣ ਵਾਲਿਆਂ ਦੇ ਪਰਿਵਾਰਾਂ 'ਤੇ ਕਦੋਂ ਤਰਸ ਆਵੇਗਾ। ਸ੍ਰੀ ਖਾਲਸਾ ਨੇ ਕਿਹਾ ਕਿ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਆਪਣੇ ਹੱਕ ਲੈਣ ਲਈ ਧਰਨੇ ਮੁਜ਼ਾਹਰੇ ਕਰਨੇ ਪੈਂਦੇ ਹਨ ਅਤੇ ਦੋ ਵਕਤ ਦੀ ਰੋਟੀ ਲਈ ਜੱਦੋ-ਜਹਿਦ ਕਰਨੀ ਪੈਂਦੀ ਹੈ ਪਰ ਕਰੋੜਾਂ ਰੁਪਏ ਦੇ ਕਾਰੋਬਾਰ ਵਾਲੇ ਸਿਆਸੀ ਲੀਡਰਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਨਾਲ ਨਿਵਾਜਿਆ ਜਾਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਦੇਸ਼ ਭਗਤਾਂ ਦੇ ਪਰਿਵਾਰਾਂ ਨਾਲ ਵਿਤਕਰਾ ਹੋ ਰਿਹਾ ਹੈ।

ਸ੍ਰੀ ਖਾਲਸਾ ਨੇ ਕਿਹਾ ਕਿ ਪੰਜਾਬ ਦੇ ਬੇਰੁਜ਼ਗਾਰ ਮਹੀਨਿਆਂ ਬੱਧੀ ਪੱਕੇ ਮੋਰਚੇ ਲਗਾ ਕੇ ਸੜਕਾਂ 'ਤੇ ਰੁਲ ਰਹੇ ਹਨ ਅਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਟਾਵਰਾਂ 'ਤੇ ਚੜ੍ਹ ਕੇ ਸੰਘਰਸ਼ ਕਰਦੇ ਹਨ ਪਰ ਸਰਕਾਰ ਨੂੰ ਕੋਈ ਤਰਸ ਨਹੀਂ ਆਉਂਦਾ। ਨੌਕਰੀਆਂ ਦੇਣੀਆਂ ਤਾਂ ਦੂਰ ਦੀ ਗੱਲ, ਬੇਰੁਜ਼ਗਾਰਾਂ ਦੀ ਗੱਲ ਨਹੀਂ ਸੁਣੀ ਜਾਂਦੀ। ਜਦੋਂ ਕਿ ਦੂਜੇ ਪਾਸੇ ਆਪਣੀ ਪਾਰਟੀ ਦੇ ਪਰਿਵਾਰਾਂ ਦੇ ਲੜਕਿਆਂ ਨੂੰ ਕਾਨੂੰਨਾਂ ਦੀ ਉਲੰਘਣਾ ਕਰਕੇ ਨੌਕਰੀਆਂ ਨਾਲ ਨਿਵਾਜਿਆ ਜਾ ਰਿਹਾ ਹੈ।

ਉਨ੍ਹਾਂ ਸਰਕਾਰ ਨੂੰ ਸੁਝਾਅ ਦਿੰਦਿਆਂ ਕਿਹਾ ਕਿ ਜੇਕਰ ਸਰਕਾਰਾਂ ਵਾਕਿਆ ਹੀ ਘਰ-ਘਰ ਨੌਕਰੀ ਪ੍ਰਤੀ ਫਿਕਰਮੰਦ ਹਨ ਤਾਂ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਜਾਵੇ ਕਿ ਪਤੀ-ਪਤਨੀ 'ਚੋਂ ਇਕ ਨੂੰ ਨੌਕਰੀ ਕਰਨ ਦਾ ਅਧਿਕਾਰ ਹੋਵੇ, ਨੌਕਰੀ ਕਰਨ ਵਾਲੇ ਦੀ ਤਨਖਾਹ 40 ਹਜ਼ਾਰ ਤੋਂ ਵੱਧ ਨਾ ਹੋਵੇ, ਸਿਆਸੀ ਲੀਡਰਾਂ ਦੀ ਪੈਨਸ਼ਨ ਬੰਦ ਕੀਤੀ ਜਾਵੇ ਕਿਉਂਕਿ ਉਹ ਲੋਕ ਸੇਵਾ ਲਈ ਵੋਟਾਂ ਮੰਗਦੇ ਹਨ, ਸਿਆਸੀ ਲੀਡਰਾਂ ਦੇ ਬੱਚਿਆਂ ਦੀ ਪੜ੍ਹਾਈ ਸਰਕਾਰੀ ਸਕੂਲਾਂ ਵਿਚ ਯਕੀਨੀ ਬਣਾਈ ਜਾਵੇ ਅਤੇ ਸਰਕਾਰੀ ਹਸਪਤਾਲਾਂ ਵਿਚ ਹੀ ਇਨ੍ਹਾਂ ਦਾ ਇਲਾਜ ਹੋਵੇ, ਪ੍ਰਾਈਵੇਟ ਹਸਪਤਾਲਾਂ ਦੇ ਬਿਲ ਸਰਕਾਰੀ ਖ਼ਜ਼ਾਨੇ ਵਿਚੋਂ ਪਾਸ ਕਰਨ 'ਤੇ ਪਾਬੰਦੀ ਲਗਾਈ ਜਾਵੇ।

# ਯੋਗੀ ਆਦਿਤਿਆਨਾਥ ਭਾਜਪਾ ਲਈ ਮਜਬੂਰੀ ਬਣਿਆ

**ਅਭੈ ਕੁਮਾਰ ਦੂਬੇ**

ਉੱਤਰ ਪ੍ਰਦੇਸ਼ ਦੀ ਰਾਜਨੀਤੀ ਹਮੇਸ਼ਾ ਤੋਂ ਆਕਾਰ ਵਿਚ ਵੱਡੀ ਅਤੇ ਢਾਂਚੇ ਵਿਚ ਪੇਚੀਦਾ ਤੇ ਅਸਥਿਰ ਰਹੀ ਹੈ। 2017 ਵਿਚ ਸਵਾ ਤਿੰਨ ਸੌ ਸੀਟਾਂ ਜਿੱਤਣ ਤੋਂ ਬਾਅਦ ਅਜਿਹਾ ਲੱਗਣ ਲੱਗਾ ਸੀ ਕਿ ਹੁਣ ਭਾਰਤੀ ਜਨਤਾ ਪਾਰਟੀ ਆਪਣੀ ਅਗਵਾਈ ਵਿਚ ਇਸ ਦੀ ਪੇਚੀਦਗੀ ਨੂੰ ਘਟਾ ਕੇ ਅਸਥਿਰਤਾ ਨੂੰ ਸਥਿਰਤਾ ਵਿਚ ਬਦਲ ਦੇਵੇਗੀ। ਅਜਿਹਾ ਸੋਚਣ ਦਾ ਕਾਰਨ ਸੀ। 2017 ਦੀਆਂ ਚੋਣਾਂ 2014 ਦੀਆਂ ਲੋਕ ਸਭਾ ਚੋਣਾਂ ਦੀ ਜਿੱਤ ਦੀ ਰੌਸ਼ਨੀ ਵਿਚ ਹੋਈਆਂ ਸਨ। ਉਸ ਤੋਂ ਬਾਅਦ 2019 ਦੀਆਂ ਚੋਣਾਂ ਵਿਚ ਵੀ ਭਾਜਪਾ ਨੂੰ ਜ਼ੋਰਦਾਰ ਜਿੱਤ ਮਿਲੀ; ਭਾਵ, ਲਗਾਤਾਰ ਤਿੰਨ ਚੋਣਾਂ ਵਿਚ ਭਾਜਪਾ ਨੇ ਆਪਣੇ ਵਿਰੋਧੀਆਂ ਨੂੰ ਇਕਪਾਸੜ ਮਾਤ ਦਿੱਤੀ। ਵਿਰੋਧੀ ਇਕੱਲੇ-ਇਕੱਲੇ ਵੀ ਲੜੇ ਅਤੇ ਗੱਠਜੋੜ ਬਣਾ ਕੇ ਵੀ ਲੜੇ ਪਰ ਭਾਜਪਾ ਦੇ ਵਿਜੇ ਰਥ ਨੂੰ ਰੋਕ ਨਾ ਸਕੇ। ਇਸ ਵਿਜੇ ਰੱਥ ਦੇ ਪਹੀਏ 45 ਤੋਂ 50 ਫ਼ੀਸਦੀ ਪ੍ਰਬਲ ਹਿੰਦੂ ਰਾਜਨੀਤਕ ਏਕਤਾ ਨਾਲ ਬਣੇ ਸਨ।

ਇਸ ਏਕਤਾ ਵਿਚ ਉੱਚੀਆਂ ਜਾਤੀਆਂ ਦੀ ਜ਼ਬਰਦਸਤ ਭਾਗੀਦਾਰੀ ਸੀ। ਇਸ ਵਿਚ ਯਾਦਵਾਂ ਨੂੰ ਛੱਡ ਕੇ ਬਾਕੀ ਪਛੜੀਆਂ ਜਾਤੀਆਂ ਦਾ ਹਿੱਸਾ ਸੀ। ਜਾਟਵਾਂ ਨੂੰ ਛੱਡ ਕੇ ਬਾਕੀ ਦਲਿਤ ਜਾਤੀਆਂ ਨੇ ਵੀ ਯੋਗਦਾਨ ਪਾਇਆ ਸੀ। ਇਹ ਇਕ ਤਰ੍ਹਾਂ ਨਾਲ ਆਦਰਸ਼ ਸਥਿਤੀ ਸੀ। ਵਿਰੋਧੀ ਧਿਰ ਕਮਜ਼ੋਰ ਸੀ। ਕਾਂਗਰਸ ਸੂਬੇ ਵਿਚ ਆਧਾਰਹੀਣ ਹੋ ਚੁੱਕੀ ਸੀ। ਸਮਾਜਵਾਦੀ ਪਾਰਟੀ ਸਿਰਫ ਯਾਦਵਾਂ ਅਤੇ ਮੁਸਲਮਾਨਾਂ ਦੇ ਇਕ ਹਿੱਸੇ ਦੀ ਪਾਰਟੀ ਦੇ ਰੂਪ ਵਿਚ ਸਿਮਟ ਗਈ ਸੀ। ਬਹੁਜਨ ਸਮਾਜ ਪਾਰਟੀ 2012 ਦੀਆਂ ਚੋਣਾਂ ਹਾਰਨ ਤੋਂ ਬਾਅਦ ਲਗਾਤਾਰ ਆਪਣੇ ਲੋਕ ਆਧਾਰ ਵਿਚ ਗਿਰਾਵਟ ਦਾ ਸਾਹਮਣਾ ਕਰ ਰਹੀ ਸੀ ਪਰ ਇਹ ਦੇਖ ਕੇ ਕੁਝ ਹੈਰਾਨੀ ਹੁੰਦੀ ਹੈ ਕਿ ਆਪਣੇ ਪੱਖ ਵਿਚ ਪੂਰਾ ਮਾਹੌਲ ਅਤੇ ਸਾਰੇ ਪਹਿਲੂ ਹੋਣ ਤੋਂ ਬਾਅਦ ਭਾਜਪਾ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਜਿੱਤ ਸਬੰਧੀ ਆਤਮ-ਵਿਸ਼ਵਾਸ ਵਿਚ ਨਹੀਂ ਹੈ। ਉਹ ਇਕ ਰਣਨੀਤਕ ਗੁੰਝਲ ਵਿਚ ਫਸੀ ਹੋਈ ਹੈ। ਭਾਵੇਂ ਉਸ ਦੇ ਆਗੂ ਮੰਨਣ ਜਾਂ ਨਾ ਮੰਨਣ ਪਰ ਉਹ ਘਬਰਾਈ ਹੋਈ ਹੈ। ਦੋ ਮਈ ਨੂੰ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਜ਼ਬਰਦਸਤ ਹਾਰ ਨੇ ਰਾਜਸੀ ਸੰਕਟਾਂ ਦਾ ਪ੍ਰਬੰਧਨ ਕਰਨ ਦੀ ਉਸ ਦੀ ਸਮਰੱਥਾ ਦਾ ਕਾਫੀ ਨੁਕਸਾਨ ਕੀਤਾ ਹੈ। ਜੇਕਰ ਉਹ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨਾ ਜਿੱਤ ਸਕੀ ਤਾਂ ਉਸ ਦੇ ਰਾਜਸੀ ਗ੍ਰਾਫ ਨੂੰ ਹੇਠਾਂ ਜਾਣ ਤੋਂ ਕੋਈ ਨਹੀਂ ਰੋਕ ਸਕੇਗਾ।

ਭਾਜਪਾ ਦੀ ਇਸ ਅਨਿਸ਼ਚਿਤਤਾ ਦੇ ਕੇਂਦਰ ਵਿਚ ਯੋਗੀ ਅਦਿੱਤਿਆਨਾਥ ਦੀ ਸ਼ਖਸੀਅਤ ਹੈ। ਸਾਨੂੰ ਪਤਾ ਹੈ ਕਿ ਯੋਗੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀਆਂ ਕਤਾਰਾਂ ਵਿਚ ਨਹੀਂ ਆਉਂਦੇ। ਉਹ ਹਿੰਦੂਤਵਵਾਦੀ ਹਨ ਅਤੇ ਕਿਤੇ ਜ਼ਿਆਦਾ ਭੜਕਾਊ ਕਿਸਮ ਦੀ ਭਾਸ਼ਾ ਘੱਟ ਗਿਣਤੀਆਂ ਵਿਰੁੱਧ ਵਰਤਦੇ ਹਨ। ਮੌਖਿਕ ਹਿੰਸਾ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਰਹੀ ਹੈ। 2017 ਵਿਚ ਯੋਗੀ ਨੂੰ ਮੁੱਖ ਮੰਤਰੀ ਚੁਣਦੇ ਸਮੇਂ ਭਾਜਪਾ ਨੂੰ ਪਤਾ ਸੀ ਕਿ ਇਸ ਜ਼ਿੰਮੇਵਾਰੀ 'ਤੇ ਉਨ੍ਹਾਂ ਨੂੰ ਤੋਰਨਾ ਸੌਖਾ ਨਹੀਂ ਹੋਵੇਗਾ। ਫਿਰ ਵੀ ਉਸ ਨੇ ਚੋਣ ਪ੍ਰਚਾਰ ਵਿਚ ਉਸ ਨੂੰ ਸਟਾਰ ਪ੍ਰਚਾਰਕ ਬਣਾਇਆ, ਯੋਗੀ ਨੇ ਸਭ ਤੋਂ ਵੱਧ ਚੋਣ ਸਭਾਵਾਂ ਕੀਤੀਆਂ ਅਤੇ ਜਿੱਤ ਹਾਸਲ ਕਰਨ ਤੋਂ ਬਾਅਦ ਭਾਜਪਾ ਨੇ ਕੇਸ਼ਵ ਪ੍ਰਸਾਦ ਮੌਰਿਆ, ਮਨੋਜ ਸਿਨਹਾ ਅਤੇ ਰਾਜਨਾਥ ਸਿੰਘ ਤੋਂ ਉੱਤੇ ਉਨ੍ਹਾਂ ਨੂੰ ਤਰਜੀਹ ਦਿੱਤੀ। ਸ਼ਾਇਦ ਭਾਜਪਾ ਨੂੰ ਲੱਗਾ ਸੀ ਕਿ ਉਸ ਨੇ ਵੱਖ-ਵੱਖ ਜਾਤੀਆਂ ਦੀ ਜੋ ਹਿੰਦੂ ਏਕਤਾ ਬਣਾਈ ਹੈ, ਉਸ ਦੇ ਪ੍ਰਸ਼ਾਸਨਿਕ ਚਿਹਰੇ ਦੇ ਰੂਪ ਵਿਚ ਉਹ ਇਕ ਲੀਕ ਤੋਂ ਹਟ ਕੇ ਕੀਤੀ ਗਈ ਪਸੰਦ ਸਾਬਤ ਹੋ ਸਕਦੇ ਹਨ। ਸ਼ਰਤ ਇਹ ਸੀ ਕਿ ਉਹ ਆਪਣੀ ਬੋਲਬਾਣੀ 'ਤੇ ਲਗਾਮ ਰੱਖਣ। ਯੋਗੀ ਨੇ ਭਾਜਪਾ ਹਾਈਕਮਾਨ ਦੀ ਏਨੀ ਕੁ ਗੱਲ ਜ਼ਰੂਰ ਮੰਨੀ। ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਦੀ ਭੜਕਾਊ ਬਿਆਨਬਾਜ਼ੀ ਪਹਿਲਾਂ ਦੇ ਮੁਕਾਬਲੇ ਨਾਂਹ ਦੇ ਬਰਾਬਰ ਰਹਿ ਗਈ।

ਇਹ ਦੇਖ ਕੇ ਭਾਜਪਾ ਨੇ ਉਨ੍ਹਾਂ ਨੂੰ ਆਪਣੇ ਹੋਰ ਮੁੱਖ ਮੰਤਰੀਆਂ ਦੀ ਕਤਾਰ ਤੋਂ ਵੱਖ ਕਰਦਿਆਂ ਉਨ੍ਹਾਂ ਦੀ ਰਾਸ਼ਟਰੀ ਵਰਤੋਂ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੂੰ ਆਸਾਮ ਅਤੇ ਬੰਗਾਲ ਤੋਂ ਲੈ ਕੇ ਕਰਨਾਟਕ ਤੱਕ ਹਰ ਵਿਧਾਨ ਸਭਾ ਚੋਣ ਵਿਚ ਸਟਾਰ ਪ੍ਰਚਾਰਕ ਦੇ ਤੌਰ 'ਤੇ ਉਤਾਰਿਆ ਗਿਆ। ਇਸ ਦੇ ਪਿੱਛੇ ਰਣਨੀਤੀ ਸੀ। ਗੋਰਖਪੀਠ ਦੇ ਮਠਾਧੀਸ਼ ਹੋਣ ਦੇ ਨਾਤੇ ਯੋਗੀ ਦਾ ਨਾਂ ਸਾਰੇ ਦੇਸ਼ ਦੇ ਨਾਥਪੰਥੀਆਂ ਵਿਚ ਹੈ। ਨਾਥਪੰਥੀ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦੇਸ਼ ਦੇ ਸਾਰੇ ਕੋਨਿਆਂ ਵਿਚ ਫੈਲੇ ਹੋਏ ਹਨ। ਦੂਜਾ, ਨਾਥਪੰਥੀਆਂ ਵਿਚ ਕਮਜ਼ੋਰ ਜਾਤੀਆਂ ਦੇ ਲੋਕ ਕਾਫੀ ਵੱਡੀ ਗਿਣਤੀ ਵਿਚ ਹੁੰਦੇ ਹਨ। ਤੀਜਾ, ਇਕ ਭਗਵਾਂ ਭੇਖਧਾਰੀ ਅਤੇ ਸੰਨਿਆਸੀ ਜਦੋਂ ਮੰਚ 'ਤੇ ਦੇਸ਼ ਦੇ ਸਭ ਤੋਂ ਵੱਡੇ ਰਾਜ ਦੇ ਮੁੱਖ ਪ੍ਰਸ਼ਾਸਕ ਦੇ ਤੌਰ 'ਤੇ



ਹਿੰਦੂਤਵਵਾਦੀ ਭਾਸ਼ਾ ਬੋਲਦਾ ਹੈ ਤਾਂ ਭਾਜਪਾ ਦੇ ਲੋਕ ਆਧਾਰ ਅਤੇ ਉਸ ਵੱਲ ਖਿੱਚੇ ਜਾਣ ਵਾਲੀ ਜਨਤਾ ਨੂੰ ਫਿਰਕੂ ਖੁਰਾਕ ਮਿਲਦੀ ਹੈ। ਭਾਜਪਾ ਨੂੰ ਲੱਗਾ ਕਿ ਇਕ ਯੋਗੀ ਦੂਜੀਆਂ ਕਈ ਚੋਣਾਂ ਵਿਚ ਪ੍ਰਚਾਰ ਕਰ ਸਕਦਾ ਹੈ।

ਭਾਜਪਾ ਯੋਗੀ ਦੇ ਰਾਹੀਂ ਉੱਤਰ ਪ੍ਰਦੇਸ਼ ਦੀ ਰਾਜਨੀਤੀ ਅਤੇ ਪ੍ਰਸ਼ਾਸਨ ਨੂੰ ਦਿੱਲੀ ਦੇ ਪ੍ਰਧਾਨ ਮੰਤਰੀ ਦਫਤਰ ਵਿਚ ਬੈਠ ਕੇ ਕੰਟਰੋਲ ਕਰਨਾ ਚਾਹੁੰਦੀ ਸੀ। ਯੋਗੀ ਨੇ ਇਹ ਕੁਝ ਕਰਨ ਵੀ ਦਿੱਤਾ। ਆਰ.ਐਸ.ਐਸ. ਦੇ ਸੁਨੀਲ ਬੰਗਲ ਸੰਗਠਨ ਮੰਤਰੀ ਦੇ ਰੂਪ ਵਿਚ ਯੋਗੀ ਦਾ ਹੱਥ ਫੜ ਕੇ ਮਨਚਾਹੇ ਕੰਮ ਕਰਵਾਉਂਦੇ ਰਹੇ। ਅਫਸਰਾਂ ਦੀਆਂ ਬੈਠਕਾਂ ਵਿਚ ਯੋਗੀ ਅਤੇ ਉਹ ਨਾਲ-ਨਾਲ ਬੈਠਦੇ। ਦਿੱਲੀ ਵਿਚ ਪ੍ਰਧਾਨ ਮੰਤਰੀ ਦਫਤਰ ਅਤੇ ਲਖਨਊ ਵਿਚ ਮੁੱਖ ਮੰਤਰੀ ਦਫ਼ਤਰ, ਇਨ੍ਹਾਂ ਦੋਵਾਂ ਵਿਚ ਗੰਢਤੁੱਪ ਹੁੰਦੀ ਰਹੀ। ਇਸ ਨਾਲ ਸਰਕਾਰ 'ਤੇ ਅਫਸਰਸ਼ਾਹੀ ਦੀ ਪਕੜ ਵਧਦੀ ਗਈ। ਪ੍ਰਸ਼ਾਸਨ ਦਾ ਅਨੁਭਵ ਯੋਗੀ ਕੋਲ ਨਹੀਂ ਸੀ ਅਤੇ ਪ੍ਰਸ਼ਾਸਨ ਕਰਨ ਦੇ ਮਾਦੇ ਦਾ ਉਨ੍ਹਾਂ ਨੇ ਕਦੀ ਪ੍ਰਦਰਸ਼ਨ ਵੀ ਨਹੀਂ ਕੀਤਾ। ਉਹ ਤਾਂ ਭਾਸ਼ਨ ਦਿੰਦੇ ਸਨ, ਭਾਸ਼ਨ ਵਿਚ ਭੜਕਾਹਟ ਅਤੇ ਧਮਕੀ ਹੁੰਦੀ ਸੀ। ਇਸ ਤਰ੍ਹਾਂ ਕੁੱਲ ਮਿਲਾ ਕੇ ਉਨ੍ਹਾਂ ਦਾ ਅਕਸ ਅਜਿਹੇ ਅਕਸ ਵਾਲੇ ਮੁੱਖ ਮੰਤਰੀ ਦਾ ਬਣਦਾ ਗਿਆ। ਕਾਨੂੰਨ ਅਤੇ ਵਿਵਸਥਾ ਦਰੁਸਤ ਕਰਨ ਦੇ ਨਾਂ 'ਤੇ ਉਨ੍ਹਾਂ ਨੇ ਫਰਜ਼ੀ ਮੁਕਾਬਲਿਆਂ ਨੂੰ ਉਤਸ਼ਾਹਿਤ ਕੀਤਾ। ਸੂਬੇ ਦੇ ਉਦਯੋਗੀਕਰਨ ਨੂੰ ਉਤਸ਼ਾਹਿਤ ਕਰਨ ਵਾਲੀ ਕੁਸ਼ਲਤਾ ਉਨ੍ਹਾਂ ਕੋਲ ਹੈ ਹੀ ਨਹੀਂ ਸੀ। ਯੋਗੀ ਸਰਕਾਰ ਮੁਕਾਬਲਾ ਕਰਨ, ਐਫ.ਆਈ.ਆਰ. ਦਰਜ ਕਰਨ, ਗ੍ਰਿਫਤਾਰ ਕਰਨ, ਜੁਰਮਾਨਾ ਵਸੂਲਣ, ਮੀਡੀਆ ਦਾ ਦਮਨ ਕਰਨ ਅਤੇ ਕਿਸੇ ਦੀ ਪਰਵਾਹ ਨਾ ਕਰਨ ਵਾਲੀ ਸਰਕਾਰ ਦੇ ਰੂਪ ਵਿਚ ਉੱਭਰੀ।

ਉਹ ਉੱਤਰਾਖੰਡ ਦੇ ਇਕ ਰਾਜਪੂਤ ਪਰਿਵਾਰ ਨਾਲ ਸਬੰਧਿਤ ਹਨ ਅਤੇ ਗੋਰਖਪੀਠ ਦੇ ਮਹੰਤ ਹਨ, ਇਸ ਲਈ ਜਾਣੇ ਅਨਜਾਣੇ ਵਿਚ ਹੋਇਆ ਇਹ ਕਿ ਉੱਤਰ ਪ੍ਰਦੇਸ਼ ਵਿਚ ਖੱਤਰੀਆਂ ਦੀਆਂ ਰਾਜਸੀ ਇੱਛਾਵਾਂ ਯੋਗੀ ਦੇ ਸ਼ਾਸਨਕਾਲ ਵਿਚ ਵੱਡੀਆਂ ਹੁੰਦੀਆਂ ਗਈਆਂ। ਪ੍ਰਧਾਨ ਮੰਤਰੀ ਦਫ਼ਤਰ ਅਤੇ ਮੁੱਖ ਮੰਤਰੀ ਦਫ਼ਤਰ ਦੀ ਗੰਢਤੁੱਪ ਨੇ ਮੰਨ ਲਿਆ ਕਿ ਦੂਜੀਆਂ ਜਾਤਾਂ ਦੇ ਆਗੂਆਂ ਨੂੰ ਉਪ ਮੁੱਖ ਮੰਤਰੀ ਜਾਂ ਮੰਤਰੀ ਬਣਾ ਕੇ ਕੰਮ ਚਲਾਇਆ ਜਾ ਸਕਦਾ ਹੈ। ਯੋਗੀ ਸਰਕਾਰ ਦੇ ਕਾਰਜਕਾਲ ਵਿਚ ਨਾ ਤਾਂ ਉਪ ਮੁੱਖ ਮੰਤਰੀਆਂ ਦੇ ਕੋਲ, ਨਾ ਹੀ ਮੰਤਰੀਆਂ ਦੇ ਕੋਲ, ਨਾ ਹੀ ਵਿਧਾਇਕਾਂ ਦੇ ਕੋਲ ਅਤੇ ਨਾ ਹੀ ਸੂਬੇ ਦੇ ਸੰਸਦ ਮੈਂਬਰਾਂ ਕੋਲ ਕਰਨ ਲਈ ਕੁਝ ਅਜਿਹਾ ਰਹਿ ਗਿਆ ਸੀ ਜਿਸ ਨਾਲ ਉਹ ਚੋਣ ਮਨੋਰਥ ਪੱਤਰ ਵਿਚ ਲਿਖੇ ਵਾਅਦਿਆਂ ਨੂੰ ਪੂਰਾ ਕਰ ਸਕਣ ਵਿਚ ਕੋਈ ਯੋਗਦਾਨ ਪਾਉਂਦੇ। ਯੋਗੀ ਦੇ ਪੱਖ ਵਿਚ ਸਿਰਫ਼ ਇਕ ਗੱਲ ਜਾਂਦੀ ਹੈ, ਉਹ ਨਿੱਜੀ ਪੱਧਰ 'ਤੇ ਭ੍ਰਿਸ਼ਟ ਨਹੀਂ ਹਨ। ਅਜਿਹਾ ਕੋਈ ਇਲਜ਼ਾਮ ਉਨ੍ਹਾਂ 'ਤੇ ਨਹੀਂ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੇ ਖਾਤੇ ਵਿਚ ਇਕ ਦਰਜਨ ਉਪਲਬਧੀਆਂ ਵੀ ਨਹੀਂ ਹਨ ਜਿਨ੍ਹਾਂ ਦੇ ਆਧਾਰ 'ਤੇ ਭਾਜਪਾ ਦੁਬਾਰਾ ਸੱਤਾ ਵਿਚ ਆਉਣ ਦਾ ਦਾਅਵਾ ਕਰ ਸਕੇ। ਮੁੱਖ ਮੰਤਰੀ ਚੋਣਵੇਂ ਅਫਸਰਾਂ ਅਤੇ ਸਲਾਹਕਾਰਾਂ ਵਿਚ ਘਿਰੇ ਰਹੇ। ਹੌਲੀ-ਹੌਲੀ ਉਨ੍ਹਾਂ ਨੇ ਭਾਜਪਾ ਦੇ 60 ਫ਼ੀਸਦੀ ਤੋਂ ਜ਼ਿਆਦਾ ਵਿਧਾਇਕਾਂ ਦਾ ਸਮਰਥਨ ਗਵਾ ਲਿਆ। ਜਦੋਂ ਕੇਂਦਰ ਵਲੋਂ ਭੇਜੇ ਗਏ ਸਾਬਕਾ ਖੇਤੀ ਮੰਤਰੀ ਰਾਧਾਮੋਹਨ ਸਿੰਘ ਨੇ ਵਿਧਾਇਕਾਂ ਨਾਲ ਗੱਲਬਾਤ ਕੀਤੀ ਤਾਂ 64 ਫ਼ੀਸਦੀ ਵਿਧਾਇਕਾਂ ਨੇ ਕਿਹਾ ਕਿ ਯੋਗੀ ਦੇ ਚਿਹਰੇ 'ਤੇ ਚੋਣਾਂ ਨਹੀਂ ਲੜੀਆਂ ਜਾਣੀਆਂ ਚਾਹੀਦੀਆਂ ਪਰ 36 ਫ਼ੀਸਦੀ ਵਿਧਾਇਕਾਂ ਨੇ ਕਿਹਾ ਕਿ ਜੇਕਰ ਯੋਗੀ ਨੂੰ ਹਟਾਇਆ ਤਾਂ ਭਾਜਪਾ ਦੀ ਹਾਰ ਪੱਕੀ ਹੈ। ਜੇਕਰ ਦੇਖਿਆ ਜਾਵੇ ਤਾਂ ਹਾਈਕਮਾਨ ਨੂੰ 64 ਫ਼ੀਸਦੀ ਵਿਧਾਇਕਾਂ ਦੀ ਗੱਲ ਮੰਨਣੀ ਚਾਹੀਦੀ ਸੀ ਪਰ ਇਸ ਗੱਲਬਾਤ ਤੋਂ ਬਾਅਦ ਭਾਜਪਾ ਹਾਈਕਮਾਨ ਨੂੰ ਲੱਗ ਰਿਹਾ ਹੈ ਕਿ ਯੋਗੀ ਨੂੰ ਨਾ ਤਾਂ ਉਗਲਿਆ ਜਾ ਸਕਦਾ ਹੈ, ਨਾ ਹੀ ਨਿਗਲਿਆ ਜਾ ਸਕਦਾ ਹੈ।

ਜਿਵੇਂ-ਜਿਵੇਂ ਚੋਣਾਂ ਨਜ਼ਦੀਕ ਆਉਂਦੀਆਂ ਜਾ ਰਹੀਆਂ ਹਨ, ਯੋਗੀ ਆਪਣਾ ਉਹ ਚਿਹਰਾ ਵੀ ਦਿਖਾਉਣ ਲੱਗੇ ਹਨ ਜੋ ਹਾਈਕਮਾਨ ਨੂੰ ਆਗਿਆਕਾਰੀ ਨਹੀਂ ਲੱਗ ਰਿਹਾ। ਮਸਲਨ, ਪ੍ਰਧਾਨ ਮੰਤਰੀ ਦੇ ਖਾਸਮ-ਖਾਸ ਸਾਬਕਾ ਨੌਕਰਸ਼ਾਹ ਅਤੇ ਮੌਜੂਦਾ ਐਮ.ਐਲ.ਸੀ. ਏ.ਕੇ. ਸ਼ਰਮਾ ਨੂੰ ਯੋਗੀ ਨੇ ਮਿਲਣ ਦਾ ਸਮਾਂ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਤੀਜਾ ਉਪ ਮੁੱਖ ਮੰਤਰੀ ਬਣਾਉਣ ਲਈ ਤਾਂ ਉਹ ਬਿਲਕੁਲ ਰਾਜ਼ੀ ਨਹੀਂ ਹਨ। ਭਾਜਪਾ ਨੇ ਮਜਬੂਰਨ ਇਹ ਤਾਂ ਤੈਅ ਕਰ ਹੀ ਲਿਆ ਹੈ ਕਿ ਯੋਗੀ ਨੂੰ ਫਿਲਹਾਲ ਹਟਾਇਆ ਨਹੀਂ ਜਾਵੇਗਾ ਅਤੇ ਪਾਰਟੀ ਉਨ੍ਹਾਂ ਦੇ ਨਾਂ 'ਤੇ ਹੀ ਚੋਣਾਂ ਲੜੇਗੀ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਜਿਸ ਯੋਗੀ ਨੂੰ ਭਾਜਪਾ ਆਪਣੀ ਤਾਕਤ ਬਣਾਉਣਾ ਚਾਹੁੰਦੀ ਸੀ, ਉਹ ਹੁਣ ਉਸ ਦੀ ਮਜਬੂਰੀ ਬਣ ਕੇ ਰਹਿ ਗਏ ਹਨ।

# ਅਗਿਆਨਤਾ ਦਾ ਉਲਟਾ ਦੌਰ

**ਰਾਜੇਸ਼ ਰਾਮਚੰਦਰਨ**

ਕੋਵਿਡ ਦੀ ਤੀਜੀ ਲਹਿਰ ਆਉਣੀ ਤੈਅ ਹੈ ਪਰ ਇਕ ਮੁਲਕ ਦੇ ਨਾਤੇ ਅਸੀਂ ਇਹ ਨਹੀਂ ਜਾਣਦੇ ਕਿ ਇਹ ਭਾਰਤ ਵਾਸੀਆਂ ਨਾਲ ਕੀ ਕੁਝ ਕਰੇਗੀ: ਮੌਤਾਂ ਦੀ ਸੰਖਿਆ ਦੇ ਲਿਹਾਜ਼ ਤੋਂ ਬਦਤਰੀਨ ਆਫਤ ਹੋਵੇਗੀ, ਇਕ ਵਾਰ ਫਿਰ ਲੌਕਡਾਊਨ, ਭਾਵ ਸਭ ਕੰਮ ਧੰਦੇ ਬੰਦ ਹੋ ਜਾਣਗੇ ਅਤੇ ਅਰਥਚਾਰੇ ਦਾ ਸਾਹ-ਸਤ ਨਿਕਲ ਜਾਵੇਗਾ, ਮੁੜ-ਮੁੜ ਲਾਗ ਦਾ ਪਸਾਰ, ਵਾਇਰਸ ਦਾ ਤੀਜਾ ਰੂਪ ਪਹਿਲੇ ਦੋਹਾਂ ਨਾਲੋਂ ਹੋਰ ਜ਼ਿਆਦਾ ਘਾਤਕ ਹੋਵੇਗਾ ਜਾਂ ਫਿਰ ਸਹਿਦਾ ਜਿਹਾ ਹਮਲਾ ਹੋਵੇਗਾ? ਅਸਲ ਗੱਲ ਕੋਈ ਵੀ ਨਹੀਂ ਜਾਣਦਾ ਅਤੇ ਇਸੇ ਲਾਇਲਮੀ ਦੀ ਨਿਰਮਾਣਤਾ ਵਿਚੋਂ ਹੀ ਹੱਲ ਦਾ ਸਾਡਾ ਸਫਰ ਸ਼ੁਰੂ ਹੁੰਦਾ ਹੈ। ਜੇ ਵਿਸ਼ਵ ਗੁਰੂ ਬਣਨ ਦੇ ਦਾਅਵੇ ਦੂਜੀ ਲਹਿਰ ਦੇ ਹੰਢਾਏ ਸੰਤਾਪ ਦਾ ਕਾਰਨ ਬਣ ਗਏ ਸਨ ਤਾਂ ਫਿਰ ਗੰਗਾ ਵਿਚ ਤੈਰਦੀਆਂ ਲੋਥਾਂ ਦੀ ਯਾਦਾਸ਼ਤ ਸਾਨੂੰ ਤੀਜੀ ਲਹਿਰ ਦੀ ਤਿਆਰੀ ਵੀ ਕਰਵਾ ਦੇਵੇਗੀ।

ਸਖਤੀ ਦੇ ਲਿਹਾਜ਼ ਤੋਂ ਪਹਿਲੇ ਲੌਕਡਾਊਨ ਦੀ ਦੁਨੀਆ ਭਰ ਵਿਚ ਕਿਤੇ ਮਿਸਾਲ ਨਹੀਂ ਮਿਲਦੀ ਤੇ ਇਸ ਦੀ ਸਾਰੀ ਟੇਕ ਪੁਲਿਸ ਤੇ ਸੀ ਜੋ ਭੋਲੇ-ਭਾਲੇ ਨਾਗਰਿਕਾਂ, ਖਾਸਕਰ ਪਰਵਾਸੀ ਮਜ਼ਦੂਰਾਂ ਤੇ ਗਰੀਬੜੇ ਲੋਕਾਂ ਤੇ ਟੁੱਟ ਕੇ ਪੈ ਗਈ ਸੀ। ਕਈ ਤਾਂ ਪੁਲਿਸ ਦੀਆਂ ਵਧੀਕੀਆਂ ਤੋਂ ਬਚਣ ਲਈ ਰੇਲ ਪਟੜੀਆਂ 'ਤੇ ਕੱਟ ਕੇ ਮਰ ਗਏ ਸਨ। ਦੇਖਣ-ਪਾਖਣ ਨੂੰ ਇਹ ਲੌਕਡਾਊਨ ਬਹੁਤ ਸਫਲ ਰਿਹਾ ਸੀ, ਕਿਉਂਕਿ ਗੱਲ ਇਹ ਸੀ ਕਿ ਅਸੀਂ ਉਹੀ ਕੁਝ ਕੀਤਾ ਜਿਸ ਦੇ ਅਸੀਂ ਪੁੱਜ ਕੇ ਆਦੀ ਸਾਂ, ਭਾਵ ਕਿਸੇ ਜਟਿਲ ਟੀਚੇ ਦੀ ਪੂਰਤੀ ਲਈ ਮੱਧਯੁਗੀ ਡੰਡੇ ਦੀ ਬੇਤਹਾਸ਼ਾ ਵਰਤੋਂ। ਸਾਲ ਬਾਅਦ ਸਰਕਾਰਾਂ ਨੂੰ ਅਹਿਸਾਸ ਹੋਇਆ ਕਿ ਇਹ ਕੰਮ ਲਾਠੀਧਾਰੀ ਪੁਲਿਸ ਕਰਮੀਆਂ ਦੇ ਕਰਨ ਦਾ ਨਹੀਂ ਹੈ; ਅਸਲ ਕੰਮ ਤਾਂ ਹਸਪਤਾਲਾਂ ਦੇ ਬਿਸਤਰਿਆਂ, ਇੰਟੈਂਸਿਵ ਕੇਅਰ ਯੂਨਿਟਾਂ, ਆਕਸੀਜਨ ਦੀ ਸਪਲਾਈ, ਵੈਂਟੀਲੇਟਰਾਂ ਆਦਿ ਜਿਹੇ ਸਾਜ਼ੋ-ਸਾਮਾਨ ਦਾ ਪ੍ਰਬੰਧ ਕਰਨ ਦਾ ਹੈ। ਇਸ ਦਾ ਮਤਲਬ ਇਹ ਵੀ ਸੀ ਕਿ ਅਸੀਂ ਉਨ੍ਹਾਂ ਲੋਕਾਂ ਦੇ ਸਬੰਧ ਵਿਚ ਸੋਚ ਤੇ ਕਰਮ ਪੱਖੋਂ ਆਧੁਨਿਕ ਤੇ ਵਿਗਿਆਨਕ ਢੰਗ ਤਰੀਕੇ ਅਪਣਾਈਏ ਜੋ ਹੋਰਨਾਂ ਦੀ ਖਾਤਰ ਆਪਣੀਆਂ ਜਾਨਾਂ ਜੋਖਮ ਵਿਚ ਪਾਉਣ ਲਈ ਚੱਤੋ ਪਹਿਰ ਤਿਆਰ ਰਹਿੰਦੇ ਹਨ।

ਫਿਰ ਵੀ ਅਸੀਂ ਇਕ ਸਮਾਜ ਦੇ ਨਾਤੇ ਐਨ ਉਲਟ ਮੋੜਾ (ਯੂ-ਟਰਨ) ਲੈ ਲਿਆ। ਪਿਛਲੇ ਸਾਲ ਸਰਕਾਰ ਨੇ 'ਕਰੋਨਾ ਯੋਧਿਆਂ' ਦੀ ਪ੍ਰਸ਼ੰਸਾ ਵਿਚ ਮੁਲਕ ਭਰ ਵਿਚ ਥਾਲੀਆਂ ਦੇ ਖੜਕੇ ਦਾ ਪ੍ਰਬੰਧ ਕਰਵਾਇਆ ਸੀ ਪਰ ਐਤਕੀਂ ਜਦੋਂ ਮੌਤਾਂ ਦਾ ਗ੍ਰਾਫ ਵਧਣ ਲੱਗਿਆ ਤਾਂ ਸਰਕਾਰ ਦੇ ਉਹੀ ਚਹੇਤੇ ਭਗਵਾਂਧਾਰੀ ਬੰਦੇ ਡਾਕਟਰਾਂ ਤੇ ਨਰਸਾਂ ਨੂੰ ਘੜਕਾਉਂਦੇ ਵੀ ਨਜ਼ਰ ਆਏ। ਇਹ ਡਾਕਟਰ ਵੀ ਉਹੀ ਸਨ ਜਿਨ੍ਹਾਂ ਇਸ ਅਰਸੇ ਦੌਰਾਨ ਆਪਣਾ ਸਭ ਕੁਝ ਦਾਅ ਤੇ ਲਾਇਆ ਹੋਇਆ ਸੀ। ਭਾਜਪਾ ਅਤੇ ਸੰਘ ਪਰਿਵਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਮੁਦ ਕਦੀਮੀਂ ਤੋਂ ਪੇਂਡੂ ਸਮਾਜ ਦੀਆਂ ਬਦਜ਼ਨੀਆਂ ਤੇ ਬੇਚੈਨੀਆਂ ਦੀ ਚੋਖੀ ਫਸਲ ਵੱਢੀ ਸੀ ਤੇ ਇਸ ਦੌਰਾਨ ਮਜ਼ਹਬੀ ਕੱਟੜਤਾ ਦੇ ਪ੍ਰਤੀਕ ਖੜ੍ਹੇ ਕੀਤੇ ਸਨ। ਹੁਣ ਇਹ ਪ੍ਰਤੀਕ ਜਾਗ ਪਏ ਹਨ ਅਤੇ ਅਰਧ-ਆਧੁਨਿਕ ਸਮਾਜ ਨੂੰ ਆਧੁਨਿਕਤਾ ਵਿਰੋਧੀ ਸਮਾਜ ਬਣਨ ਲਈ ਮਜਬੂਰ ਕਰ ਰਹੇ ਹਨ।

ਜਾਪਦਾ ਹੈ ਕਿ ਕੋਵਿਡ ਦੇ ਇਨ੍ਹਾਂ ਭਿਅੰਕਰ ਸਮਿਆਂ ਦੌਰਾਨ ਅਸੀਂ ਨਿਰਬਲਤਾ ਤੇ ਮੁੜ੍ਹਮੱਤ ਭਰੇ ਸਮਾਜ ਤੋਂ ਅੱਤ ਦੇ ਵਿਗਿਆਨ ਵਿਰੋਧੀ ਸਮਾਜ ਬਣਨ ਦੇ ਸਫਰ ਤੇ ਚੱਲ ਪਏ ਹਾਂ। ਸਾਡੀਆਂ ਪ੍ਰਾਚੀਨ ਭਾਰਤੀ ਵਿਧੀਆਂ ਨੂੰ ਸਰਕਾਰੀ ਸਰਪ੍ਰਸਤੀ ਦੇਣ ਦੀਆਂ ਮਿਸਾਲਾਂ ਵਿਚ ਕੋਈ ਕਮੀ ਨਹੀਂ ਹੈ ਤੇ ਇਸ ਪ੍ਰਸੰਗ ਵਿਚ ਸਾਡੇ ਪਹਿਲੇ ਪ੍ਰਧਾਨ ਮੰਤਰੀ ਵਲੋਂ ਆਪਣੀ ਧੀ ਦੇ ਯੋਗ ਗੁਰੂ ਸਾਹਮਣੇ ਸੀਰਸ ਆਸਣ ਜਿਹਾ ਔਖਾ ਯੋਗ ਅਭਿਆਸ ਕਰਦਿਆਂ ਦੀ ਤਸਵੀਰ ਵੀ ਮਿਲਦੀ ਹੈ। ਹਾਲਾਂਕਿ ਪ੍ਰਾਚੀਨ ਭਾਰਤ ਤੇ ਫਖਰ ਦਾ ਅਹਿਸਾਸ ਆਈ.ਸੀ.ਯੂ. ਬੈੱਡ, ਪਾਈਪ ਵਾਲੀ ਆਕਸੀਜਨ ਸਪਲਾਈ ਜਾਂ ਕੋਵਿਡ ਮਰੀਜ਼ ਦੀ ਦੇਖ ਭਾਲ ਦੀ ਨਵੀਨਤਮ ਤਕਨੀਕ ਦਾ ਬਦਲ ਨਹੀਂ ਬਣ ਸਕਦਾ। ਕੇਂਦਰ ਸਰਕਾਰ ਜਾਣਕਾਰੀ ਦੀ ਸਭ ਤੋਂ ਵੱਡੀ ਪ੍ਰਸਾਰਕ ਹੈ ਤੇ ਆਪਣੀ ਸਰਕਾਰੀ ਹੈਸੀਅਤ ਵਿਚ ਇਹ ਬਾਕੀ ਸਾਰੇ ਹੋਰਨਾਂ ਆਜ਼ਾਦ ਸਮਾਚਾਰ ਅਦਾਰਿਆਂ ਤੇ ਭਾਰੂ ਪੈਂਦੀ ਹੈ। ਇਸ ਲਈ ਜਦੋਂ ਸਰਕਾਰ ਦਾ ਕੋਈ ਖਾਸਮਖਾਸ ਬੰਦਾ ਵਿਗਿਆਨ ਤੇ ਹਮਲਾ ਕਰਦਾ ਹੈ ਤਾਂ ਇਕ ਮਰੀਅਲ ਜਿਹਾ ਬਿਆਨ ਦੇਣ ਨਾਲ ਸਰਕਾਰ ਦੀ ਭਰੋਸੇਯੋਗਤਾ ਬਹਾਲ ਨਹੀਂ ਹੋ ਸਕਦੀ। ਉਸ ਸ਼ਖਸ ਖਿਲਾਫ ਕਾਨੂੰਨੀ ਕਾਰਵਾਈ ਕਰਨੀ ਪੈਣੀ ਸੀ ਜਾਂ ਘੱਟੋ-ਘੱਟ ਉਸ ਦੇ ਗੈਰ ਵਿਗਿਆਨਕ ਦਾਅਵਿਆਂ ਦੀ ਤਿੱਖੀ ਨੁਕਤਾਚੀਨੀ ਹੀ ਕੀਤੀ ਜਾਂਦੀ।

ਦਿਹਾਤੀ ਅਤੇ ਸ਼ਹਿਰੀ ਭਾਰਤ ਦੇ ਵਡੇਰੇ ਹਿੱਸਿਆਂ ਦਾ ਵੀ ਅਰਧ-ਆਧੁਨਿਕ ਬਣਨਾ ਕੋਈ ਆਪਣੀ ਮਰਜ਼ੀ ਦਾ ਸਵਾਲ ਨਹੀਂ ਸਗੋਂ ਇਹ ਸਾਡੇ ਬਸਤੀਵਾਦੀ ਇਤਿਹਾਸ ਦਾ ਬੋਝ ਹੈ- ਜਦੋਂ ਇਕ ਵਿਦੇਸ਼ੀ ਸਰਕਾਰ ਨੇ ਕਰੀਬ ਦੋ ਸਦੀਆਂ ਤੱਕ ਮੁਲਕ ਨੂੰ ਭੁੱਖਮਰੀ ਦੇ ਕੰਢੇ ਤੇ ਰੱਖਿਆ ਹੋਇਆ ਸੀ। ਆਧੁਨਿਕਤਾ ਵੱਲ ਸਾਡਾ ਸਫਰ ਬਹੁਤ ਮੱਠਾ ਹੈ ਜਦਕਿ ਅਸੀਂ ਪਛਾਣਾਂ ਦੇ ਕਲੇਸ਼ ਅਤੇ ਭਾਈਚਾਰਿਆਂ ਦੇ ਤ੍ਰਿਸਕਾਰ ਵਾਲੇ ਮਾਹੌਲ ਵਿਚ ਜੱਦੋਜਹਿਦ ਕਰਦੇ ਰਹੇ ਹਾਂ। ਇਕ ਔਸਤ ਭਾਰਤੀ ਨੂੰ ਰੂੜ੍ਹੀਆਂ, ਫਰਜ਼ੀ ਵਿਗਿਆਨ ਅਤੇ ਝਾੜ-ਤਵੀਤ ਤੋਂ ਮੁਕਤ ਹੋਣ ਲਈ ਅਜੇ ਲੰਮਾ ਸਮਾਂ ਲੱਗੇਗਾ। ਇਕ ਅਰਧ ਸਿੱਖਿਅਤ ਮਨ ਜ਼ਾਹਰਾ ਤੌਰ ਤੇ ਆਯੁਰਵੇਦ, ਸਿੱਧ ਅਤੇ ਯੂਨਾਨੀ ਵਿਧੀਆਂ ਦੀਆਂ ਅਸਲ ਖੂਬੀਆਂ ਅਤੇ ਜਾਅਲਸਾਜ਼ਾਂ ਦੇ ਫਰਜ਼ੀ ਦਾਅਵਿਆਂ ਵਿਚਕਾਰ ਫਰਕ ਨਹੀਂ ਕਰ ਸਕਦਾ। ਕਿਸੇ ਚਕਿਤਸਾ ਪ੍ਰਣਾਲੀ ਨੂੰ ਕਿਸੇ ਧਰਮ ਵਿਸ਼ੇਸ਼, ਵਿਚਾਰਧਾਰਾ ਜਾਂ ਸਿਆਸੀ ਇਕਾਈ ਨਾਲ ਜੋੜ ਕੇ ਦੇਖਣ ਦੀ ਲੋੜ ਨਹੀਂ ਸਗੋਂ ਇਸ ਦੇ ਸਮਕਾਲੀ ਵਿਗਿਆਨ ਦੀ ਕਸੌਟੀ ਤੇ ਖਰਾ ਉਤਰਨਾ ਹੀ ਕਾਫੀ ਹੁੰਦਾ ਹੈ, ਬਿਲਕੁਲ ਉਵੇਂ ਹੀ ਜਿਵੇਂ ਰਾਜੇਂਦਰ ਚੋਲਾ ਜਾਂ ਸ਼ਾਹ ਜਹਾਂ ਦੀਆਂ ਇਮਾਰਤਾਂ ਉਤਰਦੀਆਂ ਹਨ।

ਸੰਘ ਪਰਿਵਾਰ ਵਿਚ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਭਾਰਤ ਵਿਦੇਸ਼ੀ ਧਾੜਵੀਆਂ ਸਾਹਮਣੇ ਇਸ ਕਰ ਕੇ ਕਮਜ਼ੋਰ ਸਿੱਧ ਹੁੰਦਾ ਰਿਹਾ ਹੈ, ਕਿਉਂਕਿ ਭਾਰਤੀ ਆਪਣੇ ਦਰਮਿਆਨ ਮਨੋਰਥ ਤੇ ਪਛਾਣ ਦੀ ਸਾਂਝ ਨਹੀਂ ਪੈਦਾ ਕਰ ਸਕੇ ਸਨ ਪਰ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ ਕਿ ਅਸਲ ਵਿਚ ਭਾਰਤ ਉਦੋਂ ਕਮਜ਼ੋਰ ਪਿਆ ਜਦੋਂ ਸਾਡੀ ਵਿਗਿਆਨਕ ਮੱਸ ਜਵਾਬ ਦੇਣ ਲੱਗੀ ਸੀ ਤੇ ਵਿਗਿਆਨ ਦੀ ਥਾਂ ਅੰਧਵਿਸ਼ਵਾਸ ਨੇ ਲੈ ਲਈ, ਪੁਲਾੜ ਵਿਗਿਆਨ ਦੀ ਥਾਂ ਜੋਤਿਸ਼ ਵਿਦਿਆ ਆ ਗਈ, ਗਤੀਸ਼ੀਲਤਾ ਦੀ ਥਾਂ ਗੁਲਾਮੀ ਤੇ ਮੌਲਿਕਤਾ ਦੀ ਥਾਂ ਛੂਤ-ਛਾਤ ਨੇ ਲੈ ਲਈ ਸੀ। ਉਂਜ, ਫਿਰ ਵੀ ਅਸੀਂ ਕਾਫੀ ਪੈਂਡਾ ਤੈਅ ਕਰ ਲਿਆ ਹੈ ਤੇ ਵੈਕਸੀਨ ਦੀ ਪੈਦਾਵਾਰ ਪੱਖੋਂ ਆਤਮ-ਨਿਰਭਰ ਹੀ ਨਹੀਂ ਬਣੇ ਸਗੋਂ ਬਰਾਮਦ ਦੀ ਸਮਰੱਥਾ ਵੀ ਬਣਾ ਲਈ ਹੈ। ਰਾਮਦੇਵ ਵਰਗੇ ਵਪਾਰਕ ਮੁਫਾਦ ਵਾਲੇ ਲੋਕ ਸਾਨੂੰ ਪਿਛਾਂਹ ਨਹੀਂ ਖਿੱਚ ਸਕਦੇ ਤੇ ਆਪਣੇ ਗੈਰ-ਵਿਗਿਆਨਕ ਨੁਸਖੇ ਸਾਡੇ ਤੇ ਨਹੀਂ ਥੋਪ ਸਕਦੇ।

ਦਰਵਾਸ ਦੀ ਗੱਲ ਇਹ ਹੈ ਕਿ ਦਿੱਲੀ, ਮੁੰਬਈ ਅਤੇ ਕੁਝ ਹੋਰਨਾਂ ਥਾਵਾਂ ਤੇ ਸਰਕਾਰਾਂ ਨੇ ਸਬਕ ਲੈਂਦਿਆਂ ਸਿਹਤ ਸੰਭਾਲ ਦੇ ਢਾਂਚੇ ਵਿਚ ਸੁਧਾਰ ਲਿਆਂਦਾ ਹੈ ਪਰ ਸਾਨੂੰ ਆਪਣੇ ਹਾਕਮਾਂ ਨੂੰ ਜਵਾਬਦੇਹ ਬਣਾਉਣ ਵਾਸਤੇ ਮੁਕੰਮਲ ਤਬਦੀਲੀ ਲਿਆਉਣ ਦੀ ਲੋੜ ਹੈ। ਲੋਥਾਂ ਨਾਲ ਭਰੀਆਂ ਨਦੀਆਂ ਹੁਣ ਹੋਰ ਸਾਗਰ ਵਿਚ ਨਹੀਂ ਡਿੱਗਣੀਆਂ ਚਾਹੀਦੀਆਂ। ਮੁੱਖ ਮੰਤਰੀਆਂ ਨੂੰ ਕਿਸੇ ਦੂਜੀ ਪਾਰਟੀ ਦੇ ਦਲ-ਬਦਲੂਆਂ ਦੇ ਸਵਾਗਤ ਵਿਚ ਆਪਣਾ ਮਾਸਕ ਉਤਾਰਨ ਦੀ ਆਗਿਆ ਨਹੀਂ ਹੋਣੀ ਚਾਹੀਦੀ। ਪੰਜਾਬ, ਉਤਰਾਖੰਡ, ਉੱਤਰ ਪ੍ਰਦੇਸ਼ ਅਤੇ ਗੋਆ ਵਿਚ ਵਿਧਾਨ ਸਭਾਈ ਚੋਣਾਂ ਦਾ ਡੰਗਾ ਵੱਜਣ ਵਾਲਾ ਹੈ। ਸਿਆਸੀ ਰੈਲੀਆਂ ਤੇ ਧਾਰਮਿਕ ਸਮਾਰੋਹ ਨੇ ਹੀ ਕੋਵਿਡ ਦੀ ਦੂਜੀ ਲਹਿਰ ਖੜ੍ਹੀ ਕੀਤੀ ਸੀ ਅਤੇ ਇਸ ਕਿਸਮ ਦੇ ਤਮਾਸ਼ਿਆਂ ਨੂੰ ਇਕ ਵਾਰ ਫਿਰ ਮੁਲਕ ਦੀ ਸਿਹਤ ਅਤੇ ਸੰਪਦਾ ਨਾਲ ਖਿਲਵਾੜ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਜਿਹੜੇ ਲੋਕ ਆਈ.ਸੀ.ਯੂ. 'ਚ ਆਕਸੀਜਨ ਲਈ ਸਹਿਕ ਰਹੇ ਹਨ ਜਾਂ ਹਸਪਤਾਲ 'ਚ ਬੈੱਡ ਜਾਂ ਆਕਸੀਜਨ ਦਾ ਸਿਲੰਡਰ ਲੈਣ ਲਈ ਮਾਰੇ ਮਾਰੇ ਫਿਰ ਰਹੇ ਸਨ, ਉਨ੍ਹਾਂ ਲਈ ਅਜਿਹੇ ਸਿਆਸੀ ਤੇ ਧਾਰਮਿਕ ਆਡੰਬਰਾਂ ਦਾ ਕੋਈ ਮਤਲਬ ਨਹੀਂ। ਹੁਣ ਜਦੋਂ ਲੌਕਡਾਊਨ ਵਿਚ ਢਿੱਲ ਦਿੱਤੀ ਜਾ ਰਹੀ ਹੈ, ਟੀਕਾਕਰਨ ਮੁਹਿੰਮ ਜ਼ੋਰ ਫੜ ਰਹੀ ਹੈ ਤਾਂ ਸਰਕਾਰਾਂ ਨੂੰ ਅਪਰੈਲ-ਮਈ 2021 ਦੇ ਸਬਕ ਯਾਦ ਰੱਖਣੇ ਚਾਹੀਦੇ ਹਨ। ਵੱਡੀਆਂ ਵੱਡੀਆਂ ਸਿਆਸੀ ਰੈਲੀਆਂ ਦੇ ਦਿਨ ਲੱਦ ਗਏ ਹਨ ਪੁਜਾਰੀਆਂ ਅਤੇ ਸਿਆਸਤਦਾਨਾਂ ਨੂੰ ਸਾਡੀ ਆਤਮਾ ਨੂੰ ਝੁਲਕਾ ਦੇਣ ਦੇ ਨਾਂ ਹੋਰ ਮੂਰਖ ਬਣਾਉਣ ਦਾ ਮੌਕਾ ਨਾ ਦਿਓ - ਹੁਣ ਲੋੜ ਹੈ ਕਿ ਸਾਡੀਆਂ ਦੇਹਾਂ ਨੂੰ ਝੁਲਕਾ ਮਿਲੇ ਜੋ ਕੋਵਿਡ ਦੀ ਨਵੀਂ ਲਹਿਰ ਤੇ ਲੌਕਡਾਊਨ ਦੀ ਮਾਰ ਝੱਲਣ ਜੋਗੀਆਂ ਨਹੀਂ ਰਹੀਆਂ।

ਪੰਜਾਬ ਟਾਈਮਜ਼

ਸਨਿਚਰਵਾਰ, 12 ਜੂਨ 2021

## ਸਿਆਸੀ ਪਿੜ ਅਤੇ ਪਾਰਟੀਆਂ

ਅਗਲੇ ਸਾਲ ਪੰਜ ਰਾਜਾਂ- ਪੰਜਾਬ, ਉਤਰ ਪ੍ਰਦੇਸ਼, ਉਤਰਾਖੰਡ, ਮਨੀਪੁਰ ਤੇ ਗੋਆ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਕੌਮੀ ਅਤੇ ਸੂਬਾਈ ਪੱਖਾਂ ਤੋਂ ਪੰਜਾਬ, ਉਤਰ ਪ੍ਰਦੇਸ਼ ਅਤੇ ਉਤਰਾਖੰਡ ਦੀਆਂ ਚੋਣਾਂ ਅਹਿਮ ਮੰਨੀਆਂ ਜਾ ਰਹੀਆਂ ਹਨ। ਇਨ੍ਹਾਂ ਤਿੰਨਾਂ ਰਾਜਾਂ ਵਿਚੋਂ ਦੋ (ਉਤਰ ਪ੍ਰਦੇਸ਼ ਤੇ ਉਤਰਾਖੰਡ) ਵਿਚ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ ਅਤੇ ਪੰਜਾਬ ਵਿਚ ਸਰਕਾਰ ਦੀ ਅਗਵਾਈ ਕਾਂਗਰਸ ਦੀ ਕਮਾਨ ਹੇਠ ਹੈ। ਇਨ੍ਹਾਂ ਰਾਜਾਂ ਵਿਚ ਚੋਣਾਂ ਦੇ ਹਿਸਾਬ ਨਾਲ ਸਿਆਸੀ ਸਰਗਰਮੀਆਂ ਚਿਰੋਕਣੀਆਂ ਸ਼ੁਰੂ ਹੋ ਚੁੱਕੀਆਂ ਹਨ। ਕੌਮੀ ਸਿਆਸਤ ਦੇ ਪੱਖ ਤੋਂ ਸਿਆਸੀ ਵਿਸ਼ਲੇਸ਼ਕ ਉਤਰ ਪ੍ਰਦੇਸ਼ ਦੀਆਂ ਚੋਣਾਂ ਨੂੰ ਵਧੇਰੇ ਅਹਿਮੀਅਤ ਦੇ ਰਹੇ ਹਨ। ਪਿਛਲੀ ਵਾਰ 2017 ਵਿਚ ਭਾਰਤੀ ਜਨਤਾ ਪਾਰਟੀ ਨੇ ਉਥੇ ਦੋ-ਤਿਹਾਈ ਸੀਟਾਂ ਜਿੱਤ ਲਈਆਂ ਸਨ ਅਤੇ ਤਿੰਨਾਂ ਮੁੱਖ ਵਿਰੋਧੀ ਪਾਰਟੀਆਂ- ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਅਤੇ ਕਾਂਗਰਸ ਨੂੰ ਤਕੜੀ ਮਾਰ ਪਈ ਸੀ। ਮਗਰੋਂ 2019 ਵਾਲੀਆਂ ਲੋਕ ਸਭਾ ਚੋਣਾਂ ਭਾਵੇਂ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੇ ਰਲ ਕੇ ਲੜੀਆਂ ਪਰ ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਨੂੰ ਨੇੜੇ-ਤੇੜੇ ਵੀ ਨਾ ਲੱਗਣ ਦਿੱਤਾ। ਲੋਕ ਸਭਾ ਚੋਣਾਂ ਤੋਂ ਬਾਅਦ ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਅਤੇ ਬਹੁਜਨ ਸਮਾਜ ਪਾਰਟੀ ਦੀ ਆਗੂ ਮਾਇਆਵਤੀ ਵਿਚਕਾਰ ਮੱਤਭੇਦ ਵਧ ਗਏ। ਦੋਹਾਂ ਆਗੂਆਂ ਨੇ ਇਕ-ਦੂਜੇ ਉਤੇ ਬੇਵਸਾਹੀ ਦੇ ਦੋਸ਼ ਲਾਏ। ਇਸੇ ਦੌਰਾਨ, ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਉਤਰ ਪ੍ਰਦੇਸ਼ ਦੀ ਆਦਿੱਤਿਆਨਾਥ ਸਰਕਾਰ ਕੁਝ ਖਾਸ ਨਹੀਂ ਕਰ ਸਕੀ ਹੈ; ਉਪਰੋਂ ਆਦਿੱਤਿਆਨਾਥ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਚੱਲ ਰਹੀ ਠੰਢੀ ਜੰਗ ਨੇ ਇਸ ਸੂਬੇ ਦੀ ਸਿਆਸਤ ਹੁਣ ਵਾਹਵਾ ਮਘਾ ਦਿੱਤੀ ਹੈ। ਆਉਣ ਵਾਲੇ ਸਮੇਂ ਦੌਰਾਨ ਇਸ ਸੂਬੇ ਦੀਆਂ ਸਿਆਸੀ ਸਮੀਕਰਨਾਂ ਕੀ ਬਣਦੀਆਂ ਹਨ, ਉਸ ਨੇ ਸੂਬੇ ਹੀ ਨਹੀਂ, ਮੁਲਕ ਦੀ ਸਿਆਸਤ ਉਤੇ ਵੱਡਾ ਅਸਰ ਪਾਉਣਾ ਹੈ। ਪੱਛਮੀ ਬੰਗਾਲ ਵਿਚ ਹਾਰ ਤੋਂ ਬਾਅਦ ਉਤਰ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਲਈ ਵੱਕਾਰ ਦਾ ਸਵਾਲ ਬਣਿਆ ਹੋਇਆ ਹੈ। ਇਸ ਸੂਬੇ ਵਿਚ ਸਿਰਫ ਇਕ ਗੱਲ ਹੀ ਭਾਰਤੀ ਜਨਤਾ ਪਾਰਟੀ ਦੇ ਹੱਕ 'ਚ ਜਾਂਦੀ ਹੈ ਕਿ ਸਮੁੱਚੀ ਵਿਰੋਧੀ ਧਿਰ ਪਾਟੋ-ਧਾੜ ਹੈ।

ਪੰਜਾਬ ਵਿਚ ਹਾਲਾਤ ਬਿਲਕੁੱਲ ਵੱਖਰੇ ਹਨ। ਪੰਜਾਬ ਵਿਚ ਫਿਲਹਾਲ ਭਾਰਤੀ ਜਨਤਾ ਪਾਰਟੀ ਦੇ ਮੰਦੜੇ ਹਾਲ ਹਨ ਪਰ ਇਸ ਪਾਰਟੀ ਆਗੂ ਅਜੇ ਵੀ ਪੰਜਾਬ ਵਿਚ ਅਗਲੀ ਸਰਕਾਰ ਭਾਰਤੀ ਜਨਤਾ ਪਾਰਟੀ ਦੀ ਹੀ ਬਣਨ ਦੇ ਦਾਅਵੇ ਕਰ ਰਹੇ ਹਨ। ਅਸਲ ਵਿਚ ਇਸ ਪਾਰਟੀ ਦਾ ਸਾਰਾ ਦਾਰੋਮਦਾਰ ਹੋਰ ਪਾਰਟੀਆਂ ਤੋਂ ਆਉਣ ਵਾਲੇ ਆਗੂਆਂ ਅਤੇ ਦਲਿਤ ਸਮਾਜ ਦੀਆਂ ਵੋਟਾਂ ਉਤੇ 'ਤੇ ਹੈ। ਸਿਆਸੀ ਵਿਸ਼ਲੇਸ਼ਕ ਭਾਵੇਂ ਵਾਰ-ਵਾਰ ਕਹਿ ਰਹੇ ਹਨ ਕਿ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦਾ ਆਧਾਰ ਫੈਲਣਾ ਅਜੇ ਮੁਸ਼ਕਿਲ ਹੈ ਪਰ ਸਿਆਸੀ ਹਲਕਿਆਂ ਵਿਚ ਜਿਹੜੀ ਚਰਚਾ ਚੱਲ ਰਹੀ ਹੈ, ਉਹ ਸੂਬੇ ਵਿਚ ਹੋਰ ਪਾਰਟੀਆਂ- ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਨੂੰ ਧਿਆਨ ਵਿਚ ਰੱਖ ਕੇ ਚੱਲ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ 'ਆਪ' ਨੂੰ ਸਿਆਸੀ ਪਿੜ ਵਿਚ ਪੈਂਠ ਪਾਉਣ ਖਾਤਰ ਜੂਝਣਾ ਪੈ ਰਿਹਾ ਹੈ। ਉਧਰ, ਕਾਂਗਰਸ ਦੀ ਅੰਦਰੂਨੀ ਬਗਾਵਤ ਅਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਖਿਲਾਫ ਵਧ ਰਿਹਾ ਲੋਕ-ਰੋਹ ਕਾਰਨ ਸਿਆਸੀ ਸਮੀਕਰਨਾਂ ਨਿੱਤ ਦਿਨ ਬਦਲ ਰਹੀ ਹੈ। ਸੂਬੇ ਦੇ ਵੱਖ-ਵੱਖ ਤਬਕਿਆਂ ਨੇ ਸਰਕਾਰ ਖਿਲਾਫ ਧਰਨੇ-ਮੁਜ਼ਾਹਰੇ ਸ਼ੁਰੂ ਕਰ ਦਿੱਤੇ ਹਨ। ਅਸਲ ਵਿਚ, ਪੰਜਾਬ ਸਰਕਾਰ ਦੀ ਨਾਲਾਇਕੀ ਅਜੇ ਤੱਕ ਕਿਸਾਨ ਅੰਦੋਲਨ ਕਾਰਨ ਲੁਕੀ ਹੋਈ ਸੀ, ਕਿਉਂਕਿ ਸੂਬੇ ਦੇ ਜ਼ਿਆਦਾਤਰ ਲੋਕਾਂ ਦਾ ਧਿਆਨ ਕਿਸਾਨ ਅੰਦੋਲਨ ਵੱਲ ਸੀ ਅਤੇ ਬਹੁਤੀਆਂ ਸਰਗਰਮੀਆਂ ਇਸ ਮੁਤਾਬਿਕ ਹੀ ਹੋ ਰਹੀਆਂ ਸਨ। ਕਿਸਾਨ ਅੰਦੋਲਨ ਦੌਰਾਨ ਸੂਬੇ ਅੰਦਰ ਸਿਆਸੀ ਸਰਗਰਮੀ ਤਾਂ ਕਰੀਬ ਨਾਂਹ ਦੇ ਬਰਾਬਰ ਹੀ ਸੀ ਪਰ ਹੁਣ ਜਦੋਂ ਵਿਧਾਨ ਸਭਾ ਚੋਣਾਂ ਦਾ ਵਕਤ ਨੇੜੇ ਆ ਰਿਹਾ ਹੈ ਤਾਂ ਸਾਰੀਆਂ ਸਿਆਸੀ ਪਾਰਟੀ ਤੇ ਆਗੂ ਆਪੋ-ਆਪਣੀ ਸਰਗਰਮੀ ਵਧਾ ਰਹੇ ਹਨ। ਸਿਆਸੀ ਜੋੜ-ਤੋੜ ਸਿਖਰਾਂ ਵੱਲ ਵਧ ਰਿਹਾ ਹੈ। ਜਾਪਦਾ ਹੈ, ਐਤਕੀਂ ਪੰਜਾਬ ਅੰਦਰ ਗੱਠਜੋੜ ਸਿਆਸਤ ਨੇ ਵੱਡੀ ਭੂਮਿਕਾ ਨਿਭਾਉਣੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਵਿਚਾਲੇ ਤਾਲਮੇਲ ਦੀਆਂ ਖਬਰਾਂ ਆ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਇਕੱਲਿਆਂ ਕੁਝ ਕਰ ਗੁਜ਼ਰਨ ਵਾਲੀ ਗੱਲ ਹੁਣ ਬਹੁਤ ਪਿਛਾਂਹ ਛੁੱਟ ਗਈ ਹੈ। ਇਸ ਪਾਰਟੀ ਦੇ ਆਗੂਆਂ ਨੇ ਜਥੇਬੰਦਕ ਢਾਂਚੇ ਵੱਲ ਕੋਈ ਧਿਆਨ ਨਹੀਂ ਦਿੱਤਾ ਹੈ, ਹੁਣ ਵੀ ਮਾੜਾ ਜਥੇਬੰਦਕ ਢਾਂਚਾ ਪਾਰਟੀ ਦੀ ਰਫਤਾਰ 'ਚ ਰੋੜਾ ਬਣ ਸਕਦਾ ਹੈ।

ਇਸ ਸਮੁੱਚੇ ਹਾਲਾਤ ਦੌਰਾਨ ਇਹ ਤੱਥ ਵੀ ਜੱਗ-ਜ਼ਾਹਿਰ ਹੈ ਕਿ ਕਰੋਨਾ ਵਾਇਰਸ ਸਿਆਸਤ ਉਤੇ ਕਿਸੇ ਨਾ ਕਿਸੇ ਰੂਪ ਵਿਚ ਅਸਰ-ਅੰਦਾਜ਼ ਹੋਇਆ ਹੈ। ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਜੋ ਤਬਾਹੀ ਮੱਚੀ ਹੈ, ਉਸ ਨੇ ਆਮ ਲੋਕਾਂ ਦਾ ਪ੍ਰਸ਼ਾਸਨ ਅਤੇ ਸਰਕਾਰਾਂ ਤੋਂ ਭਰੋਸਾ ਚੁੱਕ ਦਿੱਤਾ ਹੈ। ਇਨ੍ਹਾਂ ਸਮਿਆਂ ਦੌਰਾਨ ਸਿਹਤ ਸਿਸਟਮ ਬੁਰੀ ਤਰ੍ਹਾਂ ਲੜਖੜਾ ਗਿਆ ਸੀ। ਇਨ੍ਹਾਂ ਹਾਲਾਤ ਦਾ ਚੋਣਾਂ ਉਤੇ ਕਿੰਨਾ ਕੁ ਅਸਰ ਪਵੇਗਾ, ਕੋਈ ਅਸਰ ਪਵੇਗਾ ਵੀ ਜਾਂ ਨਹੀਂ, ਇਹ ਵਿਚਾਰਨ ਵਾਲਾ ਮਸਲਾ ਹੋਵੇਗਾ। ਅਜੇ ਤਾਂ ਸਮੁੱਚੇ ਚੁਣਾਵੀ ਅਮਲ ਵਿਚ ਇਹ ਧਾਰਨਾ ਪੱਕੀ ਬਣੀ ਹੋਈ ਹੈ ਕਿ ਪਹਿਲਾਂ ਕੀਤੇ ਕੰਮਾਂ ਦਾ ਕੋਈ ਮੁੱਲ ਨਹੀਂ ਪੈਂਦਾ, ਚੋਣਾਂ ਨੇੜੇ ਜਾ ਕੇ ਜਿਹੜੀ ਧਿਰ ਆਪਣੇ ਆਮ ਨੂੰ ਚੰਗੀ ਸਿੱਧ ਕਰ ਦਿੰਦੀ ਹੈ, ਉਹ ਮੋਰਚਾ ਫਤਿਹ ਕਰ ਲੈਂਦੀ ਹੈ। ਉਂਜ ਵੀ ਚੋਣਾਂ ਲੜਨ ਅਤੇ ਜਿੱਤਣ ਲਈ ਸਿਆਸੀ ਧਿਰਾਂ ਜੋ ਨੈਤਿਕ-ਅਨੈਤਿਕ ਹੱਥਕੰਡੇ ਅਪਣਾਉਂਦੀਆਂ ਹਨ, ਉਸ ਤੋਂ ਲੋਕਾਂ ਦਾ ਸਿਆਸੀ ਧਿਰਾਂ ਅਤੇ ਯਕੀਨ ਬੱਝਣਾ ਵੀ ਵੱਡਾ ਸਵਾਲ ਬਣ ਕੇ ਉਭਰਿਆ ਹੈ। ਭਾਰਤੀ ਜਨਤਾ ਪਾਰਟੀ ਨੇ ਹੁਣੇ-ਹੁਣੇ ਪੱਛਮੀ ਬੰਗਾਲ ਦੀਆਂ ਚੋਣਾਂ ਦੌਰਾਨ ਜੋ ਵਿਹਾਰ ਕੀਤਾ ਹੈ ਅਤੇ ਹੁਣ ਜੋ ਵਿਹਾਰ ਕੀਤਾ ਜਾ ਰਿਹਾ ਹੈ, ਉਸ ਤੋਂ ਲੋਕ ਭਲਾਈ ਵਾਲੀ ਗੱਲ ਬਹੁਤ ਪਿਛਾਂਹ ਛੁੱਟ ਗਈ ਲਗਦੀ ਹੈ। ਜਾਪਦਾ ਹੈ, ਚੋਣਾਂ ਵਿਚੋਂ ਲੋਕ ਭਲਾਈ ਦਾ ਮਸਲਾ ਹੌਲੀ-ਹੌਲੀ ਗਾਇਬ ਹੋ ਰਿਹਾ ਹੈ ਅਤੇ ਸਿਆਸੀ ਜੋੜ-ਤੋੜ ਭਾਰੂ ਪੈ ਰਹੇ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਕ੍ਰਿਸ਼ਮਾ ਲੋਕ-ਰਾਜ ਦਾ!**

ਕਾਮਯਾਬ ਹੁੰਦੇ ਨੇ ਸਿਆਸੀ ਪਿੜ ਵਿਚ ਓਹੀ, ਰੱਜ ਕੇ ਮੱਕਾਰ ਤੇ ਪਤਾ ਨਾ ਹੋਵੇ ਲਾਜ ਦਾ।
ਇੱਕੋ ਆਗੂ ਰੱਖਦਾ ਐ ਕਿਤਨੇ ਸਿਆਸੀ ਰੂਪ, ਦੇਖੋ ਜੀ 'ਕ੍ਰਿਸ਼ਮਾ' ਅਜੋਕੇ ਲੋਕ-ਰਾਜ ਦਾ।
ਪੁੱਤ ਹੈ ਖਾਲਿਸਤਾਨੀ ਬਾਪ ਦਾ ਪਿਆਰਾ ਜਾਣੋ, ਲੈਂਦਾ ਏ ਬਦਲ ਸੁਰ ਜਲਦੀ ਹੀ 'ਸਾਜ' ਦਾ।
ਮਾਰ ਕੇ ਉਡਾਰੀ ਬੜੀ ਦੂਰ ਦੂਰ ਪਹੁੰਚ ਜਾਵੇ, ਚੁਸਤੀ ਚਲਾਕੀ ਪੱਖੋਂ ਜਾਪੇ ਭਾਈ ਬਾਜ ਦਾ।
ਹੈਗਾ ਪ੍ਰਧਾਨ ਉਹ 'ਏਕਤਾ ਪੰਜਾਬ' ਜੀ ਜੋ, ਸਿਰ 'ਤੇ ਸਜਾਉਣ ਲਈ ਫਿਕਰ ਕਰੇ ਤਾਜ ਦਾ।
ਝਾੜੂ ਵਾਲੀ ਪਾਰਟੀ ਦਾ ਵਿਧਾਇਕ ਹੈਗਾ ਉਂਜ, ਵਫਾਦਾਰ ਕਾਂਗਰਸੀ 'ਰਾਜਾ ਜੀ ਦੇ ਕਾਜ' ਦਾ!

# ਜੰਗਲਾਂ ਬਾਝੋਂ ਪੰਜਾਬ ਹੁਣ ਬਣ ਜਾਵੇਗਾ ਤਰਸ ਦਾ ਪਾਤਰ

**ਪੰਜਾਬ ਦੇ ਪ੍ਰਸੰਗ ਵਿਚ ਜੰਗਲਾਤ ਨੀਤੀ ਦਰੁਸਤ ਕਰਨ ਦੀ ਲੋੜ ਹੈ। ਸਿਰਫ ਰੁੱਖ ਲਾ ਦੇਣਾ ਹੱਲ ਨਹੀਂ, ਜੰਗਲਾਂ ਦੀ ਮੂਲ ਮਾਂ, ਭੂਮੀ ਤੇ ਜਲ ਸੰਭਾਲ ਵੱਲ ਵੀ ਤਵੱਜੋ ਦੇਣੀ ਪਵੇਗੀ। 1985-86 ਵਿਚ 2,82,296 ਹੈਕਟੇਅਰ ਭੂਮੀ ਜੰਗਲਾਂ ਹੇਠ ਸੀ, 1988-89 ਵਿਚ ਇਹ ਘਟ ਕੇ 2,64,237 ਹੈਕਟੇਅਰ ਰਹਿ ਗਈ। ਵਿਸ਼ੇਸ਼ ਭੂਗੋਲਿਕ ਹਾਲਤ ਅਤੇ ਖੇਤੀ ਪ੍ਰਮੁੱਖਤਾ ਕਾਰਨ ਪੰਜਾਬ 'ਚ ਭਾਵੇਂ ਉਸ ਰੂਪ 'ਚ ਜੰਗਲ ਨਹੀਂ ਚਿਤਵੇ ਜਾ ਸਕਦੇ ਪਰ ਮਹਿਜ਼ ਇਸੇ ਆੜ ਹੇਠ ਕੁਦਰਤੀ ਸਮਤੋਲ ਅਤੇ ਮਨੁੱਖ ਪ੍ਰਤੀ ਜ਼ਿੰਮੇਵਾਰੀ ਤੋਂ ਭੱਜਿਆ ਨਹੀਂ ਜਾ ਸਕਦਾ।**

ਫਰੀਦਕੋਟ ਖੰਡ ਮਿੱਲ ਦੇ ਬਹਾਨੇ ਹੀ ਸਹੀ, ਪੰਜਾਬ ਵਿਚ ਜੰਗਲ ਦੀ ਗੱਲ ਤਾਂ ਤੁਰੀ। ਜੰਗਲ ਸਾਡੀ ਵਿਰਾਸਤ ਹਨ। ਇਹ ਸਾਡੀ ਸਾਹਰਗ ਹੀ ਨਹੀਂ; ਇਹ ਮਿੱਟੀ, ਮੀਂਹ ਅਤੇ ਸਾਵੇਂ ਵਾਤਾਵਰਨ ਦੇ ਵੀ ਪੂਰਕ ਹਨ। ਪੌਦ ਅਤੇ ਜੀਵ ਵੰਨ-ਸਵੰਨਤਾ ਜਿਹੜੀ ਸਾਵੀਂ ਜ਼ਿੰਦਗੀ ਮਾਣਨ ਲਈ ਬੇਹੱਦ ਜ਼ਰੂਰੀ ਹੈ, ਜੰਗਲਾਂ ਬਿਨਾ ਚਿਤਵੀ ਨਹੀਂ ਜਾ ਸਕਦੀ। ਭਾਰਤ ਦੇ ਆਲ੍ਹਾ ਜੰਗਲਾਤ ਅਫਸਰ ਜਨਰਲ ਨਰੈਣ ਬਚਖੇਤੀ ਨੇ ਅੱਧੀ ਸਦੀ ਪਹਿਲਾ ਹੀ ਚਿਤਾਵਨੀ ਦੇ ਦਿਤੀ ਸੀ, "ਮਨੁੱਖੀ ਵਿਕਾਸ ਵਿਚ ਸਿਆਣਿਆਂ ਨੇ ਤਿੰਨ ਪੜਾਅ ਮੰਨੇ ਹਨ।



ਜੰਗਲ ਪ੍ਰਧਾਨ ਸੱਭਿਆਤਾਵਾਂ ਦਾ ਦੌਰ, ਜੰਗਲ 'ਤੇ ਕਾਬੂ ਪਾ ਰਹੀਆਂ ਸੱਭਿਆਤਾਵਾਂ ਦਾ ਦੌਰ ਤੇ ਉਹ ਸੱਭਿਆਤਾਵਾਂ ਜਿਹੜੀਆਂ ਜੰਗਲਾਂ ਉਤੇ ਪੂਰੀ ਤਰ੍ਹਾਂ

**ਵਿਜੈ ਬੰਬੇਲੀ**
ਫੋਨ: +91-94634-39075

ਹਾਵੀ ਹੋ ਚੁੱਕੀਆਂ ਹਨ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡਾ ਦੇਸ਼ ਤੀਜੇ ਪੜਾਅ 'ਚੋਂ ਲੰਘ ਰਿਹਾ ਹੈ। ਮਾਰੇ ਜਾਵਾਂਗੇ ਅਸੀਂ।"

ਮੌਜੂਦਾ ਸਰਾਪੇ ਸਮਿਆਂ ਵਿਚ ਕਰੋਨਾ ਸਮੇਤ ਜਿਨ੍ਹਾਂ ਹੋਰ ਕਈ ਤ੍ਰਾਸਦੀਆਂ ਦੀ ਗੱਲ ਤੁਰਦੀ ਹੈ, ਆਕਸੀਜਨ ਉਨ੍ਹਾਂ ਵਿਚੋਂ ਇੱਕ ਹੈ। ਸ਼ੁਧ ਹਵਾ/ਆਕਸੀਜਨ ਦਾ ਇੱਕੋ-ਇੱਕ ਭਰੋਸੇਮੰਦ ਸ੍ਰੋਤ ਰੁੱਖ ਹਨ। ਬਨਸਪਤ ਵਿਗਿਆਨੀਆਂ ਅਨੁਸਾਰ ਰਵਾਇਤੀ ਦਰੱਖਤ ਦੀ ਉਮਰ 65 ਵਰ੍ਹੇ ਹੈ, ਕਰੀਬ ਬੰਦੇ ਦੀ ਔਸਤ ਉਮਰ ਜਿੰਨੀ। ਜੇ ਮਨੁੱਖ ਦੇ ਵਿਚਰਨ ਸਥਾਨ ਦੁਆਲੇ 10 ਦਰੱਖਤ ਲੱਗੇ ਹੋਣ, ਤਦ ਉਸ ਦੀ ਉਮਰ 7 ਵਰ੍ਹੇ ਹੋਰ ਵਧ ਜਾਂਦੀ ਹੈ। ਇਹੀ ਨਹੀਂ, ਇੱਕ ਦਰੱਖਤ ਸਾਲਾਨਾ 20 ਟਨ ਜ਼ਹਿਰੀਲੀਆਂ ਗੈਸਾਂ ਹਜ਼ਮ ਕਰ ਲੈਂਦਾ ਹੈ, ਹੋਰ ਲਾਭ ਵੱਖਰੇ। ਸਾਡੇ ਵਿਚੋਂ ਬਹੁਤਿਆਂ ਨੂੰ ਨਹੀਂ ਪਤਾ ਕਿ ਇੱਕ ਰੁੱਖ ਸਾਲਾਨਾ 700 ਕਿਲੋ ਆਕਸੀਜਨ (ਇੱਕ ਸਿਲੰਡਰ ਵਿਚ 9 ਕਿਲੋ/50.7 ਪੌਂਡ ਗੈਸ ਹੁੰਦੀ ਹੈ) ਦਿੰਦਾ ਹੈ, ਉਹ ਵੀ ਮੁਫਤੋ-ਮੁਫਤ। ਕਿਸੇ ਵਿਰਲੇ ਨੂੰ ਹੀ ਪਤਾ ਹੋਵੇਗਾ ਕਿ ਮਨੁੱਖ ਨੂੰ ਤਾਉਮਰ 16 ਭਰਪੂਰ ਰੁੱਖਾਂ ਵੱਲੋਂ ਛੱਡੀ ਆਕਸੀਜਨ ਜਿੰਨੀ ਲੋੜ ਪੈਂਦੀ ਹੈ; ਭਾਵ ਤਿੰਨ ਸਿਲੰਡਰ ਰੋਜ਼ਾਨਾ। ਮੌਜੂਦਾ ਸਮੇਂ ਸਿਲੰਡਰ ਗੈਸ ਦੀ ਔਸਤਨ ਕੀਮਤ 650 ਰੁਪਏ ਹੈ, ਲਾਓ ਹਿਸਾਬ!

135 ਏਕੜ ਰਕਬੇ ਵਾਲੀ ਬੰਦ ਪਈ ਫਰੀਦਕੋਟ ਖੰਡ ਮਿੱਲ ਜਿਸ ਦੀ ਮਸ਼ੀਨਰੀ ਅਤੇ ਹੋਰ ਅਸਾਸੇ ਨਕਾਰਾ ਹੋਣ ਤੋਂ ਕਿਤੇ ਪਹਿਲਾਂ ਹੀ ਸੰਨ 2006 ਵਿਚ ਸ਼ਿਫਟ ਜਾਂ ਵੇਚ-ਵੱਟ ਲਏ ਸਨ, ਵਿਚ ਕੁਦਰਤੀ ਪ੍ਰਫੁਲਤ ਹੋਏ ਕਰੀਬ ਦਹਿ-ਹਜ਼ਾਰ ਰੁੱਖਾਂ ਦਾ ਮਹਿਜ਼ 67 ਲੱਖ ਮੁੱਲ ਵੱਟ ਕੇ 'ਖਜ਼ਾਨਾ ਭਰਪੂਰ ਕਰਨ ਦਾ ਕ੍ਰਿਸ਼ਮਾ' ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਉਥੇ ਛੋਟੇ-ਵੱਡੇ 40 ਹਜ਼ਾਰ ਦੇ ਕਰੀਬ ਦਰੱਖਤ ਹਨ; ਇਸ ਹਿਸਾਬ ਨਾਲ ਇਕ ਰੁੱਖ ਦੀ ਕੀਮਤ 167 ਰੁਪਏ ਰੁਪਏ ਬਣਦੀ ਹੈ। ਇਹੀ ਨਹੀਂ, ਜੋ ਉਥੇ ਵਿਚਰਦੇ ਬਹੁ-ਭਾਂਤੀ ਅਤੇ ਦੁਰਲੱਭ ਮਿੱਤਰ ਪੰਛੀ-ਜਨੌਰਾਂ ਦੇ ਬੇਅੰਤ ਲਾਭਾਂ ਦੀ ਗੱਲ ਨਾ ਵੀ ਛੇੜੀਏ, ਤਦ ਵੀ ਇੱਕ ਰਵਾਇਤੀ ਰੁੱਖ 50 ਸਾਲਾਂ ਵਿਚ 25 ਲੱਖ ਦੀ ਆਕਸੀਜਨ ਦੇ ਦਿੰਦਾ ਹੈ। ਭਲਾ ਕਿੰਨੇ ਕੁ ਵੱਟੇ ਅਸੀਂ ਦਰੱਖਤਾਂ ਦੇ? ਜੰਗਲਾਂ ਵੱਲੋਂ ਤਾਂ ਸਾਡਾ ਹੱਥ ਪਹਿਲਾਂ ਹੀ ਬੜਾ ਤੰਗ ਹੈ; ਕਿਵੇਂ, ਲਓ ਸੁਣੋ:

ਵਾਤਾਵਰਨ ਮਾਹਿਰਾਂ ਅਨੁਸਾਰ ਸਾਵੀਂ ਪੱਧਰੀ ਜ਼ਿੰਦਗੀ ਲਈ ਕਰੀਬ 33% ਭੂਮੀ ਜੰਗਲਾਂ ਹੇਠ ਹੋਣੀ ਚਾਹੀਦੀ ਹੈ। ਕੇਂਦਰੀ ਵਣ ਲਗਾਉ ਕਮਿਸ਼ਨ, ਨੈਸ਼ਨਲ ਰੀਮੋਟ ਸੈਂਸਿੰਗ ਏਜੰਸੀ ਅਤੇ ਭਾਰਤ ਸਰਕਾਰ ਦੇ ਇੱਕ ਵਣ-ਸਰਵੇਖਣ ਮੁਤਾਬਿਕ ਇਹ ਅੱਧਾ (16.7%) ਹੈ ਪਰ ਕੁਝ ਗੈਰ-ਸਰਕਾਰੀ ਸੰਸਥਾਵਾਂ ਇਸ ਅੰਕੜੇ ਨੂੰ ਵੀ ਚੁਣੌਤੀ ਦਿੰਦੀਆਂ ਹਨ। ਇਸ ਪ੍ਰਸੰਗ ਵਿਚ ਪੰਜਾਬ ਦੀ ਹਾਲਤ ਬੇਹੱਦ ਤਰਸਯੋਗ ਹੈ। ਜਿੱਥੇ 'ਜੰਗਲ' ਦੀ ਪਰਿਭਾਸ਼ਾ ਅਨੁਸਾਰ ਤਾਂ ਕਰੀਬ ਕਰੀਬ ਜੰਗਲ ਰਹੇ ਹੀ ਨਹੀਂ; ਭਾਵੇਂ ਜੰਗਲਾਂ ਦੇ ਪ੍ਰਸੰਗ ਵਿਚ ਸਮੁੱਚੇ ਭਾਰਤ ਦੀ ਹਾਲਤ ਵੀ ਤਸੱਲੀ ਬਖ਼ਸ਼ ਨਹੀਂ ਕਹੀ ਜਾ ਸਕਦੀ ਪਰ ਪੰਜਾਬ ਦੀ ਹਾਲਤ ਮਾੜਾ ਹੀ ਹੈ। ਬਹੁਤੇ ਸੰਘਣੇ ਜੰਗਲਾਂ ਵਿਚ ਅਜਿਹੇ ਵਣ ਆਉਂਦੇ ਹਨ ਜਿੱਥੇ ਬਿਰਖਾਂ ਦਾ ਸੰਘਣਾਪਨ 70% ਤੋਂ ਵੱਧ ਹੈ। ਇਸ ਤੋਂ ਬਾਅਦ ਦਰਮਿਆਨੇ ਸੰਘਣੇ ਜੰਗਲ ਆਉਂਦੇ ਹਨ ਜਿਨ੍ਹਾਂ ਵਿਚ ਬਿਰਖਾਂ ਦਾ ਸੰਘਣਾਪਨ 40 ਤੋਂ 70% ਹੁੰਦਾ ਹੈ। ਖੁੱਲ੍ਹੇ ਜੰਗਲਾਂ ਦਾ ਸੰਘਣਾਪਨ 10-40% ਹੁੰਦਾ ਹੈ। ਝਾੜੀਆਂ ਵਿਚ ਅਜਿਹੇ ਵਣ ਖੇਤਰ ਆਉਂਦੇ ਹਨ ਜਿੱਥੇ ਵਣਭੂਮੀ ਵਿਚ ਰੁੱਖਾਂ ਦੀ ਪੈਦਾਵਾਰ ਬਹੁਤ ਕਮਜ਼ੋਰ ਹੁੰਦੀ ਹੈ ਅਤੇ ਸੰਘਣਾਪਨ ਸਿਰਫ 10 ਫ਼ੀਸਦੀ ਤੱਕ ਹੀ ਹੁੰਦਾ ਹੈ। ਜੰਗਲ ਦਾ ਅਰਥ ਘਾਹ ਤੋਂ ਲੈ ਕੇ ਵਿਸ਼ਾਲ ਬ੍ਰਿਛ ਸਮੇਤ ਵੰਨ-ਸਵੰਨੇ ਜੀਵ-ਜੰਤੂ ਹੁੰਦਾ ਹੈ। ਪੰਜਾਬ ਦੇ ਕੁੱਲ 50362 ਵਰਗ ਕਿਲੋਮੀਟਰ ਖੇਤਰਫਲ ਵਿਚੋਂ ਸਿਰਫ 2868 ਵਰਗ ਕਿਲੋਮੀਟਰ ਰਕਬਾ ਹੀ 'ਜੰਗਲਾਂ' ਹੇਠ ਹੈ। ਇਹ ਜੰਗਲੀ ਖੇਤਰ ਵੀ ਕਰੀਬ ਝਾੜੀ-ਨੁਮਾ ਹੈ।

ਪੰਜਾਬ ਅਜਿਹੇ ਝਾੜੀ-ਬਿਰਖਾਂ ਵਾਲੇ ਸੋਮਿਆ (10% ਸੰਘਣਤਾ) ਨੂੰ ਹੀ ਜੰਗਲ ਮੰਨੀ ਬੈਠਾ ਹੈ। ਉਂਜ, ਪੰਜਾਬ ਵਣ ਕੈਟਾਗਰੀ ਅਨੁਸਾਰ 4336 ਹੈਕਟੇਅਰ ਰਿਜ਼ਰਵ ਫੌਰੈਸਟ ਅਧੀਨ, 41680 ਹੈਕਟੇਅਰ ਪਰੋਟੈਕਟਿਡ, 73612 ਹੈਕਟੇਅਰ ਸਟਰਿਪ ਅਤੇ 18222 ਹੈਕਟੇਅਰ ਅਨਕਲਾਸ ਫੌਰੈਸਟ ਰਕਬਾ 'ਦਰਸਾਇਆ' ਗਿਆ ਹੈ। ਪੰਜਾਬ ਲੈਂਡ ਪਰੀਜਰਵੇਸ਼ਨ ਐਕਟ 1900, ਸੈਕਸ਼ਨ 38 ਇੰਡੀਅਨ ਫੌਰੈਸਟ ਐਕਟ 1927 ਆਦਿ ਵਿਚ 1,67,320 ਹੈਕਟੇਅਰ ਰਕਬਾ ਸਰਕਾਰੀ ਕਾਗਜ਼ਾਂ ਵਿਚ 'ਘਿਰਿਆ' ਹੋਇਆ ਹੈ। ਅਜਿਹਾ ਕਿਉਂ? ਉੱਤਰ ਭਾਵੇਂ ਜੰਗਲਾਤ ਵਿਭਾਗ/ਸਰਕਾਰ ਕੋਲ ਹੈ ਪਰ ਜਵਾਬ ਦੇਣ ਤੋਂ ਪਹਿਲਾਂ ਤਿੱਖੇ ਮੁਲੰਕਣ ਦੀ ਲੋੜ ਹੈ। ਪੰਜਾਬ ਵਿਚ ਸਿਰਫ 5.7% ਹਿੱਸਾ ਹੀ ਜੰਗਲਾਂ ਹੇਠ ਹੈ ਜਿਹੜਾ ਜ਼ਰੂਰੀ 33% ਦਾ ਛੇਵਾਂ ਹਿੱਸਾ ਬਣਦਾ ਹੈ। ਭਾਰਤ ਦੀ ਵਣ ਹਾਲਤ ਰਿਪੋਰਟ ਅਨੁਸਾਰ ਦੇਸ਼ ਵਿਚ 67.71% ਕਰੋੜ ਹੈਕਟੇਅਰ ਵਣ ਖੇਤਰ ਹੈ ਜਿਹੜਾ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ 20.60% ਹੈ। ਇਸ ਵਿਚ 5.46 ਕਰੋੜ ਹੈਕਟੇਅਰ (1.66%) ਖੇਤਰ ਵਿਚ ਸੰਘਣੇ ਜੰਗਲ, 33.26 ਕਰੋੜ ਹੈਕਟੇਅਰ ਖੇਤਰ (10.12%) ਵਿਚ ਦਰਮਿਆਨੇ ਸੰਘਣੇ ਜੰਗਲ ਅਤੇ ਬਾਕੀ 28.99 ਕਰੋੜ ਹੈਕਟੇਅਰ (8.82%) ਵਿਚ ਹੋਰ ਵਣ ਸ਼ਾਮਿਲ ਹਨ। ਇਨ੍ਹਾਂ ਵਿਚ 0.44 ਕਰੋੜ ਹੈਕਟੇਅਰ ਮਨੁੱਖ ਦੁਆਰਾ ਉਗਾਏ ਜੰਗਲ ਵੀ ਸ਼ਾਮਿਲ ਹਨ ਪਰ ਪੰਜਾਬ ਕਿਧਰੇ ਨਹੀਂ ਰੜਕਦਾ।

1966 ਵਿਚ ਰਾਜਾਂ ਦੇ ਪੁਨਰਗਠਨ ਸਦਕਾ ਪੰਜਾਬ ਕੋਲੋਂ ਬਹੁਤ ਸਾਰੇ ਜੰਗਲ ਖੁੱਸ ਗਏ। ਆਲਮੀ ਵਣ ਨੀਤੀ ਅਨੁਸਾਰ ਕੁੱਲ ਰਕਬੇ ਦਾ ਤੀਜਾ ਹਿੱਸਾ ਜੰਗਲਾਂ ਹੇਠਾਂ ਹੋਣਾ ਚਾਹੀਦਾ ਹੈ। ਪੰਜਾਬ ਵਿਚ ਇਹ ਸਿਰਫ 20ਵਾਂ ਹੈ। ਜੀਅ ਪ੍ਰਤੀ ਆਧਾਰ ਤੇ ਭਾਰਤ ਵਿਚ 0.15 ਹੈਕਟੇਅਰ ਜੰਗਲ ਹਨ, ਪੰਜਾਬ ਵਿਚ ਇਹ ਹਿੰਦਸਾ ਸਿਰਫ 0.01 ਹੈਕਟੇਅਰ ਹੈ। ਬਿਨਾਂ ਸ਼ੱਕ, ਅਸੀਂ ਖੇਤੀਬਾੜੀ ਵਿਚ ਬੜੀ 'ਤਰੱਕੀ' ਕੀਤੀ ਹੈ; ਪੰਜਾਬ ਸਮੁੱਚੇ ਖੇਤਰਫਲ ਦਾ 1.54% ਹੈ, ਫਿਰ ਵੀ ਇਸ ਨੇ ਦੇਸ਼ ਨੂੰ ਕਰੀਬ 60 ਫੀਸਦੀ ਅਨਾਜ ਦੇ ਕੇ ਸ਼ਕਤੀਸ਼ਾਲੀ ਖੇਤੀ ਜੁਗਤ ਦਾ ਸਬੂਤ ਦਿੱਤਾ ਹੈ ਪਰ ਇਸ ਵਿਕਾਸ ਨੇ ਸਾਡੇ ਸਮੁੱਚੇ ਵਾਤਾਵਰਨ ਵਿਚ ਉਲਾਰ ਹਾਲਤ ਪੈਦਾ ਕਰ ਦਿੱਤੀ ਹੈ। ਨਿੱਤ ਨਵੀਆਂ ਸਮੱਸਿਆਵਾਂ ਸਾਡੀ ਖੇਤੀ ਨੂੰ ਘੇਰ ਰਹੀਆਂ ਹਨ। ਭੌਂ ਵਿਗਾੜ, ਅਸਾਵੀਂ ਵਰਖਾ, ਜਲ ਸੰਕਟ, ਦੂਸ਼ਿਤ ਵਾਤਾਵਰਨ ਆਦਿ ਬਿਪਤਾਵਾਂ ਨੇ ਸਾਡੇ ਕੁਦਰਤੀ ਸਮਤੋਲ ਨੂੰ ਵਿਗਾੜਨਾ ਸ਼ੁਰੂ ਕਰ ਦਿੱਤਾ ਹੈ। ਕਾਰਨ? ਪੰਜਾਬ ਵਿਚ ਦਰੱਖਤ ਤੇਜ਼ੀ ਨਾਲ ਘਟ ਰਹੇ ਹਨ, ਖਾਸ ਕਰ ਕੇ ਰਵਾਇਤੀ ਦਰੱਖਤ।

ਪੰਜਾਬ ਦੇ ਪ੍ਰਸੰਗ ਵਿਚ ਜੰਗਲਾਤ ਨੀਤੀ ਦਰੁਸਤ ਕਰਨ ਦੀ ਲੋੜ ਹੈ। ਸਿਰਫ ਰੁੱਖ ਲਾ ਦੇਣਾ ਹੱਲ ਨਹੀਂ, ਜੰਗਲਾਂ ਦੀ ਮੂਲ ਮਾਂ, ਭੂਮੀ ਤੇ ਜਲ ਸੰਭਾਲ ਵੱਲ ਵੀ ਤਵੱਜੋ ਦੇਣੀ ਪਵੇਗੀ। 'ਪਹਿਲਾਂ ਮਿੱਟੀ ਤੇ ਪਾਣੀ, ਫਿਰ ਹੀ ਬਨਸਪਤੀ ਉਪਰੰਤ ਜੀਵਕਾ'। 1985-86 ਵਿਚ 2,82,296 ਹੈਕਟੇਅਰ ਭੂਮੀ ਜੰਗਲਾਂ ਹੇਠ ਸੀ, 1988-89 ਵਿਚ ਇਹ ਘਟ ਕੇ 2,64,237 ਹੈਕਟੇਅਰ ਰਹਿ ਗਈ। ਪੰਜਾਬ ਦੀ ਵਿਸ਼ੇਸ਼ ਭੂਗੋਲਿਕ ਹਾਲਤ ਅਤੇ ਖੇਤੀਬਾੜੀ ਪ੍ਰਮੁੱਖਤਾ ਕਾਰਨ ਇੱਥੇ ਭਾਵੇਂ ਉਸ ਰੂਪ ਵਿਚ ਜੰਗਲ ਨਹੀਂ ਚਿਤਵੇ ਜਾ ਸਕਦੇ ਜਿਵੇਂ ਹੋਣੇ ਚਾਹੀਦੇ ਹਨ ਪਰ ਮਹਿਜ਼ ਇਸੇ ਆੜ ਹੇਠ ਕੁਦਰਤੀ ਸਮਤੋਲ ਅਤੇ ਮਨੁੱਖ ਪ੍ਰਤੀ ਜ਼ਿੰਮੇਵਾਰੀ ਤੋਂ ਭੱਜਿਆ ਨਹੀਂ ਜਾ ਸਕਦਾ। ਪੰਜਾਬ ਵਿਚ ਸਿਰਫ ਜੰਗਲਾਤ ਵਿਭਾਗ ਉਪਰ ਹੀ ਨਿਰਭਰ ਹੋ ਕੇ ਵੀ ਨਹੀਂ ਸਰਨਾ; ਭਰਾਤਰੀ ਮਹਿਕਮੇ ਬਾਗਬਾਨੀ, ਖੇਤੀਬਾੜੀ, ਵਿਸ਼ੇਸ਼ ਕਰ ਕੇ ਭੂਮੀ ਤੇ ਜਲ ਸੰਭਾਲ ਸਮੇਤ ਲੋਕਾਂ ਦੀ ਸ਼ਮੂਲੀਅਤ ਅਤੇ ਭਰੋਸਾ ਜਿੱਤ ਕੇ ਤੁਰਨਾ ਪਵੇਗਾ, ਤਦ ਹੀ ਢੁਕਵੇਂ ਸਿੱਟੇ ਕੱਢੇ ਜਾ ਸਕਦੇ ਹਨ। ਲੋਅਰ ਸ਼ਿਵਾਲਕ ਅਤੇ ਕੰਢੀ ਖੇਤਰ ਵਿਚ ਉੱਥੋਂ ਦੇ ਬਾਸ਼ਿੰਦਿਆਂ ਅਤੇ ਕੁਦਰਤੀ ਸੋਮਿਆਂ ਨਾਲ ਸਬੰਧਿਤ ਭਰਾਤਰੀ ਮਹਿਕਮਿਆਂ ਨੂੰ ਨਾਲ ਲੈ ਕੇ ਨਾ ਚੱਲਣ ਦੀ ਜੰਗਲਾਤ ਵਿਭਾਗ ਦੀ ਅਚੇਤ-ਸੁਚੇਤ ਨੀਤੀ ਕਾਰਨ ਵੀ ਅਜਿਹੀ ਦੁਰਦਸ਼ਾ ਹੋਈ ਹੈ। ਜੰਗਲਾਤ ਨਿਯਮਾਂ ਨੂੰ 'ਥਾਣੇਦਾਰੀ ਤਰਜ਼' ਨਾਲ ਨਹੀਂ, ਉਸ ਦੀ ਮੂਲ ਭਾਵਨਾ ਅਨੁਸਾਰ ਲਾਗੂ ਕਰਨ ਦੀ ਲੋੜ ਹੈ। ਭੂਮੀ ਅਤੇ ਜਲ ਸੰਭਾਲ ਵਰਗੇ ਕੁਦਰਤੀ ਸਰੋਤਾਂ ਨਾਲ ਜੁੜੇ ਹੋਏ ਮਹਿਕਮਿਆਂ ਦੇ ਕਾਰਜ ਪਹਾੜੀ ਖਿੱਤਿਆਂ ਵਿਚ ਖਾਸ ਰੋਲ ਅਦਾ ਕਰ ਸਕਦੇ ਹਨ।

ਪੰਜਾਬ ਜਿਸ ਦਾ ਮੈਦਾਨੀ ਇਲਾਕਾ ਸੰਘਣੀ ਖੇਤੀ ਹੇਠ ਹੈ, ਦੇ ਪਹਾੜੀ ਖਿੱਤੇ ਉੱਤੇ ਧਿਆਨ ਇਕਾਗਰ ਕਰਨਾ ਹੋਰ ਵੀ ਜ਼ਰੂਰੀ ਹੈ। ਰਾਸ਼ਟਰੀ ਵਣ ਨੀਤੀ ਵਿਚ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ ਦੇਸ਼ ਦੇ ਪਹਾੜੀ ਖੇਤਰਾਂ ਵਿਚ ਦੋ ਤਿਹਾਈ ਭੂਗੋਲਿਕ ਖੇਤਰ ਜੰਗਲਾਂ ਹੇਠ ਹੋਣ। ਪੰਜਾਬ ਦੇ ਪਹਾੜੀ ਖਿੱਤਿਆਂ ਦੀ ਭੈੜੀ ਹਾਲਤ ਨੂੰ ਛੱਡ ਕੇ ਦੇਸ਼ ਦੇ ਬਾਕੀ ਪਹਾੜੀ ਅਤੇ ਜੰਗਲੀ ਖੇਤਰਾਂ ਵਿਚ ਹਾਲਤ ਕੁਝ ਤਸੱਲੀ ਬਖ਼ਸ਼ ਹੈ। ਦਰਅਸਲ ਪਹਾੜਾਂ ਰਾਹੀਂ ਅਸੀਂ ਕੁਲ ਰਕਬੇ ਵਿਚ ਤੀਜਾ ਹਿੱਸਾ ਜੰਗਲ ਜ਼ਰੂਰ ਹੋਣ ਦਾ ਨਿਸ਼ਾਨਾ ਪੂਰਾ ਕਰ ਸਕਦੇ ਹਾਂ। ਪਹਾੜੀ ਖੇਤਰਾਂ ਵਿਚ ਵਣਾਂ ਦਾ ਹੋਣਾ ਵਾਤਾਵਰਨ ਸੰਤੁਲਨ (ਇਕੋਲੋਜੀਕਲ ਬੈਲੈਂਸ) ਅਤੇ ਵਾਤਾਵਰਨ ਸਥਿਰਤਾ ਦੀ ਦ੍ਰਿਸ਼ਟੀ ਤੋਂ ਵੀ ਲਾਹੇਵੰਦ ਹੈ। ਇਸ ਨਾਲ ਭੌਂ-ਖੋਰ, ਜਲ ਸੰਕਟ ਅਤੇ ਜ਼ਮੀਨ ਦੀ ਗੁਣ-ਗਿਰਾਵਟ ਰੋਕਣ ਅਤੇ ਜਲ ਸੋਮੇ ਤੇ ਜਲ-ਤਲ ਦੀ ਸਥਿਰਤਾ ਰਹਿੰਦੀ ਹੈ ਅਤੇ ਇਹ ਜਨੌਰਾਂ, ਵਰਖਾ ਅਤੇ ਆਲਮੀ ਤਪਸ਼ ਦੇ ਮਾਮਲੇ ਵਿਚ ਬੇਹੱਦ ਲਾਹੇਵੰਦ ਹੈ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸ਼ਿਵਾਲਕ ਨੂੰ ਮੁੜ-ਸੁਰਜੀਤ ਕਰਨਾ ਪੈਣਾ ਹੈ। ਜਲ ਸੰਕਟ, ਸ਼ੁਧ ਹਵਾ ਅਤੇ ਸਾਵੇਂ ਵਾਤਾਵਰਨ ਦਾ ਸਸਤਾ ਅਤੇ ਢੁੱਕਵਾਂ ਹੱਲ ਇਹੀ ਹੈ।

ਮੁੱਕਦੀ ਗੱਲ; ਸਿਰ ਜੋੜ ਕੇ ਬੈਠਣ ਅਤੇ ਭਾਈਵਾਲ ਕੋਸ਼ਿਸ਼ਾਂ ਨਾਲ ਹੀ ਹੱਲ ਸੰਭਵ ਹੈ। ਪਹਾੜਾਂ ਵੱਲ ਧਿਆਨ ਦਿਓ ਪਰ ਮੈਦਾਨੀ ਜੰਗਲ ਬਿਲਕੁਲ ਨਾ ਉਜਾੜੋ, ਇਸੇ ਵਿਚ ਹੀ ਸਾਡਾ ਸਭ ਦਾ ਭਲਾ ਲੁਕਿਆ ਹੋਇਆ ਹੈ। ਫਰੀਦਕੋਟ ਨਿਵਾਸੀਆਂ ਨੂੰ ਸਲਾਮ, ਜਿਨ੍ਹਾਂ ਦੀ ਬਦੌਲਤ ਜੰਗਲਾਂ ਦੀ ਗੱਲ ਤੁਰੀ। ਇਹ ਕਿਤੇ ਪਹਿਲਾਂ ਤੁਰਨੀ ਚਾਹੀਦੀ ਸੀ, ਕਰੋਨਾ ਦੌਰ ਤੋਂ ਤਾਂ ਕਿਤੇ ਪਹਿਲਾਂ, ਬੜੀ ਦੇਰ ਕਰ ਦਿੱਤੀ ਅਸਾਂ।

# ਭਗਵਾ ਲਿਬਾਸ, ਰਾਮਦੇਵ ਅਤੇ ਧੋਖਾਧੜੀ

***ਇਨ੍ਹੀਂ ਦਿਨੀਂ ਕਾਰੋਬਾਰੀ ਬਾਬਾ ਰਾਮਦੇਵ ਇਕ ਵਾਰ ਫਿਰ ਸੁਰਖੀਆਂ 'ਚ ਹੈ ਜਿਸ ਦਾ ਨਾਂ ਅਕਸਰ ਕਿਸੇ ਨਾਲ ਕਿਸੇ ਵਿਵਾਦ ਨਾਲ ਜੁੜਿਆ ਰਹਿੰਦਾ ਹੈ। ਦਿੱਲੀ ਯੂਨੀਵਰਸਿਟੀ 'ਚ ਅੰਗਰੇਜ਼ੀ ਦੇ ਅਧਿਆਪਕ ਆਲੋਕ ਰਾਏ ਨੇ ਰਾਮਦੇਵ ਵਰਤਾਰੇ ਦੀਆਂ ਪਰਤਾਂ ਫਰੋਲਦਿਆਂ ਇਸ ਨੂੰ ਆਰ.ਐਸ.ਐਸ.-ਭਾਜਪਾ ਦੇ ਸਵਰਨ ਹਿੰਦੂ ਆਧਾਰ ਨਾਲ ਨਾੜੂਏ ਵਾਲੇ ਰਿਸ਼ਤੇ ਦੇ ਪ੍ਰਸੰਗ 'ਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

ਰਾਮਦੇਵ ਦੀ 'ਮੂਰਖਤਾ' ਦੀ ਨਵੀਨਤਮ ਖੇਪ ਬਾਜ਼ਾਰ 'ਚ ਆਉਂਦਿਆਂ ਹੀ ਚੰਗੇ ਡਾਕਟਰਾਂ ਦੀ ਕਸਰਤ ਸ਼ੁਰੂ ਹੋ ਗਈ ਹੈ -ਉਨ੍ਹਾਂ ਨੇ ਰਾਮਦੇਵ ਉੱਪਰ 1000 ਕਰੋੜ ਰੁਪਏ ਦਾ ਮਾਣਹਾਨੀ ਦਾ ਦਾਅਵਾ ਠੋਕ ਦਿੱਤਾ ਹੈ। ਕੁਝ ਵੀ ਹੋਵੇ, ਵਾਰ-ਵਾਰ ਹੋਣ ਵਾਲਾ ਇਹ ਅੱਤਿਆਚਾਰ ਇਕ ਵਾਰ ਫਿਰ ਉਸ ਸਵਾਲ ਨੂੰ ਉਭਾਰ ਕੇ ਸਾਹਮਣੇ ਲੈ ਆਇਆ ਹੈ ਜੋ ਪਿਛਲੇ ਸੱਤ ਸਾਲਾਂ ਤੋਂ ਸਾਡੇ ਵਿਚੋਂ ਬਹੁਤਿਆਂ ਨੂੰ ਪ੍ਰੇਸ਼ਾਨ ਕਰਦਾ ਰਿਹਾ ਹੈ - ਸਰਕਾਰ ਦੀ ਛਤਰ-ਛਾਇਆ ਅਤੇ ਮੰਤਰੀਆਂ ਦੀ ਮੌਜੂਦਗੀ 'ਚ ਹੋਣ ਵਾਲੇ ਰਾਮਦੇਵ ਦੇ ਇਨ੍ਹਾਂ ਪ੍ਰਸਾਰਨਾਂ ਅਤੇ ਭਗਵੇਂ ਲਿਬਾਸ 'ਚ ਲਿਪਟੀ ਹਰ ਤਰ੍ਹਾਂ ਦੀ ਧੋਖਾਧੜੀ ਨੂੰ ਅਸੀਂ ਕਿਵੇਂ ਸਮਝੀਏ? (ਗਊ ਦੇ ਗੋਬਰ ਅਤੇ ਗਊ ਮੂਤਰ ਨੂੰ ਇਸ ਸੰਵਾਦ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ - ਇਹ ਮੇਰਾ ਮੰਨਣਾ ਹੈ - ਕਿਉਂਕਿ ਉਨ੍ਹਾਂ ਦਾ ਸੌਖਿਆਂ ਹੀ ਮਜ਼ਾਕ ਉਡਾਇਆ ਜਾ ਸਕਦਾ ਹੈ)

**ਆਲੋਕ ਰਾਏ**
**ਅਨੁਵਾਦ: ਬੂਟਾ ਸਿੰਘ**

ਕੀ ਇਸ ਦੇ ਪਿੱਛੇ ਕੋਈ ਚਾਲ ਹੈ ਕਿ ਆਧੁਨਿਕ ਵਿਗਿਆਨ ਅਤੇ ਆਧੁਨਿਕ ਪੱਛਮੀ ਇਲਾਜ ਪ੍ਰਣਾਲੀ ਦੇ ਮੁਕਾਬਲੇ ਲਈ ਉਹ ਸ਼ੇਖੀ ਭਰੀ ਪ੍ਰਾਪਤੀਆਂ ਦੀ ਕਾਟ ਦੇ ਤੌਰ 'ਤੇ ਮਿਥਿਹਾਸਕ 'ਪ੍ਰਾਚੀਨ ਭਾਰਤ' ਦੀ ਪਟਾਰੀ 'ਚੋਂ ਹਰ ਵਾਰ ਮੂਰਖਤਾ ਦੀ ਕੋਈ ਵਡਮੁੱਲੀ ਡਲੀ ਲੱਭ ਲਿਆਉਂਦੇ ਹਨ। ਮੋਦੀ ਦਾ ਗਣੇਸ਼ ਨੂੰ ਪ੍ਰਾਚੀਨ ਸਰਜਰੀ ਦਾ ਸਬੂਤ ਦੱਸਣਾ ਇਸ ਦੀ ਮਹਿਜ਼ ਇਕ ਮਿਸਾਲ ਹੈ।

ਇਮਾਨਦਾਰੀ ਨਾਲ ਗੱਲ ਕਰਨੀ ਹੋਵੇ ਤਾਂ ਸਾਡੇ ਮੁਲਕ 'ਚ ਆਧੁਨਿਕ 'ਪੱਛਮੀ' ਇਲਾਜ ਪ੍ਰਣਾਲੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਦਾ ਲੰਮਾ ਇਤਿਹਾਸ ਰਿਹਾ ਹੈ ਜੋ ਬਸਤੀਵਾਦ ਵਿਰੋਧੀ ਵਿਚਾਰਧਾਰਾ ਨਾਲ ਹੈ। ਗਾਂਧੀ ਦਾ ਟੀਕਾਕਰਨ (ਵੈਕਸੀਨੇਸ਼ਨ) ਤੋਂ ਮਨ੍ਹਾਂ ਕਰਨਾ ਜੱਗ ਜ਼ਾਹਿਰ ਹੈ। ਇਸ ਗੱਲ ਦੇ ਸਬੂਤ ਮੌਜੂਦ ਹਨ ਕਿ ਵੱਖ-ਵੱਖ ਮਹਾਮਾਰੀਆਂ ਦੌਰਾਨ ਜਦੋਂ ਬਸਤੀਆਨਾ ਹਕੂਮਤ ਨੇ ਆਧੁਨਿਕ ਇਲਾਜ ਪ੍ਰਣਾਲੀ ਅਨੁਸਾਰ ਦਵਾਈ ਦੇਣ ਜਾਂ ਇਲਾਜ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗ਼ੁਲਾਮ ਜਨਤਾ ਨੇ ਉਸ ਦਾ ਵਿਰੋਧ ਕੀਤਾ। ਲਿਹਾਜ਼ਾ, ਇਕ ਤਰ੍ਹਾਂ ਨਾਲ ਰਾਮਦੇਵ ਉਸੇ ਪੁਰਾਣੀ ਅੰਧਵਿਸ਼ਵਾਸੀ ਅਤੇ ਤਰਕਹੀਣ ਪਰੰਪਰਾ ਦਾ ਹੀ ਤਰਜਮਾਨ ਹੈ; ਲੇਕਿਨ ਬਸਤੀਵਾਦ ਖਿਲਾਫ਼ ਟਾਕਰੇ ਦਾ ਪ੍ਰਸੰਗ ਵੀ ਇਸ ਨਾਲ ਗੁੰਦਿਆ ਹੋਣਾ ਇਸ ਪ੍ਰਵਿਰਤੀ ਨੂੰ ਨਜਾਇਜ਼ ਵਾਜਬੀਅਤ ਮੁਹੱਈਆ ਕਰਦਾ ਹੈ, ਤੇ ਇਲਾਜ ਦੀਆਂ ਸੱਚੀਆਂ ਪ੍ਰਣਾਲੀਆਂ - ਆਯੁਰਵੇਦ ਅਤੇ ਹੋਰ ਰਵਾਇਤੀ ਪ੍ਰਣਾਲੀਆਂ ਜੋ ਨਿਰਖ ਅਤੇ ਪ੍ਰਯੋਗ ਜ਼ਰੀਏ ਹਾਸਲ ਅਨੁਭਵਵਾਦੀ ਗਿਆਨ ਉੱਪਰ ਆਧਾਰਿਤ ਉੱਤਮ ਪ੍ਰਣਾਲੀਆਂ ਹਨ - ਉਨ੍ਹਾਂ ਰੱਖਿਆਤਮਕ ਅੰਧਵਿਸ਼ਵਾਸਾਂ ਦੇ ਚਿੱਕੜ ਵਿਚ ਲਿੱਬੜ ਜਾਂਦੀਆਂ ਹਨ ਜਿਨ੍ਹਾਂ ਦਾ ਸਹਾਰਾ ਲੈਣ ਲਈ ਲੰਮੇ ਸਮੇਂ ਤੋਂ ਨਜ਼ਰਅੰਦਾਜ਼ ਕੀਤੇ ਅਵਾਮ ਉਦੋਂ ਵੀ ਮਜਬੂਰ ਸਨ ਅਤੇ ਹੁਣ ਵੀ ਹਨ। ਮੂਲ ਰੂਪ 'ਚ, ਫਰਜ਼ੀ 'ਪਰੰਪਰਾਵਾਂ' ਪ੍ਰਮਾਣਿਕ ਪਰੰਪਰਾਵਾਂ ਦੀ ਬਦਨਾਮੀ ਦੀ ਵਜ੍ਹਾ ਬਣਦੀਆਂ ਹਨ। ਆਰੀਆ ਭੱਟ ਦੇ ਵਾਰਿਸ 'ਵਾਇਰਸ ਭਗਵਾਨ' ਨੂੰ ਖ਼ੁਸ਼ ਕਰਨ ਲਈ ਥਾਲੀਆਂ ਵਜਾਉਣ ਲੱਗਦੇ ਹਨ।

ਇਸ ਦੀ ਸਭ ਤੋਂ ਬੜੀ ਵਜ੍ਹਾ ਅਗਿਆਨਤਾ ਹੈ। ਲੰਮੇ ਸਮੇਂ ਤੋਂ ਝੂਠੀ-ਸੰਸਕ੍ਰਿਤ, ਝੂਠੀ 'ਪਰੰਪਰਾ' ਅਤੇ 'ਸੰਸਕ੍ਰਿਤ' ਸ਼ਬਦਕੋਸ਼ ਦੇ ਕੁਝ ਤੱਤਸਮ ਸ਼ਬਦਾਂ ਦੀ ਮਦਦ ਨਾਲ ਅੱਧਪੜ੍ਹ ਲੋਕਾਂ 'ਚ ਪ੍ਰਮਾਣਿਕਤਾ ਅਤੇ ਸਿਆਣਪ ਦੀ ਗਾਰੰਟੀ ਦਿੰਦੀ ਆ ਰਹੀ ਹੈ। ਇਸ ਕੌੜੀ ਹਕੀਕਤ ਨੂੰ ਪ੍ਰੇਮਚੰਦ ਦੀ ਕਹਾਣੀ 'ਸਦਗਤੀ' ਵਿਚ ਦੇਖਿਆ ਜਾ ਸਕਦਾ ਹੈ ਜਿਸ ਵਿਚ ਪਿੰਡ ਦਾ ਇਕ ਗਰੀਬ 'ਪਰੰਪਰਾ' ਦੇ ਚਿੰਨ੍ਹ ਪੰਡਿਤ ਜੀ ਨੂੰ ਆਪਣੀ ਖ਼ੂਨ-ਪਸੀਨੇ ਦੀ ਕਮਾਈ ਭੇਟ ਕਰਦਾ ਹੈ। ਲੇਕਿਨ ਕੀ ਇਨ੍ਹਾਂ ਲੜੀਵਾਰ ਪ੍ਰਸਾਰਨਾਂ ਪਿੱਛੇ ਕੁਝ ਹੋਰ ਵੀ ਹੈ? ਕੀ ਸਾਡੀ ਸਮੱਸਿਆ ਜਨਤਕ ਮੂਰਖਤਾ ਹੈ ਜਾਂ ਸਾਡਾ ਸਮਾਜ ਮੂਰਖਤਾ ਦਾ ਬਾਗ਼ੀਚਾ ਹੈ? ਆਖਿਰਕਾਰ, ਸਾਡੇ ਮੌਜੂਦਾ ਪ੍ਰਬੰਧ ਦੇ ਸਿਖਰ 'ਤੇ ਬੈਠੀ ਟੋਲੀ 'ਚ ਮਹਿਜ਼ ਨਾਲਾਇਕੀ ਦਾ ਆਮ ਸੰਕਟ ਹੀ ਐਨਾ ਡੂੰਘਾ ਹੈ ਕਿ ਹਰ ਕੋਈ ਉਸ ਨੂੰ ਦੇਖ ਸਕਦਾ ਹੈ; ਜਾਂ ਫਿਰ ਮੂਰਖਤਾ ਦੇ ਇਸ ਮਜ਼ਬੂਤ ਗੱਠਜੋੜ ਦੇ ਪਿੱਛੇ ਕੋਈ ਵਧੇਰੇ ਡੂੰਘੀ ਸਾਜ਼ਿਸ਼ ਕੰਮ ਕਰ ਰਹੀ ਹੈ?

ਇਸ 'ਡੂੰਘੀ ਸਾਜ਼ਿਸ਼' ਨੂੰ ਆਮ ਤੌਰ 'ਤੇ ਅਵਾਮ ਦੇ ਵਿਆਪਕ ਅਨਪੜ੍ਹ ਹਿੱਸੇ ਦੇ ਕਲਪਿਤ ਵਿਸ਼ਵਾਸਾਂ ਨੂੰ ਲੈ ਕੇ ਇਸ ਮਾਨਤਾ ਦੇ ਪ੍ਰਸੰਗ 'ਚ ਸਮਝਿਆ ਜਾ ਸਕਦਾ ਹੈ: ਲੋਕਾਂ ਨੂੰ ਉਹੀ ਪਰੋਸੋ ਜੋ ਉਹ ਚਾਹੁੰਦੇ ਹਨ। ਆਪਣੇ ਲੋਕਾਂ ਦੇ ਬਾਰੇ ਮੇਰੀ ਪੱਕੀ ਸਮਝ ਹੈ ਕਿ ਉਹ ਉਸ ਤੋਂ ਕਿਤੇ ਜ਼ਿਆਦਾ ਸਮਝਦਾਰ ਅਤੇ ਵੰਨ-ਸੁਵੰਨੀ ਸੋਚ ਵਾਲੇ ਹਨ ਜਿਵੇਂ ਆਮ ਤੌਰ 'ਤੇ ਉਨ੍ਹਾਂ ਨੂੰ ਸਮਝਿਆ ਜਾਂਦਾ ਹੈ। ਜਨਤਕ ਸਿਹਤ ਪ੍ਰਬੰਧ ਦੀ ਗਿਣ-ਮਿੱਥ ਕੇ ਕੀਤੀ ਗਈ ਤਬਾਹੀ ਉਨ੍ਹਾਂ ਨੂੰ ਕਿਸੇ ਝੋਲਾ ਛਾਪ ਦੀ ਸ਼ਰਨ 'ਚ ਜਾਣ ਲਈ ਮਜਬੂਰ ਕਰਦੀ ਹੈ ਲੇਕਿਨ ਉਨ੍ਹਾਂ ਨੂੰ ਡਾਕਟਰ ਦੀ ਯੋਗਤਾ ਦੀ ਪਰਖ ਹੈ, ਬਸ਼ਰਤੇ ਉਹ ਉਨ੍ਹਾਂ ਨੂੰ ਨਸੀਬ ਹੋਵੇ। ਇਹ ਢੌਂਗੀ ਬਾਬੇ - ਰਾਮਦੇਵ, ਸ੍ਰੀ ਸ੍ਰੀ, ਜੱਗੀ ਵਾਸੂਦੇਵ - ਸਿੱਧੇ ਸਾਦੇ ਲੋਕਾਂ ਨੂੰ ਅੰਧਵਿਸ਼ਵਾਸਾਂ ਦੀ ਲੋਰੀ ਦੇ ਕੇ ਸੁਲਾ ਸਕਦੇ



ਹਨ, ਲੇਕਿਨ ਨਹੀਂ, ਇਸ ਦਾ ਕੁਟਲ ਉਦੇਸ਼ ਦਰਅਸਲ ਸਵਰਨ ਹਿੰਦੂ ਮੱਧਵਰਗ ਨੂੰ ਇਕ ਤਰ੍ਹਾਂ ਦੀ ਯਕੀਨਦਹਾਨੀ ਦੇਣਾ ਹੈ।

ਸਭ ਤੋਂ ਸਤਹੀ ਤੌਰ 'ਤੇ ਇਹ ਉਨ੍ਹਾਂ ਦੀ ਸੰਸਕ੍ਰਿਤੀ ਦੇ ਹਾਰ-ਸ਼ਿੰਗਾਰ ਨੂੰ ਸੰਤੁਸ਼ਟ ਕਰਦਾ ਹੈ ਜੋ ਠੀਕ ਇਸੇ ਕਰ ਕੇ ਅਭੇਦ ਹੈ ਕਿਉਂਕਿ ਇਸ ਦੀ ਨੀਂਹ ਉਸ 'ਪ੍ਰਾਚੀਨ ਭਾਰਤ' ਦੇ ਬਾਰੇ ਉਨ੍ਹਾਂ ਦੇ ਪਰਮ ਅਗਿਆਨ ਉੱਪਰ ਰੱਖੀ ਗਈ ਹੈ ਜੋ ਉਨ੍ਹਾਂ ਦੇ ਇਸ ਦਿਖਾਵੇ ਦੇ ਅਤੇ ਖੋਖਲੇ 'ਗਰਵ' ਦਾ ਆਧਾਰ ਹੈ। ਬੁੱਧੀਮਾਨ 'ਰਿਸ਼ੀਆਂ' ਅਤੇ ਕਾਮੁਕ 'ਪਰੀਆਂ' ਨਾਲ ਭਰੀ ਇਹ ਮਿਥਿਹਾਸਕ ਦੁਨੀਆ ਤਮਾਮ ਚੰਗੀਆਂ ਚੀਜ਼ਾਂ ਦਾ ਭੰਡਾਰ ਹੈ। ਇਸ ਤੋਂ ਵੀ ਅੱਗੇ, ਅਤੇ ਇਹ ਹੋਰ ਵੀ ਮਹੱਤਵਪੂਰਨ ਹੈ, ਇਹ ਉਹ ਪ੍ਰਸੰਗ ਮੁਹੱਈਆ ਕਰਦਾ ਹੈ ਜਿਸ ਦੇ ਜ਼ੋਰ 'ਮੁਸਲਿਮ' ਮੱਧਕਾਲ ਨੂੰ ਦੁਖਦਾਈ ਤਰੀਕੇ ਨਾਲ ਸਾਡੇ ਇਤਿਹਾਸ ਤੋਂ ਤੋੜ ਕੇ ਅਨੰਤ ਪਤਾਲ 'ਚ ਧੱਕ ਦਿੱਤਾ ਜਾਂਦਾ ਹੈ - ਜਿਸ ਦੀਆਂ ਹੈਰਤਅੰਗੇਜ਼ ਪ੍ਰਾਪਤੀਆਂ ਦਾ ਸਾਨੂੰ ਅਜੇ ਪਿੱਛੇ ਜਿਹੇ ਹੀ ਇਲਮ ਹੋਣਾ ਸ਼ੁਰੂ ਹੋਇਆ ਹੈ! ਨਿਰਸੰਦੇਹ, ਇਹ ਬੇਹੂਦਾ ਬਕਵਾਸ ਹੈ; ਲੇਕਿਨ ਇਹ ਕੰਮ ਬਹੁਤ ਕਰ ਰਿਹਾ ਹੈ। ਇਹ ਕਲਪਿਤ 'ਕਾਲਾ ਦੌਰ' ਸੰਜੋਗ ਨਾਲ ਰਿਚਰਡ ਈਟਨ ਦਾ 'ਫਾਰਸੀ ਯੁਗ' ਵੀ ਹੈ ਅਤੇ ਜਿਸ ਨੂੰ ਅਸੀਂ ਮਹਾਨ ਸੰਸਕ੍ਰਿਤੀ ਮੰਨਦੇ ਹਾਂ ਉਸ ਦਾ ਜ਼ਿਆਦਾਤਰ ਇਸੇ ਦੌਰ 'ਚ ਪੈਦਾ ਹੋਇਆ ਹੈ। ਪਿਛਲੇ ਸੱਤ ਸਾਲਾਂ 'ਚ ਮੈਂ ਇਸ ਸਵਾਲ ਉੱਪਰ ਵਾਰ ਵਾਰ ਗੌਰ ਕੀਤਾ ਹੈ ਕਿ ਕੀ ਇਹ ਲੋਕ ਸੱਚੀਂਮੁੱਚੀਂ ਮੂਰਖ ਹਨ ਜਾਂ ਇਹ ਸਿਰਫ਼ ਦੁਸ਼ਟ ਹਨ ਜਾਂ ਦਰਅਸਲ ਇਹ ਮੂਰਖਤਾ ਅਤੇ ਦੁਸ਼ਟਤਾ ਦੀ ਨਿਆਰੀ ਦੋਗਲੀ ਨਸਲ ਹਨ? ਕੋਵਿਡ ਮਹਾਮਾਰੀ ਦੇ ਪ੍ਰਸੰਗ 'ਚ ਸਾਡੇ ਨਾਇਕ ਡਾਕਟਰ ਅਤੇ ਨਰਸਾਂ ਨੂੰ ਕਹੇ ਗਏ ਬੋਲ-ਕੁਬੋਲ ਅਤੇ ਉਨ੍ਹਾਂ ਦਾ ਸਰਾਸਰ ਅਪਮਾਨ - ਇਸ ਅਨੁਪਾਤ ਦੇ ਪੱਲੜੇ ਨੂੰ 'ਮੂਰਖਤਾ' ਵਾਲੇ ਪਾਸੇ ਝੁਕਾ ਦਿੰਦੇ ਹਨ; ਲੇਕਿਨ ਅਗਲੇ ਹੀ ਹਫ਼ਤੇ ਉਨ੍ਹਾਂ ਦੀ ਲਕਸ਼ਦੀਪੀ ਚਲਾਕੀ ਸਾਹਮਣੇ ਆਉਂਦੀ ਹੈ ਅਤੇ ਅਚਾਨਕ ਪੱਲੜਾ 'ਦੁਸ਼ਟਤਾ' ਵਾਲੇ ਪਾਸੇ ਝੁਕਦਾ ਜਾਪਦਾ ਹੈ।

ਲੇਕਿਨ ਇਸ ਸੰਸਕ੍ਰਿਤਿਕ ਏਜੰਡੇ ਦਾ ਸਭ ਤੋਂ ਮਹੱਤਵਪੂਰਨ ਹਿੱਸਾ, ਜਿਸ ਨੂੰ ਇਸ ਬਕਵਾਸ ਜ਼ਰੀਏ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਹੈ ਜਾਦੂ ਅਤੇ ਅੰਧਵਿਸ਼ਵਾਸ ਦੇ ਪਾਲਣ-ਪੋਸ਼ਣ ਲਈ ਤਰਕ ਅਤੇ ਵਿਵੇਕ ਦੀ ਸਨਕੀ ਤਬਾਹੀ। ਇਹ ਅਗਿਆਨ ਤਾਂ ਹੈ ਲੇਕਿਨ ਅਗਿਆਨ ਨੂੰ ਹਥਿਆਰ ਬਣਾ ਦਿੱਤਾ ਗਿਆ ਹੈ। ਸਦੀਆਂ ਦੇ ਸੰਸਕ੍ਰਿਤਿਕ ਸੰਵਾਦ ਦੇ ਨਤੀਜੇ ਵਜੋਂ ਸਵਰਨ ਹਿੰਦੂ ਸਮਾਜੀ ਪ੍ਰਬੰਧ ਦੀ ਵਾਜਬੀਅਤ ਖੁੱਸਦੀ ਜਾ ਰਹੀ ਸੀ। ਭਗਤੀ ਲਹਿਰ ਨੇ ਇਸ ਨੂੰ ਜੋ ਸੱਟ ਮਾਰੀ, ਉਸ ਨੂੰ ਬਸਤੀਵਾਦੀ ਸਰਪ੍ਰਸਤੀ 'ਚ ਆਧੁਨਿਕਤਾ ਦੀਆਂ ਤਾਕਤਾਂ ਨੇ - ਸਮਾਨਤਾ, ਨਿੱਜਤਾ ਅਤੇ ਤਾਰਕਿਕਤਾ ਦੇ ਵਿਚਾਰਾਂ ਨੇ - ਹੋਰ ਡੂੰਘੀ ਕਰ ਦਿੱਤਾ ਅਤੇ ਸਥਾਈ ਬਣਾਇਆ। ਪਿੱਛੇ ਹਟ ਰਹੀਆਂ ਹਿੰਦੂ ਸਵਰਨ ਜਾਤੀਆਂ ਨੇ, ਜਿਨ੍ਹਾਂ ਦੇ ਬੋਲਬਾਲੇ ਦੀ ਵਾਜਬੀਅਤ ਖੁਸ ਚੁੱਕੀ ਸੀ, ਮਜਬੂਰ ਹੋ ਕੇ ਸਵੈ-ਰੱਖਿਆ ਨੇ ਅਤਾਰਕਿਕਤਾ ਵੱਲ ਮੂੰਹ ਕਰ ਲਿਆ - ਚਾਹੇ ਉਹ ਆਧੁਨਿਕਤਾ ਅਤੇ ਵਿਗਿਆਨ ਵੱਲੋਂ ਸਾਹਮਣੇ ਲਿਆਂਦੀਆਂ ਗਈਆਂ ਤੁੱਛ ਤੋਂ ਤੁੱਛ ਚੀਜ਼ਾਂ ਵੀ ਕਿਉਂ ਨਾ ਹੋਣ। ਨਤੀਜੇ ਵਜੋਂ, ਬੁਰੀ ਆਸਥਾ ਲਈ ਸਥਾਈ ਹਾਲਾਤ ਪੈਦਾ ਹੋਣੇ ਸ਼ੁਰੂ ਹੋ ਗਏ ਜਿਸ ਦੀ ਪਛਾਣਕਾਰੀ ਮਨੋਵਿਗਿਆਨੀ 'ਗਿਆਨਾਤਮਕ ਮੱਤਭੇਦ ਦੀ ਸਹਿਣਸ਼ੀਲਤਾ' ਦੇ ਰੂਪ 'ਚ ਕਰਦੇ ਹਨ - ਪਰਮਾਣੂ ਵਿਗਿਆਨੀਆਂ ਵੱਲੋਂ ਅਗਨੀ ਦੇਵਤਾ ਦੀ ਪੂਜਾ ਕਰਨਾ ਅਤੇ ਐਸੀਆਂ ਤਮਾਮ ਹੋਰ ਬੇਹੂਦਗੀਆਂ। ਆਪਾ ਵਿਰੋਧੀ ਅਤੇ ਬੇਮੇਲ ਵਿਸ਼ਵਾਸਾਂ ਨੂੰ ਮਨ 'ਚ ਵਸਾਈ ਰੱਖਣ ਦੀ ਇਸ ਸਮਰੱਥਾ ਦਾ ਦੂਜਾ ਪਹਿਲੂ ਹੈ ਇਕ ਡੂੰਘੀ ਅਨੈਤਿਕਤਾ - ਜੋ ਇਸ ਖੁੱਲ੍ਹੇ-ਮ-ਖੁੱਲ੍ਹੇ ਅਨਿਆਂ ਉੱਪਰ ਆਧਾਰਿਤ ਸਮਾਜੀ ਪ੍ਰਬੰਧ ਦਾ ਫ਼ਾਇਦਾ ਉਠਾਉਣ ਵਾਲਿਆਂ ਦਾ ਲਾਜ਼ਮੀ ਪ੍ਰਤੀਕਰਮ ਹੈ।

'ਬੁਰੀ ਆਸਥਾ' ਕਿਨ੍ਹਾਂ ਗੱਲਾਂ ਤੋਂ ਬਚਦੀ ਹੈ ਇਸ ਦਾ ਬਿਓਰਾ ਬੇਹੱਦ ਉਲਝਿਆ ਹੋਇਆ ਹੈ; ਲੇਕਿਨ ਬੁਰੀ ਆਸਥਾ ਦਾ ਸਾਰ ਇਹ ਹੈ ਕਿ ਇਸ ਵਿਚ ਫਸ ਕੇ ਮਨੁੱਖ ਨੂੰ ਉਹ ਸਭ ਕਰਨਾ ਪੈਂਦਾ ਹੈ ਜਿਸ ਨੂੰ ਉਹ ਗ਼ਲਤ ਸਮਝਦਾ ਹੈ। ਇਸ ਤਰ੍ਹਾਂ ਇਹ 'ਚੰਗੀ ਆਸਥਾ' ਤੋਂ ਇਕਦਮ ਉਲਟ ਹੈ - ਜਿੱਥੇ ਗ਼ਲਤੀ ਮਾਸੂਮ ਹੁੰਦੀ ਹੈ ਅਤੇ ਭੁੱਲਾਂ ਸੱਚੀਆਂ ਹੁੰਦੀਆਂ ਹਨ, ਤੇ ਸ਼ਾਇਦ ਇਸ ਲਈ ਸਾਡੇ ਮੌਜੂਦਾ ਭਾਰਤੀ ਹਾਲਾਤ 'ਚੋਂ ਨਿਕਲਣ ਦੀ ਇੱਕੋ-ਇਕ ਕੁੰਜੀ ਉਹ ਅਕੱਟ ਅਤੇ ਗੈਰ-ਕਾਲਪਨਿਕ ਸਵਾਲ ਪੁੱਛਣਾ ਹੈ - ਮਸਲਨ ਬੁਰੀ ਆਸਥਾ ਨੂੰ ਲੰਮੇ ਸਮੇਂ ਤੱਕ ਜਿਊਣ ਅਤੇ ਉਸ ਦੇ ਅਨੁਸਾਰ ਵਿਹਾਰ ਕਰਨ ਦੇ ਦੂਰਗਾਮੀ ਨਤੀਜੇ ਕੀ ਹਨ? ਚਲਾਕ ਟਿੱਪਣੀਕਾਰਾਂ ਨੇ ਪਹਿਲਾਂ ਹੀ ਇਸ ਸੰਭਾਵਨਾ - ਜਾਂ ਹਕੀਕਤ? - ਦੀ ਚਿਤਾਵਨੀ ਦੇ ਦਿੱਤੀ ਸੀ - ਇਕ ਐਸੇ ਹਾਲਾਤ ਦੀ ਚਿਤਾਵਨੀ ਜੋ ਬੁਰੀ ਆਸਥਾ ਤੋਂ ਵੀ ਪਾਰ ਚਲੇ ਜਾਂਦੇ ਹਨ।

ਇਨ੍ਹਾਂ ਹਾਲਾਤ 'ਚ, ਜਿਸ ਨੂੰ ਅਜੇ ਕੋਈ ਨਾਮ ਨਹੀਂ ਦਿੱਤਾ ਗਿਆ ਹੈ, ਸਹੀ-ਗ਼ਲਤ ਦਾ ਵਿਵੇਕ ਹੀ ਕਮਜ਼ੋਰ ਪੈ ਜਾਂਦਾ ਹੈ - ਅਤੇ ਜੇ ਕੋਈ ਉਸ ਨੂੰ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾ ਉਸ ਨੂੰ ਦੁੱਖ ਅਤੇ ਤਕਲੀਫ਼ ਦਾ ਸਾਹਮਣਾ ਕਰਨਾ ਪੈਂਦਾ ਹੈ - ਠੀਕ ਇਕ ਫਿਜ਼ਿਓਥੈਰੇਪਿਸਟ ਦੀ ਤਰ੍ਹਾਂ ਜਿਸ ਨੂੰ ਮਰੀਜ ਦੀਆਂ ਸਰੀਰਕ ਸਮਰੱਥਾਵਾਂ ਬਹਾਲ ਕਰਨ ਦੇ ਅਮਲ 'ਚ ਉਸ ਨੂੰ ਐਸੀਆਂ 'ਕਸਰਤਾਂ' ਕਰਾਉਣੀਆਂ ਪੈਂਦੀਆਂ ਹਨ ਜੋ ਉਸ ਦੇ ਲਈ ਬੇਹੱਦ ਤਕਲੀਫ਼ਦੇਹ ਵੀ ਹੋ ਸਕਦੀਆਂ ਹਨ। ਰਾਮਦੇਵ ਵਗੈਰਾ ਦੇ ਖੋਖਲੇ ਦਾਅਵਿਆਂ ਦੀ ਸਰਪ੍ਰਸਤੀ ਕਰਦੇ ਵਕਤ ਮੌਜੂਦਾ ਨਿਜ਼ਾਮ ਆਪਣੇ ਕੇਂਦਰੀ ਹਿੰਦੂ ਸਵਰਨ ਆਧਾਰ ਨੂੰ ਇਹ ਸੰਕੇਤ ਦੇਣਾ ਚਾਹੁੰਦਾ ਹੈ ਕਿ ਅਨਿਆਂ ਉੱਪਰ ਆਧਾਰਿਤ ਇਸ ਸਮਾਜੀ ਪ੍ਰਬੰਧ, ਜੋ ਆਪਣਾ ਬਚਾਓ ਕਰਨ ਤੋਂ ਅਸਮਰੱਥ ਹੈ, ਦੇ ਬਚਾਓ ਲਈ ਜ਼ਰੂਰੀ ਤਮਾਮ ਸਨਕ ਭਰੇ ਤੀਰ ਉਸ ਦੇ ਤਰਕਸ਼ ਵਿਚ ਮੌਜੂਦ ਹਨ।

---

# ਰਾਮਦੇਵ ਵਿਵਾਦ ਅਤੇ ਹਕੀਕੀ ਮਸਲੇ

ਡਿਜੀਟਲ ਕ੍ਰਾਂਤੀ ਦੁਨੀਆ ਨੂੰ ਹੈਰਾਨਕੁਨ ਢੰਗ ਨਾਲ ਬਦਲ ਰਹੀ ਹੈ ਜਿਸ ਕਰ ਕੇ ਅੱਜ ਇਹ ਗੱਲ ਬਹੁਤ ਅਹਿਮ ਹੈ ਕਿ ਭਾਰਤ ਨੂੰ ਵਿਗਿਆਨਕ ਅਤੇ ਤਕਨਾਲੋਜੀ ਦੀ ਖੋਜ ਦਾ ਪ੍ਰਮਾਣਿਕ ਕੇਂਦਰ ਬਣਾਇਆ ਜਾਵੇ। ਇਸ ਮੰਤਵ ਲਈ ਇਕਾਗਰ ਚਿਤ, ਇੱਛਾ ਸ਼ਕਤੀ ਅਤੇ ਵਧੇਰੇ ਵਸੀਲਿਆਂ ਦੀ ਵਚਨਬੱਧਤਾ ਦਰਕਾਰ ਹੈ। ਨਾਲ ਹੀ ਅਜਿਹੀਆਂ ਵਿਚਾਰ ਚਰਚਾਵਾਂ 'ਤੇ ਊਰਜਾ ਖਰਚ ਨਾ ਕੀਤੀ ਜਾਵੇ ਜਿਹੋ ਜਿਹੀ ਵਿਚਾਰ ਚਰਚਾ ਰਾਮਦੇਵ ਨੇ ਸ਼ੁਰੂ ਕੀਤੀ ਹੈ।

ਐਲੋਪੈਥਿਕ ਡਾਕਟਰਾਂ ਖਿਲਾਫ਼ ਬਾਬਾ

**ਵਿਵੇਕ ਕਾਟਜੂ**

ਰਾਮਦੇਵ ਦੀ ਵਿਵਾਦ ਵਾਲੀ ਤਲਖ ਕਲਾਮੀ ਬਿਲਕੁਲ ਗ਼ਲਤ ਹੈ; ਖਾਸ ਕਰ ਅੱਜਕੱਲ੍ਹ ਕੋਵਿਡ ਦੇ ਸਮਿਆਂ ਦੌਰਾਨ ਜਦੋਂ ਐਲੋਪੈਥਿਕ ਡਾਕਟਰ ਪੂਰੀ ਤਨਦੇਹੀ ਅਤੇ ਦਲੇਰੀ ਨਾਲ ਲੋਕਾਂ ਦੀ ਸੇਵਾ ਕਰ ਰਹੇ ਹਨ ਤਾਂ ਇਹੋ ਜਿਹੀ ਬਿਆਨਬਾਜ਼ੀ ਬੇਲੋੜੀ ਹੈ।

ਇਸ ਵਿਵਾਦ ਦਾ ਬਹੁਤ ਹੀ ਪ੍ਰੇਸ਼ਾਨਕੁਨ ਹਿੱਸਾ ਉਹ ਹੈ ਜਿਸ ਵਿਚ ਰਾਮਦੇਵ ਨੇ ਐਲੋਪੈਥਿਕ ਡਾਕਟਰਾਂ ਨੂੰ ਉਨ੍ਹਾਂ ਦੀ ਚਕਿਤਸਾ ਪ੍ਰਣਾਲੀ ਦੀ ਕਾਰਕਰਦਗੀ ਬਾਰੇ 25 ਸਵਾਲ ਪੁੱਛ ਕੇ ਇਕ ਕਿਸਮ ਦਾ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿਹਤਯਾਬੀ ਵਾਸਤੇ ਪ੍ਰਾਚੀਨ ਚਕਿਤਸਾ ਪ੍ਰਣਾਲੀਆਂ ਵਿਚ ਕਈ ਗੁਣ ਹਨ ਪਰ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮੌਜੂਦਾ ਆਲਮੀ ਸਿਹਤ ਪ੍ਰਣਾਲੀਆਂ ਐਲੋਪੈਥਿਕ ਚਕਿਤਸਾ ਪ੍ਰਣਾਲੀਆਂ ਤੇ ਆਧਾਰਿਤ ਹਨ। ਇਹ ਉਹ ਪ੍ਰਣਾਲੀ ਹੈ ਜਿਸ ਨੇ ਦੁਨੀਆ ਭਰ ਵਿਚ ਪੁਰਾਣੀਆਂ ਅਲਾਮਤਾਂ ਨੂੰ ਕਾਬੂ ਕਰਨ, ਸਿਹਤ ਦੇ ਮਿਆਰ ਉੱਚੇ ਚੁੱਕਣ ਅਤੇ ਇਨਸਾਨੀ ਜ਼ਾਤ ਦੀ ਉਮਰ ਲੰਮੇਰੀ ਕਰਨ ਵਿਚ ਮਦਦ ਕੀਤੀ ਹੈ। ਇਸ ਦਾ ਇਹ ਮਤਲਬ ਨਹੀਂ ਹੈ ਕਿ ਇਹ ਸੰਪੂਰਨ ਹੈ, ਜਾਂ ਫਿਰ ਇਹ ਸਿਹਤ ਨਾਲ ਜੁੜੇ ਸਾਰੇ ਸਵਾਲਾਂ ਦੇ ਜਵਾਬ ਦੇਣ ਦੇ ਸਮੱਰਥ ਹੈ। ਦਰਅਸਲ, ਮੈਡੀਕਲ ਗਿਆਨ ਦੇ ਬਹੁਤ ਸਾਰੇ ਖੇਤਰਾਂ ਵਿਚ ਖੱਪੇ ਹਨ ਪਰ ਆਧੁਨਿਕ ਡਾਕਟਰ ਇਸ ਤੱਥ ਨੂੰ ਸਵੀਕਾਰ ਕਰਦੇ ਹਨ। ਕੋਵਿਡ ਮਹਾਮਾਰੀ ਇਸ ਸੂਰਤ ਵੱਲ ਧਿਆਨ ਦਿਵਾ ਰਹੀ ਹੈ।

ਆਧੁਨਿਕ ਭਾਰਤੀ ਡਾਕਟਰਾਂ ਨੇ ਦੁਨੀਆ ਭਰ ਵਿਚ ਨਾਮਣਾ ਖੱਟਿਆ ਹੈ। ਇਸੇ ਕਰ ਕੇ ਉਪ ਮਹਾਦੀਪ ਅਤੇ ਇਸ ਤੋਂ ਪਰ੍ਹੇ ਤੋਂ ਵੀ ਹਜ਼ਾਰਾਂ ਦੀ ਤਾਦਾਦ ਵਿਚ ਮਰੀਜ਼ ਭਾਰਤੀ ਹਸਪਤਾਲਾਂ ਵਿਚ ਇਲਾਜ ਕਰਾਉਣ ਆਉਂਦੇ ਹਨ। ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਇਨ੍ਹਾਂ ਮਰੀਜ਼ਾਂ ਦਾ ਭਰੋਸਾ ਟੁੱਟਦਾ ਹੋਵੇ ਤੇ ਜਿਸ ਕਰ ਕੇ ਭਾਰਤ ਦੀ ਲਲਿਤ ਸ਼ਕਤੀ, ਭਾਵ ਸੌਫਟਪਾਵਰ ਦਾ ਅਕਸ ਖਰਾਬ ਹੋ ਸਕਦਾ ਹੈ। ਇਸ ਮਾਮਲੇ ਵਿਚ ਭਾਰਤੀ ਸੌਫਟਪਾਵਰ ਅਤੇ ਯੋਗ ਅਭਿਆਸ ਦੇ ਯੋਗਦਾਨ ਵਿਚ ਕੋਈ ਅੰਤਰ-ਵਿਰੋਧ ਨਹੀਂ ਹੈ। ਸੰਯੁਕਤ ਰਾਸ਼ਟਰ ਮਹਾਸਭਾ ਨੇ ਆਪਣੇ ਮਤੇ ਨੰਬਰ 69/131 ਵਿਚ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਮਨਾਉਣ ਦੀ ਮਾਨਤਾ ਦਿੱਤੀ ਸੀ, ਕਿਉਂਕਿ ਇਹ ਸਿਹਤ ਅਤੇ ਮਨੁੱਖੀ ਭਲਾਈ ਸਰਬਪੱਖੀ ਪਹੁੰਚ ਰੱਖਦਾ ਹੈ।

ਇਸ ਲਿਹਾਜ਼ ਤੋਂ ਪ੍ਰਾਚੀਨ ਚਕਿਤਸਾ ਅਤੇ ਆਧੁਨਿਕ ਮੈਡੀਕਲ ਪ੍ਰਣਾਲੀ ਇਕ ਦੂਜੇ ਦੀਆਂ ਪੂਰਕ ਹਨ, ਅੰਤਰ-ਵਿਰੋਧੀ ਨਹੀਂ। ਆਧੁਨਿਕ ਦਵਾ ਪ੍ਰਣਾਲੀ ਵਿਗਿਆਨਕ ਨਿਰੀਖਣ ਅਤੇ ਪਰਖਯੋਗ ਵਿਧੀਆਂ ਦੇ ਆਧਾਰ ਤੇ ਸਬੂਤ ਦੀ ਗਹਿਰੀ ਪੁਣਛਾਣ ਦੇ ਆਧਾਰ ਤੇ ਆਪਣਾ ਰਸਤਾ ਅਖਤਿਆਰ ਕਰਦੀ ਹੈ। ਬਾਕੀ ਦੇ ਸਾਰੇ ਭੌਤਿਕ ਅਤੇ ਇੱਥੋਂ ਤੱਕ ਸਮਾਜ ਵਿਗਿਆਨਾਂ ਵਿਚ ਵੀ ਇਹ ਸਿਧਾਂਤ ਲਾਗੂ ਹੁੰਦੇ ਹਨ। ਸੁਭਾਵਿਕ ਹੈ ਕਿ ਜਦੋਂ ਸਬੂਤ ਬਦਲਦੇ ਹਨ ਤਾਂ ਸਿੱਟੇ ਵੀ ਬਦਲ ਜਾਂਦੇ ਹਨ। ਇਸ ਤਰੀਕੇ ਰਾਹੀਂ ਹੀ ਗਿਆਨ ਦਾ ਵਿਕਾਸ ਹੁੰਦਾ ਹੈ; ਮਨੁੱਖੀ ਸੁਭਾਅ ਅੰਤਰ-ਵਿਰੋਧਾਂ ਨਾਲ ਭਰਿਆ ਹੋਇਆ ਹੈ। ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਹੈ ਕਿ ਇਨਸਾਨ ਹਮੇਸ਼ਾ ਪੁਖਤਾ ਗਿਆਨ ਦੇ ਆਧਾਰ 'ਤੇ ਹੀ ਕੰਮ ਕਰਦਾ ਹੈ। ਉਂਜ, ਅਗਾਂਹਵਧੂ ਆਗੂ ਆਪਣੇ ਲੋਕਾਂ ਨੂੰ ਵਿਗਿਆਨ ਅਤੇ ਤਰਕ ਦੇ ਮਾਰਗ ਤੇ ਲਿਜਾਣ ਦੀ ਚਾਹਨਾ ਰੱਖਦੇ ਹਨ ਅਤੇ ਵਿਗਿਆਨਕ ਸੋਚ ਉਭਾਰਨ ਵਾਲੀਆਂ ਸੰਸਥਾਵਾਂ ਉਸਾਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੀ ਮਨਸ਼ਾ ਹੁੰਦੀ ਹੈ ਕਿ ਵਿਗਿਆਨ ਵਿਚ ਨਿਹਿਤ ਤਰਕ ਤੇ ਦਲੀਲ ਸਮਾਜ ਦੀ ਅਗਵਾਈ ਕਰੇ। ਉਹ ਚਾਹੁੰਦੇ ਹੁੰਦੇ ਹਨ ਕਿ ਉਨ੍ਹਾਂ ਦੇ ਲੋਕ ਅਗਾਂਹਵਧੂ ਬਣਨ ਤੇ ਨਾਲ ਹੀ ਆਪਣੀਆਂ ਪ੍ਰਾਚੀਨ ਪ੍ਰਾਪਤੀਆਂ ਤੇ ਮਾਣ ਵੀ ਕਰਨ।

ਭਾਰਤ ਦੇ ਚੰਗੇ ਭਾਗ ਸਨ ਕਿ ਇਸ ਨੂੰ ਨਹਿਰੂ ਦੇ ਰੂਪ ਵਿਚ ਅਜਿਹਾ ਆਗੂ ਮਿਲਿਆ ਸੀ ਜਿਸ ਦੀ 27 ਮਈ ਨੂੰ ਬਰਸੀ ਲੰਘੀ ਹੈ। ਭਾਰਤ ਅਜਿਹੇ ਸਮੇਂ ਵਿਚੋਂ ਗੁਜ਼ਰ ਰਿਹਾ ਹੈ ਜਦੋਂ ਨਹਿਰੂ ਅਤੇ ਉਸ ਦੀ ਵਿਰਾਸਤ ਤੇ ਨਿਰੰਤਰ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੀਆਂ ਘਰੋਗੀ ਤੇ ਵਿਦੇਸ਼ ਨੀਤੀਆਂ ਦੀ ਨੁਕਤਾਚੀਨੀ ਹੀ ਨਹੀਂ ਕੀਤੀ ਜਾ ਰਹੀ ਸਗੋਂ ਉਨ੍ਹਾਂ ਦਾ ਤਿਰਸਕਾਰ ਵੀ ਕੀਤਾ ਜਾ ਰਿਹਾ ਹੈ। ਪਿੱਛਲਝਾਤ ਮਾਰਿਆਂ ਪਤਾ ਚਲਦਾ ਹੈ ਕਿ ਬਿਨਾਂ ਸ਼ੱਕ ਨਹਿਰੂ ਤੋਂ ਬਹੁਤ ਸਾਰੇ ਨੀਤੀਗਤ ਖੇਤਰਾਂ ਵਿਚ ਗ਼ਲਤੀਆਂ ਹੋਈਆਂ ਸਨ ਤੇ ਬਿਹਤਰ ਹੁੰਦਾ ਜੇ ਉਨ੍ਹਾਂ ਬਦਲਵੇਂ ਰਾਹਾਂ ਦੀ ਚੋਣ ਕੀਤੀ ਹੁੰਦੀ ਹਾਲਾਂਕਿ ਆਜ਼ਾਦੀ ਦੇ ਪਹਿਲੇ ਦਹਾਕੇ ਵਿਚ ਦੇਸ਼ ਸਾਹਮਣੇ ਬਹੁਤ ਜ਼ਿਆਦਾ ਸਮੱਸਿਆਵਾਂ ਦਰਪੇਸ਼ ਸਨ ਜਿਸ ਕਰ ਕੇ ਕਈ ਮਜਬੂਰੀਆਂ ਬਣੀਆਂ ਹੋਈਆਂ ਸਨ। ਯਕੀਨਨ, ਵਿਦੇਸ਼ ਨੀਤੀ ਦੇ ਖੇਤਰ ਵਿਚ ਉਨ੍ਹਾਂ ਦੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਪਾਕਿਸਤਾਨ ਅਤੇ ਚੀਨ ਪ੍ਰਤੀ ਪਹੁੰਚ ਵੱਖਰੀ ਹੋਣੀ ਚਾਹੀਦੀ ਸੀ। ਇਸੇ ਤਰ੍ਹਾਂ ਸੁਰੱਖਿਆ ਦੀਆਂ ਨੀਤੀਆਂ ਵਿਚ ਵੀ ਨਹਿਰੂ ਨੂੰ ਰੱਖਿਆ ਬਲਾਂ ਦੇ ਆਧੁਨਿਕੀਕਰਨ ਅਤੇ ਵਿਸਤਾਰਨ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਸੀ, ਭਾਵੇਂ ਇਸ ਮੰਤਵ ਲਈ ਆਪਣੇ ਕਮਜ਼ੋਰ ਮਾਲੀ ਵਸੀਲਿਆਂ ਤੇ ਹੋਰ ਜ਼ਿਆਦਾ ਬੋਝ ਪਾਉਣਾ ਪੈਂਦਾ। ਇਨ੍ਹਾਂ ਲੇਖੇ-ਜੋਖਿਆਂ ਦੇ ਮੱਦੇਨਜ਼ਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਉਹ ਆਧੁਨਿਕ ਸਾਇੰਸ ਤੇ ਤਕਨਾਲੋਜੀ ਦੀ ਪੈਰਵੀ ਅਤੇ ਦੌਲਤ ਅਤੇ ਆਮਦਨ ਦੀ ਵਧੇਰੇ ਸਾਵੀਂ ਵੰਡ ਦੇ ਜ਼ਰੀਏ ਭਾਰਤੀ ਸਮਾਜ ਨੂੰ ਅਗਾਂਹਵਧੂ ਤੇ ਸਮਤਾਪੂਰਨ ਬਣਾਉਣ ਲਈ ਦ੍ਰਿੜ ਸੰਕਲਪ ਸਨ।

ਡਿਜੀਟਲ ਕ੍ਰਾਂਤੀ ਦੁਨੀਆ ਨੂੰ ਹੈਰਾਨਕੁਨ ਢੰਗ ਨਾਲ ਬਦਲ ਰਹੀ ਹੈ ਜਿਸ ਕਰ ਕੇ ਅੱਜ ਇਹ ਗੱਲ ਬਹੁਤ ਅਹਿਮ ਹੈ ਕਿ ਭਾਰਤ ਨੂੰ ਵਿਗਿਆਨਕ ਅਤੇ ਤਕਨਾਲੋਜੀ ਦੀ ਖੋਜ ਦਾ ਪ੍ਰਮਾਣਿਕ ਕੇਂਦਰ ਬਣਾਉਣ ਲਈ ਨਹਿਰੂ ਦੇ ਨਜ਼ਰੀਏ ਨੂੰ ਅਗਾਂਹ ਵਧਾਇਆ ਜਾਵੇ। ਇਸ ਮੰਤਵ ਲਈ ਸਰਕਾਰ ਅਤੇ ਪ੍ਰਾਈਵੇਟ ਸੈਕਟਰ ਦੋਵਾਂ ਵਲੋਂ ਇਕਾਗਰਚਿਤ, ਇੱਛਾ ਸ਼ਕਤੀ ਅਤੇ ਵਧੇਰੇ ਵਸੀਲਿਆਂ ਦੀ ਵਚਨਬੱਧਤਾ ਦਰਕਾਰ ਹੈ। ਇਸ ਦਾ ਭਾਵ ਇਹ ਵੀ ਹੈ ਕਿ ਅਜਿਹੀਆਂ ਵਿਚਾਰ ਚਰਚਾਵਾਂ ਤੇ ਰਾਸ਼ਟਰੀ ਊਰਜਾ ਖਰਚ ਨਾ ਕੀਤੀ ਜਾਵੇ ਜਿਹੋ ਜਿਹੀ ਵਿਚਾਰ ਚਰਚਾ ਰਾਮਦੇਵ ਵਲੋਂ ਸ਼ੁਰੂ ਕੀਤੀ ਗਈ ਹੈ। ਆਖਰੀ ਨੁਕਤਾ ਇਹ ਹੈ ਕਿ ਨਹਿਰੂ ਯੋਗ ਦੇ ਹਮਾਇਤੀ ਸਨ ਅਤੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਯੋਗ ਅਭਿਆਸ ਕਰਦੇ ਰਹੇ ਸਨ।

# ਦਬਾਵਾਂ ਨਾਲ ਭਿੜਦੇ ਪੱਤਰਕਾਰਾਂ ਦੇ ਹੱਕ ਦਾ ਫੈਸਲਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਕੋਈ ਚਾਰ ਕੁ ਸਾਲ ਪਹਿਲਾਂ ਇੱਕ ਸ਼ੋਅ ਦੌਰਾਨ ਇੱਕ ਕਾਮੇਡੀਅਨ ਨੇ ਇਹ ਗੱਲ ਸਟੇਜ ਤੋਂ ਕਹੀ ਕਿ ਪਤਾ ਨਹੀਂ ਲੋਕ ਮੈਨੂੰ ਇਹ ਕਿਉਂ ਕਹਿੰਦੇ ਨੇ ਕਿ ਤੂੰ ਬੜਾ ਬਹਾਦਰ ਹੈਂ, ਅਜੇ ਤੱਕ ਸਰਕਾਰ ਦਾ ਮਜ਼ਾਕ ਉਡਾਈ ਜਾਂਦਾ ਹੈਂ! ਉਸ ਦਾ ਕਹਿਣਾ ਸੀ ਕਿ ਮੈਂ ਉਨ੍ਹਾਂ ਲੋਕਾਂ ਨੂੰ ਪੁੱਛਦਾ ਹਾਂ ਕਿ ਅੱਜ ਕੱਲ੍ਹ ਕੀ ਹੋ ਗਿਆ ਹੈ? ਉਹ ਦੱਸਦੇ ਹਨ ਕਿ ਦੇਸ਼ ਵਿਚ ਸਿਆਸੀ ਮਾਹੌਲ ਬਦਲ ਗਿਆ ਹੈ ਅਤੇ ਬਦਲੇ ਹੋਏ ਮਾਹੌਲ ਵਿਚ ਏਦਾਂ ਦੀ ਕਾਮੇਡੀ ਬਰਦਾਸ਼ਤ ਕੀਤੀ ਜਾਣ ਦੀ ਆਸ ਨਹੀਂ ਰਹਿ ਗਈ। ਉਸ ਦੇ ਬਾਅਦ ਉਸ ਕਾਮੇਡੀਅਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਛਪੀ ਹੋਈ ਕਿਤਾਬ 'ਬਾਲ ਨਰੇਂਦਰ' ਨੂੰ ਲੈ ਕੇ ਜ਼ੋਰਦਾਰ ਕਾਮੇਡੀ ਕੀਤੀ ਅਤੇ ਸਾਹਮਣੇ ਦੋ ਕੇਂਦਰੀ ਮੰਤਰੀ ਬੈਠੇ ਹੋਣ ਦੇ ਬਾਵਜੂਦ ਇਹ ਗੱਲ ਵੀ ਕਹਿ ਗਿਆ ਕਿ 'ਬਾਲ ਨਰੇਂਦਰ (ਮੋਦੀ)' ਉਸ ਕਿਤਾਬ ਦੇ ਪਾਤਰ ਵਜੋਂ ਕ੍ਰਿਕਟ ਖੇਡਦਾ ਸੀ, ਉਸ ਦੀ ਜਦੋਂ ਬਾਲ ਦੂਰ ਚਲੇ ਜਾਂਦੀ ਸੀ ਤਾਂ ਇੱਕ ਬੱਚਾ ਗੇਂਦ ਲੈਣ ਲਈ ਬਾਕੀਆਂ ਤੋਂ ਪਹਿਲਾਂ ਦੌੜਦਾ ਸੀ ਤੇ ਇਹ ਕਿਤਾਬ ਪੜ੍ਹ ਕੇ ਮੈਂ ਸਮਝ ਗਿਆ ਕਿ ਇਹ ਬੱਚਾ ਹੀ ਵੱਡਾ ਹੋ ਕੇ ਅਰੁਣ ਜੇਤਲੀ ਬਣਿਆ ਹੋਵੇਗਾ। ਲੋਕਾਂ ਨੇ ਤਾੜੀਆਂ ਮਾਰੀਆਂ, ਪਰ ਸੁਸ਼ਮਾ ਸਵਰਾਜ ਤੇ ਮੋਦੀ ਸਰਕਾਰ ਦੇ ਇੱਕ ਹੋਰ ਮੰਤਰੀ ਦੇ ਚਿਹਰਿਆਂ ਤੋਂ ਰੰਗ ਉੱਡਿਆ ਪਿਆ ਸੀ। ਇਹ ਆਪਣੇ ਆਪ ਵਿਚ ਵਿਲੱਖਣ ਸ਼ੋਅ ਸੀ।

ਬਾਅਦ ਦੇ ਸਾਲਾਂ ਵਿਚ ਅਸੀਂ ਕਈ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਾਰੇ ਕਈ ਪੱਤਰਕਾਰਾਂ ਨੂੰ ਬਹੁਤ ਸਖਤ ਟਿੱਪਣੀਆਂ ਕਰਦੇ ਟੀ. ਵੀ. ਚੈਨਲਾਂ ਉੱਤੇ ਸੁਣਿਆ ਤੇ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਰਹੇ ਹਾਂ। ਉਨ੍ਹਾਂ ਨਾਮਣੇ ਵਾਲੇ ਕੁਝ ਪੱਤਰਕਾਰਾਂ ਉੱਤੇ ਕੇਸ ਵੀ ਦਰਜ ਕੀਤੇ ਗਏ ਤੇ ਉਨ੍ਹਾਂ ਨੂੰ ਅਦਾਲਤਾਂ ਦਾ ਚੱਕਰ ਵੀ ਲਾਉਣਾ ਪਿਆ ਸੀ। ਵਿਨੋਦ ਦੁਆ ਉਨ੍ਹਾਂ ਵਿਚੋਂ ਹਨ। ਪ੍ਰਧਾਨ ਮੰਤਰੀ ਮੋਦੀ ਵਿਰੁੱਧ ਕੀਤੀਆਂ ਉਨ੍ਹਾਂ ਦੀਆਂ ਟਿੱਪਣੀਆਂ ਕਾਰਨ ਹੀ ਹਿਮਾਚਲ ਪ੍ਰਦੇਸ਼ ਦੇ ਇੱਕ ਮੋਦੀ ਭਗਤ ਨੇ ਉਨ੍ਹਾਂ ਵਿਰੁੱਧ ਕੇਸ ਦਰਜ ਕਰਵਾ ਦਿੱਤਾ ਤੇ ਇਸ ਕੇਸ ਨੂੰ ਨਰਿੰਦਰ ਮੋਦੀ ਦੀ ਹੱਤਕ ਦਾ ਮੁੱਦਾ ਨਾ ਰੱਖ ਕੇ ਭਾਰਤ ਦੇਸ਼ ਨਾਲ ਗੱਦਾਰੀ ਦਾ ਮੁੱਦਾ ਬਣਾ ਕੇ 'ਦੇਸ਼ ਧ੍ਰੋਹ' ਦਾ ਕੇਸ ਦਰਜ ਕਰਾ ਦਿੱਤਾ ਸੀ। ਇਹ ਕੇਸ ਸੁਪਰੀਮ ਕੋਰਟ ਤੱਕ ਗਿਆ ਅਤੇ ਉਥੇ ਜਾ ਕੇ ਫੈਸਲਾ ਵਿਨੋਦ ਦੁਆ ਦੇ ਹੱਕ ਵਿਚ, ਸਗੋਂ ਉਨ੍ਹਾਂ ਪੱਤਰਕਾਰਾਂ ਦੇ ਹੱਕ ਵਿਚ ਹੋਇਆ,



ਵਿਨੋਦ ਦੁਆ

ਜੋ ਭਾਰਤ ਦੀ ਮੌਕੇ ਦੀ ਸਰਕਾਰ ਦੇ ਉਨ੍ਹਾਂ ਫੈਸਲਿਆਂ ਦੀ ਨੁਕਤਾਚੀਨੀ ਕਰਨ ਤੋਂ ਨਹੀਂ ਹਟਦੇ, ਜਿਹੜੇ ਫੈਸਲੇ ਇਸ ਦੇਸ਼ ਤੇ ਦੇਸ਼-ਵਾਸੀਆਂ ਦੇ ਹਿੱਤਾਂ ਦੇ ਖਿਲਾਫ ਹੁੰਦੇ ਹਨ। ਸੁਪਰੀਮ ਕੋਰਟ ਨੇ ਸਾਲ 1962 ਦੇ ਇੱਕ ਫੈਸਲੇ ਦਾ ਹਵਾਲਾ ਦੇ ਕੇ ਕਿਹਾ ਕਿ ਪੱਤਰਕਾਰਾਂ ਨੇ ਜੇ ਆਪਣਾ ਕੰਮ ਕਰਨਾ ਹੈ ਤਾਂ ਉਨ੍ਹਾਂ ਨੂੰ ਇਹੋ ਜਿਹੇ ਮਾਮਲਿਆਂ ਵਿਚ ਸੁਰੱਖਿਆ ਦਿੱਤੀ ਜਾਣ ਦੀ ਲੋੜ ਹੈ, ਤਾਂ ਕਿ ਹਰ ਕੋਈ ਉਨ੍ਹਾਂ ਉੱਤੇ ਕੇਸ ਦਰਜ ਕਰਵਾ ਕੇ ਉਨ੍ਹਾਂ ਨੂੰ ਸੱਚ ਲਿਖਣ ਤੇ ਬੋਲਣ ਤੋਂ ਰੋਕਣ ਲਈ ਉਨ੍ਹਾਂ ਨੂੰ ਕਾਨੂੰਨੀ ਸੰਗਲਾਂ ਵਿਚ ਜੂੜਨ ਦਾ ਬੇਤੁਕਾ ਯਤਨ ਨਾ ਕਰ ਸਕੇ।

ਅਸੀਂ ਸਮਝਦੇ ਹਾਂ ਕਿ ਲੋਕਤੰਤਰ ਬਚਾਉਣਾ ਹੈ ਤਾਂ ਪੱਤਰਕਾਰਾਂ ਦਾ ਇਹ ਹੱਕ ਕਾਇਮ ਰੱਖਿਆ ਜਾਣਾ ਚਾਹੀਦਾ ਹੈ, ਵਰਨਾ ਅੱਜ ਦੀ ਭਾਰਤ ਸਰਕਾਰ ਦੀ ਅਗਵਾਈ ਹੇਠ ਚੱਲਦੀਆਂ ਲੋਕਤੰਤਰੀ ਸੰਸਥਾਵਾਂ ਉੱਤੇ ਇੱਕ ਸੋਚ ਵਾਲੇ ਲੋਕਾਂ ਦਾ ਕਬਜ਼ਾ ਕਰਾਉਣ ਦੀ ਜਿਹੜੀ ਖੇਡ ਚੱਲਦੀ ਪਈ ਹੈ, ਉਹ ਭਾਰਤ ਦੀਆਂ ਜੜ੍ਹਾਂ ਖੋਖਲੀਆਂ ਕਰ ਦੇਵੇਗੀ। ਇਸ ਵੇਲੇ ਜਦੋਂ ਦੇਸ਼ ਉਸ ਆਗੂ ਅਤੇ ਉਸੇ ਵਰਗੇ ਹੋਰਨਾਂ ਦੀ ਮਰਜ਼ੀ ਦਾ ਮੁਥਾਜ ਬਣਿਆ ਨਜ਼ਰ ਆਉਂਦਾ ਹੈ, ਉਸ ਵਕਤ ਉਨ੍ਹਾਂ ਜ਼ਬਾਨਾਂ ਤੇ ਉਨ੍ਹਾਂ ਕਲਮਾਂ ਦੀ ਰਵਾਨੀ ਕਾਇਮ ਰੱਖਣੀ ਜ਼ਰੂਰੀ ਹੈ, ਜਿਹੜੀਆਂ ਉਸ ਕਾਮੇਡੀਅਨ ਨੂੰ ਮਿਲੀ ਚੇਤਾਵਨੀ ਵਾਂਗ 'ਅਜੇ ਵੀ' ਕੁਝ ਲਿਖਣ ਜਾਂ ਬੋਲਣ ਦੀ ਹਿੰਮਤ ਕਰਦੀਆਂ ਹਨ। ਸਰਕਾਰਾਂ ਗਲਤ ਕੰਮ ਕਰਨ ਤਾਂ ਪੱਤਰਕਾਰ ਇਸ ਬਾਰੇ ਬੋਲਣਗੇ। ਪਾਰਲੀਮੈਂਟ ਵਿਚ ਬਹੁ-ਸੰਮਤੀ ਸੀਟਾਂ ਜਿੱਤਿਆ ਕੋਈ ਆਗੂ ਇਸ ਦੇਸ਼ ਦੀ ਅੰਦਰੂਨੀ ਤੇ ਵਿਦੇਸ਼ ਨੀਤੀ ਨੂੰ ਮਜ਼ਾਕ ਵਰਗੀ ਬਣਾ ਦੇਵੇ ਤਾਂ ਪੱਤਰਕਾਰਾਂ ਨੂੰ ਬੋਲਣਾ ਤੇ ਲਿਖਣਾ ਪਵੇਗਾ। ਏਦਾਂ ਦੇ ਮੌਕੇ ਕਈ ਵਾਰ ਬਣ ਜਾਂਦੇ ਹਨ।

ਭਾਰਤ ਦੀ ਅਗਵਾਈ ਇਸ ਵੇਲੇ ਉਸ ਆਗੂ ਦੇ ਹੱਥਾਂ ਵਿਚ ਹੈ, ਜਿਸ ਨੇ ਕਿਹਾ ਸੀ ਕਿ ਜੇ ਮੈਂ ਪ੍ਰਧਾਨ ਮੰਤਰੀ ਬਣ ਗਿਆ ਤਾਂ ਗਵਾਂਢੀ ਦੇਸ਼ ਪਾਕਿਸਤਾਨ ਵਿਚ ਦੀਵੇ ਜਗਦੇ ਨਹੀਂ ਦਿੱਸਣਗੇ। ਜਦੋਂ ਉਹ ਜਿੱਤ ਗਿਆ ਅਤੇ ਸਹੁੰ ਚੁੱਕਣੀ ਸੀ ਤਾਂ ਜਿਸ ਗਵਾਂਢੀ ਦੇਸ਼ ਦੇ ਦੀਵੇ ਬੁਝਣ ਦੀਆਂ ਗੱਲਾਂ ਕਰਦਾ ਸੀ, ਆਪਣੇ ਸਹੁੰ-ਚੁੱਕ ਸਮਾਗਮ ਦਾ ਸਭ ਤੋਂ ਪਹਿਲਾ ਸੱਦਾ ਉਸੇ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਭੇਜਿਆ ਤੇ ਉਹ ਆਇਆ ਵੀ ਸੀ। ਮਸਾਂ ਮਹੀਨਾ ਕੁ ਲੰਘਿਆ ਤੇ ਦੋਹਾਂ ਦੇਸ਼ਾਂ ਦੀਆਂ ਫੌਜਾਂ ਕੰਟਰੋਲ ਰੇਖਾ ਉੱਤੇ ਭਿੜਨ ਲੱਗ ਪਈਆਂ ਤੇ ਇਸ ਦੇ ਪ੍ਰਭਾਵ ਹੇਠ ਨੇਪਾਲ ਵਿਚ ਜਾ ਕੇ ਇਨ੍ਹਾਂ ਦੋਹਾਂ ਆਗੂਆਂ ਨੇ ਇੱਕ ਦੂਸਰੇ ਨਾਲ ਹੱਥ ਤਾਂ ਕੀ, ਅੱਖ ਮਿਲਾਉਣੀ ਵੀ ਠੀਕ ਨਹੀਂ ਸੀ ਸਮਝੀ, ਪਰ ਇੱਕ ਉਦਯੋਗਪਤੀ ਵਿਚਾਲੇ ਪਿਆ ਤੇ ਅੱਧੀ ਰਾਤ ਹੋਈ ਇੱਕ ਮੀਟਿੰਗ ਤੋਂ ਅਗਲੇ ਦਿਨ ਦੋਵੇਂ ਜਣੇ ਫਿਰ ਹੱਥ ਮਿਲਾ ਰਹੇ ਸਨ।

ਮਸਾਂ ਇੱਕ ਮਹੀਨਾ ਲੰਘਿਆ ਤੇ ਦੋਹਾਂ ਦੇ ਸੰਬੰਧ ਫਿਰ ਵਿਗੜ ਗਏ, ਪਰ ਮਾਸਕੋ ਗਏ ਪ੍ਰਧਾਨ ਮੰਤਰੀ ਨੇ ਵਾਪਸੀ ਵੇਲੇ ਕਾਬਲ ਵਿਚ ਇੱਕ ਸਮਾਗਮ ਤੋਂ ਬਾਅਦ ਜਦੋਂ ਭਾਰਤ ਪਰਤਣਾ ਸੀ ਤਾਂ ਓਸੇ ਨਵਾਜ਼ ਸ਼ਰੀਫ ਨੂੰ ਜਨਮ ਦਿਨ ਦੀ ਵਧਾਈ ਦੇ ਦਿੱਤੀ ਅਤੇ ਅੱਗੋਂ ਉਸ ਨੇ ਕਹਿ ਦਿੱਤਾ ਕਿ ਮੈਂ ਰਾਹ ਵਿਚ ਹਾਂ, ਮਿਲਦੇ ਜਾਓ। ਭਾਰਤ ਦੇ ਪ੍ਰਧਾਨ ਮੰਤਰੀ ਨੇ ਬਿਨਾ ਪਹਿਲੇ ਮਿਥੇ ਪ੍ਰੋਗਰਾਮ ਤੋਂ ਲਾਹੌਰ ਵਿਚ ਜਹਾਜ਼ ਉਤਾਰਿਆ, ਪਰੋਟੋਕੋਲ ਦੀ ਪ੍ਰਵਾਹ ਕੀਤੇ ਬਿਨਾ ਉਸ ਦੇ ਘਰ ਉਸ ਦੀ ਪੋਤੀ ਦੇ ਵਿਆਹ ਦਾ ਸ਼ਗਨ ਪਾਉਣ ਚਲੇ ਗਿਆ ਤੇ ਨੇੜਲੇ ਰਿਸ਼ਤੇਦਾਰਾਂ ਵਰਗਾ ਪ੍ਰਭਾਵ ਬਣਾ ਧਰਿਆ ਸੀ। ਕੁਝ ਹਫਤੇ ਹੋਰ ਲੰਘੇ ਤਾਂ ਭਾਰਤ ਦੇ ਬਹੁਤ ਨਾਜ਼ਕ ਮੰਨੇ ਜਾਂਦੇ ਪਠਾਨਕੋਟ ਏਅਰ ਬੇਸ ਉੱਤੇ ਪਾਕਿਸਤਾਨ ਤੋਂ ਆਏ ਅਤਿਵਾਦੀਆਂ ਨੇ ਹਮਲਾ ਕਰ ਦਿੱਤਾ ਤੇ ਦੋਹਾਂ ਧਿਰਾਂ ਦੀ ਕੌੜ ਫਿਰ ਵਧ ਗਈ। ਇਸ ਹਮਲੇ ਮਗਰੋਂ ਸਾਡੇ ਪ੍ਰਧਾਨ ਮੰਤਰੀ ਨੇ ਪਾਕਿਸਤਾਨ ਨੂੰ ਆਪਣੀ ਵਿਸ਼ੇਸ਼ ਟੀਮ ਭੇਜ ਕੇ ਏਥੇ ਪੜਤਾਲ ਕਰਨ ਦਾ ਹੱਕ ਦੇ ਦਿੱਤਾ ਤੇ ਉਸ ਟੀਮ ਵਿਚ ਉਥੋਂ ਦੀ ਮਿਲਟਰੀ ਇੰਟੈਲੀਜੈਂਸ ਦੇ ਨਾਲ ਉਸ ਖੁਫੀਆ ਏਜੰਸੀ ਆਈ. ਐੱਸ. ਆਈ., ਜਿਸ ਨੂੰ ਭਾਰਤ ਹਮੇਸ਼ਾ ਅਤਿਵਾਦ ਦੀ ਮਾਂ ਮੰਨਦਾ ਰਿਹਾ ਹੈ, ਦਾ ਮੇਜਰ ਜਨਰਲ ਰੈਂਕ ਦਾ ਅਫਸਰ ਵੀ ਪਠਾਨਕੋਟ ਏਅਰ ਫੋਰਸ ਸਟੇਸ਼ਨ ਵਿਚ ਆਉਣ ਦੀ ਆਗਿਆ ਦੇ ਦਿੱਤੀ ਗਈ। ਭਾਰਤ ਦੇ ਬਹੁਤ ਸਾਰੇ ਲੋਕਾਂ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਸੀ, ਤੇ ਠੀਕ ਕੀਤਾ ਸੀ, ਪਰ ਮੋਦੀ ਭਗਤ ਕਹਿੰਦੇ ਸਨ ਕਿ ਏਦਾਂ ਦੀ ਆਗਿਆ ਦੇ ਕੇ ਵੀ ਕੁਝ ਗਲਤ ਨਹੀਂ ਕੀਤਾ। ਇਸ ਤਰ੍ਹਾਂ ਦੇ ਬਹੁਤ ਸਾਰੇ ਕਦਮ ਨਰਿੰਦਰ ਮੋਦੀ ਸਰਕਾਰ ਨੇ ਪੁੱਟੇ ਹਨ, ਜਿਨ੍ਹਾਂ ਕਰ ਕੇ ਇਸ ਦੀ ਨੁਕਤਾਚੀਨੀ ਪੱਤਰਕਾਰਾਂ ਨੂੰ ਵਾਰ-ਵਾਰ ਕਰਨੀ ਪੈਂਦੀ ਰਹੀ ਹੈ ਅਤੇ ਅੱਗੋਂ ਵੀ ਕਰਨੀ ਪੈਣੀ ਹੈ।

ਪੱਤਰਕਾਰ ਕਿਸੇ ਸਰਕਾਰ ਦੀ ਮਰਜ਼ੀ ਮੁਤਾਬਕ ਲਿਖਣ ਲੱਗ ਪੈਣ ਤਾਂ ਉਨ੍ਹਾਂ ਵਿਚ ਤੇ ਉਸ ਸਰਕਾਰ ਨੂੰ ਚਲਾਉਣ ਵਾਲੀ ਪਾਰਟੀ ਦੇ ਵਰਕਰਾਂ, ਜਾਂ ਉਸ ਸਰਕਾਰ ਦੇ ਪਿੱਛੇ ਖੜ੍ਹੇ ਸੰਗਠਨ ਦੇ ਸਵੈਮ-ਸੇਵਕਾਂ ਵਿਚ ਫਰਕ ਕਰ ਸਕਣਾ ਸੰਭਵ ਨਹੀਂ ਰਹੇਗਾ। ਸੰਸਾਰ ਭਰ ਵਿਚ ਪੱਤਰਕਾਰੀ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ। ਲੋਕਤੰਤਰੀ ਦੇਸ਼ਾਂ ਦੇ ਹਾਕਮ ਅੱਜ ਕੱਲ੍ਹ ਪਹਿਲੇ ਦੋ ਥੰਮ੍ਹਾਂ ਵਿਧਾਨਪਾਲਿਕਾ (ਚੁਣੇ ਹੋਏ ਅਦਾਰਿਆਂ) ਤੇ ਕਾਰਜਪਾਲਿਕਾ (ਸਰਕਾਰੀ ਮਸ਼ੀਨਰੀ) ਨੂੰ ਟਿੱਚ ਜਾਣਨ ਲੱਗੇ ਹਨ ਤੇ ਤੀਸਰੇ ਥੰਮ੍ਹ ਨਿਆਂਪਾਲਿਕਾ ਨੂੰ ਸੰਨ੍ਹ ਲਾਈ ਜਾ ਰਹੀ ਸੁਣੀਂਦੀ ਹੈ। ਬਹੁਤ ਸਾਰੇ ਕੇਸਾਂ ਵਿਚ ਦਬਾਅ ਪਾ ਕੇ ਜੱਜਾਂ ਤੋਂ ਫੈਸਲੇ ਕਰਵਾਏ ਜਾਣ ਦੀ ਚਰਚਾ ਆਮ ਹੁੰਦੀ ਸੁਣਦੀ ਹੈ। ਇਸ ਹਾਲਤ ਵਿਚ ਲੋਕਤੰਤਰ ਦਾ ਚੌਥਾ ਥੰਮ੍ਹ: ਪੱਤਰਕਾਰਤਾ ਵੀ ਸਰਕਾਰਾਂ ਚਲਾਉਣ ਵਾਲਿਆਂ ਦੀ ਮਰਜ਼ੀ ਦਾ ਮੁਥਾਜ ਬਣ ਜਾਵੇਗਾ ਤਾਂ ਲੋਕਤੰਤਰ ਫਿਰ ਲੋਕਤੰਤਰ ਹੀ ਨਹੀਂ ਰਹੇਗਾ। ਲੋਕਤੰਤਰ ਦੀ ਰਾਖੀ ਲਈ ਪੱਤਰਕਾਰੀ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਖੁੱਲ੍ਹ ਦੇਣੀ ਪਵੇਗੀ। ਸੁਪਰੀਮ ਕੋਰਟ ਦਾ ਤਾਜ਼ਾ ਫੈਸਲਾ ਸੀਨੀਅਰ ਪੱਤਰਕਾਰ ਵਿਨੋਦ ਦੁਆ ਦੇ ਖਿਲਾਫ ਬਣੇ ਕੇਸਾਂ ਨੂੰ ਰੱਦ ਕਰਨ ਵਾਲਾ ਹੀ ਨਹੀਂ, ਭਾਰਤ ਦੇ ਉਨ੍ਹਾਂ ਸਾਰੇ ਪੱਤਰਕਾਰਾਂ ਦਾ ਸਾਹ ਸੌਖਾ ਕਰਨ ਵਾਲਾ ਹੈ, ਜਿਨ੍ਹਾਂ ਨੂੰ ਕਈ ਦਬਾਵਾਂ ਨਾਲ ਰੋਜ਼ ਸਿੱਝਣਾ ਪੈਂਦਾ ਹੈ।

# ਕਾਰਪੋਰੇਟ ਬਨਾਮ ਕਿਸਾਨ



ਡਾ. ਅਮਨਪ੍ਰੀਤ ਸਿੰਘ ਬਰਾੜ
ਫੋਨ: 91-96537-90000

ਅੱਜ ਦੇਸ਼ ਦੀ ਤਰੱਕੀ ਲਈ ਸਰਕਾਰਾਂ ਕਾਰਪੋਰੇਟ ਵੱਲ ਹੀ ਦੇਖਦੀਆਂ ਹਨ ਅਤੇ ਸਾਰਾ ਜ਼ੋਰ ਕਾਰਪੋਰੇਟ ਘਰਾਣਿਆਂ ਨੂੰ ਅੱਗੇ ਲਿਆਉਣ 'ਤੇ ਹੀ ਲੱਗਿਆ ਹੋਇਆ ਹੈ, ਮਤਲਬ ਕਿ ਕਾਰਪੋਰੇਟ ਹੀ ਨਿਵੇਸ਼ ਕਰਨਗੇ ਤਾਂ ਹੀ ਦੇਸ਼ ਤਰੱਕੀ ਕਰੇਗਾ ਅਤੇ ਛੋਟੇ ਵਪਾਰੀ ਜਾਂ ਖੇਤੀ ਬੱਚ ਸਕਦੀ ਹੈ, ਪਰ ਕੀ ਇਹ ਗੱਲ ਸਾਡੇ ਸੰਵਿਧਾਨ ਦੇ ਉਲਟ ਨਹੀਂ ਜਾ ਰਹੀ? ਜਿਸ ਵਿਚ ਲਿਖਿਆ ਹੈ ਕਿ ਮਜ਼ਬੂਤ ਰਾਸ਼ਟਰ ਦੀ ਉਸਾਰੀ ਲਈ ਆਰਥਿਕ ਬਰਾਬਰੀ ਜਰੂਰੀ ਹੈ। (Economic Equality is must for building strong nation) ਯਾਨਿ ਸਾਰਿਆਂ ਦੇ ਵਿਚ ਆਰਥਿਕ ਬਰਾਬਰੀ ਹੋਵੇ ਜਾਂ ਕਹਿ ਲਉ ਕਿ ਸਭ ਨੂੰ ਤਰੱਕੀ ਕਰਨ ਦੇ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ। ਇਸੇ ਲਈ ਆਜ਼ਾਦੀ ਤੋਂ ਬਾਅਦ ਖੇਤੀ ਖੇਤਰ ਵਿਚੋਂ ਜਿਮੀਂਦਾਰੀ ਪ੍ਰਣਾਲੀ ਨੂੰ ਖਤਮ ਕਰਨ ਲਈ ਜ਼ਮੀਨ ਰੱਖਣ 'ਤੇ ਪਾਬੰਦੀ ਲਾਈ ਗਈ ਸੀ, ਯਾਨਿ (Land ceiling) ਕੀਤੀ ਗਈ ਸੀ।

ਪੰਜਾਬ ਵਿਚ ਉਸ ਵੇਲੇ 30 ਏਕੜ ਦੀ ਹੱਦ ਪ੍ਰਤੀ ਪਰਿਵਾਰ ਸੀ ਅਤੇ ਹੁਣ 17.5 ਏਕੜ ਦੀ ਹੈ। ਇਸ ਵੇਲੇ ਵੱਖ ਵੱਖ ਸੂਬਿਆਂ ਵਿਚ ਵੱਖਰੀ ਵੱਖਰੀ ਪਰਿਵਾਰਕ ਜ਼ਮੀਨ ਰੱਖਣ ਦੀ ਹੱਦ ਹੈ। ਉਸ ਦੇ ਨਾਲ ਹੀ ਜਿਨ੍ਹਾਂ ਲੋਕਾਂ ਦੀ ਆਮਦਨ ਵਪਾਰ ਜਾਂ ਇੰਡਸਟਰੀ ਵਿਚੋਂ ਜ਼ਿਆਦਾ ਸੀ, ਉਨ੍ਹਾਂ ਨੂੰ ਵੱਖ ਵੱਖ ਆਮਦਨ ਟੈਕਸ ਦੀਆਂ ਸਲੈਬਾਂ ਵਿਚ ਰੱਖਿਆ ਗਿਆ ਸੀ। ਇਸੇ ਤਰ੍ਹਾਂ ਅਮੀਰਾਂ ਤੇ ਵੈਲਥ ਟੈਕਸ ਲਾਇਆ ਗਿਆ ਸੀ। ਅੱਜ ਆਮਦਨ ਟੈਕਸ ਉਵੇਂ ਹੀ ਹੈ ਤੇ ਸੁਪਰ ਰਿਚ ਤੇ ਵੈਲਥ ਟੈਕਸ ਖਤਮ ਕਰ ਦਿੱਤਾ ਹੈ। ਕਾਰਪੋਰੇਟ ਟੈਕਸ ਘਟਾ ਦਿੱਤਾ ਗਿਆ ਹੈ, ਪਰ ਕਿਸਾਨਾਂ ਨੂੰ ਖਾਦਾਂ ਤੇ ਸਬਸਿਡੀ ਖਤਮ ਕਰ ਦਿਤੀ ਗਈ ਹੈ। ਇਸੇ ਤਰ੍ਹਾਂ ਕਿਸਾਨਾਂ ਨੂੰ ਜ਼ਮੀਨ ਰੱਖਣ ਦੀ ਹੱਦ ਵੀ ਲਾਗੂ ਹੈ, ਪਰ ਕਾਰਪੋਰੇਟ ਨੂੰ ਖੇਤੀ ਲਈ ਜ਼ਮੀਨ ਖਰੀਦਣ 'ਤੇ ਕੋਈ ਹੱਦ ਨਹੀਂ ਮਿਥੀ ਗਈ। ਮਤਲਬ ਕਾਰਪੋਰੇਟ ਹਜ਼ਾਰਾਂ ਏਕੜ ਜ਼ਮੀਨ ਆਪਣੀ ਕੰਪਨੀ ਦੇ ਨਾਮ 'ਤੇ ਰੱਖ ਸਕਦੀ ਹੈ, ਪਰ ਕੰਪਨੀ ਐਕਟ 1956 ਦੇ ਮੁਤਾਬਕ ਕਾਰਪੋਰੇਟ ਨੂੰ ਇਕ ਆਰਟੀਫਿਸ਼ਲ ਵਿਅਕਤੀ ਮੰਨਿਆ ਜਾਂਦੇ ਤੇ ਉਸ ਕੋਲ ਉਹ ਹੀ ਹੱਕ ਹਨ, ਜੋ ਇਕ ਆਮ ਆਦਮੀ ਕੋਲ ਹੋਣ। ਪਰ ਫਿਰ ਜ਼ਮੀਨ ਰੱਖਣ ਵਿਚ ਵਿਤਕਰਾ ਕਿਉਂ? ਕਾਰਪੋਰੇਟ ਵਾਲੇ ਹੱਕ ਆਮ ਕਿਸਾਨਾਂ ਨੂੰ ਵੀ ਦੇਣੇ ਚਾਹੀਦੇ ਹਨ ਤਾਂ ਕਿ ਉਹ ਵੀ ਜਿੰਨੀ ਜ਼ਮੀਨ ਰੱਖਣੀ ਚਾਹੁਣ, ਰੱਖ ਸਕਣ। ਇਸ ਨਾਲ ਆਪੇ ਹੀ ਕਿਸਾਨਾਂ ਵਲੋਂ ਖੇਤੀ ਵਿਚ ਨਿਵੇਸ਼ ਵੱਧ ਜਾਊਗਾ।

ਇਹ ਕਿਹਾ ਜਾ ਸਕਦਾ ਹੈ ਕਿ ਕੰਪਨੀ ਕੋਲ ਜਿਹਤੀ ਜ਼ਮੀਨ ਹੈ, ਉਸ ਦੀ ਆਮਦਨ ਟੈਕਸਏਬਲ ਹੋ ਜਾਂਦੀ ਹੈ, ਪਰ ਮੈਂ ਇੱਥੇ ਦੱਸਣਾ ਚਾਹੁੰਦਾਂ ਕਿ ਕੰਪਨੀ ਜਿਸ ਦੀ ਟਰਨਓਵਰ 40 ਲੱਖ ਤੱਕ ਹੈ, ਉਸ 'ਤੇ ਟੈਕਸ ਨਹੀਂ ਲਗਦਾ। ਕਈ ਵੱਡੀਆਂ ਕੰਪਨੀਆਂ ਵਾਲਿਆਂ ਨੇ ਇਕ ਤੋਂ ਵੱਧ ਕੰਪਨੀਆਂ ਬਣਾ ਲਈਆਂ ਹਨ, ਤਾਂ ਜੋ ਉਨ੍ਹਾਂ ਦੀ ਟੈਕਸ ਸਲੈਬ ਹੇਠਾਂ ਆ ਜਾਵੇ ਤੇ ਟੈਕਸ ਨਾ ਦੇਣਾ ਪਵੇ। ਉਧਰ ਦੂਜੇ ਪਾਸੇ ਕੰਪਨੀਆਂ ਦੇ ਮਾਲਕ ਅਤੇ ਹੋਰ ਅਧਿਕਾਰੀ ਯਾਨਿ ਸੀ. ਈ. ਓ., ਐਮ. ਡੀ. ਆਦਿ ਜਿਨ੍ਹਾਂ ਦੀਆਂ ਤਨਖਾਹਾਂ ਕਰੋੜਾਂ ਵਿਚ ਹਨ ਅਤੇ ਕੰਪਨੀ ਦੀ ਆਮਦਨ ਵਿਚ ਖਰਚੇ ਦਿਖਾ ਕੇ ਕੰਪਨੀ ਦੀ ਆਮਦਨ ਘਟਾ ਲੈਂਦੇ ਹਨ ਅਤੇ ਟੈਕਸ ਤੋਂ ਬਚਤ ਹੋ ਜਾਂਦੀ ਹੈ। ਹੁਣ ਸੋਚਣ ਵਾਲੀ ਗੱਲ ਹੈ ਕਿ ਸਮਾਨਤਾ ਜੋ ਸਾਡੇ ਸੰਵਿਧਾਨ ਵਿਚ ਲਿਖੀ ਹੈ, ਉਹ ਕਿਥੇ ਗਈ? ਸਾਡੇ ਪਹਿਲੇ ਨਾਗਰਿਕ ਭਾਰਤ ਦੇ ਰਾਸ਼ਟਰਪਤੀ ਦੀ ਤਨਖਾਹ ਇਨ੍ਹਾਂ ਕੰਪਨੀਆਂ ਦੇ ਕਰਤਾ-ਧਰਤਾ ਦੇ ਨੇੜੇ-ਤੇੜੇ ਵੀ ਨਹੀਂ। ਕਿਉਂ ਨਹੀ ਇਨ੍ਹਾਂ ਦੀ ਤਨਖਾਹ 'ਤੇ ਕੈਪਿੰਗ ਕੀਤੀ ਜਾਂਦੀ? ਇਹ ਆਪਣੇ ਕਾਰੋਬਾਰ ਵਿਚ ਲਾਭ ਨੂੰ ਤਨਖਾਹ ਦੇ ਰੂਪ ਵਿਚ ਕੱਢ ਲੈਂਦੇ ਹਨ ਤੇ ਉਧਰ ਆਮਦਨ ਵਿਚ ਇਸ ਨੂੰ ਖਰਚਾ ਦਿਖਾ ਕੇ ਟੈਕਸ ਘਟਾ ਲੈਂਦੇ ਹਨ ਜਾਂ ਦਿੰਦੇ ਹੀ ਨਹੀਂ। ਇਹ ਲੋਕ ਪੜ੍ਹੇ-ਲਿਖੇ ਹਨ ਅਤੇ ਸੀ. ਏ. ਰੱਖਦੇ ਹਨ। ਸੀ. ਏ. ਇਨ੍ਹਾਂ ਨੂੰ ਟੈਕਸ ਬਚਾਉਣ ਦੇ ਰਸਤੇ ਦੱਸੀ ਜਾਂਦੇ ਹਨ।

ਅੱਜ ਕਿਸਾਨਾਂ ਲਈ ਨਵੇਂ ਖੇਤੀ ਕਾਨੂੰਨ ਬਣਾ ਕੇ ਅਸਲ ਵਿਚ ਖੇਤੀ ਕਾਰਪੋਰੇਟ ਦੇ ਹੱਥ ਦੇਣ ਦੀ ਤਿਆਰੀ ਕੀਤੀ ਗਈ ਹੈ। ਅਸਲ ਗੱਲ ਇਹ ਹੈ ਕਿ ਖੇਤੀ ਵਿਚ ਨਿਵੇਸ਼ ਜਰੂਰੀ ਹੈ, ਜੋ ਕਿਸਾਨ ਕਰ ਨਹੀ ਸਕਦੇ ਤੇ ਕਾਰਪੋਰੇਟ ਇਸ ਵਿਚ ਨਿਵੇਸ਼ ਕਰਨਗੇ। ਸੋਚਣ ਦੀ ਗੱਲ ਇਹ ਹੈ ਕਿ ਖੇਤੀ ਵਿਚ ਨਿਵੇਸ਼ ਚਾਹੀਦਾ ਕਿੱਥੇ ਹੈ? ਯਾਨਿ ਕਿਸ ਚੀਜ਼ ਵਿਚ ਨਿਵੇਸ਼ ਦੀ ਲੋੜ ਹੈ? ਜੇ ਅਸੀਂ ਟੈਕਨਾਲੋਜੀ ਅਤੇ ਮਸ਼ੀਨਰੀ ਦੀ ਗੱਲ ਕਰਦੇ ਹਾਂ ਤਾਂ ਇਹ ਸਾਡੇ ਕਿਸਾਨਾਂ ਕੋਲ ਪਹਿਲਾਂ ਹੀ ਉਪਲਬੱਧ ਹਨ। ਯੂਰੀਆ, ਡੀ. ਏ. ਪੀ. (ਹੋਰ ਰਸਾਇਣਕ ਖਾਦਾਂ) ਹਾਈਬ੍ਰਿਡ ਬੀਜ ਇਹ ਸਭ ਕੁਝ ਪਹਿਲਾਂ ਹੀ ਵਰਤੋਂ ਵਿਚ ਹਨ। ਇਸ ਵਕਤ ਪੈਦਾਵਾਰ ਦੀ ਸਮੱਸਿਆ ਨਹੀਂ, ਸਗੋਂ ਇਸ ਨੂੰ ਵੇਚਣ ਦੀ ਹੈ। ਪੈਦਾਵਾਰ ਪਹਿਲਾਂ ਹੀ ਲੋੜ ਤੋਂ ਜ਼ਿਆਦਾ ਹੈ, ਜਿਸ ਕਰਕੇ ਫਸਲਾਂ ਐਮ. ਐਸ. ਪੀ. ਤੋਂ ਹੇਠਾਂ ਵਿਕਦੀਆਂ ਹਨ। ਜੇ ਮਸ਼ੀਨਰੀ ਦੀ ਗੱਲ ਕਰੀਏ ਤਾਂ ਇਸ ਵੇਲੇ ਮਸ਼ੀਨਰੀ ਵੀ ਲੋੜ ਤੋਂ ਜ਼ਿਆਦਾ ਹੈ।




ਇਸ ਵੇਲੇ ਲੋੜ ਤਾਂ ਵਾਟਰ ਮੈਨੇਜਮੈਂਟ ਸਿਸਟਮ ਦੇ ਸੁਧਾਰਨ ਦੀ ਹੈ, ਯਾਨਿ ਪਾਣੀ ਦੀ ਸਾਂਭ-ਸੰਭਾਲ। ਕੀ ਇਹ ਕੰਪਨੀਆਂ ਵਾਲੇ ਡੈਮ ਬਣਾਉਣਗੇ, ਤਾਂ ਜੋ ਧਰਤੀ ਦੇ ਉਤਲੇ ਪਾਣੀ ਨੂੰ ਸੰਭਾਲ ਕੇ ਸਿੰਚਾਈ ਲਈ ਵਰਤਿਆ ਜਾ ਸਕੇ, ਤੇ ਜੇ ਨਹੀਂ, ਤਾਂ ਫੇਰ ਇਨ੍ਹਾਂ ਨੇ ਵੀ ਧਰਤੀ ਹੇਠਲਾ ਪਾਣੀ ਹੀ ਕੱਢਣਾ ਹੈ, ਫਿਰ ਕੀ ਫਰਕ ਹੋਇਆ? ਇਸ ਵੇਲੇ ਜੇ ਲੋੜ ਹੈ ਤਾਂ ਉਹ ਫੂਡ ਪ੍ਰੋਸੈਸਿੰਗ ਉਦਯੋਗ ਦੀ ਹੈ। ਜਿਥੇ ਵੀ ਇਹ ਇੰਡਸਟਰੀ ਲੱਗੇਗੀ ਅਤੇ ਫਸਲ ਦਾ ਵਾਜਬ ਮੁੱਲ ਮਿਲੇਗਾ, ਲੋਕੀਂ ਉਸ ਫਸਲ ਦਾ ਆਪਣੇ ਆਪ ਉਤਪਾਦਨ ਵਧਾਉਣਗੇ। ਇਹ ਕੰਮ ਕਾਰਪੋਰੇਟਸ ਦੇ ਕਰੋਪ ਪ੍ਰਾਡੋਕਸ਼ਨ ਵਿਚ ਆਉਣ ਤੋਂ ਬਿਨਾਂ ਵੀ ਹੋ ਸਕਦਾ ਹੈ, ਪਰ ਅਫਸੋਸ ਇਹ ਕੰਪਨੀਆਂ ਲਾਭ ਲੈਣ ਦੇ ਮੰਤਵ ਨਾਲ ਹੀ ਆ ਰਹੀਆਂ ਹਨ। ਜਿਸ ਚੀਜ਼ ਦਾ ਭਾਅ ਇਨ੍ਹਾਂ ਨੂੰ ਜ਼ਿਆਦਾ ਮਿਲੇਗਾ, ਉਹ ਹੀ ਉਗਾਉਣਗੇ, ਫਿਰ ਚਾਹੇ ਉਹ ਪਾਣੀ ਖਤਮ ਕਰੇ ਜਾਂ ਕੁਝ ਹੋਰ। ਕੀ ਇਹ ਲਿਖਤੀ ਰੂਪ ਵਿਚ ਗਾਰੰਟੀ ਕਰਨਗੇ ਕਿ ਇਹ ਆਪਣਾ ਲਾਭ ਵਧਾਉਣ ਲਈ ਰਸਾਇਣਕ ਖਾਦਾਂ ਤੇ ਪੈਸਟੀਸਾਈਡ ਦੀ ਵਰਤੋਂ ਨਹੀਂ ਕਰਨਗੇ। ਦਰਅਸਲ ਇਹ ਸਭ ਕੁਝ ਹੋਵੇਗਾ, ਪਰ ਸਰਕਾਰ ਇਨ੍ਹਾਂ ਨੂੰ ਰੋਕ ਨਹੀਂ ਸਕਦੀ ਤੇ ਲੋਕ ਇਨ੍ਹਾਂ ਤੋਂ ਮਹਿੰਗੇ ਭਾਅ 'ਤੇ ਅਨਾਜ ਖਰੀਦਣ ਲਈ ਮਜਬੂਰ ਹੋਣਗੇ।

ਇਸ ਵਕਤ ਸੂਬੇ ਤੇ ਦੇਸ਼ ਦੇ ਪਲੈਨਿੰਗ ਬੋਰਡਾਂ ਵਿਚ ਵੀ ਵੱਡੀਆਂ ਕਾਰਪੋਰੇਟ ਦੇ ਸੀ. ਈ. ਓ. ਹੀ ਹਨ। ਕੀ ਉਨ੍ਹਾਂ ਨੇ ਕਦੇ ਖੇਤੀ ਕਰਕੇ ਵੇਖੀ, ਜਿਹੜਾ ਉਹ ਖੇਤੀ ਦੀਆਂ ਨੀਤੀਆਂ ਬਣਾਉਣ ਲਈ ਸਮਰਥ ਹਨ। ਉਸ ਤੋਂ ਉਤੇ ਦੇਸ਼ ਤੇ ਸਾਡਾ ਸੂਬਾ ਖੇਤੀ ਪ੍ਰਧਾਨ ਹੈ, ਪਰ ਪਲੈਨਿੰਗ ਬੋਰਡ ਵਿਚ ਅਰਥਸ਼ਾਸਤਰੀ, ਸਰਕਾਰੀ ਮੁਲਾਜ਼ਮਾਂ ਤੋਂ ਸਿਵਾਏ ਸਿਰਫ ਕਾਰਪੋਰੇਟ ਵਾਲੇ ਹਨ। ਖੇਤੀ ਕਿੱਤੇ ਨਾਲ ਜੁੜੇ ਕੋਈ ਵੀ ਕਿਸਾਨ ਨਹੀਂ ਹਨ। ਜੇ ਕਿਤੇ ਕੋਈ ਕਿਸਾਨੀ ਨੁਮਾਇੰਦਾ ਹੈ ਤਾਂ ਉਸ ਦੀ ਸੁਣਵਾਈ ਨਹੀਂ। ਅੱਜ ਕੱਲ੍ਹ ਪੰਜਾਬ ਵਿਚ ਟਿਊਬਵੈਲਾਂ ਨੂੰ ਮੁਫਤ ਬਿਜਲੀ ਦਾ ਮੁੱਦਾ ਫਿਰ ਉਠਾਇਆ ਜਾ ਰਿਹਾ ਹੈ। ਪ੍ਰਾਪੇਗੰਡਾ ਇਹ ਕੀਤਾ ਜਾ ਰਿਹਾ ਹੈ ਕਿ ਮੁਫਤ ਬਿਜਲੀ ਹੋਣ ਕਰਕੇ ਕਿਸਾਨ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਕਰਦੇ ਹਨ। ਖਾਸ ਕਰਕੇ ਉਨ੍ਹਾਂ ਨੇ ਵੱਡੇ ਜਿਮੀਂਦਾਰ, ਮੁਲਾਜ਼ਮ ਤੇ ਐਨ. ਆਰ. ਆਈ., ਜਿਨ੍ਹਾਂ ਕੋਲ ਜ਼ਮੀਨਾਂ ਹਨ, ਉਨ੍ਹਾਂ 'ਤੇ ਵੀ ਤਨਜ ਕੱਸਿਆ ਹੈ, ਪਰ ਸ਼ਾਇਦ ਉਨ੍ਹਾਂ ਦੀ ਰਿਸਰਚ ਪੂਰੀ ਨਹੀਂ। PSPCL ਤਿੰਨ ਤਰ੍ਹਾਂ ਦੀ ਸਬਸਿਡੀ ਦਾ ਭਾਰ ਚੁੱਕ ਰਹੀ ਹੈ। ਪਹਿਲੀ ਖੇਤੀ ਖੇਤਰ ਦੇ ਟਿਊਬਵੈਲ ਜੋ ਚਲਦੇ ਹਨ; ਦੂਸਰੀ ਗਰੀਬ ਵਰਗ ਨੂੰ ਜੋ 200 ਯੂਨਿਟ ਫਰੀ ਹਨ ਤੇ ਤੀਸਰੀ ਇੰਡਸਟਰੀ ਨੂੰ 9 ਰੁਪਏ 30 ਪੈਸੇ ਵਾਲੀ ਬਿਜਲੀ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਮਿਲਦੀ ਹੈ, ਪਰ ਕਾਰਪੋਰੇਟ ਵਾਲੇ ਇਹ ਗੱਲ ਨਹੀਂ ਕਰਦੇ ਕਿ ਜਿਸ ਕਾਰਖਾਨੇ ਦੀ ਸਾਲਾਨਾ ਟਰਨਓਵਰ 4500 ਕਰੋੜ ਦੀ ਹੈ ਤੇ ਸਾਲ 20-21 ਵਿਚ ਉਸ ਨੂੰ ਦੁਗਣਾ ਕਰਨ ਦਾ ਟੀਚਾ ਹੈ, ਉਹ ਭਵੀ ਬਿਜਲੀ ਅੱਧੇ ਰੇਟ 'ਤੇ ਲੈ ਰਹੇ ਹਨ ਤੇ ਉਨ੍ਹਾਂ ਦੇ ਕਾਰਖਾਨੇ ਵਿਚ ਕੰਮ ਕਰਨ ਵਾਲਾ ਮੁਲਾਜ਼ਮ ਪੂਰੇ ਰੇਟ 'ਤੇ ਬਿਜਲੀ ਖਰੀਦਦਾ ਹੈ। ਸਾਲ 20-21 ਦਾ ਪੀ. ਐਸ. ਪੀ. ਸੀ. ਐਲ. ਸਬਸਿਡੀ ਬਿੱਲ 16400 ਕਰੋੜ ਦਾ ਹੈ, ਜਿਸ ਵਿਚੋਂ ਖੇਤੀ ਲਈ ਬਿਜਲੀ ਸਬਸਿਡੀ ਸਿਰਫ 6000 ਕਰੋੜ ਦੀ ਹੈ, ਬਾਕੀ ਇੰਡਸਟਰੀ ਤੇ ਗਰੀਬ ਲੋਕਾਂ ਲਈ ਹੈ। ਕਿਸਾਨ ਤਾਂ ਪਹਿਲਾਂ ਹੀ ਕਹਿੰਦੇ ਹਨ ਕਿ ਉਦਯੋਗਾਂ ਦੀ ਤਰ੍ਹਾਂ ਸਾਡੀ ਵੀ ਜਿਨਸ ਦਾ ਐਮ. ਐਸ. ਪੀ., ਐਮ. ਆਰ. ਪੀ. ਫਿਕਸ ਕਰਕੇ ਕਾਨੂੰਨ ਬਣਾ ਦਿਉ, ਤਾਂ ਜੋ ਉਨ੍ਹਾਂ ਦੀ ਕੋਈ ਵੀ ਜਿਨਸ ਐਮ. ਐਸ. ਪੀ. ਤੋਂ ਹੇਠਾਂ ਨਾ ਵਿਕੇ। ਇਸ ਤੋਂ ਇਲਾਵਾ ਜੇ ਸਰਕਾਰ ਕਿਸਾਨਾਂ ਨੂੰ ਸਬਸਿਡੀ ਦਿੰਦੀ ਹੈ ਤਾਂ ਐਮ. ਐਸ. ਪੀ. ਵੀ ਆਪ ਨਿਰਧਾਰਿਤ ਕਰਦੀ ਹੈ, ਕਿਸਾਨ ਨਹੀਂ, ਜਦਕਿ ਸਨਅਤਕਾਰ ਸਬਸਿਡੀ ਲੈ ਕੇ ਵੀ ਆਪਣੇ ਪ੍ਰਾਡਕਟ ਦੀ ਕੀਮਤ ਆਪ ਨਿਰਧਾਰਤ ਕਰਦੇ ਹਨ।

ਇਸ ਸਾਰੇ ਵਿਚੋਂ ਇਕ ਹੀ ਚੀਜ਼ ਨਿਕਲ ਕੇ ਆਉਂਦੀ ਹੈ ਕਿ ਪੈਸੇ ਵਾਲੇ ਪਾਵਰ ਵਿਚ ਹਨ ਅਤੇ ਆਪਣੇ ਤੇ ਆਪਣੇ ਦੋਸਤਾਂ ਲਈ ਫਾਇਦੇ ਦੀਆਂ ਨੀਤੀਆਂ ਬਣਾਉਂਦੇ ਹਨ ਤੇ ਕਿਸਾਨਾਂ ਨੂੰ ਲੋਕਾਂ ਦੀ ਨਜ਼ਰ ਵਿਚ ਗੁਨਾਹਗਾਰ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਕਤ ਦੁਬਾਰਾ ਅਮੀਰ-ਗਰੀਬ ਦਾ ਪਾੜਾ ਸਾਡੇ ਮੁਲਕ ਵਿਚ ਵਧ ਰਿਹੈ, ਜੋ ਕਿ ਸਾਡੇ ਸੰਵਿਧਾਨ ਦੇ Directive Principle of State Policy ਦੇ ਵਿਚ ਲਿਖੇ ਆਰਟੀਕਲ 38 ਏ ਦੇ ਉਲਟ ਹਨ। ਇਸ ਦੇ ਨਾਲ ਸਮਾਜ ਦਾ ਨੁਕਸਾਨ ਹੀ ਹੋਵੇਗਾ, ਫਾਇਦਾ ਨਹੀਂ।

# ਇਜ਼ਰਾਈਲ-ਫਲਸਤੀਨ ਜੰਗ ਦੀ ਹਕੀਕਤ

***ਦੁਨੀਆਂ ਨੇ ਹਾਲ ਹੀ ਵਿਚ ਇਜ਼ਰਾਈਲ ਵੱਲੋਂ ਫਲਸਤੀਨ 'ਤੇ ਕੀਤੀ ਮਾਰ-ਧਾੜ ਦੇ ਦ੍ਰਿਸ਼ ਦੇਖੇ ਹਨ। ਅਸਲ ਵਿਚ ਫਲਸਤੀਨੀ ਪਿਛਲੇ ਸੱਤ ਦਹਾਕਿਆਂ, ਜਦੋਂ ਤੋਂ ਇਜ਼ਰਾਈਲ ਦੇਸ਼ ਹੋਂਦ ਵਿਚ ਆਇਆ ਹੈ, ਇਕ ਵੱਖਰੀ ਤਰ੍ਹਾਂ ਦੀ ਮਾਰ ਝੱਲ ਰਹੇ ਹਨ। ਸਾਮਰਾਜੀ ਦੇਸ਼ਾਂ ਦੀ ਸ਼ਹਿ 'ਤੇ ਇਜ਼ਰਾਈਲ ਫਲਸਤੀਨੀਆਂ ਨਾਲ ਜੋ ਵਿਹਾਰ ਕਰ ਰਿਹਾ ਹੈ, ਉਨ੍ਹਾਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਵੀ ਕਿਸੇ ਨੇ ਚੱਜ ਨਾਲ ਨਹੀਂ ਮਾਰਿਆ ਹੈ। ਪਰਮਜੀਤ ਰੋਡੇ ਨੇ ਆਪਣੇ ਇਸ ਲੇਖ ਵਿਚ ਅੱਜ ਦੇ ਹਾਲਾਤ ਦੇ ਨਾਲ-ਨਾਲ ਇਜ਼ਰਾਈਲ-ਫਲਸਤੀਨ ਝਗੜੇ ਦੇ ਪਿਛੋਕੜ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ ਹੈ।***

ਗਿਆਰਾਂ ਦਿਨਾਂ ਦੇ ਮੌਤ ਅਤੇ ਤਬਾਹੀ ਦੇ ਤਾਂਡਵ ਤੋਂ ਬਾਅਦ ਇਜ਼ਰਾਈਲ ਅਤੇ ਹਮਾਸ ਦਰਮਿਆਨ ਜੰਗਬੰਦੀ ਹੋ ਗਈ; ਉਹ ਜੰਗ ਜਿਸ ਦੌਰਾਨ 243 ਫਲਸਤੀਨੀ ਅਤੇ 12 ਇਜ਼ਰਾਇਲੀ ਮਾਰੇ ਗਏ। ਜੰਗਬੰਦੀ ਤੋਂ ਤੁਰੰਤ ਬਾਅਦ ਦੋਨਾਂ ਧਿਰਾਂ ਨੇ ਜਿੱਤ ਦੇ ਦਾਅਵੇ ਸ਼ੁਰੂ ਕਰ ਦਿੱਤੇ ਪਰ ਮਾਵਾਂ ਦੀਆਂ ਬੁੱਕਲਾਂ ਦਾ ਨਿੱਘ ਅਤੇ ਬਚਪਨ ਦਾ ਆਨੰਦ ਮਾਣ ਰਹੇ 66 ਬੱਚਿਆਂ ਦੇ ਕਤਲ ਅਤੇ ਘਰ ਦੇ ਕੰਮਾਂ ਵਿਚ ਮਸਰੂਫ 39 ਔਰਤਾਂ ਦੀ ਜ਼ਾਲਮਾਨਾ ਮੌਤ ਕਿਹਤੀ ਜਿੱਤ ਦੇ ਖਾਤੇ ਪਾਈ ਜਾਵੇਗੀ? ਇਜ਼ਰਾਇਲੀ ਬੰਬਾਂ ਨਾਲ ਹੋਈਆਂ ਬੱਚਿਆਂ, ਔਰਤਾਂ, ਆਮ ਲੋਕਾਂ ਦੀਆਂ ਮੌਤਾਂ ਕਿਹੜੇ ਜੰਗੀ ਮੋਰਚੇ 'ਤੇ ਦਿਖਾਈਆਂ ਜਾਣਗੀਆਂ? ਕੀ ਅਖੌਤੀ ਜੇਤੂ ਹੈਵਾਨ ਇਸ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ? ਕਦੀ ਵੀ ਨਹੀਂ!

ਇਹ ਪਹਿਲੀ ਵਾਰ ਨਹੀਂ ਹੋਇਆ ਜਦੋਂ ਦੁਨੀਆ ਨੇ ਗਾਜ਼ਾ ਪੱਟੀ 'ਤੇ ਅਸਮਾਨ ਤੋਂ ਵਰ੍ਹਦੀ ਅੱਗ ਅਤੇ ਹੋ ਰਹੀ ਤਬਾਹੀ ਦਾ ਮੰਜ਼ਰ ਦੇਖਿਆ ਹੋਵੇ। ਇਹ ਕੋਈ ਪਹਿਲੀ ਵਾਰ ਨਹੀਂ ਹੋਇਆ ਜਦੋਂ ਅਸਮਾਨ ਛੂੰਹਦੀਆਂ ਬਿਲਡਿੰਗਾਂ, ਪਲਾਂ ਵਿਚ ਕਚਰੇ ਦੇ ਢੇਰ ਬਣ ਗਈਆਂ ਹੋਣ। ਇਹ ਪਹਿਲੀ ਵਾਰ ਨਹੀਂ ਹੋਇਆ ਜਦੋਂ ਹੈਵਾਨ ਤੇ ਸ਼ੈਤਾਨ ਜੱਫੀਆਂ ਪਾਉਂਦੇ ਤੇ ਖਚਰਾ ਹਾਸਾ ਹੱਸਦੇ ਦੇਖੇ ਗਏ ਹੋਣ ਅਤੇ ਇਹ ਵੀ ਪਹਿਲੀ ਵਾਰ ਨਹੀਂ ਹੋਇਆ ਕਿ ਵਿਕਾਊ ਮੀਡੀਆ ਨੇ ਸ਼ੇਰ ਅਤੇ ਬੱਕਰੀ ਨੂੰ ਬਰਾਬਰ ਦੇ ਕਸੂਰਵਾਰ ਠਹਿਰਾਉਣ ਦੀਆਂ ਕੋਸ਼ਿਸ਼ਾਂ

**ਪਰਮਜੀਤ ਰੋਡੇ**
**ਫੋਨ: 737-274-2370**

ਕੀਤੀਆਂ ਹੋਣ।

ਵੈਸੇ ਤਾਂ ਇਜ਼ਰਾਈਲ ਵਲੋਂ ਫਲਸਤੀਨੀਆਂ 'ਤੇ ਢਾਹੇ ਜਬਰ-ਜ਼ੁਲਮ, ਮਾਰ-ਧਾੜ ਅਤੇ ਤਬਾਹੀ ਦਾ ਲੰਮਾ ਇਤਿਹਾਸ ਹੈ ਪਰ ਜੇ ਤਾਜ਼ਾ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਦੇਖ ਸਕਦੇ ਹਾਂ ਕਿ ਪਿਛਲੇ 13 ਸਾਲਾਂ ਵਿਚ ਹੀ ਅਜਿਹਾ ਚਾਰ ਵਾਰ ਵਾਪਰ ਚੁੱਕਾ ਹੈ। ਪਹਿਲੀ ਵਾਰ 2008 ਵਿਚ ਜਦੋਂ 1300 ਫਲਸਤੀਨੀ ਅਤੇ 13 ਇਜ਼ਰਾਇਲੀ ਮਾਰੇ ਗਏ; ਦੂਜੀ ਵਾਰ 2012 ਵਿਚ 170 ਫਲਸਤੀਨੀ ਅਤੇ 6 ਇਜ਼ਰਾਇਲੀ ਮਾਰੇ ਗਏ; ਤੀਜੀ ਵਾਰ 2014 ਵਿਚ ਜਦੋਂ 51 ਦਿਨ ਚੱਲੀ ਜੰਗ ਵਿਚ 2251 ਫਲਸਤੀਨੀ (ਜਿਨ੍ਹਾਂ ਵਿਚ 1462 ਸਿਵਲੀਅਨ ਸਨ) ਅਤੇ 67 ਇਜ਼ਰਾਇਲੀ ਫੌਜੀ ਮਾਰ ਗਏ ਅਤੇ ਚੌਥੀ ਵਾਰ ਹੁਣ ਜਦੋਂ 243 ਫਲਸਤੀਨੀ ਤੇ 12 ਇਜ਼ਰਾਇਲੀ ਮਾਰੇ ਗਏ। ਹਰ ਵਾਰ ਜੰਗਬੰਦੀ ਦਾ ਐਲਾਨ ਹੋਇਆ, ਹਰ ਵਾਰ ਮਸਲੇ ਦੇ ਪੱਕੇ ਹੱਲ ਦੀਆਂ ਗੱਲਾਂ ਚੱਲੀਆਂ ਪਰ ਤਾਣੀ ਹੋਰ ਉਲਝਦੀ ਗਈ।

ਜੇ ਤਾਜ਼ਾ ਜੰਗ ਤੋਂ ਕੁਝ ਦਿਨ ਪਹਿਲਾਂ ਅਤੇ ਜੰਗ ਦੇ ਸ਼ੁਰੂਆਤੀ ਦੌਰ ਦੀਆਂ ਘਟਨਾਵਾਂ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਸਮਝ ਆ ਜਾਂਦੀ ਹੈ ਕਿ ਜੰਗ ਰੋਕੀ ਜਾ ਸਕਦੀ ਸੀ ਪਰ ਜੇ ਨਹੀਂ ਰੋਕੀ ਗਈ ਤਾਂ ਇਸ ਪਿੱਛੇ ਕੰਮ ਕਰਦੀ ਬਦਨੀਤੀ ਅਤੇ ਸਾਜ਼ਿਸ਼ ਜ਼ਿੰਮੇਵਾਰ ਹੈ।

ਮੌਜੂਦਾ ਲੜਾਈ ਦਾ ਮੁੱਢ ਇਜ਼ਰਾਈਲ ਦੇ ਕਬਜ਼ੇ ਵਾਲੇ ਸ਼ਹਿਰ ਯੇਰੋਸ਼ਲਮ ਤੋਂ ਬੱਝਾ। ਮੁਸਲਿਮ ਜਗਤ ਲਈ ਬਹੁਤ ਹੀ ਪਵਿੱਤਰ ਸਮਝੀ ਜਾਂਦੀ ਅਲ-ਅਕਸਾ ਨਾਮ ਦੀ ਮਸਜਿਦ ਪੂਰਬੀ ਯੇਰੋਸ਼ਲਮ ਵਿਚ ਪੈਂਦੀ ਹੈ। ਇਸਲਾਮ ਮੱਕਾ ਤੇ ਮਦੀਨਾ ਤੋਂ ਬਾਅਦ ਇਸ ਮਸਜਿਦ ਨੂੰ ਤੀਜਾ ਵੱਡਾ ਪਵਿੱਤਰ ਸਥਾਨ ਮੰਨਦਾ ਹੈ। ਹਰ ਸਾਲ ਦੁਨੀਆ ਭਰ ਤੋਂ ਵੱਡੀ ਗਿਣਤੀ ਵਿਚ ਮੁਸਲਮਾਨ ਸ਼ਰਧਾਲੂ ਇਸ ਦੇ ਦਰਸ਼ਨਾਂ ਲਈ ਆਉਂਦੇ ਹਨ, ਖਾਸ ਕਰ ਕੇ ਰਮਜ਼ਾਨ ਦੇ ਦਿਨਾਂ ਵਿਚ। ਹੁਣ ਜਦ ਰਮਜ਼ਾਨ ਦੇ ਦਿਨ ਸਨ ਅਤੇ ਇਜ਼ਰਾਈਲ, ਗਾਜ਼ਾ ਪੱਟੀ ਅਤੇ ਹੋਰ ਦੇਸ਼ਾਂ ਤੋਂ ਲੋਕ ਮਸਜਿਦ ਵਿਚ ਇਕੱਠੇ ਹੋ ਰਹੇ ਸਨ ਤਾਂ ਪੁਲਿਸ ਨੇ ਥਾਂ-ਥਾਂ ਨਾਕਾਬੰਦੀ ਤਾਂ ਕੀਤੀ ਹੀ, ਉਹ ਤਾਂ ਵੱਡੀ ਗਿਣਤੀ ਵਿਚ ਮਸਜਿਦ ਦੇ ਕੰਪਾਊਂਡ ਵਿਚ ਵੀ ਚਲੀ ਗਈ। ਲੋਕਾਂ ਵੱਲੋਂ ਵਿਰੋਧ ਅਤੇ ਤਣਾਅ ਵਧਣ 'ਤੇ ਇਜ਼ਰਾਈਲ ਦੀ ਪੁਲਿਸ ਨੇ ਸਟੇਨ ਗਰਨੇਡ ਅਤੇ ਰਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਤਾਂ ਹਾਲਾਤ ਸੁਧਰਨ ਦੀ ਥਾਂ ਹੋਰ ਵਧ ਵਿਗੜ ਗਏ। ਹਾਲਾਤ ਵਿਗੜਨ ਦਾ ਦੂਜਾ ਕਾਰਨ, ਮਸਜਿਦ ਦੇ ਆਂਢ-ਗੁਆਂਢ ਦਾ ਇਲਾਕਾ ਸ਼ੇਖ ਜਰਾਹ ਬਣਿਆ ਜਦੋਂ ਇਜ਼ਰਾਇਲੀ ਸੈਟਲਰਾਂ ਨੇ 1950 ਤੋਂ ਰਹਿ ਰਹੇ ਅੱਠ ਪਰਿਵਾਰਾਂ ਨੂੰ ਧੱਕੇ ਨਾਲ ਘਰਾਂ ਵਿਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਹਾਲਾਤ ਵਿਗੜਨ ਦਾ ਤੀਜਾ ਕਾਰਨ, ਇਜ਼ਰਾਇਲੀ ਸੱਜੇ ਪੱਖੀ ਗੈਂਗਾਂ ਵਲੋਂ ਪੁਲਿਸ ਦੀ ਹਾਜ਼ਰੀ ਵਿਚ ਫਲਸਤੀਨੀ ਲੋਕਾਂ ਦੀ ਕੁੱਟਮਾਰ ਅਤੇ ਧੂਹ-ਘਸੀਸ ਬਣਿਆ। ਯੂ.ਐਨ. ਹਾਈ ਕਮਿਸ਼ਨ ਨੇ ਵੀ ਕਿਹਾ ਹੈ ਕਿ ਸੱਜੇ ਪੱਖੀ ਗਰੁਪਾਂ ਵਲੋਂ ਫਲਸਤੀਨੀ 'ਤੇ ਹਮਲਿਆਂ ਸਮੇਂ ਇਜ਼ਰਾਇਲੀ ਪੁਲਿਸ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ।

ਇਸ ਸਮੁੱਚੇ ਘਟਨਾ-ਕ੍ਰਮ ਦੇ ਪ੍ਰਤੀਕ੍ਰਮ ਵਜੋਂ ਫਲਸਤੀਨੀਆਂ ਦੀ ਚੁਣੀ ਹੋਈ ਅਥਾਰਟੀ 'ਹਮਾਸ' ਨਾਂ ਦੀ ਸਮਾਜਕ, ਸਿਆਸੀ ਅਤੇ ਹਥਿਆਰਬੰਦ ਖਾੜਕੂ ਜਥੇਬੰਦੀ ਨੇ ਇਜ਼ਰਾਈਲ ਸਰਕਾਰ ਨੂੰ ਕਿਹਾ ਕਿ ਉਹ ਇਹ ਸਭ ਕੁਝ ਬੰਦ ਕਰੇ ਅਤੇ ਨਾਲ ਹੀ 7 ਮਈ ਨੂੰ ਧਮਕੀ ਦੇ ਦਿੱਤੀ ਕਿ ਜੇ ਇਜ਼ਰਾਈਲ ਨੇ 10 ਮਈ ਤੱਕ ਅਜਿਹਾ ਨਾ ਕੀਤਾ ਤਾਂ ਉਹ ਇਜ਼ਰਾਈਲ 'ਤੇ ਹਮਲਾ ਕਰੇਗਾ। ਇਜ਼ਰਾਈਲ ਜੇ ਚਾਹੁੰਦਾ ਤਾਂ ਇਸ ਮਸਲੇ ਨੂੰ ਗੱਲਬਾਤ ਰਾਹੀਂ, ਤੇ ਜਾਂ ਫਿਰ ਵਿਚੋਲਿਆਂ ਰਾਹੀਂ ਨਿਬੇੜ ਸਕਦਾ ਸੀ ਪਰ ਉਸ ਨੇ ਸੰਜੀਦਗੀ ਵਿਖਾਉਣ ਦੀ ਬਜਾਇ ਇਸ ਸਮਾਂਬੱਧ ਧਮਕੀ ਨੂੰ ਜਾਣਬੁਝ ਕੇ ਅਤੇ ਸਾਜਿਸ਼ ਅਧੀਨ ਅਣਗੌਲਿਆ ਕੀਤਾ। ਫਿਰ ਜੋ ਹੋਇਆ, ਸਭ ਦੇ ਸਾਹਮਣੇ ਹੈ। ਹਮਾਸ ਨੇ ਅੰਨ੍ਹੇ ਨਿਸ਼ਾਨਚੀ ਵਾਂਗ ਰਾਕਟ ਦਾਗਣੇ ਸ਼ੁਰੂ ਕਰ ਦਿੱਤੇ ਅਤੇ ਇਜ਼ਰਾਈਲ ਨੇ ਮੋੜਵੇਂ ਰੂਪ ਵਿਚ ਅੰਧਾ-ਧੁੰਦ ਬੰਬਾਰੀ ਸ਼ੁਰੂ ਕਰ ਦਿੱਤੀ।

ਇਜ਼ਰਾਈਲ ਅਸਲ ਵਿਚ ਗਾਜ਼ਾ ਪੱਟੀ ਦੀ ਆਰਥਕਤਾ ਅਤੇ ਹਮਾਸ ਦੀ ਤਾਕਤ ਨੂੰ ਸੀਮਾ ਦੇ ਵਿਚ ਵਿਚ ਹੀ ਤਕੜਿਆਂ ਹੁੰਦਾ ਦੇਖ ਤੇ ਸਹਿ ਸਕਦਾ ਹੈ। ਹੁਣ ਜਦੋਂ 2014 'ਚ ਇਜ਼ਰਾਇਲੀ ਹਮਲਿਆਂ ਨਾਲ ਤਬਾਹ ਹੋਈ ਆਰਥਕਤਾ ਅਤੇ ਕਮਜ਼ੋਰ ਹੋਇਆ ਹਮਾਸ ਦਾ ਜਥੇਬੰਦਕ ਅਤੇ ਫੌਜੀ ਤਾਣਾ-ਬਾਣਾ 7 ਸਾਲਾਂ ਦੌਰਾਨ ਮੁੜ ਸੰਭਲ ਚੁੱਕਾ ਹੈ ਅਤੇ ਪੈਰਾ ਸਿਰ ਖੜ੍ਹੋ ਚੁੱਕਾ ਹੈ ਤਾਂ ਇਜ਼ਰਾਈਲ ਦੀਆਂ ਨਜ਼ਰਾਂ ਵਿਚ ਇਹ ਲਾਲ ਰੇਖਾ ਦੀ ਉਲੰਘਣਾ ਸੀ। ਉਧਰ ਇਨ੍ਹਾਂ 7 ਸਾਲਾਂ ਵਿਚ ਜਵਾਨ ਹੋਈ ਫਲਸਤੀਨੀ ਜਵਾਨੀ ਆਪਣੇ ਵੱਡ-ਵਡੇਰਿਆਂ ਨਾਲ ਹੋਏ ਜਬਰ, ਧੱਕੇ ਅਤੇ ਦੇਸ਼ ਨਿਕਾਲੇ ਦਾ ਬਦਲਾ ਲੈਣ ਦੀਆਂ ਭਾਵਨਾਵਾਂ ਨਾਲ ਲੈਸ ਗੁੱਸੇ, ਨਫਰਤ ਤੇ ਰੋਹ ਨਾਲ ਭਰੀ-ਪੀਤੀ ਕੁਝ ਕਰ ਗੁਜ਼ਰਨ ਅਤੇ ਬੇਵਸੀ ਦੇ ਸੰਕਟ ਵਿਚ ਲੰਘ ਰਹੀ ਸੀ ਤਾਂ ਇਜ਼ਰਾਈਲ ਲਈ ਇਹ ਵੀ ਨਾਕਾਬਲੇ ਬਰਦਾਸ਼ਤ ਸੀ। ਸੋ ਇਜ਼ਰਾਈਲ ਦੀ ਇਹ ਲੋੜ ਬਣ ਚੁੱਕੀ ਸੀ ਕਿ ਉਹ ਇਕ ਵਾਰ ਫਿਰ ਹਮਾਸ ਦਾ ਲੱਕ ਤੋੜੇ, ਜਵਾਨੀ ਨੂੰ ਮਾਰੇ ਕੁੱਟੇ ਅਤੇ ਮੁੜ ਆਰਥਕ ਤਬਾਹੀ ਮਚਾਏ। ਇਸੇ ਲਈ ਉਹ 7 ਤੋਂ 10 ਮਈ ਤੱਕ ਹਮਾਸ ਵਲੋਂ ਰਾਕਟ ਦਾਗਣ ਦੀ ਉਡੀਕ ਕਰਦਾ ਰਿਹਾ। ਹੁਣ ਜੰਗਬੰਦੀ ਤੋਂ ਬਾਅਦ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਠੀਕ ਹੀ ਕਹਿ ਰਿਹਾ ਹੈ ਕਿ "ਅਸੀਂ ਉਨ੍ਹਾਂ ਨੂੰ ਬਹੁਤ ਸਾਲ ਪਿੱਛੇ ਧੱਕ ਦਿੱਤਾ ਹੈ"। ਯੂ.ਐਨ.ਓ. ਦੇ ਬੁਲਾਰੇ ਨੇ ਵੀ ਇਹੀ ਕਿਹਾ ਹੈ ਕਿ "ਗਾਜ਼ਾ ਪੱਟੀ ਦੀ ਜਿੰਨੀ ਤਬਾਹੀ ਹੋਈ ਹੈ, ਉਸ ਨੂੰ ਪੂਰਨ ਲਈ ਕਈ ਸਾਲ ਲੱਗਣਗੇ"। 2014 ਵਿਚ ਇਜ਼ਰਾਈਲ ਨੇ ਗਾਜ਼ਾ ਪੱਟੀ 'ਤੇ 400 ਟਨ ਬੰਬ ਸੁੱਟੇ ਸਨ, ਇਸ ਵਾਰ ਦੇ ਨੁਕਸਾਨ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਇਕ ਦਿਨ ਵਿਚ 160 ਇਜ਼ਰਾਇਲੀ ਜਹਾਜ਼ਾਂ ਨੇ 40 ਮਿੰਟ ਲਗਾਤਾਰ ਬੰਬਾਰੀ ਕੀਤੀ। ਹੁਣ ਜਦੋਂ ਜੰਗਬੰਦੀ ਦੇ ਪ੍ਰਤੀਕ੍ਰਮ ਬਾਰੇ ਇਕ ਪੱਤਰਕਾਰ ਨੇ ਗਾਜ਼ਾ ਪੱਟੀ ਦੇ ਇਕ ਆਮ ਸ਼ਹਿਰੀ ਅਜ਼ਹਰ ਨਾਸਰ ਤੋਂ ਪੁੱਛਿਆ ਤਾਂ ਉਸ ਨੇ ਕਿਹਾ, "ਸਾਡੀ ਕਾਹਦੀ ਜੰਗਬੰਦੀ, ਜੰਗਬੰਦੀ ਉਨ੍ਹਾਂ ਲੋਕਾਂ ਲਈ ਕਹੀ ਜਾ ਸਕਦੀ ਹੈ ਜਿਹੜੇ ਆਰਾਮਦਾਇਕ ਘਰਾਂ ਵਿਚ ਬੈਠੇ ਹਨ, ਜਿਨ੍ਹਾਂ ਦਾ ਕੋਈ ਪਿਆਰਾ ਨਹੀਂ ਮਰਿਆ ਅਤੇ ਜਿਨ੍ਹਾਂ ਦਾ ਭੋਰਾ ਭਰ ਵੀ ਨੁਕਸਾਨ ਨਹੀਂ ਹੋਇਆ।"

ਜੇ ਹਮਾਸ ਦੀ ਗੱਲ ਕਰਨੀ ਹੋਵੇ ਤਾਂ ਇਹ ਪਿਛਾਖੜੀ ਜਥੇਬੰਦੀ ਹੈ ਜਿਸ ਕੋਲ ਫਲਸਤੀਨੀਆਂ ਲਈ ਕੋਈ ਵੀ ਅੱਗੇ ਵਧੂ ਜਾਂ ਇਨਕਲਾਬੀ ਪ੍ਰੋਗਰਾਮ ਨਹੀਂ। ਇਕ ਅਣਐਲਾਨੀ ਨਿਊਕਲੀਅਰ ਪਾਵਰ ਇਜ਼ਰਾਈਲ 'ਤੇ ਉਸ ਵਲੋਂ ਦਾਗੇ ਜਾਣ ਵਾਲੇ ਰਾਕਟਾਂ ਦੀ ਮਹੱਤਤਾ ਭੂੰਡ-ਪਟਾਕਿਆਂ ਤੋਂ ਵੱਧ ਕੁਝ ਨਹੀਂ ਸਗੋਂ ਜਬਰ ਨੂੰ ਸੱਦਾ ਦੇਣ ਵਾਲਾ ਗੈਰ-ਜ਼ਿੰਮੇਵਾਰਾਨਾ ਕਦਮ ਹੋ ਨਿਬੜਿਆ ਹੈ। ਹੁਣ ਜੰਗਬੰਦੀ ਤੋਂ ਬਾਅਦ ਦੋਨੋਂ ਧਿਰਾਂ ਜਿੱਤ ਦੇ ਦਾਅਵੇ ਕਰ ਰਹੀਆਂ ਹਨ। ਹਾਂ ਠੀਕ ਹੈ, ਇਹ ਦੋਨੋਂ ਹੀ ਜਿੱਤ ਗਏ, ਫਿਰ ਹਾਰਿਆ ਕੌਣ? ਵਿਚਾਰੇ ਲੋਕ!

ਜੰਗ ਸਬੰਧੀ ਇਜ਼ਰਾਈਲ ਦੀ ਨੰਗੀ ਚਿੱਟੀ ਪਿੱਠ ਥਾਪੜਨ ਕਰ ਕੇ ਅਮਰੀਕਾ ਦੁਨੀਆ ਵਿਚ ਅਲੱਗ ਥਲੱਗ ਹੋ ਕੇ ਰਹਿ ਗਿਆ ਹੈ। ਇਕ ਪਾਸੇ ਪਾਰਟੀ ਅਤੇ ਸਰਕਾਰ ਦੇ ਅੰਦਰੋਂ ਦਬਾਅ ਦੇ ਬਾਵਜੂਦ ਉਸ ਨੇ 7 ਦਿਨ ਜੰਗਬੰਦੀ ਸ਼ਬਦ ਦੀ ਵਰਤੋਂ ਨਹੀਂ ਕੀਤੀ, ਸਿਰਫ ਹੰਢਣਸਾਰ ਸ਼ਾਂਤੀ ਦੀ ਰਟ ਲਾਈ ਰੱਖੀ; ਦੂਜੇ ਪਾਸੇ, ਯੂ.ਐਨ. ਸੁਰੱਖਿਆ ਕੌਂਸਲ ਵਲੋਂ ਜੰਗਬੰਦੀ ਦੌਰਾਨ ਅਤੇ ਇਜ਼ਰਾਈਲ ਵਲੋਂ ਵੱਧ ਤਾਕਤ ਦੀ ਵਰਤੋਂ ਵਿਰੁਧ ਸਾਂਝੇ ਤੌਰ 'ਤੇ ਜਾਰੀ ਕੀਤੇ ਜਾਣ ਵਾਲੇ ਬਿਆਨ ਵਿਚ ਚਾਰ ਵਾਰ ਅੜਿੱਕਾ ਡਾਹਿਆ ਜਿਸ ਕਰ ਕੇ ਸੁਰੱਖਿਆ ਕੌਂਸਲ ਕੋਈ ਵੀ ਬਿਆਨ ਨਹੀਂ ਦੇ ਸਕੀ। ਅਖੀਰ ਯੂਰਪੀ ਯੂਨੀਅਨ ਨੇ ਆਪਣੇ ਤੌਰ 'ਤੇ ਬਿਆਨ ਜਾਰੀ ਕਰ ਦਿੱਤਾ। ਕੁਝ ਸਮਾਂ ਪਹਿਲਾਂ ਅਮਰੀਕਾ ਦੇ ਭਰੋਸੇਯੋਗ ਸੰਗੀ ਸਮਝੇ ਜਾਂਦੇ ਤੁਰਕੀ ਦੇ ਰਾਸ਼ਟਰਪਤੀ ਇਰਡੋਗਨ ਨੇ ਕਿਹਾ ਕਿ ਇਜ਼ਰਾਈਲ 'ਅਤਿਵਾਦੀ' ਹੈ ਅਤੇ ਇਹ ਇਸ ਦੇ 'ਸੁਭਾਅ ਦਾ ਹਿੱਸਾ ਹੈ'। ਉਸ ਨੇ ਇਹ ਵੀ ਕਿਹਾ ਕਿ ਅਮਰੀਕਾ ਦੇ ਹੱਥ ਵੀ 'ਖੂਨ ਨਾਲ ਰੰਗੇ ਹੋਏ ਹਨ'। ਚੀਨ ਮੁਤਾਬਕ, ਉਸ ਦੀ ਪੁਜੀਸ਼ਨ ਅਮਰੀਕਾ ਦੇ ਮੁਕਾਬਲੇ 'ਕਦਰਾਂ-ਕੀਮਤਾਂ' ਤੇ ਆਧਾਰਿਤ ਹੈ, ਅਮਰੀਕਾ 'ਹਮੇਸ਼ਾ ਬਲਦੀ 'ਤੇ ਤੇਲ ਪਾਉਣ ਲਈ ਤਿਆਰ ਰਹਿੰਦਾ ਹੈ'। ਉਹ 'ਸੁਰੱਖਿਆ ਕੌਂਸਲ ਵਿਚ ਨਿਖੜ ਕੇ ਰਹਿ ਗਿਆ ਹੈ' ਅਤੇ ਸ਼ਰੇਆਮ 'ਮਨੁੱਖਤਾ, ਜ਼ਮੀਰ ਤੇ ਨੈਤਿਕਤਾ ਦੇ ਵਿਰੋਧ ਵਿਚ ਜਾ ਖੜ੍ਹਾ ਹੋਇਆ ਹੈ'।

2014 ਦੀ ਜੰਗ ਸਮੇਂ ਹਮਾਸ ਨੇ ਜਦੋਂ ਇਸੇ ਤਰ੍ਹਾਂ ਰਾਕਟ ਦਾਗੇ ਤਾਂ ਮੋੜਵੇਂ ਰੂਪ ਵਿਚ ਇਜ਼ਰਾਈਲ ਵਲੋਂ ਕੀਤੀ ਬੰਬਾਰੀ ਨੂੰ ਮੌਕੇ ਦੇ ਅਮਰੀਕਨ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਹ ਕਹਿ ਕੇ ਜਾਇਜ਼ ਠਹਿਰਾਇਆ ਸੀ ਕਿ ਜਦੋਂ ਕੋਈ ਕਿਸ ਦੇ ਘਰ 'ਤੇ ਪੱਥਰ ਮਾਰੇਗਾ ਤਾਂ ਘਰ ਦਾ ਮਾਲਕ ਬਚਾਅ ਲਈ ਕੁਝ ਕਰੇਗਾ ਹੀ ਪਰ ਓਬਾਮਾ ਨੂੰ ਉਸ ਮੌਕੇ ਇਹ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਸੀ ਕਿ ਜੇ ਕੋਈ ਕਿਸੇ ਨੂੰ ਉਸ ਦੇ ਆਪਣੇ ਘਰੋਂ ਕੁੱਟ ਕੇ ਬਾਹਰ ਕੱਢ ਦੇਵੇ ਤਾਂ ਕੀ ਉਸ ਨੂੰ ਆਪਣਾ ਘਰ ਵਾਪਸ ਲੈਣ ਲਈ ਪੱਥਰ ਮਾਰਨ ਸਮੇਤ ਹਰ ਢੰਗ ਨਾਲ ਲੜਾਈ ਲੜਨ ਦਾ ਹੱਕ ਵੀ ਹੈ ਕਿ ਨਹੀਂ?

1948 ਤੋਂ ਪਹਿਲਾਂ ਇਜ਼ਰਾਈਲ ਨਾਮ ਦਾ ਕੋਈ ਦੇਸ਼ ਦੁਨੀਆ ਦੇ ਨਕਸ਼ੇ 'ਤੇ ਨਹੀਂ ਸੀ। ਦੇਸ਼ ਦਾ ਨਾਮ ਫਲਸਤੀਨ ਸੀ ਜਿਸ ਅੰਦਰ ਕਿੰਨੇ ਹੀ ਧਰਮਾਂ ਦੇ ਲੋਕ ਯਹੂਦੀ, ਮੁਸਲਿਮ, ਕ੍ਰਿਸਚੀਅਨ ਵਗੈਰਾ ਰਹਿੰਦੇ ਸਨ ਅਤੇ ਸਭ ਆਪਣੇ ਆਪ ਨੂੰ ਫਲਸਤੀਨੀ ਮੰਨਦੇ ਸਨ। ਫਲਸਤੀਨ ਇਸ ਮੌਕੇ ਬਰਤਾਨੀਆ ਦੀ ਬਸਤੀ ਸੀ ਅਤੇ ਭਾਰਤ ਵਾਂਗ ਫਲਸਤੀਨ ਦੇ ਲੋਕ ਵੀ ਵੱਖ-ਵੱਖ ਢੰਗਾਂ ਨਾਲ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਲਈ ਜੂਝ ਰਹੇ ਸਨ, ਸਮੇਤ ਯਹੂਦੀਆਂ ਦੇ।

ਦੂਸਰੀ ਸੰਸਾਰ ਜੰਗ ਮੌਕੇ ਹਿਟਲਰ ਦੀ ਨਾਜ਼ੀ ਫਾਸ਼ੀਵਾਦੀ ਸਰਕਾਰ ਅਤੇ ਹੋਰ ਮੁਲਕਾਂ ਦੇ ਫਾਸ਼ੀਵਾਦੀਆਂ ਨੇ ਵੀ ਯਹੂਦੀਆਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ। ਜਰਮਨ ਹਾਰ ਗਿਆ, ਹਿਟਲਰ ਆਤਮ-ਹੱਤਿਆ ਕਰ ਗਿਆ ਅਤੇ ਨਾਜ਼ੀ ਸਰਕਾਰ ਤੇ ਫਾਸ਼ੀਵਾਦ ਦਾ ਭੋਗ ਪੈ ਗਿਆ ਪਰ ਜੰਗ ਖਤਮ ਹੁੰਦਿਆਂ ਹੀ ਚਾਹੀਦਾ ਤਾਂ ਇਹ ਸੀ ਕਿ ਫਾਸ਼ੀਵਾਦ ਦੇ ਜ਼ੁਲਮਾਂ ਦਾ ਸ਼ਿਕਾਰ ਯਹੂਦੀ ਜਿਥੇ ਅਤੇ ਜਿਨ੍ਹਾਂ ਦੇਸ਼ਾਂ ਦੇ ਨਾਗਰਿਕ ਸਨ, ਉਥੋਂ ਦੀਆਂ ਸਰਕਾਰਾਂ ਤੇ ਕੌਮਾਂਤਰੀ ਕਮਿਊਨਿਟੀ ਉਨ੍ਹਾਂ ਦੇ ਜ਼ਖਮਾਂ 'ਤੇ ਮੱਲ੍ਹਮ ਲਾਉਂਦੀ, ਮੁਆਵਜ਼ਾ ਅਤੇ ਹੋਰ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਨੂੰ ਸਮਾਜ ਵਿਚ ਮੁੜ ਪੈਰਾਂ 'ਤੇ ਖੜ੍ਹਾ ਕਰਦੀ ਪਰ ਇਕ ਹੋਰ ਹੀ ਬੁਰਾ ਵਰਤਾਰਾ ਵਰਤ ਗਿਆ ਜਿਸ ਦੀ ਸਜ਼ਾ ਯੂਰਪ ਤੋਂ ਦੂਰ ਬੈਠੇ ਬੇਕਸੂਰ ਫਲਸਤੀਨੀਆਂ ਨੂੰ ਦਿੱਤੀ ਗਈ।

ਯਹੂਦੀਆਂ ਦਾ ਮਿਥਿਹਾਸ ਹੈ ਕਿ ਸਦੀਆਂ ਪਹਿਲਾਂ ਫਲਸਤੀਨ ਦੀ ਧਰਤੀ ਯਹੂਦੀਆਂ ਦਾ ਦੇਸ਼ ਹੁੰਦਾ ਸੀ, ਇਸ ਲਈ ਉਨ੍ਹਾਂ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਉਨ੍ਹਾਂ ਨੂੰ ਉਸ ਧਰਤੀ 'ਤੇ ਵਸਾਇਆ ਜਾਵੇ ਜਿਥੇ ਫਲਸਤੀਨ ਹੈ। ਦੂਸਰੇ ਪਾਸੇ, ਜੇਤੂ ਸਾਮਰਾਜੀ ਮੁਲਕਾਂ, ਖਾਸ ਕਰ ਕੇ ਬਰਤਾਨੀਆ, ਅਮਰੀਕਾ, ਫਰਾਂਸ ਵਗੈਰਾ ਦੀ ਸਾਂਝੀ ਲੋੜ ਸੀ ਕਿ ਬਾਗੀ ਮੱਧ ਪੂਰਬ ਵਿਚ ਕੋਈ ਉਨ੍ਹਾਂ ਦਾ ਵਫਾਦਾਰ ਤੇ ਸ਼ਕਤੀਸ਼ਾਲੀ ਮੁਲਕ ਹੋਵੇ ਜਿਸ ਨੂੰ ਉਹ ਲੰਮੇ ਦਾਅ ਤੋਂ ਆਪਣੇ ਸਾਮਰਾਜੀ ਹਿੱਤਾਂ ਦੇ ਵਧਾਰੇ ਤੇ ਪਸਾਰੇ ਲਈ ਮਜ਼ਬੂਤ ਕਿਲ੍ਹੇ ਅਤੇ ਆਧਾਰ ਇਲਾਕੇ ਦੇ ਤੌਰ 'ਤੇ ਵਰਤ ਸਕਦੇ ਹੋਣ। ਸੋ, ਦੋਹਾਂ ਧਿਰਾਂ ਦੇ ਹਿੱਤ ਮੈਚ ਕਰ ਗਏ ਅਤੇ ਨਵੀਂ-ਨਵੀਂ ਬਣੀ ਯੂ.ਐਨ.ਓ. ਦੀ ਮਦਦ ਨਾਲ ਫਲਸਤੀਨ ਦੀ ਧਰਤੀ 'ਤੇ ਨਵਾਂ ਦੇਸ਼ ਇਜ਼ਰਾਈਲ ਬਣਾਉਣ ਦਾ ਫੈਸਲਾ ਹੋ ਗਿਆ। ਕਿਹਾ ਇਹ ਗਿਆ ਕਿ ਇਹ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਯਹੂਦੀਆਂ ਨਾਲ ਵਾਪਰਿਆ ਫਾਸ਼ੀਵਾਦੀ ਦੁਖਾਂਤ ਦੁਬਾਰਾ ਨਾ ਵਾਪਰੇ ਪਰ ਅਸਲ ਕਾਰਨ ਉਪਰੋਕਤ ਹੀ ਸੀ; ਜਿਵੇਂ ਇਕ ਸਮੇਂ ਬਰਤਾਨਵੀ ਸਾਮਰਾਜ ਦੇ ਸਪੋਕਸਮੈਨ ਨੇ ਕਿਹਾ ਸੀ ਕਿ 'ਸੰਭਾਵੀ ਦੁਸ਼ਮਣਾਨਾ ਅਰਬਵਾਦੀ ਸਮੁੰਦਰ ਵਿਚ ਛੋਟਾ ਜਿਹਾ ਵਫਾਦਾਰ ਯਹੂਦੀ ਅਲਸਟਰ'। ਅਲਸਟਰ ਆਇਰਲੈਂਡ ਦੇ ਸ਼ਹਿਰ ਦਾ ਨਾਮ ਹੈ ਜਿਹੜਾ ਅਜਿਹੇ ਮਕਸਦ ਨਾਲ ਹੀ ਵਸਾਇਆ ਗਿਆ ਸੀ। ਸੋ, ਇਜ਼ਰਾਈਲ ਦੇ ਨਾਮ ਦਾ ਐਲਾਨ ਹੋਣ ਦੀ ਦੇਰ ਸੀ ਕਿ ਦੁਨੀਆ ਭਰ ਦੇ ਯਹੂਦੀਆਂ ਨੇ ਫਲਸਤੀਨ ਵੱਲ ਵਹੀਰਾਂ ਘੱਤ ਦਿੱਤੀਆਂ।

14 ਮਈ 1948 ਨੂੰ ਬਰਤਾਨਵੀ ਰਾਜ ਦਾ ਫਲਸਤੀਨ ਵਿਚੋਂ ਰਸਮੀ ਤੌਰ 'ਤੇ ਅੰਤ ਅਤੇ 15 ਮਈ 1948 ਨੂੰ ਨਵੇਂ ਬਣੇ ਦੇਸ਼ ਇਜ਼ਰਾਈਲ ਦੀ ਆਜ਼ਾਦੀ ਦਾ ਐਲਾਨ ਹੋ ਗਿਆ। ਐਲਾਨ ਹੁੰਦਿਆਂ ਹੀ ਯਹੂਦੀ ਲੋਕਾਂ ਨੇ ਫਲਸਤੀਨ ਦੇ ਮੁਸਲਮਾਨਾਂ ਦਾ ਕਤਲੇਆਮ ਕਰਨਾ ਅਤੇ ਘਰਾਂ ਵਿਚੋਂ ਭਜਾਉਣਾ ਸ਼ੁਰੂ ਕਰ ਦਿੱਤਾ ਜਿਸ ਨੂੰ ਅਰਬ ਭਾਸ਼ਾ ਵਿਚ ਨਕਬਾ (ਸਫਾਇਆ) ਦਾ ਨਾਮ ਦਿੱਤਾ ਗਿਆ। 70 ਕਤਲੇਆਮ ਰਚਾਏ ਗਏ ਜਿਨ੍ਹਾਂ ਵਿਚ 1500 ਫਲਸਤੀਨੀ ਮਾਰੇ ਗਏ। 539 ਪਿੰਡ ਅਤੇ ਕਸਬੇ ਮਲੀਆਮੇਟ ਕਰ ਦਿੱਤੇ ਗਏ ਅਤੇ ਸੱਤ ਲੱਖ ਪੰਜਾਹ ਹਜ਼ਾਰ ਮੁਸਲਮਾਨ ਫਲਸਤੀਨੀ ਗੁਆਂਢੀ ਦੇਸ਼ਾਂ ਜਾਰਡਨ, ਸੀਰੀਆ, ਲਿਬਨਾਨ, ਮਿਸਰ ਵਗੈਰਾ 'ਚ ਜਾ ਵੜੇ ਜਿੱਥੇ ਉਹ ਹੁਣ ਤੱਕ ਪੀੜ੍ਹੀ-ਦਰ-ਪੀੜ੍ਹੀ ਰਫਿਊਜੀ ਕੈਂਪਾਂ ਵਿਚ ਰਹਿ ਰਹੇ ਹਨ। ਭੀੜ-ਭੜੱਕੇ ਵਾਲੇ 68 ਰਫਿਊਜੀ ਕੈਂਪ ਹਨ ਜਿਨ੍ਹਾਂ ਵਿਚੋਂ 58 ਆਫੀਸ਼ੀਅਲ ਹਨ। ਫਲਸਤੀਨ ਵਿਚ ਬਾਕੀ ਬਚੇ ਅਰਬ ਫਲਸਤੀਨੀਆਂ ਨੂੰ ਆਨੇ ਬਹਾਨੇ ਭਜਾਉਣ ਅਤੇ ਉਜਾੜਨ ਦਾ ਸਿਲਸਲਾ ਅੱਜ ਤੱਕ ਜਾਰੀ ਹੈ। ਕੁੱਲ ਮਿਲਾ ਕੇ 56 ਲੱਖ ਫਲਸਤੀਨੀ ਹਨ ਜਿਨ੍ਹਾਂ ਦਾ ਕੋਈ ਦੇਸ਼ ਨਹੀਂ। ਗਾਜ਼ਾ ਪੱਟੀ ਅਤੇ ਵੈਸਟ ਬੈਂਕ ਵਿਚ ਫਲਸਤੀਨੀ ਅਥਾਰਟੀ, ਮਿਊਂਸਿਪੈਲਿਟੀ ਤੋਂ ਵੱਧ ਕੁਝ ਨਹੀਂ।

ਇਹ ਸੱਚ ਹੈ ਕਿ ਯਹੂਦੀਆਂ 'ਤੇ ਨਾਜ਼ੀ ਫਾਸ਼ੀਵਾਦੀਆਂ ਨੇ ਬਹੁਤ ਜ਼ੁਲਮ ਕੀਤੇ, ਕਤਲੇਆਮ ਰਚਾਏ ਅਤੇ ਗੈਸ ਚੈਂਬਰਾਂ ਵਿਚ ਸਾੜੇ ਪਰ ਉਨ੍ਹਾਂ ਨੂੰ ਇਹ ਹੱਕ ਕਿਸ ਨੇ ਦਿੱਤਾ ਕਿ ਜੋ ਉਨ੍ਹਾਂ ਨਾਲ ਹੋਇਆ, ਉਹੀ ਬੇਕਸੂਰ ਫਲਸਤੀਨੀਆਂ ਨਾਲ ਕਰਨ? ਨਾਜ਼ੀਆ ਦੇ ਜ਼ੁਲਮਾਂ ਦਾ ਬਦਲਾ ਫਲਸਤੀਨੀਆਂ ਤੋਂ ਕਿਉਂ? ਸਪਸ਼ਟ ਹੈ ਕਿ ਫਲਸਤੀਨੀਆਂ ਦੀ ਦੁਰਗਤ ਅਤੇ ਜ਼ਹਾਲਤ ਭਰੀ ਜ਼ਿੰਦਗੀ ਦੇ ਸਿੱਧੇ-ਸਿੱਧੇ ਜ਼ਿੰਮੇਵਾਰ ਸਾਮਰਾਜੀ ਅਤੇ ਨਸਲੀ ਯਹੂਦੀ ਹੀ ਹਨ। ਨਮੋਸ਼ੀ, ਉਦਾਸੀ, ਮਾਯੂਸੀ ਅਤੇ ਬੇਵਸੀ ਦਾ ਸ਼ਿਕਾਰ ਫਲਸਤੀਨੀ ਆਪਣੀਆਂ ਮੁਸ਼ਕਿਲਾਂ ਅਤੇ ਮਸਲਿਆਂ ਦਾ ਹੱਲ ਪਹਿਲਾਂ ਯਾਸਰ ਅਰਾਫਤ ਦੀ ਅਗਵਾਈ ਵਾਲੀ ਪੀ.ਐਲ.ਓ. ਤੋਂ ਲੱਭਦੇ ਰਹੇ ਅਤੇ 2004 ਵਿਚ ਅਰਾਫਤ ਦੀ ਮੌਤ ਤੋਂ ਬਾਅਦ ਮਹਿਮੂਦ ਅੱਬਾਸ ਦੀ ਅਗਵਾਈ ਵਾਲੀ ਪੀ.ਐਲ.ਓ. ਅਤੇ ਹੁਣ ਹਮਾਸ ਤੋਂ ਲੱਭ ਰਹੇ ਹਨ ਪਰ ਗੱਲ ਕਿਸੇ ਤਣ ਪੱਤਣ ਨਹੀਂ ਲੱਗੀ।

ਬਰਤਾਨੀਆ ਤੋਂ ਬਾਅਦ ਮੱਧ ਪੂਰਬ ਵਿਚ ਹੁਣ ਤੱਕ ਅਮਰੀਕਾ ਦੀ ਸਰਦਾਰੀ ਸੀ ਜਿਸ ਦੀ ਛੱਤਰ ਛਾਇਆ ਹੇਠ ਵਿਕਸਤ ਅਤੇ ਮਜ਼ਬੂਤ ਹੋਇਆ ਦੇਸ਼ ਇਜ਼ਰਾਈਲ ਨਿਊਕਲੀਅਰ ਹਥਿਆਰਾਂ ਨਾਲ ਲੈਸ ਹੈ ਜਿਸ ਕੋਲ ਹੋਰ ਆਧੁਨਿਕ ਹਥਿਆਰਾਂ ਅਤੇ ਸੂਖਮ ਤਕਨਾਲੋਜੀ ਦਾ ਜ਼ਖੀਰਾ ਵੀ ਹੈ। 1948 ਵਿਚ ਨਵੇਂ ਦੇਸ਼ ਦਾ ਰੁਤਬਾ ਪ੍ਰਾਪਤ ਕਰਨ ਤੋਂ ਬਾਅਦ ਇਜ਼ਰਾਈਲ ਗੁਆਂਢੀ ਦੇਸ਼ਾਂ 'ਤੇ ਧੌਂਸ ਜਮਾ ਅਤੇ ਮਨਮਾਨੀਆਂ ਕਰ ਰਿਹਾ ਹੈ। ਰਫਿਊਜੀ ਕੈਂਪਾਂ ਵਿਚ ਬੈਠੇ ਫਲਸਤੀਨੀ ਬੇਸ਼ੱਕ ਦੇਸ਼ ਵਾਪਸੀ ਜਾਂ ਫਿਰ ਆਪਣੇ ਦੇਸ਼ ਫਲਸਤੀਨ ਦੀ ਸਥਾਪਤੀ ਲਈ ਲਗਾਤਾਰ ਸੰਘਰਸ਼ੀਲ ਰਹੇ ਹਨ ਪਰ ਉਨ੍ਹਾਂ ਦਾ ਕੁਝ ਨਹੀਂ ਵੱਟਿਆ ਗਿਆ ਜਿਸ ਦੀ ਨੇੜ ਭਵਿੱਖ ਵਿਚ ਸੰਭਾਵਨਾ ਵੀ ਨਹੀਂ ਦਿਸ ਰਹੀ, ਬਸ਼ਰਤੇ ਖਿੱਤੇ ਵਿਚ ਤਾਕਤਾਂ ਦਾ ਤੋਲ ਅਤੇ ਸਮੀਕਰਨ ਬਦਲ ਜਾਣ!

ਮੱਧ ਪੂਰਬ ਦੀ ਧਰਤੀ 'ਤੇ ਚੱਲ ਰਹੇ ਆਰਥਕ ਸਿਆਸੀ ਟੂਰਨਾਮੈਂਟ ਵਿਚ ਚੀਨ ਨਵਾਂ ਖਿਡਾਰੀ ਹੈ। ਮੱਧ ਪੂਰਬ ਚੀਨ ਦੀ ਆਰਥਕਤਾ ਅਤੇ ਊਰਜਾ ਸਕਿਊਰਿਟੀ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਤੇਲ ਅਤੇ ਗੈਸ ਸਬੰਧੀ ਉਸ ਦੀਆਂ ਅੱਧੀਆਂ ਲੋੜਾਂ ਇਥੋਂ ਹੀ ਪੂਰੀਆਂ ਹੁੰਦੀਆਂ ਹਨ। ਚੀਨ ਅਤੇ ਯੂਰਪ ਵਿਚਕਾਰ ਲੈਣ-ਦੇਣ ਲਈ ਕਈ ਬਿਲੀਅਨ ਯੂਰੋ ਦੀਆਂ ਵਸਤਾਂ ਨਾਲ ਭਰੇ ਜਹਾਜ਼ ਸਵੇਜ਼ ਨਹਿਰ ਰਾਹੀਂ ਲੰਘਦੇ ਹਨ। ਚੀਨ ਅਤੇ ਇਜ਼ਰਾਈਲ ਦੀ ਰਿਸਰਚ ਅਤੇ ਤਕਨਾਲੋਜੀ ਦੇ ਖੇਤਰਾਂ ਵਿਚ ਵੀ ਸਾਂਝ ਹੈ। ਚੀਨ ਦੀ 'ਬੈਲਟ ਅਤੇ ਰੋਡ' ਪਹਿਲਕਦਮੀ ਵਿਚ ਇਜ਼ਰਾਈਲ ਦਾ ਮਹੱਤਵਪੂਰਨ ਰੋਲ ਹੈ। ਮੈਡੀਟੇਰੀਅਨ ਸਮੁੰਦਰ 'ਤੇ ਪੈਂਦੀ ਹੈਫਾ ਸ਼ਹਿਰ ਨਾਲ ਲੱਗਦੀ ਇਜ਼ਰਾਈਲ ਦੀ ਬੰਦਰਗਾਹ ਦੇ ਵਧਾਰੇ ਅਤੇ ਪਸਾਰੇ ਦਾ ਠੇਕਾ ਚੀਨ ਕੋਲ ਹੈ ਜਿਸ 'ਤੇ ਅਮਰੀਕਾ ਨੇ ਇਜ਼ਰਾਈਲ ਕੋਲ ਇਤਰਾਜ਼ ਵੀ ਜਤਾਇਆ ਹੈ। ਇਜ਼ਰਾਈਲ ਦੀ ਰੇਲਵੇ ਅਤੇ ਹੋਰ ਕਈ ਪ੍ਰੋਜੈਕਟਾਂ ਵਿਚ ਚੀਨ ਵੱਡਾ ਨਿਵੇਸ਼ ਕਰ ਰਿਹਾ ਹੈ। ਸਿਆਸਤ ਅਤੇ ਆਰਥਕਤਾ ਇਕ ਦੂਜੇ ਦੇ ਪੂਰਕ ਹੋਣ ਕਰ ਕੇ ਚੀਨ ਨੇ ਮੱਧ ਪੂਰਬ ਦੀ ਸਿਆਸਤ ਵਿਚ ਵੀ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਉਧਰ ਰੂਸ, ਇਰਾਨ ਅਤੇ ਤੁਰਕੀ ਨੇ ਸਾਂਝਾ ਫਰੰਟ ਬਣਾ ਲਿਆ ਹੈ। ਪਿਛਲੇ 10-12 ਸਾਲ ਤੋਂ ਪਹਿਲਾਂ ਰੂਸ ਅਤੇ ਹੁਣ ਚੀਨ ਨੇ ਮੱਧ ਪੂਰਬ ਵਿਚ ਅਮਰੀਕਨ ਸਰਦਾਰੀ ਨੂੰ ਚੁਣੌਤੀ ਦੇਣੀ ਅਤੇ ਠੇਸ ਪਹੁੰਚਾਉਣੀ ਸ਼ੁਰੂ ਕਰ ਦਿੱਤੀ ਹੈ। 11 ਦਿਨਾਂ ਦੀ ਇਸ ਇਜ਼ਰਾਈਲ-ਫਲਸਤੀਨ ਜੰਗ ਨੇ ਤਾਕਤਾਂ ਦੇ ਪਹਿਲੇ ਸਮੀਕਰਨਾਂ ਅਤੇ ਸੰਤੁਲਨ ਨੂੰ ਵੱਡਾ ਝਟਕਾ ਦਿੱਤਾ ਹੈ।

ਫਲਸਤੀਨ ਦੀ ਆਜ਼ਾਦੀ ਅਤੇ ਆਜ਼ਾਦ ਦੇਸ਼ ਦੀ ਸਥਾਪਤੀ ਲਈ ਸੰਘਰਸ਼ ਦੀ ਸਫਲਤਾ ਮੁੱਖ ਤੌਰ 'ਤੇ ਉਨ੍ਹਾਂ ਦੀ ਸੂਝ ਅਤੇ ਕੁਸ਼ਲ ਲੀਡਰਸ਼ਿਪਾਂ 'ਤੇ ਨਿਰਭਰ ਕਰਦੀ ਹੈ। ਜੇ ਉਹ ਠੀਕ ਯੁੱਧਨੀਤੀ ਅਤੇ ਕਾਰਜ ਵਿਧੀ ਅਪਣਾ ਕੇ ਚੱਲਣ ਤਾਂ ਮੱਧ ਪੂਰਬ ਵਿਚ ਬਦਲਦੇ ਤਾਕਤਾਂ ਦੇ ਸਮੀਕਰਨ ਅਤੇ ਸਮਤੋਲ ਨੂੰ ਆਪਣੇ ਹੱਕ ਵਿਚ ਵੀ ਭੁਗਤਾ ਸਕਦੇ ਹਨ। ਸਮਾਂ ਬਹੁਤ ਬਲਵਾਨ ਹੁੰਦਾ ਹੈ।



# ਕਰੋਨਾ ਕਾਲ ਦੀ ਬਦ-ਇੰਤਜ਼ਾਮੀ ਦੀ ਜ਼ਿੰਮੇਵਾਰੀ ਤੈਅ ਹੋਵੇ

ਸੰਸਦੀ/ਜਮਹੂਰੀ ਨਿਜ਼ਾਮ ਵਿਚ ਜਦੋਂ ਵੀ ਕਦੇ ਅਣਕਿਆਸੀ ਬਿਪਤਾ ਆਉਂਦੀ ਹੈ ਤਾਂ ਉਸ ਸਮੇਂ ਇਸ ਨਿਜ਼ਾਮ ਦੇ ਸਾਰੇ ਥੰਮ ਇਕਮੁੱਠਤਾ ਨਾਲ ਉਸ ਦਾ ਮੁਕਾਬਲਾ ਕਰਦੇ ਹਨ, ਤੇ ਆਪਣੀ ਰਿਆਇਆ ਨੂੰ ਕਲਾਵੇ ਵਿਚ ਲੈ ਕੇ ਘੱਟ ਤੋਂ ਘੱਟ ਨੁਕਸਾਨ ਨਾਲ ਵੱਧ ਸੁਰੱਖਿਆ ਦਿੱਤੀ ਜਾਂਦੀ ਹੈ ਤਾਂ ਜੋ ਸਰਕਾਰ ਉਤੇ ਲੋਕਾਂ ਦੀ ਭਰੋਸੇਯੋਗਤਾ ਬਣੀ ਰਹੇ। ਅਜਿਹੇ ਸਮੇਂ ਦੇਸ਼ ਦੀਆਂ ਸਰਕਾਰਾਂ ਆਪਣੇ ਸਿਰ ਜ਼ਿੰਮੇਵਾਰੀ ਲੈ ਕੇ ਲੋਕਾਂ ਵਿਚ ਪਾਏ ਜਾ ਰਹੇ ਭੰਬਲਭੂਸੇ, ਅਣਕਿਆਸੇ ਡਰ ਨੂੰ ਦੂਰ ਕਰਕੇ ਉਸ ਬਿਪਤਾ ਦਾ ਮੁਕਾਬਲਾ ਕਰਨ ਲਈ ਆਪ ਆਗੂ ਰੋਲ ਨਿਭਾਉਂਦੀ ਹੈ; ਪਰ ਭਾਰਤ ਜਿਸ ਤਰ੍ਹਾਂ ਕਰੋਨਾ ਕਾਲ ਨਾਲ ਨਜਿੱਠ ਰਿਹਾ ਹੈ, ਉਸ ਨੇ ਮਹਾਮਾਰੀ ਦੇ ਨਾਲ ਨਾਲ ਬੇ-ਭਰੋਸਗੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਲੱਖਾਂ ਮੌਤਾਂ ਕਰੋਨਾ ਨਾਲ ਨਹੀਂ, ਸਗੋਂ ਮੈਡੀਕਲ



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਆਕਸੀਜਨ, ਵੈਂਟੀਲੇਟਰ, ਜਾਅਲੀ ਦੁਆਈਆਂ ਤੇ ਕਰੋਨਾ ਪੀੜਤਾਂ ਦੀ ਮਦਦ ਲਈ ਜ਼ਿੰਮੇਵਾਰ ਸੰਸਥਾਵਾਂ ਦੇ ਅਖਤਿਆਰ ਕੀਤੇ ਲੁੱਟ-ਖਸੁੱਟ ਦੇ ਵਤੀਰੇ ਕਾਰਨ ਹੋਈਆਂ, ਜੋ ਲੋਕਤੰਤਰੀ ਦੇਸ਼ ਲਈ ਨਮੋਸ਼ੀ ਵਾਲੀ ਸਥਿਤੀ ਹੈ। ਉਤੋਂ ਜਦੋਂ ਹਕੂਮਤ ਵਿਧਾਨ ਸਭਾਵਾਂ ਦੀਆਂ ਚੋਣਾਂ ਤੋਂ ਵਾਪਸ ਪਰਤ ਕੇ ਵੀ ਨਾ-ਅਹਿਲ ਰਹੀ ਤਾਂ ਦੇਸ਼ ਦੀ ਜਨਤਾ ਕੁਰਲਾ ਉਠੀ।

ਇਸ ਤ੍ਰਾਸਦੀ ਲਈ ਕੌਣ ਜ਼ਿੰਮੇਵਾਰ ਹੈ? ਪਾਰਲੀਮੈਂਟ ਸਿਸਟਮ ਵਿਚ ਜੁਆਬਦੇਹੀ ਸੁਨਿਸ਼ਚਿਤ ਹੁੰਦੀ ਹੈ, ਜੋ ਜਨਤਾ ਨਿਸ਼ਚਿਤ ਕਰਦੀ ਹੈ। ਰਾਜਸ਼ਾਹੀ/ਤਾਨਾਸ਼ਾਹੀ ਵਿਚ ਇਹ ਜੁਆਬਦੇਹੀ ਨਹੀਂ ਹੁੰਦੀ। ਆਜ਼ਾਦੀ ਤੋਂ ਬਾਅਦ ਆਏ ਇਸ ਇੰਨੇ ਵੱਡੇ ਸੰਕਟ ਲਈ ਕੋਈ ਜੁਆਬਦੇਹੀ ਹੈ ਜਾਂ ਨਹੀਂ? ਦੇਸ਼ ਦੇ ਪ੍ਰਧਾਨ ਮੰਤਰੀ ਸਣੇ ਯੂ. ਪੀ., ਬਿਹਾਰ ਦੇ ਮੁੱਖ ਮੰਤਰੀਆਂ ਦੇ, ਕੋਈ ਵੀ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ। ਉਲਟਾ ਕਿਹਾ ਜਾ ਰਿਹਾ ਹੈ ਕਿ ਦੇਸ਼ ਵਿਚ ਵੈਕਸੀਨੇਸ਼ਨ, ਟੈਸਟਿੰਗ, ਆਕਸੀਜਨ, ਵੈਂਟੀਲੇਟਰ ਤੇ ਕਰੋਨਾ ਦੁਆਈਆਂ ਦੀ ਕੋਈ ਕਮੀ ਨਹੀਂ। ਜੇ ਕੋਈ ਸੋਸ਼ਲ ਮੀਡੀਆ ਜਾਂ ਮੁੱਖ ਮੀਡੀਆ ਵਿਚ ਇਸ ਦੇ ਖਿਲਾਫ ਲਿਖਣ ਦੀ ਗਲਤੀ ਕਰ ਲਵੇ ਤਾਂ ਉਸ ਨੂੰ ਐਨ. ਐਸ. ਏ., ਯੂ. ਏ. ਪੀ. ਏ. ਅਧੀਨ ਜੇਲ੍ਹ ਵਿਚ ਸੁੱਟਣ ਲਈ ਸਾਰਾ ਤਾਣਾ-ਬਾਣਾ ਤਿਆਰ ਹੈ।

ਯੂ. ਪੀ. ਦੀਆਂ ਚੋਣਾਂ ਵਿਚ 1621 ਅਧਿਆਪਕ ਕਰੋਨਾ ਦੀ ਭੇਟ ਚੜ੍ਹ ਗਏ। ਚਾਰ ਸੌ ਤੋਂ ਉਪਰ ਡਾਕਟਰ ਮਰ ਚੁਕੇ ਹਨ। ਜਨਤਾ ਤੜਫ ਤੜਫ ਮਰ ਰਹੀ ਹੈ। ਨਦੀਆਂ ਵਿਚ ਵਹਿੰਦੀਆਂ ਲਾਸ਼ਾਂ ਦੀ ਜ਼ਿੰਮੇਵਾਰੀ ਕੌਣ ਲਊਗਾ? ਇਨ੍ਹਾਂ ਨੂੰ ਵਹਾਉਣ/ਛੁਪਾਉਣ ਵਾਲੇ ਉਚ ਪ੍ਰਸ਼ਾਸਨਿਕ ਅਧਿਕਾਰੀ ਸਨ, ਪਰ ਉਨ੍ਹਾਂ ਨੂੰ ਆਦੇਸ਼ ਦੇਣ ਵਾਲਾ ਕੌਣ ਸੀ? ਸੱਤਾ ਦਾ ਤਾਣ ਲੱਗਾ ਹੋਇਆ ਸੀ ਕਿ ਕਿਸੇ ਤਰ੍ਹਾਂ ਇਸ ਮਸਲੇ ਨੂੰ ਦਬਾ ਦਿੱਤਾ ਜਾਵੇ।

ਉਪਰ ਤੋਂ ਹੀ ਨੀਤੀਆਂ ਨੀਚੇ ਆਉਂਦੀਆਂ ਹਨ। ਕਿਸੇ ਸਰਕਾਰੀ ਅਧਿਕਾਰੀ, ਆਕਸੀਜਨ ਬਲੈਕੀਆਂ, ਵੈਂਟੀਲੇਟਰ ਤੇ ਨਕਲੀ ਦੁਆਈਆਂ ਦੀ ਫੈਕਟਰੀ ਜਾਣ-ਬੁੱਝ ਕੇ ਕਿੱਲਤ ਪੈਦਾ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਨ ਦੀ ਕਿਹਦੀ ਜ਼ਿੰਮੇਵਾਰੀ ਸੀ? ਲਾਤੂਰ (ਮਹਾਂਰਾਸ਼ਟਰ) ਵਿਚ ਸਤੰਬਰ 1993 ਵਿਚ ਅਜਿਹਾ ਜ਼ਬਰਦਸਤ ਭੂਚਾਲ ਆਇਆ ਸੀ, ਜਿਸ ਵਿਚ ਬਵੰਜਾ ਪਿੰਡ ਬਰਬਾਦ ਹੋਏ, 10 ਹਜ਼ਾਰ ਲੋਕ ਮਾਰੇ ਗਏ ਤੇ 30 ਹਜ਼ਾਰ ਦੇ ਕਰੀਬ ਜ਼ਖਮੀ ਹੋਏ ਸਨ। ਉਸ ਵੇਲੇ ਦੇ ਮੁੱਖ ਮੰਤਰੀ ਸ਼ਰਦ ਪਵਾਰ ਨੇ ਕੇਂਦਰ, ਫੌਜ, ਸਮਾਜ ਸੇਵੀਆਂ ਤੇ ਦਾਨੀ ਸੱਜਣਾਂ ਨੂੰ ਅੱਗੇ ਲਾ ਕੇ ਸਟੇਟ ਨੂੰ ਮੁੜ ਪੈਰੀਂ-ਸਿਰ ਕਰ ਲਿਆ ਸੀ। ਲੀਡਰ ਦੀ ਅਗਵਾਈ ਦੀ ਪਰਖ ਸੰਕਟ ਦੇ ਸਮੇਂ ਹੁੰਦੀ ਹੈ ਕਿ ਉਹ ਕਿਵੇਂ ਉਸ ਸੰਕਟ ਵਿਚੋਂ ਆਪਣੀ ਰਿਆਇਆ ਨੂੰ ਘੱਟ ਤੋਂ ਘੱਟ ਨੁਕਸਾਨ ਨਾਲ ਬਚਾ ਸਕਦਾ ਹੈ। ਲੋਕਤੰਤਰ ਵਿਚ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨੀ ਚੁਣੀ ਹੋਈ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ, ਜਦੋਂ ਕਿ ਇਸ ਕਰੋਨਾ ਕਾਲ ਸਮੇਂ ਕੇਂਦਰ/ਰਾਜ ਸਰਕਾਰਾਂ ਨੇ ਲੋਕਾਂ ਨੂੰ ਇਸ ਤ੍ਰਾਸਦੀ ਵਿਚੋਂ ਕੱਢਣ ਲਈ ਕੋਈ ਸੁਹਿਰਦਤਾ ਨਹੀਂ ਵਿਖਾਈ। ਦੇਖਿਆ ਜਾਵੇ ਤਾਂ ਇਹ ਸੱਤਾ ਦਾ ਖਾਸਾ ਲੋਕਤੰਤਰੀ ਹੀ ਨਹੀਂ। ਇਹ ਤਾਂ ਰਾਮ ਮੰਦਰ ਦੇ ਨਾਹਰੇ 'ਤੇ ਹੋਂਦ ਵਿਚ ਆਈ ਹੈ।

ਕਰੋਨਾ ਦੀ ਤੀਸਰੀ ਲਹਿਰ ਦੀ ਵੀ ਕੋਈ ਤਿਆਰੀ ਨਹੀਂ ਲਗਦੀ। ਲੋਕਤੰਤਰੀ ਸੰਸਥਾਵਾਂ ਢਹਿ ਢੇਰੀ ਹੋ ਚੁਕੀਆਂ ਹਨ। ਜੁਆਬਦੇਹੀ ਪ੍ਰਤੀ ਸਰਕਾਰ ਕਿੰਨੀ ਕੁ ਸੁਹਿਰਦ ਹੈ, ਆਪਣੇ ਆਪ ਨੂੰ ਦੇਸ਼ ਦੀ ਸਭ ਤੋਂ ਵੱਡੀ ਪਾਰਟੀ 18 ਕਰੋੜ ਵਾਲੀ ਕਹਾਉਣ ਵਾਲੀ ਪਾਰਟੀ ਦਾ ਸੰਘੀ ਨੇਤਾ ਮੋਹਨ ਭਾਗਵਤ ਕਹਿੰਦਾ ਹੈ ਕਿ 'ਜਿਊਣ-ਮਰਨ ਤਾਂ ਚਲਦਾ ਰਹਿੰਦਾ ਹੈ। ਕਰੋਨਾ ਮਹਾਮਾਰੀ ਦਾ ਇਹ ਵਿਕਰਾਲ ਰੂਪ ਜਨਤਾ, ਡਾਕਟਰ, ਪ੍ਰਸ਼ਾਸਨ ਤੇ ਸਿਸਟਮ ਦੀ ਲਾਪਰਵਾਹੀ ਕਾਰਨ ਹੋਇਆ ਹੈ।' ਕਿੰਨੀ ਹਲਕੇ ਪੱਧਰ ਦੀ ਤੇ ਅਸੰਵੇਦਨਸ਼ੀਲ ਬਿਆਨਬਾਜ਼ੀ ਹੈ। ਬੰਦੇ ਦੇ ਜਾਨ ਦੀ ਕੋਈ ਕੀਮਤ ਨਹੀਂ। ਸਰਕਾਰ ਨੂੰ ਬੜੀ ਸਫਾਈ ਨਾਲ ਜ਼ਿੰਮੇਵਾਰੀ ਮੁਕਤ ਕਰ ਦਿੱਤਾ। ਇਸ ਨਰ ਸੰਘਾਰ ਦਾ ਸਭ ਤੋਂ ਵੱਡਾ ਫੈਕਟਰ ਹੈ ਕਿ ਜਿਹੜਾ ਸਭ ਤੋਂ ਸਿਖਰ 'ਤੇ ਬੈਠਾ ਹੈ, ਉਹ ਇਸ ਪ੍ਰਤੀ ਸੰਵੇਦਨਸ਼ੀਲ ਹੀ ਨਹੀਂ। ਇਹ ਬਹੁਤ ਹੀ ਭਿਆਨਕ ਤ੍ਰਾਸਦੀ ਹੈ ਸਾਡੇ ਮੁਲਕ ਦੀ ਕਿ ਲੱਖਾਂ ਲੋਕ ਇਸ ਦੀ ਬਲੀ ਚੜ੍ਹ ਗਏ, ਪਰ ਇਸ ਨੂੰ ਬਹੁਤ ਸਧਾਰਨ ਤਰੀਕੇ ਨਾਲ ਲਿਆ ਜਾ ਰਿਹਾ ਹੈ। ਵਿਦੇਸ਼ੀ ਮੀਡੀਏ ਲੈਂਸਟ ਮੈਡੀਕਲ ਮੈਗਜ਼ੀਨ, ਨਿਊ ਯਾਰਕ ਟਾਈਮਜ਼, ਟਾਈਮ ਮੈਗਜ਼ੀਨ, ਗਾਰਡੀਅਨ ਲੰਡਨ, ਆਸਟਰੇਲੀਅਨ ਮੀਡੀਆ ਸਮੇਤ ਅਨੇਕਾਂ ਅਖਬਾਰ ਪੱਤ੍ਰਿਕਾਵਾਂ ਵਿਚ ਕੇਂਦਰ ਸਰਕਾਰ ਦੇ ਇਸ ਮਹਾਮਾਰੀ ਨੂੰ ਨਜਿੱਠਣ ਦੇ ਢੰਗ-ਤਰੀਕਿਆਂ 'ਤੇ ਭਾਰੀ ਨੁਕਤਾਚੀਨੀ ਹੋ ਰਹੀ ਹੈ। ਲਗਦਾ ਹੈ, ਜਿਵੇਂ ਇਸ ਤੋਂ ਵੀ ਵੱਧ ਨਿਘਾਰ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ, ਜਦੋਂ ਭਾਰਤੀ ਹਕੂਮਤ ਆਪਣੀ ਜੁਆਬਦੇਹੀ ਤੈਅ ਕਰੇਗੀ।









ਕੁਝ ਕੁ ਹੋਰ ਪਿਛਲੇ ਸਮੇਂ ਵਿਚ ਵਾਪਰੀਆਂ ਦੁਰਘਟਨਾਵਾਂ ਤੇ ਉਨ੍ਹਾਂ ਵਿਚ ਲਈ ਜ਼ਿੰਮੇਵਾਰੀ ਦਾ ਸੰਖੇਪ ਵਰਣਨ ਕਰਾਂਗੀ। ਮਹਾਂਰਾਸ਼ਟਰ ਦੇ 26/11 ਵਾਲੇ ਘਟਨਾਕ੍ਰਮ ਵਿਚ ਮੁੱਖ ਮੰਤਰੀ, ਡਿਪਟੀ ਮੁੱਖ ਮੰਤਰੀ ਤੇ ਦੇਸ਼ ਦੇ ਗ੍ਰਹਿ ਮੰਤਰੀ ਸ਼ਿਵ ਰਾਜ ਪਾਟਿਲ ਨੇ ਅਸਤੀਫਾ ਦੇ ਕੇ ਜੁਆਬਦੇਹੀ ਦਾ ਰਸਤਾ ਅਪਨਾਇਆ। ਸਵਰਗੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜਦੋਂ 1956 ਵਿਚ ਰੇਲਵੇ ਮੰਤਰੀ ਸਨ ਤਾਂ ਉਨ੍ਹਾਂ ਨੇ ਰੇਲਵੇ ਦੇ ਦੋ ਵਾਰ ਦੁਰਘਟਨਾ ਗ੍ਰਸਤ ਹੋਣ 'ਤੇ ਅਗਸਤ ਵਿਚ ਮਹਿਬੂਬਨਗਰ (ਆਂਧਰਾ ਪ੍ਰਦੇਸ਼) ਵਿਚ ਰੇਲ ਗੱਡੀਆਂ ਦੀ ਆਪਸੀ ਟੱਕਰ ਵਿਚ 112 ਸਵਾਰੀਆਂ ਦੇ ਮਾਰੇ ਜਾਣ, ਨਵੰਬਰ ਵਿਚ ਦੁਬਾਰਾ ਫਿਰ ਅਰੀਆਲੁਰ (ਤਾਮਿਲਨਾਡੂ) ਵਿਚ ਟਰੇਨਾਂ ਦੇ ਟਕਰਾਉਣ ਨਾਲ 144 ਲੋਕਾਂ ਦੀ ਮੌਤ ਹੋਣ 'ਤੇ ਜ਼ਿੰਮੇਵਾਰੀ ਆਪਣੇ ਸਿਰ ਲੈਂਦਿਆਂ ਆਪਣਾ ਅਸਤੀਫਾ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਸੌਂਪ ਦਿੱਤਾ ਸੀ। ਇਸੇ ਤਰ੍ਹਾਂ ਬਿਹਾਰ ਦੇ ਮੌਜੂਦਾ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕੇਂਦਰੀ ਰੇਲਵੇ ਮੰਤਰੀ ਹੁੰਦਿਆਂ 1999 ਵਿਚ ਗੈਸਲ (ਪੱਛਮੀ ਬੰਗਾਲ) ਦੇ ਭਿਆਨਕ ਹਾਦਸੇ ਦੀ ਜ਼ਿੰਮੇਵਾਰੀ ਲੈਂਦਿਆਂ ਅਸਤੀਫਾ ਦੇ ਦਿੱਤਾ ਸੀ, ਜਿਸ ਵਿਚ ਢਾਈ ਹਜ਼ਾਰ ਦੇ ਕਰੀਬ ਸਵਾਰੀਆਂ ਦੇ ਮਾਰੇ ਜਾਣ ਦਾ ਅਨੁਮਾਨ ਸੀ। ਉਹ ਸਵਰਗੀ ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਕੇਂਦਰੀ ਰੇਲਵੇ ਮੰਤਰੀ ਸਨ।

ਗੱਲ ਕੀ, ਹਰ ਤ੍ਰਾਸਦੀ ਜਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਾਅਦ ਸਬੰਧਤ ਵਿਭਾਗ ਦੇ ਮੰਤਰੀ ਨੇ ਅਸਤੀਫਾ ਦੇ ਕੇ ਆਪਣੀ ਜ਼ਿੰਮੇਵਾਰੀ ਕਬੂਲੀ। ਫਰਵਰੀ ਵਿਚ ਦੂਜੀ ਭਿਆਨਕ ਮਹਾਮਾਰੀ ਦੀ ਚਿਤਾਵਨੀ ਆਉਣ ਦੇ ਬਾਵਜੂਦ ਸਬੰਧਤ ਮਹਿਕਮੇ ਤੇ ਮੰਤਰੀ ਨੇ ਇਸ ਭਿਆਨਕਤਾ ਦੀ ਗੰਭੀਰਤਾ ਨੂੰ ਅਣਗੌਲਿਆਂ ਕੀਤਾ ਤੇ ਅਗਾਊਂ ਕੀਤੇ ਜਾਣ ਵਾਲੇ ਟੈਸਟਿੰਗ ਤੇ ਆਕਸੀਜਨ ਦੇ ਪ੍ਰਬੰਧਾਂ ਨੂੰ ਦਰਕਿਨਾਰ ਕੀਤਾ ਗਿਆ। ਫਿਰ ਇੰਨੀ ਵੱਡੀ ਤ੍ਰਾਸਦੀ ਤੋਂ ਬਾਅਦ ਕੋਈ ਐਕਸ਼ਨ, ਅਫਸੋਸ, ਪਛਤਾਵਾ, ਜੁਆਬਦੇਹੀ ਨਹੀਂ। ਲੋਕਾਂ ਦੇ ਜਾਨ-ਮਾਲ ਤੇ ਬਿਪਤਾ ਸਮੇਂ ਆਪਣੇ ਦੇਸ਼ ਵਾਸੀਆਂ ਨੂੰ ਹਰ ਪੱਖ ਤੋਂ ਸੁਰੱਖਿਆ ਯਕੀਨੀ ਬਣਾਉਣੀ ਉਨ੍ਹਾਂ ਦੀਆਂ ਵੋਟਾਂ ਨਾਲ ਰਾਜ ਭਾਗ 'ਤੇ ਬਿਰਾਜਮਾਨ ਸਰਕਾਰਾਂ ਦਾ ਫਰਜ਼ ਹੁੰਦਾ ਹੈ, ਪਰ ਜਿਹੜੀਆਂ ਸਰਕਾਰਾਂ ਬਿਪਤਾ ਸਮੇਂ ਆਪਣੇ ਨਾਗਰਿਕਾਂ ਨੂੰ ਇਕੱਲੇ ਛੱਡ ਆਪਣੀ ਜ਼ਿੰਮੇਵਾਰੀ ਦੀ ਪੂਰਤੀ ਨਹੀਂ ਕਰਦੀਆਂ, ਉਹ ਕਦੇ ਵੀ ਲੋਕਾਂ ਦੇ ਹਾਣ ਦੀਆਂ ਨਹੀਂ ਹੋ ਸਕਦੀਆਂ। ਅਜੋਕੇ ਸੰਕਟ ਵੇਲੇ ਸੁਚੱਜੇ ਪ੍ਰਬੰਧਾਂ ਤੇ ਕੀਤੀਆਂ ਕੁਰੀਤੀਆਂ ਉਤੇ ਅਫਸੋਸ ਪ੍ਰਗਟ ਕਰਕੇ ਜਾਣ-ਬੁਝ ਕੇ ਬਿਮਾਰੀ ਲਈ ਜੁਟਾਏ ਜਾਣ ਵਾਲੇ ਪ੍ਰਬੰਧਾਂ ਵਿਚ ਕਿੱਲਤ ਪੈਦਾ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਕਾਰਵਾਈ ਕਰਦਿਆਂ ਬਾਹਰ ਦਾ ਰਸਤਾ ਵਿਖਾਉਂਦੇ ਤੇ ਮਹਾਮਾਰੀ ਨਾਲ ਦੋ ਚਾਰ ਹੁੰਦੀ ਲੋਕਾਈ ਦੇ ਜਖਮਾਂ 'ਤੇ ਮੱਲ੍ਹਮ ਲਾਉਣ ਦਾ ਉਪਰਾਲਾ ਕਰਦੇ। ਇਸ ਨਾਲ ਆਪਣਿਆਂ ਨੂੰ ਗੁਆ ਚੁਕੇ ਪੀੜਤਾਂ ਨੂੰ ਕੋਈ ਰਾਹਤ ਮਿਲਦੀ। ਸਰਕਾਰ ਇਸ ਦੋਸ਼ ਤੋਂ ਮੁਕਤ ਨਹੀਂ ਹੋ ਸਕਦੀ ਕਿ ਇਨ੍ਹਾਂ ਲੱਖਾਂ ਮੌਤਾਂ ਲਈ ਕਰੋਨਾ ਨਹੀਂ, ਸਗੋਂ ਸਰਕਾਰ ਦੀ ਬਦ-ਇੰਤਜ਼ਾਮੀ ਜ਼ਿੰਮੇਵਾਰ ਸੀ। ਇੰਨੇ ਵੱਡੇ ਸੰਕਟ ਲਈ ਜੋ ਜ਼ਿੰਮੇਵਾਰ ਹੈ, ਸਰਕਾਰ ਉਸ ਦੀ ਜੁਆਬਦੇਹੀ ਤੈਅ ਕਰਕੇ ਬਣਦੀ ਕਾਰਵਾਈ ਕਰੇ।

ਕਿਸੇ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਜਾਂ ਉਚ ਅਹੁਦਿਆਂ 'ਤੇ ਬੈਠੇ ਸਮੂਹ ਨੇਤਾਵਾਂ ਵਿਚੋਂ ਕਿਸੇ ਇੱਕ ਨੇ ਵੀ ਇਸ ਤ੍ਰਾਸਦੀ 'ਤੇ ਮ੍ਰਿਤਕਾਂ ਦੇ ਸਰੀਰਾਂ ਨੂੰ ਕੁੱਤੇ ਨੋਚਣ ਤੇ ਗੰਗਾ ਵਿਚ ਤੈਰਦੀਆਂ ਲਾਸ਼ਾਂ ਨੂੰ ਦੇਖ ਕੇ ਕੋਈ ਦੁਖ ਅਫਸੋਸ ਤਕ ਪਰਗਟ ਕੀਤਾ ਹੋਵੇ! ਹਸਪਤਾਲਾਂ ਤੇ ਬਲੈਕੀਆਂ ਦੀ ਲੁੱਟ ਦਾ ਸ਼ਿਕਾਰ ਹੋਏ ਪੀੜਤਾਂ ਦੀ ਮਜਬੂਰੀ ਹੈ ਕਿ ਉਨ੍ਹਾਂ ਨੂੰ ਲਾਸ਼ਾਂ ਗੰਗਾ ਜਾਂ ਹੋਰ ਨਦੀਆਂ ਦੇ ਹਵਾਲੇ ਕਰਨੀਆਂ ਪੈ ਰਹੀਆਂ ਹਨ। ਲਾਸ਼ਾਂ ਛੁਪਾਈਆਂ ਨਹੀਂ ਜਾ ਸਕਦੀਆਂ, ਭ੍ਰਿਸ਼ਟਾਚਾਰ ਛੁਪਾਇਆ ਜਾ ਸਕਦਾ ਹੈ। ਤਾਨਾਸ਼ਾਹੀ ਛੁਪਾਈ ਜਾ ਸਕਦੀ ਹੈ, ਸੰਵਿਧਾਨ ਨੂੰ ਖਤਮ ਕਰਨ ਦੀਆਂ ਮਹੱਤਵ ਅਕਾਂਖਿਆਵਾਂ ਛੁਪਾਈਆਂ ਜਾ ਸਕਦੀਆਂ ਹਨ, ਪਰ ਲਾਸ਼ਾਂ ਨਹੀਂ। ਜੇ ਲਾਸ਼ਾ ਸਾਹਮਣੇ ਨਾ ਆਉਂਦੀਆਂ ਤਾਂ ਇੰਨੇ ਵੱਡੇ ਖੇਲ ਤੋਂ ਪਰਦਾ ਨਹੀਂ ਸੀ ਉਠ ਸਕਦਾ।

ਸਾਡੇ ਦੇਸ਼ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਅਧਿਕਾਰੀ, ਨੇਤਾਗਣ ਕੋਈ ਵੀ ਨਹੀਂ ਮੰਨ ਰਿਹਾ ਕਿ ਇਹ ਇੱਕ ਬਹੁਤ ਵੱਡੀ ਤ੍ਰਾਸਦੀ ਹੈ। ਹਰ ਕੋਈ ਆਪਣੇ ਸਿਰ ਜ਼ਿੰਮੇਵਾਰੀ ਲੈਣ ਦੀ ਥਾਂ ਦੂਜੇ ਨੂੰ ਜੁਆਬਦੇਹ ਠਹਿਰਾ ਰਿਹਾ ਹੈ। ਪ੍ਰਧਾਨ ਮੰਤਰੀ ਜਾਂ ਕੋਈ ਮੁੱਖ ਮੰਤਰੀ ਜਿੰਮੇਵਾਰੀ ਲੈਣ ਨੂੰ ਤਿਆਰ ਹੀ ਨਹੀਂ। ਜਿਥੇ ਲਾਸ਼ਾਂ ਨਹੀਂ ਛੁਪਾਈਆਂ ਜਾ ਸਕਦੀਆਂ, ਉਥੇ ਸੱਚ ਨੂੰ ਵੀ ਨਹੀਂ ਛੁਪਾਇਆ ਜਾ ਸਕਦਾ। ਲਾਸ਼ਾਂ ਨੇ ਸਾਰਾ ਕੌੜਾ ਸੱਚ ਸਾਹਮਣੇ ਉਗਲ ਦਿੱਤਾ ਹੈ। ਜ਼ਿੰਮੇਵਾਰੀ ਤਾਂ ਹੀ ਲਈ ਜਾਵੇਗੀ, ਜੇ ਇਸ ਤ੍ਰਾਸਦੀ ਦੀ ਗੰਭੀਰਤਾ ਨੂੰ ਮੰਨਣਗੇ। ਯੂ. ਪੀ. ਦੇ ਮੁੱਖ ਮੰਤਰੀ ਨੇ ਇਨ੍ਹਾਂ ਲਾਸ਼ਾਂ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਦਿੱਤਾ ਹੈ। ਦਿੱਲੀ ਦੇ ਬੜੇ ਬੜੇ ਹਸਪਤਾਲਾਂ ਵਿਚ ਆਕਸੀਜਨ ਦੀ ਕਮੀ ਨਾਲ ਮਰੇ ਲੋਕਾਂ ਦੀ ਜ਼ਿੰਮੇਵਾਰੀ ਦਿੱਲੀ ਦੇ ਮੁੱਖ ਮੰਤਰੀ ਨੇ ਨਹੀਂ ਲਈ। ਬਿਹਾਰ ਦੇ ਦਰਬੰਗਾ ਹਸਪਤਾਲ ਦੀ ਜੋ ਦੁਰਦਸ਼ਾ ਸਾਹਮਣੇ ਆਈ ਹੈ, ਉਸ 'ਤੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਇੱਕ ਵੀ ਸ਼ਬਦ ਅਫਸੋਸ ਦਾ ਨਹੀਂ ਪ੍ਰਗਟਾਇਆ। ਫਿਰ ਕੀ ਇਹ ਜੁਆਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ? ਇਸ ਲਈ ਮੀਡੀਆ ਤੇ ਵਿਰੋਧੀ ਧਿਰ ਦੀ ਵੱਡੀ ਜ਼ਿੰਮੇਵਾਰੀ ਹੈ, ਪਰ ਮੀਡੀਆ ਤੇ ਵਿਰੋਧੀ ਧਿਰ ਨੇ ਅੱਜ ਤਕ ਕਿਸੇ ਦੀ ਜੁਆਬਦੇਹੀ ਤੈਅ ਨਹੀਂ ਕੀਤੀ। ਇਥੇ ਹਮਾਮ ਬਹੁਤ ਵੱਡਾ ਬਣ ਗਿਆ ਹੈ। ਸੋ ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਦੀ ਜ਼ਿੰਮੇਦਾਰੀ ਜੇ ਤੈਅ ਕਰਨਗੇ ਤਾਂ ਉਂਗਲ ਉਨ੍ਹਾਂ 'ਤੇ ਵੀ ਉਠੇਗੀ। ਇਸ ਲਈ ਕੋਈ ਵੀ ਜ਼ਿੰਮੇਦਾਰੀ ਤੈਅ ਨਹੀਂ ਕਰਨਾ ਚਾਹੁੰਦਾ।

ਲੋਕਤੰਤਰ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਤੁਸੀਂ ਕਿਸੇ ਵੀ ਘਟਨਾਕ੍ਰਮ/ ਤ੍ਰਾਸਦੀ ਦੀ ਜ਼ਿੰਮੇਵਾਰੀ ਨਾ ਲਵੋਂ। ਨਰ ਸੰਘਾਰ ਦਾ ਮਤਲਬ ਇਹ ਹੈ ਕਿ 1984 ਦਾ ਸਭ ਤੋਂ ਵੱਡਾ ਜੈਨੋਸਾਇਡ ਸੀ, ਪਰ ਜੋ ਲੋਕ ਜ਼ਿੰਮੇਵਾਰ ਸਨ, ਉਸ ਨਰ ਸੰਘਾਰ ਲਈ, ਉਹ ਸਭ ਤੋਂ ਵੱਡੇ ਬਹੁਮੱਤ ਨਾਲ ਜਿੱਤ ਕੇ ਆਏ। ਇਸੇ ਤਰ੍ਹਾਂ ਗੁਜਰਾਤ ਵਿਚ 2002 ਵਿਚ ਹੋਇਆ। ਭਾਰਤ ਵਿਚ ਜਿਸ ਤਰ੍ਹਾਂ ਇਨ੍ਹਾਂ ਨਰ ਸੰਘਾਰ ਵਰਗੀਆਂ ਘਟਨਾਵਾਂ ਨੂੰ ਲਿਆ ਜਾਂਦਾ ਹੈ, ਉਹ ਰੁਝਾਨ ਬਹੁਤ ਖਤਰਨਾਕ ਹੈ।

ਜੁਆਬਦੇਹੀ ਲਈ ਯੂ. ਪੀ., ਬਿਹਾਰ, ਦਿੱਲੀ, ਮਹਾਂਰਾਸ਼ਟਰ ਦੇ ਮੁੱਖ ਮੰਤਰੀਆਂ ਨੂੰ ਕਿਹਾ ਜਾ ਸਕਦਾ ਹੈ, ਪਰ ਮੁੱਖ ਕੇਂਦਰੀ ਜ਼ਿੰਮੇਵਾਰੀ ਉਸ ਸਿਸਟਮ ਦੇ ਸਿਖਰ 'ਤੇ ਬੈਠੇ ਇਨਸਾਨ ਦੀ ਹੈ। ਇਹ ਕਿਹੜਾ ਤਰੀਕਾ ਹੈ ਕਿ ਕੇਂਦਰ ਸਰਕਾਰ ਵੈਕਸੀਨ ਖਰੀਦਦੇ ਸਮੇਂ ਰਾਜਾਂ ਲਈ ਨਹੀਂ ਖਰੀਦੇਗੀ ਤੇ ਉਹੋ ਕੰਪਨੀਆਂ ਰਾਜਾਂ ਤੇ ਕੇਂਦਰ ਲਈ ਅਲੱਗ ਅਲੱਗ ਰੇਟ ਤੈਅ ਕਰਨਗੀਆਂ। ਅਦਾਇਗੀ ਕੋਈ ਵੀ ਕਰੇ, ਪਰ ਰੇਟ ਤਾਂ ਭਾਰਤ ਸਰਕਾਰ ਤੈਅ ਕਰ ਸਕਦੀ ਸੀ। ਇਹ ਜ਼ਿੰਮੇਦਾਰੀ/ ਜੁਆਬਦੇਹੀ ਤੋਂ ਅੱਗੇ ਇੱਕ ਸ਼ੜਯੰਤਰ ਕਿਹਾ ਜਾ ਸਕਦਾ ਹੈ। ਦੂਸਰੀ ਲਹਿਰ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਜਿਨ੍ਹਾਂ ਨੇ ਇਸ ਖਤਰੇ ਤੋਂ ਜਾਣੂ ਕਰਾਉਣ ਦੀ ਕੋਸ਼ਿਸ਼ ਕੀਤੀ ਗਈ, ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ। ਇੱਕ ਲੱਖ ਤੋਂ ਉਪਰ ਦੇਸ਼ ਵਾਸੀ ਮਰ ਚੁਕੇ ਹਨ, ਇਨ੍ਹਾਂ ਕੋਲ ਦੋ ਸ਼ਬਦ ਅਫਸੋਸ ਦੇ ਨਹੀਂ। ਇਹ ਕੇਂਦਰੀ ਜ਼ਿੰਮੇਵਾਰੀ ਸੀ ਦਵਾਈਆਂ, ਆਕਸੀਜਨ ਤੇ ਕਰੋਨਾ ਮਹਾਮਾਰੀ ਨਾਲ ਲੜਨ ਸਬੰਧੀ ਸਮੱਗਰੀ ਮੁਹੱਈਆ ਕਰਵਾਉਣਾ।

ਇੱਕ ਮਹੀਨੇ ਤਕ ਜੋ ਮੌਤ ਦਾ ਤਾਂਡਵ ਹੋਇਆ ਹੈ ਜੇਕਰ ਸਮੇਂ ਸਿਰ ਮਹਾਂਮਾਰੀ ਨੂੰ ਕੰਟਰੋਲ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਂਦੇ ਤਾਂ ਮੌਤ ਦੀ ਗਰਾਹੀ ਬਣ ਚੁੱਕੇ ਲੱਖਾਂ ਲੋਕਾਂ ਨੂੰ ਬਚਾਇਆ ਜਾ ਸਕਦਾ ਸੀ। ਪਰ ਹਾਲਤ ਸੁਧਾਰੀ ਨਹੀਂ ਗਈ। ਫਿਰ ਕੋਈ ਤਾਂ ਜੁਆਬਦੇਹ ਹੋਵੇਗਾ। ਅਜਿਹੀ ਹਾਲਤ ਵਿਚ ਮਹਾਮਾਰੀ ਦੀ ਤੀਸਰੀ ਲਹਿਰ ਦਾ ਕਿਵੇਂ ਮੁਕਾਬਲਾ ਕੀਤਾ ਜਾਵੇਗਾ? ਯੂ. ਪੀ. ਦੀਆਂ ਪੰਚਾਇਤਾਂ ਤੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਨੇ ਮੋਦੀ ਨੂੰ ਸ਼ੀਸ਼ਾ ਵਿਖਾ ਦਿੱਤਾ ਹੈ। ਦੇਖਿਆ ਜਾਵੇ ਤਾਂ ਸਰਕਾਰ ਨੇ ਪਿਛਲੇ ਇੱਕ ਸਾਲ ਵਿਚ ਇਸ ਮਹਾਮਾਰੀ ਦੇ ਟਾਕਰੇ ਲਈ ਕੀ ਪ੍ਰਬੰਧ ਕੀਤੇ, ਸਿਵਾਏ ਕਾਰਪੋਰੇਟ ਜਗਤ ਨੂੰ ਪ੍ਰਫੁਲਤ ਕਰਨ ਦੇ? ਸੰਸਦ ਵਿਚ ਬੈਟਰੀ ਵਾਲੀ ਕਾਰ 'ਤੇ ਬਹਿਸ ਹੁੰਦੀ ਰਹੀ, ਕਰੋਨਾ ਵੈਕਸੀਨੇਸ਼ਨ ਦੀ ਥਾਂ। ਜਿਹੜੀਆਂ ਕੰਪਨੀਆਂ ਵੈਕਸੀਨੇਸ਼ਨ ਬਣਾਉਣ ਲਈ ਸਮਰੱਥ ਸਨ, ਉਨ੍ਹਾਂ ਨੂੰ ਆਰਡਰ ਅਦਾਇਗੀ ਨਹੀਂ ਕੀਤੀ ਗਈ, ਸਗੋਂ ਉਹਦੀ ਥਾਂ ਜਿਨ੍ਹਾਂ ਨੂੰ ਇਹ ਆਰਡਰ ਦਿੱਤੇ ਗਏ, ਉਨ੍ਹਾਂ ਨੂੰ ਵੀ ਅਦਾਇਗੀ ਅਪਰੈਲ ਦੇ ਅਖੀਰ ਤਕ ਕੀਤੀ ਗਈ। ਇਹ ਅਪਰਾਧਿਕ ਸ਼ੜਯੰਤਰ ਨਹੀਂ ਹੈ ਤਾਂ ਕੀ ਹੈ? ਸਤੰਬਰ-ਨਵੰਬਰ ਵਿਚ ਰਾਮ ਮੰਦਰ, ਬਿਸ਼ਟਾ ਪਾਰਲੀਮੈਂਟ ਤੇ ਕਾਰਪੋਰੇਟ ਆਦਿ ਨੂੰ ਪਹਿਲ ਦਿੱਤੀ ਗਈ। ਮੁੱਖ ਮੀਡੀਆ ਨੇ ਇਸ ਸਬੰਧੀ ਗੱਲ ਕਰਨੀ ਮੁਨਾਸਿਬ ਨਹੀਂ ਸਮਝੀ। ਅੱਜ ਦੀ ਪੱਤਰਕਾਰੀ ਖਬਰ ਵੇਚਣ ਦਾ ਇੱਕ ਨਾਂ ਹੈ, ਫਿਰ ਜਰੂਰੀ ਨਹੀਂ ਕਿ ਸੱਚ ਹੀ ਦਿਖਾਇਆ ਜਾਵੇ। ਬਿਪਤਾ ਦੀ ਘੜੀ ਨੂੰ ਰਲ-ਮਿਲ ਕੇ ਅਣਗੌਲਿਆਂ ਕੀਤਾ ਗਿਆ।

ਲੋਕ ਵੀ ਕੁਝ ਹੱਦ ਤਕ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ, ਕਿਉਂਕਿ ਉਹ ਵੋਟ ਰੋਟੀ, ਕੱਪੜਾ, ਮਕਾਨ, ਸਿਹਤ ਸਿੱਖਿਆ ਵਰਗੀਆਂ ਮੁਢਲੀਆਂ ਤੇ ਜੀਵਨੀ ਲੋੜਾਂ 'ਤੇ ਨਹੀਂ ਦਿੰਦੇ। ਸਗੋਂ ਧਰਮ, ਫਿਰਕਾਪ੍ਰਸਤੀ, ਨਸ਼ੇ, ਭ੍ਰਿਸ਼ਟਾਚਾਰ, ਵਰਗੀਆਂ ਅਲਾਮਤਾਂ ਨੂੰ ਉਤਸ਼ਾਹ ਦੇਣ ਵਾਲੇ ਨੇਤਾਵਾਂ ਨੂੰ ਹੀ ਅੱਗੇ ਲਿਆਉਂਦੇ ਹਨ। 1984, 2002 ਤੋਂ ਬਾਅਦ ਵੱਡੇ ਬਹੁਮੱਤ ਨਾਲ ਕਾਂਗਰਸ, ਭਾਜਪਾ ਦਾ ਆਉਣਾ ਕੋਈ ਸਹਿਜਭਾਵ ਨਹੀਂ ਸੀ। ਇਹ ਸਭ ਤੋਂ ਜ਼ਾਲਮਾਨਾ ਤਰੀਕਾ ਸੀ। 2002 ਦਾ ਘਟਨਾਕ੍ਰਮ ਸੱਤਾ ਲਈ ਕੀਤੇ ਗਏ ਕਾਰੇ ਦੀ ਕਥਾ ਹੈ, ਉਹ 1984 ਵਾਲਾ ਨਹੀਂ ਸੀ। ਐਮਰਜੈਂਸੀ ਤੋਂ ਬਾਅਦ 1977 ਵਿਚ ਭਾਵੇਂ ਇੰਦਰਾ ਗਾਂਧੀ ਹਾਰੀ ਸੀ, ਪਰ 1980 ਵਿਚ ਉਹ ਪ੍ਰਚੰਡ ਬਹੁਮਤ ਨਾਲ ਵਾਪਸ ਆਈ। 1984 ਦੇ ਸਿੱਖ ਕਤਲੇਆਮ ਤੋਂ ਬਾਅਦ ਰਾਜੀਵ ਗਾਂਧੀ ਭਾਰੀ ਬਹੁਮੱਤ ਨਾਲ ਜਿੱਤਿਆ। ਨੋਟਬੰਦੀ, ਜੀ. ਐਸ. ਟੀ. ਤੋਂ ਬਾਅਦ ਜਦੋਂ ਮੌਜੂਦਾ ਸਰਕਾਰ 2019 'ਚ ਮੁੜ ਆਈ ਤਾਂ ਇਸ ਨੂੰ ਕੀ ਸਮਝਿਆ ਜਾਵੇ?

ਗੁਜਰਾਤ ਵਿਚ ਸੈਂਕੜੇ ਲੋਕਾਂ ਨੂੰ ਜਿਉਂਦਾ ਜਲਾਇਆ ਗਿਆ। ਉਹ ਮਦਦ ਲਈ ਪੁਕਾਰ ਲਾਉਂਦੇ ਰਹੇ। ਗੁਜਰਾਤ ਤੋਂ ਸੰਸਦ ਮੈਂਬਰ ਐਸ. ਐਨ. ਜਾਫਰੀ ਇਸ ਦੰਗੇ ਸਮੇਂ ਤਮਾਮ ਬੜੇ ਤੋਂ ਬੜੇ ਲੋਕਾਂ ਨੂੰ ਲਗਾਤਾਰ ਫੋਨ ਕਰ ਰਹੇ ਸਨ, ਬੀ. ਬੀ. ਸੀ. ਦੇ ਦਫਤਰ ਵਿਖੇ ਵੀ ਉਸ ਨੇ ਫੋਨ ਕੀਤੇ। ਕਿਸੇ ਨੇ ਵੀ ਉਨ੍ਹਾਂ ਨਿਹੱਥੇ ਲੋਕਾਂ ਨੂੰ ਬਚਾਉਣ ਦਾ ਯਤਨ ਨਾ ਕੀਤਾ। ਨਾ ਹੀ ਮੁੜ ਕਿਸੇ ਨੇ ਇਸ ਕਤਲੇਆਮ ਦੀ ਜਾਂਚ ਕਰਾਉਣ ਦੀ ਕੋਸ਼ਿਸ਼ ਕੀਤੀ। ਲੋਕਾਂ ਦੀ ਭੀੜ ਨੇ ਸੰਸਦ ਮੈਂਬਰ ਨੂੰ ਵੀ ਉਸ ਦੇ ਘਰ ਵਿਚ ਦਾਖਲ ਹੋ ਕੇ ਕਤਲ ਕਰ ਦਿੱਤਾ। ਉਲਟਾ ਸਾਡੇ ਵੱਡੇ ਨੇਤਾਵਾਂ ਨੇ ਇਨ੍ਹਾਂ ਘਟਨਾਵਾਂ ਉਤੇ ਲੋਕ ਵਿਰੋਧੀ ਬਿਆਨ ਦੇ ਕੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ।

ਗ੍ਰਹਿ ਮੰਤਰੀ ਸਮੇਤ ਦੋ ਕੁ ਮੰਤਰੀ ਹੀ ਇਹ ਤੈਅ ਕਰਦੇ ਸਨ ਕਿ ਲਾਕਡਾਊਨ ਕਦੋਂ ਤੇ ਕਿਥੇ ਹੋਵੇਗਾ, ਥਾਲੀਆਂ ਕਦ ਵੱਜਣਗੀਆਂ, ਮੋਬਾਇਲਾਂ ਦੀਆਂ ਲਾਈਟਾਂ ਕਦੋਂ ਬੰਦ ਤੇ ਚੱਲਣਗੀਆਂ। ਰਾਜਾਂ ਨੂੰ ਅਧਿਕਾਰ ਨਹੀਂ ਦਿੱਤੇ ਜਾਂਦੇ। ਉਹ ਤਾਂ ਹੁਣ ਦਿੱਤੇ ਜਾ ਰਹੇ ਹਨ, ਜਦੋਂ ਉਹ ਵੈਕਸੀਨ, ਟੈਸਟਿੰਗ, ਆਕਸੀਜਨ, ਵੈਂਟੀਲੇਟਰ ਤੇ ਕਰੋਨਾ ਸਬੰਧਤ ਦਵਾਈਆਂ ਮੰਗ ਰਹੇ ਹਨ। ਪਿਛਲੇ ਸਾਲ ਅਮਰੀਕਾ ਵਿਚ ਸਭ ਤੋਂ ਵੱਧ 6 ਲੱਖ ਤੋਂ ਉਪਰ ਮੌਤਾਂ ਹੋਈਆਂ। ਉਸ ਵੇਲੇ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਮਾਸਕ ਟੈਸਟਿੰਗ, ਸੋਸ਼ਲ ਡਿਸਟੈਂਸਿੰਗ ਨਾ ਹੋਣ ਦਿੱਤੀ। ਉਲਟਾ ਰੈਡੀਕਲ ਸਫਬੰਦੀ ਕੀਤੀ ਗਈ; ਤਾਂ ਵੀ ਟਰੰਪ ਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡਨ ਵਿਚ 70 ਲੱਖ ਵੋਟਾਂ ਦਾ ਫਰਕ ਹੈ, ਇਹ ਕੀ ਸੁਨੇਹਾ ਦੇ ਰਿਹਾ ਹੈ? ਸੋ ਮੋਦੀ ਤੇ ਉਸ ਦੇ ਸਮਰਥਕ ਵੀ ਉਸੇ ਰਾਹ 'ਤੇ ਹਨ। ਲੋਕਾਂ ਵਿਚ ਅਵਿਸ਼ਵਾਸ ਹੈ ਕਿ ਪਤਾ ਨਹੀਂ, ਉਨ੍ਹਾਂ ਦੀਆਂ ਜ਼ਿੰਦਗੀਆਂ ਬਚਣਗੀਆਂ ਵੀ ਜਾਂ ਨਹੀਂ? ਜੇ ਲੋਕਤੰਤਰੀ ਤੇ ਸੰਸਦੀ ਸਿਸਟਮ ਹੈ ਤਾਂ ਜੁਆਬਦੇਹੀ ਤੈਅ ਕਰਨਾ ਜਰੂਰੀ ਹੈ। ਜੇ ਇਹ ਲੋਕਤੰਤਰੀ ਜੁਆਬਦੇਹੀ ਨਹੀਂ ਹੁੰਦੀ ਤਾਂ ਸਾਨੂੰ ਇਹ ਸੁਆਲ ਪੁੱਛਣ ਦਾ ਅਧਿਕਾਰ ਹੈ ਕਿ ਇਹ ਸੰਸਦੀ ਪ੍ਰਕ੍ਰਿਆ ਠੀਕ ਹੈ ਜਾਂ ਨਹੀਂ? ਇਸ 'ਤੇ ਖੁੱਲ ਕੇ ਬਹਿਸ-ਮੁਬਾਹਿਸਾ ਹੋਵੇ, ਨਹੀਂ ਤਾਂ ਲੋਕਤੰਤਰ ਦੇ ਕੋਈ ਮਾਅਨੇ ਨਹੀਂ।

# ਸੁਣਿਓ! ਗਹੁ ਨਾਲ, ਮੈਂ ਪੰਜਾਬ ਬੋਲਦਾਂ...

ਜੀ ਹਾਂ! ਮੈਂ ਪੰਜਾਬ ਬੋਲ ਰਿਹਾਂ, ਤੇ ਮੇਰੀ ਕਹਾਣੀ ਧਿਆਨ ਨਾਲ ਸੁਣਨ ਵਾਲੀ ਹੈ। ਪੁਰਾਤਨ ਸਮੇਂ ਵਿਚ ਇਹ ਕਹਾਣੀ ਪੰਜ ਹਜ਼ਾਰ ਸਾਲ ਪੁਰਾਣੀ ਸਿੰਧ ਘਾਟੀ ਦੀ ਸੱਭਿਅਤਾ ਨਾਲ ਜੁੜਦੀ ਹੈ, ਜਦੋਂ ਇਸ ਨੂੰ 'ਸਪਤ ਸਿੰਧੂ' (ਸੱਤ ਦਰਿਆਵਾਂ ਦੀ ਧਰਤੀ) ਕਿਹਾ ਜਾਂਦਾ ਸੀ। ਉਸ ਸਮੇਂ ਦੇ ਸ਼ਹਿਰਾਂ 'ਹੜੱਪਾ' ਤੇ ਮਹਿੰਜੋਦਾੜੋ' ਦੀ ਹੋਈ ਖੁਦਾਈ ਤੋਂ ਬਾਅਦ ਮੇਰੇ ਨਾਲ ਜੁੜੀ ਇਸ ਸੱਭਿਅਤਾ ਦੇ ਨਕਸ਼ ਉੱਘੜੇ ਹੋਏ ਸਾਫ ਦਿਖਾਈ ਦਿੱਤੇ। ਹੋਰ ਅੱਗੇ ਚੱਲੀਏ ਤਾਂ ਇਤਿਹਾਸ ਗਵਾਹ ਹੈ ਕਿ ਤੂਫਾਨ ਵਾਂਗ ਚੜ੍ਹਦੇ ਆਉਂਦੇ ਯੂਨਾਨ ਦੇ ਰਾਜੇ ਸਿਕੰਦਰ ਨੂੰ 325 ਬੀ.ਸੀ. ਵਿਚ ਮੇਰੇ ਸਪੂਤ ਰਾਜੇ ਪੋਰਸ ਨੇ ਬੜੀ ਬਹਾਦਰੀ ਨਾਲ ਠੱਲ੍ਹਿਆ ਸੀ। ਸਿਕੰਦਰ ਕੋਲੋਂ ਹਾਰ ਜਾਣ ਦੇ ਬਾਵਜੂਦ ਜਦੋਂ ਉਸ ਨੇ ਸਿਕੰਦਰ ਵੱਲੋਂ ਕੀਤੇ ਗਏ



**ਡਾ. ਸੁਖਦੇਵ ਸਿੰਘ ਝੰਡ**
**ਫੋਨ: 647-567-9128**

ਸੁਆਲ ਕਿ 'ਤੇਰੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ' ਦਾ ਜੁਆਬ ਬੜੀ ਨਿਡਰਤਾ ਅਤੇ ਦਲੇਰੀ ਨਾਲ ਦਿੱਤਾ ਸੀ, "ਜਿਹੜਾ ਇਕ ਜੇਤੂ ਰਾਜਾ ਹਾਰੇ ਹੋਏ ਰਾਜੇ ਨਾਲ ਕਰਦਾ ਹੈ," ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਰਾਜੇ ਪੋਰਸ ਨੂੰ ਉਸ ਦਾ ਰਾਜ ਵਾਪਸ ਕਰ ਦਿੱਤਾ ਸੀ।

ਸੋਲ੍ਹਵੀਂ ਸਦੀ ਵਿਚ ਪੂਰੇ ਹਿੰਦੋਸਤਾਨ ਸਮੇਤ ਮੇਰੇ ਉਪਰ ਹਮਲੇ ਕਰਨ ਵਾਲੇ ਬਾਬਰ ਨੂੰ ਮੇਰੇ ਸੱਚੇ-ਸਪੂਤ ਗੁਰੂ 'ਬਾਬੇ ਨਾਨਕ' ਨੇ 'ਜਾਬਰ' ਕਹਿ ਕੇ ਉਸ ਨੂੰ ਤਕੜਾ ਉਲ੍ਹਾਮਾ ਦਿੱਤਾ ਸੀ:

ਖੁਰਾਸਾਨ ਖਸਮਾਨਾ ਕੀਆ
ਹਿੰਦੋਸਤਾਨ ਡਰਾਇਆ॥
ਆਪੈ ਦੋਸੁ ਨਾ ਦੇਈ ਕਰਤਾ
ਜਮ ਕਰਿ ਮੁਗਲ ਚੜ੍ਹਾਇਆ॥
ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦ ਨਾ ਆਇਆ॥
(ਮਹਲਾ ਪਹਿਲਾ)

ਆਧੁਨਿਕ ਸਮੇਂ ਦੀ ਆਪਣੀ ਕਹਾਣੀ ਮੈਂ ਆਪਣੇ ਬਹਾਦਰ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਅਰੰਭ ਕਰਦਾ ਹਾਂ, ਜਿਸ ਨੇ 1708 ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ 'ਥਾਪੜਾ' ਲੈ ਕੇ ਮੁਗਲ-ਰਾਜ ਨਾਲ ਮੱਥਾ ਲਾਇਆ ਸੀ। ਉਸ ਨੇ ਸਰਹਿੰਦ ਨੂੰ ਮਲੀਆ-ਮੇਟ ਕਰਕੇ ਉਸ ਦੇ ਨਵਾਬ ਕੋਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ ਅਤੇ ਨਾਲ ਹੀ ਮੈਨੂੰ ਮੁਗਲਾਂ ਕੋਲੋਂ ਆਜ਼ਾਦ ਕਰਾ ਕੇ 1709-10 ਵਿਚ 'ਆਜ਼ਾਦ ਸਿੱਖ ਰਾਜ' ਦੀ ਸਥਾਪਨਾ ਕੀਤੀ ਸੀ। ਉਸ ਨੇ ਵਾਹੀ ਕਰਨ ਵਾਲੇ ਕਿਸਾਨਾਂ ਨੂੰ ਜ਼ਮੀਨ ਦੀ ਮਾਲਕੀ ਦੇ ਅਧਿਕਾਰ ਦਿੱਤੇ ਅਤੇ ਉਨ੍ਹਾਂ ਨੂੰ 'ਮੁਜ਼ਾਰਿਆਂ' ਤੋਂ ਜ਼ਮੀਨਾਂ ਦੇ 'ਮਾਲਕ' ਬਣਾਇਆ। ਇਹ ਵੱਖਰੀ ਗੱਲ ਹੈ ਕਿ 1716 ਵਿਚ ਉਸ ਦੀ ਹੋਈ ਸ਼ਹੀਦੀ ਤੋਂ ਬਾਅਦ ਮੇਰੇ ਉਪਰ ਫਿਰ ਰਾਜ ਮੁਗਲਾਂ ਅਤੇ ਅਫਗਾਨੀਆਂ ਦਾ ਹੋ ਗਿਆ।

ਭਾਰਤ ਉਪਰ ਹਮਲੇ ਕਰਨ ਵਾਲੇ ਅਬਦਾਲੀ (ਦੁਰਾਨੀ), ਗਜ਼ਨਵੀ ਤੇ ਹੋਰ ਹਮਲਾਵਰ ਮੇਰੀ ਹਿੱਕ ਦੇ ਉਪਰੋਂ ਲੰਘ ਕੇ ਅੱਗੇ ਲੁੱਟਣ ਲਈ ਜਾਂਦੇ ਰਹੇ। ਮੈਂ ਕਮਜ਼ੋਰ ਸਾਂ ਅਤੇ ਮੈਂ ਉਨ੍ਹਾਂ ਦਾ ਮੁਕਾਬਲਾ ਨਾ ਕਰ ਸਕਿਆ; ਪਰ ਮੇਰੇ ਗਿਣੇ-ਚੁਣੇ ਸਿਰਲੱਥ ਤੇ ਸੂਰਬੀਰ ਯੋਧੇ, ਜਿਨ੍ਹਾਂ ਦਾ ਉਦੋਂ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ ਉਪਰ 'ਨਿਵਾਸ' ਸੀ, ਉਹ ਹਮਲਾਵਰਾਂ ਕੋਲੋਂ ਲੁੱਟ ਦਾ ਮਾਲ ਖੋਹ ਲੈਂਦੇ ਸਨ ਅਤੇ ਉਨ੍ਹਾਂ ਵੱਲੋਂ ਬੰਦੀ ਬਣਾਈਆਂ ਗਈਆਂ ਭਾਰਤੀ ਧੀਆਂ/ਭੈਣਾਂ ਨੂੰ ਉਨ੍ਹਾਂ ਜਰਵਾਣਿਆਂ ਕੋਲੋਂ ਆਜ਼ਾਦ ਕਰਵਾ ਕੇ ਉਨ੍ਹਾਂ ਦੇ ਮਾਪਿਆਂ ਤੱਕ ਸੁਰੱਖਿਅਤ ਪਹੁੰਚਾਉਂਦੇ ਰਹੇ। ਇਹ ਸਿਲਸਿਲਾ 1748 ਤੋਂ 1763 ਤੱਕ ਚੱਲਦਾ ਰਿਹਾ।

ਫਿਰ 1764-65 ਵਿਚ ਮੇਰੇ ਉਪਰ 12 ਵੱਖ-ਵੱਖ ਸਿੱਖ ਮਿਸਲਾਂ ਦਾ ਰਾਜ ਬਣ ਗਿਆ, ਜਿਸ ਨੂੰ 1780 ਵਿਚ ਸੁਕਰਚੱਕੀਆ ਮਿਸਲ ਵਿਚ ਜਨਮੇ ਰਣਜੀਤ ਸਿੰਘ ਨੇ ਹੋਰ ਸਿੱਖ ਮਿਸਲਾਂ ਦੇ ਨਾਲ ਲੜ-ਭਿੜ ਕੇ ਜਾਂ ਉਨ੍ਹਾਂ ਦੇ ਨਾਲ ਸਮਝੌਤੇ ਕਰਕੇ ਇਕ ਵਾਰ ਫਿਰ ਸਿੱਖ ਰਾਜ ਦੀ ਸਥਾਪਨਾ ਕੀਤੀ, ਜਿਸ ਵਿਚ ਅਜੋਕੇ ਪਾਕਿਸਤਾਨ ਦੇ ਸੂਬੇ ਮੁਲਤਾਨ, ਪੇਸ਼ਾਵਰ ਤੇ ਜੰਮੂ-ਕਸ਼ਮੀਰ (ਭਾਰਤ ਤੇ ਪਾਕਿਸਤਾਨ ਦੋਹਾਂ ਦੇ) ਵੀ ਸ਼ਾਮਲ ਸਨ ਅਤੇ ਜਿਸ ਦੀਆਂ ਹੱਦਾਂ ਅਟਕ ਤੋਂ ਲੈ ਕੇ ਸਤਲੁਜ ਦਰਿਆ ਤੱਕ ਸਨ। ਇਸ ਮਹਾਰਾਜੇ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਏ ਨੇ ਕਿਸੇ ਵੀ ਹਮਲਾਵਰ ਨੂੰ ਅਟਕ ਦਰਿਆ ਪਾਰ ਨਹੀਂ ਸੀ ਕਰਨ ਦਿੱਤਾ ਅਤੇ ਉਨ੍ਹਾਂ ਨੂੰ ਇਸ ਤੋਂ ਦੂਰ ਹੀ ਅਟਕਾਈ ਰੱਖਿਆ ਸੀ। ਇੰਗਲੈਂਡ ਤੋਂ ਵਪਾਰ ਕਰਨ ਆਈ ਅੰਗਰੇਜ਼ੀ 'ਈਸਟ ਇੰਡੀਆ ਕੰਪਨੀ' ਧੱਕੇ ਨਾਲ 1757 ਵਿਚ ਬਾਕੀ ਸਾਰੇ ਭਾਰਤ ਦੀ ਮਾਲਕ ਬਣ ਬੈਠੀ, ਪਰ ਉਹ ਵੀ ਮੇਰੇ ਸ਼ਕਤੀਸ਼ਾਲੀ ਮਹਾਰਾਜਾ ਰਣਜੀਤ ਸਿੰਘ ਤੋਂ ਡਰਦੀ ਮਾਰੀ ਮੇਰੇ ਤੋਂ ਕਈ ਸਾਲ ਦੂਰ ਹੀ ਰਹੀ ਅਤੇ ਉਸ ਨੂੰ ਮਹਾਰਾਜੇ ਨਾਲ 1809 ਵਿਚ 'ਫਿਲੌਰ ਦੀ ਇਤਿਹਾਸਕ ਸੰਧੀ' ਕਰਨੀ ਪਈ ਸੀ। 1839 ਵਿਚ ਇਸ ਬੁੱਧੀਮਾਨ ਮਹਾਰਾਜੇ ਦੀ ਮੌਤ ਪਿਛੋਂ ਸਿੱਖ ਸਰਦਾਰਾਂ ਵਿਚ ਹੋਈ ਖਾਨਾਜੰਗੀ ਤੋਂ ਬਾਅਦ ਸਿੱਖ-ਰਾਜ ਕਮਜ਼ੋਰ ਹੋ ਜਾਣ ਕਾਰਨ ਅੰਗਰੇਜ਼ਾਂ ਵੱਲੋਂ ਇਸ ਸੰਧੀ ਦੀ ਉਲੰਘਣਾ ਕਰਦਿਆਂ ਫੇਰੂ ਸ਼ਹਿਰ, ਸਭਰਾਵਾਂ ਅਤੇ ਮੁੱਦਕੀ ਦੀਆਂ ਲੜਾਈਆਂ ਤੋਂ ਬਾਅਦ ਮੈਨੂੰ ਵੀ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਗਿਆ।

...ਤੇ ਫਿਰ ਭਾਰਤ ਦੀ ਆਜ਼ਾਦੀ ਦੀ ਲੜਾਈ ਅਰੰਭ ਹੋ ਜਾਂਦੀ ਹੈ। 1857 ਦੇ 'ਗਦਰ' ਨੂੰ ਭਾਵੇਂ ਇਤਿਹਾਸ ਵਿਚ 'ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ' ਦਾ ਨਾਂ ਦਿੱਤਾ ਜਾਂਦਾ ਹੈ, ਪਰ ਉਹ ਮੁੱਖ ਤੌਰ 'ਤੇ ਭਾਰਤ ਦੀਆਂ ਵੱਖ-ਵੱਖ ਰਿਆਸਤਾਂ ਦੇ ਰਾਜਿਆਂ ਵੱਲੋਂ ਅੰਗਰੇਜ਼ਾਂ ਤੋਂ ਆਪਣੇ ਰਾਜਾਂ ਨੂੰ ਬਚਾਉਣ ਦੀ ਹੀ ਲੜਾਈ ਸੀ, ਉਹ ਲੜਾਈ ਭਾਵੇਂ ਦਿੱਲੀ ਦੇ ਰਾਜੇ ਬਹਾਦਰ ਸ਼ਾਹ ਜ਼ਫਰ, ਮੈਸੂਰ ਰਿਆਸਤ ਦੇ ਟੀਪੂ ਸੁਲਤਾਨ, ਮੇਵਾੜ ਦੇ ਰਾਣਾ ਸਾਂਘਾ, ਗਵਾਲੀਅਰ ਦੇ ਤਾਂਤੀਆ ਤੋਪੇ ਦੀ ਸੀ ਜਾਂ ਝਾਂਸੀ ਰਿਆਸਤ ਦੀ 'ਝਾਂਸੀ ਦੀ ਰਾਣੀ' ਜਾਂ ਹੋਰ ਛੋਟੀਆਂ ਰਿਆਸਤਾਂ ਦੇ ਰਾਜਿਆਂ ਦੀ ਸੀ, ਪਰ ਇਹ ਕਿਸੇ ਯੋਜਨਾਬੱਧ ਢੰਗ ਨਾਲ ਇੱਕਮੁੱਠਤਾ ਨਾਲ ਲੜੀ ਜਾਣ ਵਾਲੀ ਲੜਾਈ ਨਹੀਂ ਸੀ। ਨਤੀਜੇ ਵਜੋਂ, ਇਸ 'ਚ ਇਨ੍ਹਾਂ ਰਾਜਿਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਤੇ ਅੰਗਰੇਜ਼ਾਂ ਦੀ ਜਿੱਤ ਹੋਈ।

ਭਾਰਤ ਦੀ ਆਜ਼ਾਦੀ ਲਈ ਲੜੀ ਗਈ 'ਅਸਲੀ ਲੜਾਈ' ਵਿਚ ਮੇਰੇ ਸੂਰਬੀਰਾਂ ਨੇ 80 ਫੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਭਾਵੇਂ ਮੇਰੀ ਆਬਾਦੀ ਭਾਰਤ ਦੀ ਕੁਲ ਆਬਾਦੀ ਦਾ ਸਿਰਫ ਦੋ ਕੁ ਫੀਸਦੀ ਹਿੱਸਾ ਹੀ ਸੀ। ਕੁਰਬਾਨੀਆਂ ਦੇਣ ਵਾਲਿਆਂ ਵਿਚ ਅਗਲਾ ਨੰਬਰ ਬੰਗਾਲ ਦੇ ਯੋਧਿਆਂ ਦਾ ਸੀ ਅਤੇ ਬਾਕੀ ਸੂਬਿਆਂ ਵਾਲੇ ਤਾਂ ਇਸ ਪੱਖੋਂ ਸਾਡੇ ਦੋਹਾਂ ਤੋਂ ਬਹੁਤ ਪਿੱਛੇ ਰਹੇ। ਮੇਰੇ 'ਗਦਰੀ ਬਾਬਿਆਂ' ਨੇ ਅਮਰੀਕਾ ਦੇ ਸ਼ਹਿਰ ਸੈਨ ਫਰਾਂਸਿਸਕੋ ਵਿਚ 1913 ਵਿਚ 'ਗਦਰ ਲਹਿਰ' ਦੀ ਸ਼ੁਰੂਆਤ ਕੀਤੀ। ਲੋਕਾਂ ਨੂੰ ਆਜ਼ਾਦੀ ਪ੍ਰਤੀ ਜਾਗਰੂਕ ਕਰਨ ਲਈ ਉਨ੍ਹਾਂ ਉਰਦੂ, ਪੰਜਾਬੀ ਤੇ ਬੰਗਾਲੀ ਭਾਸ਼ਾਵਾਂ ਵਿਚ ਅਖਬਾਰ 'ਗਦਰ' ਅਰੰਭ ਕੀਤਾ। ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ ਤੇ ਹਰਨਾਮ ਸਿੰਘ ਟੁੰਡੀਲਾਟ ਵਰਗੇ ਇਸ ਦੇ ਸੰਚਾਲਕ ਖਬਰਾਂ ਤੇ ਲੇਖ ਲਿਖਦੇ, ਹੱਥ ਵਾਲੇ ਟੋਕੇ ਵਾਂਗ ਚੱਲਣ ਵਾਲੀ 'ਪ੍ਰਿੰਟਿੰਗ-ਪ੍ਰੈੱਸ' ਨਾਲ ਇਸ ਅਖਬਾਰ ਦੀਆਂ ਹਜ਼ਾਰਾਂ ਕਾਪੀਆਂ ਤਿਆਰ ਕਰਦੇ ਅਤੇ ਸਾਈਕਲਾਂ 'ਤੇ ਜਾ ਕੇ ਇਸ ਨੂੰ ਲੋਕਾਂ ਦੇ ਘਰੀਂ ਪਹੁੰਚਾਉਂਦੇ। ਇਸ ਦਾ ਪਹਿਲਾ ਅੰਕ ਉਰਦੂ ਵਿਚ ਪਹਿਲੀ ਨਵੰਬਰ 1913 ਨੂੰ ਛਪਿਆ। 1914 ਵਿਚ ਮੇਰਾ ਪੁੱਤਰ ਬਾਬਾ ਗੁਰਦਿੱਤ ਸਿੰਘ 400 ਦੇ ਕਰੀਬ ਪੰਜਾਬੀਆਂ ਨਾਲ ਭਰਿਆ ਹੋਇਆ 'ਗੁਰੂ ਨਾਨਕ ਜਹਾਜ਼' (ਕਾਮਾਗਾਟਾ ਮਾਰੂ) ਭਾਰਤ ਤੋਂ ਲੈ ਕੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਸਮੁੰਦਰੀ ਪਾਣੀਆਂ ਵਿਚ ਜਾ ਪਹੁੰਚਾ, ਪਰ ਸਮੇਂ ਦੀ ਅੰਗਰੇਜ਼ ਸਰਕਾਰ ਨੇ ਉਸ ਨੂੰ ਕੰਢੇ ਨਾ ਲੱਗਣ ਦਿੱਤਾ ਅਤੇ ਦੋ ਮਹੀਨੇ ਸਮੁੰਦਰ ਵਿਚ ਖੜ੍ਹਾ ਰਹਿਣ ਪਿੱਛੋਂ ਉਸ ਨੂੰ ਵਾਪਸ ਪਰਤਣਾ ਪਿਆ ਅਤੇ ਵਾਪਸੀ 'ਤੇ ਕਲਕੱਤੇ ਦੇ ਬੱਜਬੱਜ-ਘਾਟ 'ਤੇ ਉਸ ਦੇ ਮੁਸਾਫਰਾਂ ਨੂੰ ਭਾਰਤ ਦੀ ਅੰਗਰੇਜ਼ ਸਰਕਾਰ ਦੀਆਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ।

ਮੇਰੇ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਦੇ 'ਜੱਲ੍ਹਿਆਂ ਵਾਲੇ ਬਾਗ' ਵਿਚ 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਹਿੰਦੂ, ਸਿੱਖ, ਮੁਸਲਿਮ ਭੈਣ-ਭਰਾਵਾਂ ਦਾ ਸਾਂਝਾ ਜਲਸਾ ਹੋਇਆ, ਜਿਸ ਵਿਚ ਆਗੂਆਂ ਵੱਲੋਂ ਭਾਰਤ ਲਈ ਆਜ਼ਾਦੀ ਦੀ ਮੰਗ ਕੀਤੀ ਗਈ। ਅੰਗਰੇਜ਼ ਸਰਕਾਰ ਦੇ ਗਵਰਨਰ ਮਾਈਕਲ ਓਡਵਾਇਰ ਦੇ ਹੁਕਮਾਂ 'ਤੇ ਜਨਰਲ ਡਾਇਰ ਵੱਲੋਂ ਮੇਰੇ ਇਨ੍ਹਾਂ ਨਿਹੱਥੇ ਦੇਸ਼-ਭਗਤਾਂ ਉਪਰ ਅੰਨ੍ਹੇ-ਵਾਹ ਗੋਲੀਆਂ ਚਲਵਾਈਆਂ ਗਈਆਂ, ਜਿਨ੍ਹਾਂ ਨਾਲ ਇਕ ਹਜ਼ਾਰ ਤੋਂ ਵੱਧ ਸ਼ਹੀਦ ਅਤੇ ਦੋ ਹਜ਼ਾਰ ਤੋਂ ਵਧੇਰੇ ਜ਼ਖਮੀ ਹੋ ਗਏ ਸਨ। ਇਸ ਖੂਨੀ ਕਾਂਡ ਦਾ ਬਦਲਾ ਮੇਰੇ ਹੋਣਹਾਰ ਸਪੁੱਤਰ ਊਧਮ ਸਿੰਘ ਉਰਫ 'ਰਾਮ ਮੁਹੰਮਦ ਸਿੰਘ ਆਜ਼ਾਦ' ਨੇ 21 ਸਾਲ ਬਾਅਦ ਲੰਡਨ ਜਾ ਕੇ ਕੈਕਸਟਨ ਹਾਲ ਵਿਚ ਚੱਲ ਰਹੇ ਇਕ ਸਮਾਗਮ ਦੌਰਾਨ ਫੜ੍ਹਾਂ ਮਾਰਦੇ ਮਾਈਕਲ ਓਡਵਾਇਰ ਨੂੰ ਸਾਰਿਆਂ ਦੇ ਸਾਹਮਣੇ ਸ਼ੱਰੇਆਮ ਗੋਲੀਆਂ ਮਾਰ ਕੇ ਲਿਆ ਅਤੇ ਇਸ ਦੇ ਬਦਲੇ ਹੋਈ ਸਜ਼ਾ ਵਿਚ 30 ਜੂਨ 1940 ਨੂੰ ਫਾਂਸੀ ਦਾ ਰੱਸਾ ਚੁੰਮਿਆ।

24 ਸਾਲਾਂ ਦੇ ਮੇਰੇ ਨੌਜੁਆਨ ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ 23 ਮਾਰਚ 1931 ਨੂੰ ਆਪਣੇ ਸਾਥੀਆਂ-ਰਾਜਗੁਰੂ ਅਤੇ ਸੁਖਦੇਵ ਦੇ ਨਾਲ ਫਾਂਸੀਆਂ ਦੇ ਰੱਸੇ ਆਪਣੇ ਹੱਥੀ ਆਪਣੇ ਗਲਾਂ ਵਿਚ ਪਾਏ। ਉਨ੍ਹਾਂ ਦੇ ਸਾਥੀਆਂ ਬੀ. ਕੇ. ਦੱਤ, ਸਚਿਨ ਨਾਥ ਸਾਨਿਆਲ, ਮਦਨ ਲਾਲ ਢੀਂਗਰਾ ਤੇ ਹੋਰ ਕਿਹੜੇ-ਕਿਹੜੇ ਨਾਂ ਗਿਣਾਵਾਂ? ਇਹ ਤਾਂ ਬੜੀ ਲੰਮੀ ਲੜੀ ਏ ਅਤੇ ਗਿਣਦਿਆਂ ਬੜਾ ਸਮਾਂ ਲੱਗੇਗਾ। ਕਈ ਕਹਿੰਦੇ ਨੇ, ਭਾਰਤ ਨੂੰ ਆਜ਼ਾਦੀ ਬਾਪੂ ਗਾਂਧੀ ਦੇ ਚਰਖਾ ਕੱਤਣ ਨਾਲ ਮਿਲੀ ਹੈ, ਜੋ ਕੋਰਾ ਝੂਠ ਹੈ। ਨਿਰੀਆਂ ਭੁੱਖ-ਹੜਤਾਲਾਂ, ਮਰਨ-ਵਰਤਾਂ ਅਤੇ ਜੇਲ੍ਹਾਂ ਵਿਚ ਜਾਣ ਨਾਲ ਹੀ ਇਹ ਆਜ਼ਾਦੀ ਨਹੀਂ ਮਿਲੀ, ਸਗੋਂ ਇਸ ਲਈ ਤਾਂ ਸ਼ਹੀਦਾਂ ਦਾ ਡੁੱਲ੍ਹਿਆ ਹੋਇਆ ਮਣਾਂ-ਮੂੰਹੀਂ ਖੂਨ ਹੀ ਕੰਮ ਆਇਆ, ਜਿਸ ਦੇ ਨਾਲ ਇਸ ਨੂੰ ਚੋਖਾ ਲਾਲ ਰੰਗ ਚੜ੍ਹਿਆ।




ਹਾਰ-ਹੰਭ ਕੇ ਆਖਰ ਅੰਗਰੇਜ਼ਾਂ ਨੇ 15 ਅਗਸਤ 1947 ਨੂੰ ਭਾਰਤ ਛੱਡਣ ਦਾ ਫੈਸਲਾ ਕੀਤਾ, ਪਰ ਜਾਂਦੇ-ਜਾਂਦੇ ਉਹ ਮੇਰੇ ਅਤੇ ਬੰਗਾਲ ਦੇ ਸੂਬੇ ਵਿਚ ਵੰਡੀਆਂ ਪਾ ਗਏ। ਸਾਨੂੰ ਦੋਹਾਂ ਨੂੰ ਦੋ-ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਦੇ ਪੂਰਬੀ ਤੇ ਪੱਛਮੀ ਭਾਗਾਂ ਵਿਚ ਹਿੰਦੂ, ਸਿੱਖ ਅਤੇ ਮੁਸਲਿਮ ਆਬਾਦੀ ਦੇ ਤਬਾਦਲੇ ਦੇ ਹੁਕਮ ਚਾੜ੍ਹ ਦਿੱਤੇ। ਇਸ ਦੇ ਨਾਲ ਹੀ ਇਨ੍ਹਾਂ ਤਿੰਨਾਂ ਕੌਮਾਂ ਵਿਚ ਭਾਰੀ ਨਫਰਤ ਦੀ ਅੱਗ ਫੈਲਾਅ ਦਿੱਤੀ ਗਈ, ਜਿਸ ਦੇ ਨਤੀਜੇ ਵਜੋਂ ਦੋਹਾਂ ਸੂਬਿਆਂ ਵਿਚ ਲੱਖਾਂ ਲੋਕ ਆਪਸੀ ਹਿੰਸਾ ਦੀ ਭੇਟ ਚੜ੍ਹ ਗਏ ਅਤੇ ਕਈ ਕਰੋੜਾਂ ਦੇ ਹਿਸਾਬ ਨਾਲ ਜਾਇਦਾਦਾਂ ਦਾ ਅੱਗ ਵਿਚ ਸੜ ਕੇ ਮਾਲੀ ਨੁਕਸਾਨ ਹੋਇਆ। ਮੇਰੇ ਆਪਣੇ 10 ਲੱਖ ਦੇ ਕਰੀਬ ਪੁੱਤਰ/ਧੀਆਂ ਇਸ ਮਾਰੂ ਕਾਂਡ ਵਿਚ ਸ਼ਹੀਦ ਹੋ ਗਏ ਅਤੇ ਮੈਂ ਲਹੂ ਦੇ ਹੰਝੂ ਵਹਾਉਂਦਾ ਰਹਿ ਗਿਆ।

ਮੇਰੇ 'ਪੰਜ-ਆਬ' (ਪੰਜ ਦਰਿਆ) ਵੀ ਵੰਡ ਕੇ 'ਢਾਈ-ਢਾਈ ਆਬ' ਕਰ ਦਿੱਤੇ ਗਏ। ਸਤਲੁਜ, ਬਿਆਸ ਤੇ ਅੱਧਾ ਰਾਵੀ ਪੂਰਬੀ ਪੰਜਾਬ ਵਿਚ ਅਤੇ ਜੇਹਲਮ, ਚਨਾਬ ਤੇ ਅੱਧਾ ਰਾਵੀ ਪੱਛਮੀ ਪੰਜਾਬ ਵਿਚ ਵਗਣ ਲੱਗੇ। ਇਹ ਦਰਦਨਾਕ ਕਾਂਡ ਅਜੇ ਮੈਨੂੰ ਨਹੀਂ ਭੁੱਲਿਆ ਸੀ ਕਿ ਜੂਨ 1984 ਵਿਚ ਅੰਮ੍ਰਿਤਸਰ ਅਤੇ ਨਵੰਬਰ 1984 ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਇਕ ਵਾਰ ਫਿਰ ਵੱਡੇ ਖੂਨੀ ਕਾਂਡ ਹੋ ਗਏ, ਜਿਨ੍ਹਾਂ ਵਿਚ ਸਮੇਂ ਦੀ ਸਰਕਾਰ ਵੱਲੋਂ ਮੇਰੇ ਸਿੱਖ ਬੱਚਿਆਂ ਦੀ ਨਸਲਕੁਸ਼ੀ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਗਈ। ਮੈਂ ਫਿਰ ਖੂਨ ਦੇ ਅੱਥਰੂ ਵਹਾਏ, ਪਰ ਇਨ੍ਹਾਂ ਨੂੰ ਵੇਖਣ ਤੇ ਸਮਝਣ ਵਾਲਾ ਕੌਣ ਸੀ? ਜਿਨ੍ਹਾਂ ਨੇ ਇਹ ਵੇਖਣੇ ਸਨ, ਉਹ ਤਾਂ ਖੁਦ ਆਪ ਇਹ ਸਭ ਕਰਵਾਉਣ ਵਾਲਿਆਂ ਵਿਚ ਸ਼ਾਮਲ ਸਨ ਅਤੇ ਉਨ੍ਹਾਂ ਨੂੰ ਬਾਅਦ ਵਿਚ ਉੱਚ-ਪਦਵੀਆਂ ਤੇ ਮੰਤਰੀਆਂ ਦੀਆਂ ਕੁਰਸੀਆਂ ਨਾਲ ਨਿਵਾਜਿਆ ਗਿਆ।

ਮੇਰੇ ਬਾਰੇ ਇਕ ਬੜੀ ਮਸ਼ਹੂਰ ਕਹਾਵਤ ਹੈ, ਅਖੇ "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।"

ਇਤਿਹਾਸ ਗਵਾਹ ਹੈ ਕਿ ਮੇਰੇ ਜਾਇਆਂ ਨੂੰ ਸਮੇਂ-ਸਮੇਂ ਨਵੀਆਂ-ਨਵੀਆਂ ਮੁਹਿੰਮਾਂ ਦਾ ਸਾਹਮਣਾ ਕਰਨਾ ਪਿਆ ਹੈ; ਤੇ ਇਹ ਇਤਿਹਾਸ ਹੁਣ ਵੀ ਦੁਹਰਾਇਆ ਜਾ ਰਿਹਾ ਹੈ। ਮੇਰੇ ਜਾਏ ਕਿਸਾਨ ਜੂਨ 2020 ਤੋਂ ਸੰਘਰਸ਼ 'ਤੇ ਹਨ। ਪੰਜਾਬ ਵਿਚ ਨਵੇਂ ਬਿਜਲੀ ਬਿੱਲ ਦੇ ਆਉਣ 'ਤੇ ਜਿਸ ਅਨੁਸਾਰ ਬਿਜਲੀ ਦੀਆਂ ਦਰਾਂ ਵਿਚ ਚੋਖਾ ਵਾਧਾ ਕੀਤਾ ਗਿਆ ਸੀ ਅਤੇ ਕਿਸਾਨੀ ਦੇ ਕੰਮਾਂ ਲਈ ਇਸ ਸਮੇਂ ਮੁਫਤ ਬਿਜਲੀ ਨਾਲ ਚੱਲ ਰਹੇ ਟਿਊਬਵੈਲਾਂ ਉਪਰ ਕਿਸਾਨਾਂ ਨੂੰ ਬਿੱਲ ਭੇਜਣ ਦੀ ਵਿਵਸਥਾ ਸੀ, ਦੇ ਵਿਰੋਧ ਵਿਚ ਪੰਜਾਬ ਦੇ ਕਿਸਾਨਾਂ ਨੇ ਰੇਲ-ਗੱਡੀਆਂ ਰੋਕਣ ਲਈ ਰੇਲ-ਪਟੜੀਆਂ ਅਤੇ ਪਲੇਟਫਾਰਮਾਂ 'ਤੇ ਧਰਨੇ ਦਿੱਤੇ। ਸੜਕਾਂ ਉਪਰ ਬਣੇ ਟੋਲ-ਪਲਾਜ਼ਿਆਂ ਨੂੰ ਹਟਾਉਣ ਲਈ ਵੀ ਉਨ੍ਹਾਂ ਨੇ ਧਰਨੇ ਦਿੱਤੇ। ਅੰਬਾਨੀਆਂ-ਅਡਾਨੀਆਂ ਦੇ ਪੈਟਰੋਲ-ਪੰਪਾਂ ਅਤੇ ਉਨ੍ਹਾਂ ਦੇ ਵੱਡੇ-ਵੱਡੇ ਸਟੋਰਾਂ ਤੇ ਗੋਦਾਮਾਂ ਨੂੰ ਵੀ ਘੇਰਿਆ।

ਸਤੰਬਰ ਮਹੀਨੇ ਵਿਚ ਖੇਤੀਬਾੜੀ ਵਾਲੇ 'ਤਿੰਨ ਕਾਲੇ ਬਿੱਲ' ਕੇਂਦਰ ਸਰਕਾਰ ਨੇ ਪਾਰਲੀਮੈਂਟ ਦੇ ਦੋਹਾਂ ਹਾਊਸਾਂ ਵਿਚ ਪਾਸ ਕਰਵਾ ਕੇ ਰਾਸ਼ਟਰਪਤੀ ਦੇ ਦਸਤਖਤਾਂ ਤੋਂ ਬਾਅਦ ਕਾਨੂੰਨ ਬਣਾ ਦਿੱਤੇ, ਜਿਨ੍ਹਾਂ ਦਾ ਵਿਰੋਧ ਕਰਨ ਲਈ ਇਹ ਧਰਨੇ ਹੋਰ ਤੇਜ਼ ਹੋਏ ਅਤੇ ਇਹ ਸੰਘਰਸ਼ 26 ਨਵੰਬਰ ਨੂੰ ਦਿੱਲੀ ਦੇ ਸਿੰਘੂ ਬਾਰਡਰ ਅਤੇ ਟਿੱਕਰੀ ਬਾਰਡਰ ਉਪਰ ਲਿਜਾਣ ਦਾ ਫੈਸਲਾ ਹੋ ਗਿਆ। ਉਹ ਇਹ ਸਭ ਰੋਕਾਂ ਪਾਰ ਕਰਕੇ ਆਪਣੀ ਮੰਜ਼ਿਲ ਵੱਲ ਵਧਦੇ ਗਏ। ਉਨ੍ਹਾਂ ਦੇ ਨਾਲ ਮੇਰੇ ਹਰਿਆਣਵੀ 'ਭਤੀਜੇ-ਭਤੀਜੀਆਂ' ਵੀ ਮਿਲ ਗਏ। ਉਨ੍ਹਾਂ ਮਿਲ ਕੇ ਜਲ-ਤੋਪਾਂ ਦੇ ਮੂੰਹ ਮੋੜ ਦਿੱਤੇ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਜਾ ਕੇ ਹੀ ਸਾਹ ਲਿਆ। ਉਧਰੋਂ ਕੁਝ ਦਿਨਾਂ ਬਾਅਦ ਉੱਤਰ ਪ੍ਰਦੇਸ਼, ਉੱਤਰਾ ਖੰਡ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੇ ਕਿਸਾਨ ਵੀ ਗਾਜ਼ੀਪੁਰ ਵਾਲੇ ਬਾਰਡਰ 'ਤੇ ਆ ਕੇ ਡਟ ਗਏ।

ਹੁਣ ਤਾਜ਼ਾ ਸੂਰਤੇ-ਹਾਲ ਇਹ ਹਨ ਕਿ ਮੇਰੇ ਕਿਸਾਨ ਪੁੱਤਰ ਦਿੱਲੀ ਦੀਆਂ ਬਰੂਹਾਂ 'ਤੇ ਪੂਰੀ ਤਰ੍ਹਾਂ ਡਟੇ ਹੋਏ ਹਨ। ਮੇਰੇ ਪੁੱਤਰਾਂ-ਧੀਆਂ ਨੂੰ ਗਰਮੀ ਦੀ ਕੋਈ ਪ੍ਰਵਾਹ ਨਹੀਂ ਹੈ। ਕੇਂਦਰ ਸਰਕਾਰ ਇਸ ਕਿਸਾਨ ਮੋਰਚੇ ਨੂੰ ਹੋਰ ਲਮਕਾ ਕੇ ਫੇਲ੍ਹ ਕਰਨਾ ਚਾਹੁੰਦੀ ਹੈ। ਇਸੇ ਲਈ ਹੀ ਉਹ ਘੇਸਲ ਮਾਰ ਕੇ ਬੈਠੀ ਹੋਈ ਹੈ ਅਤੇ ਕਿਸਾਨ ਆਗੂਆਂ ਨਾਲ ਕੋਈ ਗੱਲ ਨਹੀਂ ਕਰ ਰਹੀ। ਉਹ ਕਿਸਾਨਾਂ ਦਾ ਹੌਸਲਾ ਅਤੇ ਹੱਠ ਪਰਖਣਾ ਚਾਹੁੰਦੀ ਹੈ ਅਤੇ ਉਹ ਵੀ ਇਸ ਦੇ ਲਈ ਪੂਰੀ ਤਰ੍ਹਾਂ ਤਿਆਰ ਹਨ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਭਾਰਤ ਦੇ ਕਿਸਾਨਾਂ ਦੇ ਇਸ ਮਸਲੇ ਦਾ ਹੱਲ ਲੱਭਣ ਲਈ ਕਿਸਾਨ ਆਗੂਆਂ ਨੂੰ ਇਕੱਲੇ-ਇਕੱਲੇ ਨੂੰ ਪਹੁੰਚ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਕਿਸਾਨ ਆਗੂਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਨੂੰ ਇਸ ਸਬੰਧੀ ਉਨ੍ਹਾਂ ਨਾਲ ਅੱਗੇ ਵਾਂਗ ਕਿਸਾਨ ਲੀਡਰਾਂ ਨਾਲ ਸਮੂਹਿਕ ਤੌਰ 'ਤੇ ਹੀ ਗੱਲਬਾਤ ਕਰਨੀ ਹੋਵੇਗੀ ਅਤੇ ਉਹ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਸੰਪਰਕ ਕਰਕੇ ਉਨ੍ਹਾਂ ਨੂੰ ਆਪਸ ਵਿਚ ਪਾੜਨ ਦਾ ਯਤਨ ਨਾ ਕਰੇ।

ਕੇਂਦਰ ਸਰਕਾਰ ਕਰੋਨਾ ਮਹਾਮਾਰੀ ਦਾ ਬਹਾਨਾ ਲਾ ਕੇ ਉਨ੍ਹਾਂ ਨੂੰ ਉੱਥੋਂ ਉਠਾਉਣ ਦੀ ਕੋਸ਼ਿਸ਼ ਵੀ ਕਰ ਰਹੀ ਹੈ, ਪਰ ਕਿਸਾਨ ਇਸ ਪੱਖੋਂ ਪੂਰੀ ਤਰ੍ਹਾਂ ਸੁਚੇਤ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਉੱਥੇ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਉਨ੍ਹਾਂ ਲਈ ਇਹ ਜਿਉਣ-ਮਰਨ ਦਾ ਸੁਆਲ ਹੈ। ਟਿੱਕਰੀ ਬਾਰਡਰ 'ਤੇ ਆਧੁਨਿਕ ਸਿਹਤ ਸਹੂਲਤਾਂ ਵਾਲਾ ਹਸਪਤਾਲ ਬਣਾਇਆ ਗਿਆ ਹੈ, ਜਿਸ ਵਿਚ ਅਮਰੀਕਾ ਤੋਂ ਗਏ ਡਾ. ਸਵੈਮਾਨ ਸਿੰਘ ਦੀ ਅਗਵਾਈ ਵਿਚ 40 ਡਾਕਟਰਾਂ ਦੀ ਟੀਮ ਬਾਖੂਬੀ ਕੰਮ ਕਰ ਰਹੀ ਹੈ। ਕਿਸਾਨ ਕਹਿੰਦੇ ਹਨ ਕਿ ਉਹ ਕਰੋਨਾ ਨਾਲ ਤਾਂ ਸ਼ਾਇਦ ਨਾ ਹੀ ਮਰਨ, ਪਰ ਇਨ੍ਹਾਂ ਤਿੰਨਾਂ ਕਾਲੇ ਖੇਤੀਬਾੜੀ ਕਾਨੂੰਨਾਂ ਕਾਰਨ ਨੇੜ-ਭਵਿੱਖ ਵਿਚ ਉਨ੍ਹਾਂ ਦੀ ਮੌਤ ਯਕੀਨੀ ਹੈ। ਇਸ ਲਈ ਉਨ੍ਹਾਂ ਦਾ ਇਸ ਮੋਰਚੇ ਨੂੰ ਉੱਥੇ ਜਾਰੀ ਰੱਖਣਾ ਅਤੀ ਜ਼ਰੂਰੀ ਹੈ।

# ਸੰਗ-ਸਖਾ ਸਭ ਤਜ ਗਏ!

*(ਤਰਜ਼ ਹਰਿਭਜਨ ਸਿੰਘ ਦੀ ਇਕ ਕਵਿਤਾ ਦੀ)*

ਕੌਣ ਦਿਸ਼ਾ ਤੋਂ ਆਇਆ ਜਬਰੂ, ਆਇਆ ਦਲ-ਬਲ ਜੋੜ ਕੇ।
ਪੌਣ ਸਵਾਰੀ ਕਰ ਕੇ ਆਇਆ, ਰਥ ਘੋੜੇ ਸਭ ਛੋਡ ਕੇ।
ਨਾ ਡਰਦਾ ਥਾਲੀ ਖੜਕਾਇਆਂ, ਨਾ ਤਾਲੀ ਤੋਂ ਤ੍ਰਹਿੰਦਾ ਹੈ,
ਚੌਮੁਖੀਏ ਦਾ ਭੈ ਨਾ ਮੰਨੇ, ਨਾਬਰ ਨੱਕ ਸੁਕੋੜ ਕੇ।
ਕਦੇ ਨਾ ਸੁਣਿਆ ਹਵਾ ਹੈ ਮੁੱਕੀ, ਸਾਹ ਲਈ ਬੰਦੇ ਤੜਫ ਰਹੇ,
ਨਾ ਦਿਸਦਾ, ਨਾ ਕਾਬੂ ਆਉਂਦਾ, ਮਾਰੇ ਧੌਣ ਮਰੋੜ ਕੇ।
ਕੁੱਤੇ ਹੱਸਣ ਮੌਤ ਅਸਾਡੀ, ਸਭ ਤੋਂ ਬੁਰੀ ਜੋ ਕਹਿੰਦੇ ਸੀ,
ਸਾਥੋਂ ਭੈੜੀ ਮੌਤ ਨੇ ਮਰਦੇ, ਆਸ ਇਲਾਜੀ ਛੋੜ ਕੇ।
ਹਸਪਤਾਲ ਦੇ ਬੂਹਿਉਂ ਬਾਹਰ, ਕਿੰਨੇ ਮੌਤ ਉਡੀਕ ਰਹੇ,
ਅੰਦਰ ਡਾਕਟਰ ਹੱਥ ਮਲਦੇ ਨੇ, ਟੀਕੇ ਦੁਆਈਆਂ ਥੋੜ ਕੇ।
ਹਾਕਮ ਆਖਣ, ਹਸਪਤਾਲ ਜੇ, ਸੱਖਣੇ ਹਰੇਕ ਸਹੂਲਤ ਤੋਂ,
ਨੇਤਾ, ਸਾਧਵੀਆਂ ਤੇ ਬਾਬੇ, ਦੱਸਣ ਗ੍ਰੰਥ ਨਿਚੋੜ ਕੇ।
ਗਊ ਗੋਬਰ ਮੂਤਰ ਦਾ ਸੇਵਨ, ਕੈਂਸਰ ਏਡਜ਼ ਖਤਮ ਕਰੇ,
ਕਰਦਾ ਮੁਕਤ ਕਰੋਨਾ ਤੋਂ ਵੀ, ਪੱਟੇ ਜੜ੍ਹਾਂ ਘਰੋੜ ਕੇ।
ਹਵਨ ਕੁੰਡ ਦਾ ਪਾਵਨ ਧੂੰਆਂ, ਸਭ ਕੀਟਾਂ ਦਾ ਨਾਸ ਕਰੇ,
ਇਹ ਅੱਗੋਂ ਪਰ ਕਰੇ ਟਿੱਚਰਾਂ, ਹੱਸੇ ਬੁੱਲ੍ਹ ਮਰੋੜ ਕੇ।
ਜਿਉਂਦੇ-ਜੀਅ ਸੜਕਾਂ 'ਤੇ ਭਟਕੇ, ਬੈੱਡ, ਹਵਾ ਤੇ ਟੀਕੇ ਲਈ,
ਮਰ ਕੇ ਵੀ ਹੁਣ ਭਟਕ ਰਹੇ ਨੇ, ਥੜ੍ਹੇ ਕਬਰ ਨੂੰ ਲੋੜ ਕੇ।
ਨਗਰ-ਨਗਰ ਵਿਚ ਮੌਤ ਹੈ ਫਿਰਦੀ, ਘਰ-ਘਰ ਭੈ ਦਾ ਪਹਿਰਾ ਹੈ,
ਸੰਗ-ਸਖੇ ਸਭ ਤਜ ਜਾਂਦੇ ਨੇ, ਕਰੋਨੀ ਤੋਂ ਮੂੰਹ ਮੋੜ ਕੇ।
ਪੁੱਤ-ਭਰਾ ਨਾ ਮੋਢਾ ਦਿੰਦੇ, ਭਲੇ ਬੇਗਾਨੇ ਦਿੰਦੇ ਨੇ,
ਆਪਣੇ ਡਰਦੇ, ਲੈ ਨਾ ਆਈਏ, ਕਿਧਰੇ ਰੋਗ ਚਮੋੜ ਕੇ।
ਕਬਰਾਂ ਖਾਤਰ ਥਾਂ ਨਾ ਮਿਲਦੀ, ਸ਼ਮਸ਼ਾਨਾਂ ਵਿਚ ਲੱਕੜ ਨਾ,
ਲਾਸ਼ੋਂ ਨਿਕਲ ਗੁੱਥਮਗੁੱਥਾ, ਰੂਹਾਂ ਵਾਰੀ ਤੋੜ ਕੇ।
ਕੌਣ ਕਤਾਰ 'ਚ ਬੈਠ ਉਡੀਕੇ, ਕਦ ਨੂੰ ਵਾਰੀ ਆਉਣੀ ਹੈ,
ਚੱਕੀਏ ਗੱਠੜ ਮੁਸ਼ਕਣ ਲੱਗਿਆ, ਆਈਏ ਗੰਗਾ ਰੋੜ੍ਹ ਕੇ।
ਆਫਰ ਕੇ ਕਾਂ ਬਿਰਛੀਂ ਊਂਘਣ, ਕੁੱਤੇ ਸੁੱਤੇ ਰੇਤੇ 'ਤੇ
ਵਾਹ ਨੀ ਗੰਗਾ ਮਈਆ ਲਿਆਈ, ਕਿੰਨਾ ਭੋਜਨ ਜੋੜ ਕੇ।

*-ਗੁਰਬਚਨ ਸਿੰਘ ਭੁੱਲਰ*
*ਫੋਨ: +8076363058*

## ਪੜ੍ਹੇ, ਸੁਣੇ ਅਤੇ ਦੇਖੇ ਵਿਚਾਰੇ ਪ੍ਰਸੰਗਾਂ ਦੀ ਰੌਸ਼ਨੀ ਵਿਚ

# ਤਾ ਕਿ ਸਨਦ ਰਹੇ-ਅੰਮ੍ਰਿਤਾ ਪ੍ਰੀਤਮ

***ਬਹੁ-ਵੰਨਗੀ ਲਿਖਾਰੀ ਅੰਮ੍ਰਿਤਾ ਪ੍ਰੀਤਮ ਦਾ ਸਾਹਿਤ ਜਗਤ ਵਿਚ ਮੁਕਾਮ ਬਹੁਤ ਉਚ ਦੁਮਾਲੜਾ ਹੈ। ਉਨ੍ਹਾਂ ਦੀ ਸ਼ਖਸੀਅਤ ਅਤੇ ਸਾਹਿਤ ਦੀ ਚਰਚਾ ਪੰਜਾਬੀ ਦਾ ਘੇਰਾ ਤੋੜ ਕੇ ਸੰਸਾਰ ਭਰ ਦੀਆਂ ਬਹੁਤ ਸਾਰੀਆਂ ਜ਼ਬਾਨਾਂ ਦਾ ਹਿੱਸਾ ਬਣ ਚੁੱਕੀ ਹੈ। ਇਸ ਮੁਕਾਮ ਤੱਕ ਅੱਪੜਨ ਲਈ ਲਿਖਾਰੀ ਨੂੰ ਵੱਖ-ਵੱਖ ਰਾਹਾਂ ਵਿਚੋਂ ਪੈਂਡੇ ਮਾਰਨੇ ਪੈਂਦੇ ਹਨ। ਇਸੇ ਕਰ ਕੇ ਜੇਕਰ ਅਜਿਹੀਆਂ ਸ਼ਖਸੀਅਤਾਂ ਦੇ ਪ੍ਰਸ਼ੰਸਕਾਂ ਦੀ ਕੋਈ ਕਮੀ ਨਹੀਂ ਹੁੰਦੀ, ਤਾਂ ਮੁਖਾਲਿਫਾਂ ਵੀ ਕੋਈ ਘੱਟ ਨਹੀਂ ਹੁੰਦੀਆਂ। ਕੈਨੇਡਾ ਵੱਸਦੇ ਉਘੇ ਆਲੋਚਕ ਅਤੇ ਲਿਖਾਰੀ ਡਾ. ਸਾਧੂ ਸਿੰਘ ਨੇ ਇਸ ਲੇਖ ਵਿਚ ਅਜਿਹੇ ਮਸਲਿਆਂ ਬਾਰੇ ਕੁਝ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ ਹਨ। ਇਸ ਵਾਰ ਇਸ ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ।***

**ਸਾਧੂ ਸਿੰਘ**

ਅੰਮ੍ਰਿਤਾ ਪ੍ਰੀਤਮ ਹਿੰਦ-ਪਾਕ ਮਹਾਂਦੀਪ ਅਤੇ ਦੁਨੀਆਂ ਭਰ ਦੇ ਸਭ ਖਿੱਤਿਆਂ ਵਿਚ ਵਸਦੇ ਪੰਜਾਬੀ ਲੋਕਾਂ ਵਿਚਕਾਰ ਆਪਣੀ ਬੋਲੀ ਦੀ ਸਭ ਤੋਂ ਵੱਧ ਪ੍ਰਸਿੱਧੀ ਪ੍ਰਾਪਤ ਸਾਹਿਤਕ ਸ਼ਖ਼ਸੀਅਤ ਹੋਣ ਦੇ ਨਾਲ ਹੀ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਤੋਂ ਬਿਨਾਂ ਅੰਗਰੇਜ਼ੀ, ਫਰਾਂਸੀਸੀ, ਰੂਸੀ ਅਤੇ ਪੂਰਬੀ ਯੂਰਪ ਦੇ ਕੁਝ ਦੇਸ਼ਾਂ ਦੀਆਂ ਬੋਲੀਆਂ ਵਿਚ ਸਭ ਤੋਂ ਵੱਧ ਅਨੁਵਾਦ ਹੋਣ ਕਾਰਨ, ਦੁਨੀਆਂ ਭਰ ਦੇ ਪੰਜਾਬੀ ਲੇਖਕਾਂ ਵਿਚੋਂ ਸਭ ਤੋਂ ਵੱਧ ਨੁਮਾਇਆਂ ਨਾਂ ਸੀ। ਆਨਰੇਰੀ ਡਿਗਰੀਆਂ, ਸਨਮਾਨ ਅਤੇ ਅਹੁਦੇ-ਮੁਰਾਤਬੇ ਜਿਸ ਕਦਰ ਅੰਮ੍ਰਿਤਾ ਪ੍ਰੀਤਮ ਦੀ ਝੋਲੀ ਪੈਂਦੇ ਰਹੇ, ਉਸ ਦੀ ਮਿਸਾਲ ਵੀ ਸਹਿਜੇ ਕੀਤੇ ਹੋਰ ਨਹੀਂ ਮਿਲਦੀ।

ਹੌਜ਼ ਖ਼ਾਸ ਵਿਚ ਅੰਮ੍ਰਿਤਾ ਪ੍ਰੀਤਮ ਦੀ ਰਿਹਾਇਸ਼ ਜਿਸ ਤਰ੍ਹਾਂ ਦੁਨੀਆਂ ਭਰ ਦੇ ਸ਼ਾਇਰਾਂ, ਅਦੀਬਾਂ, ਮੁਸੱਨਫਾਂ, ਦਾਨਿਸ਼ਵਰਾਂ, ਪੱਤਰਕਾਰਾਂ, ਵਿਦਵਾਨਾਂ ਅਤੇ ਉਨ੍ਹਾਂ ਦੇ ਸੁਹਿਰਦ ਪਾਠਕਾਂ ਦੀ ਜ਼ਿਆਰਤਗਾਹ ਅਤੇ ਜ਼ਿਹਨੀ ਜਜ਼ਬਾਤੀ ਪਨਾਹ ਬਣੀ ਰਹੀ ਹੈ, ਉਹ ਵੀ ਕਿਸੇ ਵਿਰਲੇ-ਟਾਵੇਂ ਥਾਂ-ਮੁਕਾਮ ਦਾ ਹੀ ਨਸੀਬ ਹੁੰਦਾ ਹੈ।

ਅੰਮ੍ਰਿਤਾ ਪ੍ਰੀਤਮ ਨਾਮ ਦੇ ਇਸ ਮੁਅੱਜਜ਼ੇ ਦੇ ਵਾਪਰਨ ਦਾ ਮੁੱਖ ਰਾਜ਼ ਇਸ ਤੱਥ ਵਿਚ ਵਿਦਮਾਨ ਹੈ ਕਿ ਆਪਣੇ ਹੋਰ ਸਮਕਾਲੀਆਂ ਅਤੇ ਸਹਿਕਰਮੀਆਂ ਦੇ ਟਾਕਰੇ 'ਤੇ ਉਸ ਨੇ ਆਪਣੇ ਲਿਖਣ ਅਤੇ ਜੀਣ ਵਿਚਕਾਰ ਦੀ ਵਿੱਥ ਨੂੰ ਮੇਟਣ ਦਾ ਆਪਣੀ ਸਮਰੱਥਾ ਅਨੁਸਾਰ ਬੜਾ ਹੀ ਸੁਹਿਰਦ ਯਤਨ ਕੀਤਾ ਹੈ।

ਅੰਮ੍ਰਿਤਾ ਪ੍ਰੀਤਮ ਨੇ ਆਪਣੀ ਕਿਸ਼ੋਰ ਅਵਸਥਾ ਵਿਚ ਹੀ ਮੁਹੱਬਤ ਨਾਲ ਭਰੀ ਪੂਰੀ ਜ਼ਿੰਦਗੀ ਦਾ ਸੁਪਨਾ ਲਿਆ ਅਤੇ ਆਪਣੀ ਸ਼ਾਇਰੀ ਦੁਆਰਾ ਉਸ ਸੁਪਨੇ ਦੇ ਤਲਿੱਸਮ ਨੂੰ ਸ਼ਬਦਬੱਧ ਕੀਤਾ ਅਤੇ ਉਸ ਨੂੰ ਆਪਣੀ ਅਮਲੀ ਜ਼ਿੰਦਗੀ ਵਿਚ ਸਾਕਾਰ ਕਰਨ ਲਈ ਭਾਈਚਾਰਕ, ਸਮਾਜਕ ਅਤੇ ਆਰਥਕ ਪਿੜ ਵਿਚ, ਕੋਈ ਜੋਖ਼ਮ ਐਸਾ ਨਹੀਂ, ਜਿਸ ਨੂੰ ਸੌਂਹੇ ਹੋ ਕੇ ਪੂਰੀ ਦਲੇਰੀ ਨਾਲ ਉਠਾਉਣ ਵਿਚ ਆਪਣੇ ਵੱਲੋਂ ਕੋਈ ਕਸਰ ਛੱਡੀ ਹੋਵੇ।

ਮਨ, ਬਚਨ ਅਤੇ ਕਰਮ ਵਿਚ ਤਾਲਮੇਲ ਬਿਠਾਉਣ ਦੀ ਜੁਅੱਰਤ ਕਰਨੀ ਹੀ ਇਨਸਾਨ ਹੋਣ ਦੀ ਅਜ਼ਮਤ ਨੂੰ ਛੂਹ ਲੈਣਾ ਹੁੰਦਾ ਹੈ। ਅੰਮ੍ਰਿਤਾ ਨੇ ਏਸ ਇਨਸਾਨੀ ਬੁਲੰਦੀ ਨੂੰ ਔਰਤ ਦੇ ਜਾਮੇ ਵਿਚ ਹਾਸਿਲ ਕੀਤਾ ਹੈ, ਇਸ ਵਿਚ ਉਨ੍ਹਾਂ ਦੀ ਹਿੰਮਤ ਦੀ ਹੋਰ ਵੀ ਦਾਦ ਦਿੱਤੀ ਜਾਣੀ ਬਣਦੀ ਹੈ। ਕਹਿਣ ਦੀ ਲੋੜ ਨਹੀਂ ਕਿ ਇਸ ਅਵਸਥਾ ਨੂੰ ਪਹੁੰਚਦਾ ਤਾਂ ਆਦਮੀ ਵੀ ਕੋਈ ਵਿਰਲਾ-ਟਾਵਾਂ ਹੀ ਹੈ, ਪਰ ਸਾਡਾ ਪੰਜਾਬੀ ਸਮਾਜ ਮਰਦਾਵੀਂ ਹਿੰਡ, ਦਕਿਆਨੂਸੀ ਰਵਈਏ, ਦੰਭਯੁਕਤ ਸਦਾਚਾਰਕ ਕਦਰਾਂ-ਕੀਮਤਾਂ ਵਿਚ ਰੋਗੀ ਹੱਦ ਤੱਕ ਗ੍ਰਸਿਆ ਹੋਇਆ ਹੋਣ ਕਾਰਨ, ਔਰਤ ਲਈ ਆਪਣੇ ਇਰਦ-ਗਿਰਦ ਵਾਹੀਆਂ ਲਛਮਣ ਰੇਖਾਵਾਂ ਨੂੰ ਉਲੰਘਣਾ ਅਤੇ ਰਵਾਇਤੀ ਰਹੁ-ਰੀਤਾਂ ਦੇ ਜਕੜਬੰਦ ਨੂੰ ਤੋੜ ਕੇ ਆਪਣੀ ਸੁਤੰਤਰ ਸੋਚ ਦੀ ਰੌਸ਼ਨੀ ਵਿਚ ਨਵਾਂ ਰਾਹ ਉਲੀਕ ਸਕਣਾ ਹੋਰ ਵੀ ਮੁਸ਼ਕਿਲ ਹੁੰਦਾ ਹੈ।

ਸਾਡੇ ਵਿਚੋਂ ਬਹੁਤਿਆਂ ਦੀ ਆਪਣੀ ਕੋਈ ਸੋਚ ਨਹੀਂ ਹੁੰਦੀ। ਸਾਡੇ ਕੋਲ ਸਿਰਫ ਦਿਮਾਗ਼ ਨਾਂ ਦਾ ਭਾਂਡਾ ਹੀ ਹੁੰਦਾ ਹੈ। ਇਸ ਵਿਚ ਪਈ ਸਾਰੀ ਵੱਥ ਸਾਡੇ ਪੁਰਖਿਆਂ ਦੀ ਹੀ ਹੁੰਦੀ ਹੈ। ਸਾਡੇ ਜੰਮਣ, ਜੀਣ, ਵਿਆਹ ਅਤੇ ਮਰਨੇ-ਪਰਨੇ ਨੂੰ ਪਰੰਪਰਾ-ਪ੍ਰਵਾਣਿਤ ਰਹੁ-ਰੀਤਾਂ ਹੀ ਨਿਰਣਿਤ ਕਰਦੀਆਂ ਹਨ। ਇਹ ਰਹੁ-ਰੀਤਾਂ ਅਤੇ ਕਦਰਾਂ-ਕੀਮਤਾਂ ਸਮੇਂ ਦੇ ਬੀਤਣ ਨਾਲ ਬੁੱਸ ਕੇ ਕਸਿਆਈਆਂ ਜਾਂਦੀਆਂ ਹਨ। ਸਿੱਟੇ ਵਜੋਂ ਅਸੀਂ ਬੱਧੀ-ਰੁੱਧੀ ਅਤੇ ਕਸਿਆਈ ਹੋਈ ਜ਼ਿੰਦਗੀ ਜੀਣ ਲਈ ਹੀ ਸਰਾਪੇ ਜਾਂਦੇ ਹਾਂ।

ਗੱਲ ਇਹ ਨਹੀਂ ਕਿ ਸਾਡੇ ਪੁਰਖਿਆਂ ਦੇ ਸਭ ਵਿਚਾਰ ਅਤੇ ਵਿਰਾਸਤ ਵਿਚ ਮਿਲੇ ਬੋਲ ਐਵੇਂ ਸੁੱਟ ਪਾਉਣ ਵਾਲੇ ਹੋਣ ਪਰ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਆਦਰਯੋਗ ਵਡਾਰੂਆਂ ਦੇ ਮੁੱਲਵਾਨ ਬੋਲਾਂ ਨੂੰ ਆਪਣੇ ਪ੍ਰਾਣਾਂ ਵਿਚ ਵਸਾ ਕੇ, ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਅਮਲ ਵਿਚ ਵਿਆਹੁਣ ਦਾ ਕੋਈ ਉਦਮ-ਤਰੱਦਦ ਨਹੀਂ ਕਰਦੇ। ਤੋਤੇਵੱਤ ਰਟੇ ਬੋਲਾਂ ਨੂੰ ਹੀ ਆਪਣੀ ਕਮਾਈ ਸਮਝਣ ਵਾਲੇ ਲੋਕਾਂ ਦੀ ਜ਼ਿੰਦਗੀ ਵਿਚ ਕਿੰਨੀ ਕੁ ਸੁਹਿਰਦਤਾ, ਗਹਿਰਾਈ ਜਾਂ ਸੱਚਾਈ ਹੋ ਸਕਦੀ ਹੈ, ਇਸ ਦਾ ਅਨੁਮਾਨ ਤੁਸੀਂ ਆਪੇ ਲਾ ਸਕਦੇ ਹੋ।

ਬੜੀ ਘੱਟ ਗਿਣਤੀ ਵਿਚ ਹੀ ਸਹੀ, ਕੁਝ ਇਨਸਾਨ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਨਜ਼ਰ, ਨਜ਼ਰੀਏ ਅਤੇ ਬੁੱਧ-ਵਿਵੇਕ ਅਨੁਸਾਰ ਆਪਣੀ ਵਿਰਾਸਤ ਨੂੰ ਤੋਲ ਪਰਖ ਕੇ, ਨਵੇਂ ਸਿਰਿਓਂ ਆਪਣੇ ਵੇਲਿਆਂ ਦੀ ਲੋੜ ਅਨੁਸਾਰ ਕਤਰ-ਵਿਓਂਤ ਕੇ ਮੁੜ-ਸਿਰਜਦੇ ਹਨ ਅਤੇ ਉਸ ਨੂੰ ਆਪਣੇ ਅਮਲਾਂ ਵਿਚ ਸਾਕਾਰ ਕਰਨ ਲਈ ਯਤਨਸ਼ੀਲ ਹੁੰਦੇ ਹਨ। ਅਜਿਹੇ ਹੀ ਲੋਕਾਂ ਨੂੰ ਉਧਾਰੀ-ਓਪਰੀ ਸਿਆਣਪ, ਸਾਊਪੁਣੇ ਅਤੇ ਸਦਾਚਾਰ ਵਾਲੇ ਲੋਕ ਕੁਰਾਹੀਏ, ਕੁਰਹਿਤੀਏ, ਦੁਰਾਚਾਰੀ ਆਦਿ ਆਖ ਕੇ ਆਪਣੀ ਕੂੜੀ ਹਓਮੈ ਅਤੇ ਹੈਂਕੜ ਨੂੰ ਪੱਠੇ ਪਾਉਂਦੇ ਹੋਏ ਆਪਣੇ ਉੱਤਮ ਅਤੇ ਸੱਚੇ-ਸੁੱਚੇ ਧਰਮੀ ਹੋਣ ਦਾ ਭਰਮ ਪਾਲਦੇ ਰਹਿੰਦੇ ਹਨ।

ਸ਼ਾਇਦ ਆਪਣੇ ਧੁਰ ਅੰਦਰ ਉਨ੍ਹਾਂ ਨੂੰ ਆਪਣੀ ਪਰੰਪਰਾ ਦੇ ਪੈਂਖੜ ਵਿਚ ਬੱਧੀ-ਰੁੱਧੀ ਨੀਰਸ ਜ਼ਿੰਦਗੀ ਦਾ ਦੁੱਖ ਵੀ ਹੋਵੇ; ਜਾਂ ਫਿਰ ਉਹ ਅਜਿਹੀ ਰਹਿਤਲ ਨੂੰ ਅੰਦਰ-ਖਾਤੇ ਲੁਕ ਛਿਪ ਕੇ ਤੋੜਨ ਦੇ ਗੁਨਾਹੀ ਹੋਣ ਦੇ ਅਹਿਸਾਸ ਤੇ ਆਪਣੀ ਦਮਿਤ ਜਾਂ ਦੁਖੰਡ ਰਹਿਤਲ ਕਾਰਨ ਅਸਾਵੀਂ ਅਤੇ ਦੰਭੀ ਮਾਨਸਿਕਤਾ ਦੇ ਸ਼ਿਕਾਰ ਹੋਣ ਜਾਂ ਸਵੈ-ਅਵਿਲੰਬੀ ਮੁਕਤ-ਚਿੱਤ ਵਾਲੇ ਲੋਕਾਂ ਦੀ ਜ਼ਿੰਦਗੀ ਦੀ ਆਭਾ ਅਤੇ ਉਮਾਹ ਵਿਰੁੱਧ ਆਪਣੀ 'ਅੱਛਾਈ' ਦੇ ਓਢਣ ਹੇਠ ਈਰਖਾ ਵੱਸ ਹੀ ਬੋਲ-ਕੁਬੋਲ ਉਗਲੱਛ ਰਹੇ ਹੋਣ।

ਉਪਰੋਕਤ ਵਿਚੋਂ ਸੱਚਾਈ ਭਾਵੇਂ ਕੋਈ ਵੀ ਹੋਵੇ, ਅੰਮ੍ਰਿਤਾ ਪ੍ਰੀਤਮ ਨੂੰ ਆਪਣੇ ਜਿਊਂਦੇ-ਜੀਅ ਅਤੇ ਆਪਣੀ ਮੌਤ ਉਪਰੰਤ ਅਜਿਹੇ ਭੱਦਰਪੁਰਸ਼ਾਂ ਦੇ ਨਜ਼ਲੇ ਦਾ ਸ਼ਿਕਾਰ ਹੋਣਾ ਹੀ ਪੈਂਦਾ ਰਿਹਾ ਹੈ।

ਸੱਚਮੁੱਚ ਹੀ ਅੰਮ੍ਰਿਤਾ ਜੀ ਦੇ ਸਿਵੇ ਦੀ ਰਾਖ ਹਾਲੇ ਠੰਢੀ ਵੀ ਨਹੀਂ ਸੀ ਹੋਈ, ਉਨ੍ਹਾਂ ਦੀ ਸ਼ਖ਼ਸੀਅਤ ਅਤੇ ਸ਼ਖ਼ਸੀ ਤਰਜ਼-ਏ-ਜ਼ਿੰਦਗੀ ਵਿਰੁੱਧ ਉਨ੍ਹਾਂ ਦੇ ਦੋਖੀਆਂ-ਵਿਰੋਧੀਆਂ ਹੀ ਨਹੀਂ ਸਗੋਂ ਉਨ੍ਹਾਂ ਦੇ ਸਾਬਕਾ ਪ੍ਰਸ਼ੰਸਕਾਂ, ਕਿਰਪਾ-ਪਾਤਰਾਂ ਅਤੇ ਕਦਰਦਾਨਾਂ ਵੱਲੋਂ ਨਿੰਦਾ-ਨਿਖੇਧੀ ਦੀ ਬੁਛਾੜ ਸ਼ੁਰੂ ਹੋ ਗਈ ਸੀ। ਇਹ ਬੁਛਾੜ ਕੁਝ ਸੂਰਤਾਂ ਵਿਚ ਬੜੀ ਜ਼ਾਹਿਰਾ ਅਤੇ ਕੁਝ ਸੂਰਤਾਂ ਵਿਚ ਬੜੀ ਨੀਵੀਂ ਸੁਰ ਵਾਲੀ ਅਤੇ ਗੁੱਝੀ ਮਾਰ ਵਰਗੀ ਸੀ ਪਰ ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹਾਂ ਭਾਂਤ-ਸੁਭਾਂਤੀਆਂ ਬੋਲੀਆਂ ਬੋਲਣ ਵਾਲੇ ਲੋਕਾਂ ਦਾ ਕੇਂਦਰੀ ਮਕਸਦ ਅੰਮ੍ਰਿਤਾ ਪ੍ਰੀਤਮ ਜੀ ਦੀ ਸ਼ਖ਼ਸੀਅਤ ਨੂੰ ਛੁਟਿਆਉਣਾ ਹੀ ਹੈ।

ਆਪਣੇ ਵੱਲੋਂ ਅੰਮ੍ਰਿਤਾ ਜੀ ਦੀ ਵਿਰਾਸਤ ਅਤੇ ਅਜ਼ਮਤ ਨੂੰ ਸਲਾਮ ਕਰਨ ਲਈ 20 ਨਵੰਬਰ, 2005 ਦੇ 'ਨਵਾਂ ਜ਼ਮਾਨਾ' ਦੇ ਮੁੱਖ ਪੰਨੇ ਤੇ 'ਅਲਵਿਦਾ ਸਖੀ, ਅਲਵਿਦਾ' ਦੇ ਸਿਰਲੇਖ ਹੇਠ ਅੰਮ੍ਰਿਤਾ ਜੀ ਦੇ ਅਤਿਅੰਤ ਨਿਟਕਵਰਤੀ ਅਤੇ ਕਦਰਦਾਨ ਹੋਣ ਦਾ ਬੁਲੰਦ ਆਵਾਜ਼ ਵਿਚ ਦਾਅਵਾ ਕਰਨ ਵਾਲੇ, ਖੁਦ ਨਾਮੀ-ਗ੍ਰਾਮੀ ਗਲਪਕਾਰ ਦਲੀਪ ਕੌਰ ਟਿਵਾਣਾ ਜੀ ਲਿਖਦੇ ਹਨ:

'ਕਦੇ-ਕਦੇ ਕੋਈ ਪੁੱਛਦਾ, ਅੰਮ੍ਰਿਤਾ ਦੀ ਜੀਵਨ ਸ਼ੈਲੀ ਤੁਹਾਡੇ ਨਾਲੋਂ ਬਿਲਕੁਲ ਉਲਟ ਹੈ। ਫੇਰ ਤੁਹਾਨੂੰ ਕਿਉਂ ਚੰਗੀ ਲੱਗਦੀ ਹੈ? ਮੈਂ ਦੱਸਦੀ, ਅੰਮ੍ਰਿਤਾ ਮੇਰੇ ਲਈ ਸਿਰਫ ਔਰਤ ਨਹੀਂ। ਔਰਤ ਅੰਮ੍ਰਿਤਾ ਵਿਚ ਜੋ ਊਣਤਾਈਆਂ ਨੇ, ਉਹ ਉਸ ਦੀ ਹੋਂਦ ਨਾਲ ਖ਼ਤਮ ਹੋ ਜਾਣਗੀਆਂ ਅਤੇ ਅੰਮ੍ਰਿਤਾ ਅੰਦਰ ਜੋ ਰਚਨਾਤਮਕ ਹੈ, ਜੋ ਬੀਜ ਤੋਂ ਬ੍ਰਿਛ ਬਣਾ ਸਕਣ ਦੀ ਸਮਰੱਥਾ ਹੈ, ਉਸ ਨੂੰ ਸਮਾਂ ਨਸ਼ਟ ਨਹੀਂ ਕਰ ਸਕੇਗਾ।'

ਜ਼ਾਹਿਰ ਹੈ ਕਿ ਟਿਵਾਣਾ ਜੀ ਨੂੰ ਅੰਮ੍ਰਿਤਾ ਹੋਰੀਂ ਪ੍ਰਤਿਭਾਵਾਨ ਰਚਨਾਕਾਰ ਦੇ ਤੌਰ 'ਤੇ ਪਸੰਦ ਹਨ, ਆਪਣੇ ਨਾਲੋਂ ਕੇਵਲ ਵੱਖਰੀ ਨਹੀਂ ਸਗੋਂ ਉਲਟੀ, ਊਣਤਾਈਆਂ ਨਾਲ ਭਰਪੂਰ ਜੀਵਨ-ਸ਼ੈਲੀ ਵਾਲੀ ਔਰਤ ਦੇ ਤੌਰ 'ਤੇ ਨਹੀਂ।

ਚੋਣ ਅਤੇ ਪਸੰਦ ਤਾਂ ਹਰ ਇੱਕ ਦੀ ਆਪੋ-ਆਪਣੀ ਹੀ ਹੁੰਦੀ ਹੈ। ਉਂਝ ਇਸ ਸਿਲਸਲੇ ਵਿਚ ਮੇਰੀ ਨਿੱਜੀ ਰਾਇ ਸਿਰਫ ਏਨੀ ਹੈ ਕਿ ਜੇ ਅੰਮ੍ਰਿਤਾ ਲੇਖਕ ਦੇ ਤੌਰ 'ਤੇ ਹੀ ਚੰਗੇ ਸਨ ਤਾਂ ਉਨ੍ਹਾਂ ਨੂੰ ਸਖੀ, ਸਹੇਲੀ ਜਾਂ ਦੋਸਤ ਬਣਾਉਣ ਜਾਂ ਕਹਿਣ ਵਿਚ ਕੋਈ ਤੁਕ ਜਾਂ ਸੁਹਿਰਦਤਾ ਨਜ਼ਰ ਨਹੀਂ ਆਉਂਦੀ। ਕੇਵਲ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਨ ਸਲਾਹੁਣ ਤੀਕ ਸੀਮਿਤ ਰਿਹਾ ਜਾ ਸਕਦਾ ਸੀ।



ਅੰਮ੍ਰਿਤਾ ਪ੍ਰੀਤਮ ਜਵਾਨੀ ਵੇਲੇ।



ਅੰਮ੍ਰਿਤਾ ਪ੍ਰੀਤਮ ਦਾ ਚਿੱਤਰ।

ਮੈਨੂੰ ਇਸ 'ਸੰਬੰਧ' ਵਿਚ ਬੁਨਿਆਦੀ ਅਤੇ ਬੜੀ ਗਹਿਰੀ ਗੜਬੜ ਪ੍ਰਤੀਤ ਹੁੰਦੀ ਹੈ।

ਇਸ ਬੁਨਿਆਦੀ ਮਹੱਤਤਾ ਵਾਲੇ ਨੁਕਤੇ ਬਾਰੇ ਡੂੰਘੀ ਅਤੇ ਵਿਸਤ੍ਰਿਤ ਚਰਚਾ ਤਦ ਹੀ ਹੋ ਸਕਦੀ ਹੈ, ਜੇ ਟਿਵਾਣਾ ਜੀ ਆਪਣੀ ਦੋਸ਼-ਮੁਕਤ ਅਤੇ ਅੰਮ੍ਰਿਤਾ ਜੀ ਦੀ ਦੋਸ਼-ਯੁਕਤ ਜੀਵਨ ਸ਼ੈਲੀ ਦੇ ਤੁਲਨਾਤਮਕ ਵੇਰਵੇ ਪੇਸ਼ ਕਰ ਸਕਣ ਪਰ ਇਹ ਜੋਖ਼ਮ ਭਰਿਆ ਰਾਹ ਅਖ਼ਤਿਆਰ ਕਰਨਾ ਸ਼ਾਇਦ ਟਿਵਾਣਾ ਨੂੰ ਗਵਾਰਾ ਨਾ ਹੋਵੇ। ਸੋ, ਅਸੀਂ ਵੀ ਫਿਲਹਾਲ ਇਸ ਮਸਲੇ ਦੇ ਵੇਰਵਿਆਂ ਵਿਚ ਨਾ ਜਾਂਦੇ ਹੋਏ ਇਸ ਤੱਥ ਵੱਲ ਕੇਵਲ ਸੰਕੇਤ ਕਰ ਕੇ ਹੀ ਸੰਤੋਖ ਕਰਦੇ ਹਾਂ।

ਸਭਨਾਂ ਲੋਕਾਂ ਦੀ ਸ਼ੈਲੀ ਟਿਵਾਣਾ ਵਰਗੀ ਹੀ ਸੂਖਮ ਅਤੇ ਸੰਕੇਤਕ ਨਹੀਂ ਹੁੰਦੀ। ਕੁਝ ਲੋਕਾਂ ਨੇ ਅੰਮ੍ਰਿਤਾ ਦੀਆਂ 'ਊਣਤਾਈਆਂ' ਨੂੰ ਬੜੀ ਬੇਬਾਕੀ ਨਾਲ ਹੀ ਨਹੀਂ ਸਗੋਂ ਅਤਿਕਥਨੀ ਦੀ ਜਾਅਲੀ ਜ਼ਹਿਰੀਲੀ ਪੁੱਠ ਚਾੜ੍ਹ ਕੇ ਬੜੀ ਬੇਸ਼ਰਮੀ ਨਾਲ ਨਿੰਦਿਆ-ਨੌਲਿਆ ਹੈ। ਇਸ ਸਿਲਸਲੇ ਵਿਚ ਇੱਕ ਧਰਮ ਸਥਾਨ ਦੇ ਭਾਈ ਜੀ ਅੰਮ੍ਰਿਤਾ ਜੀ ਨੂੰ ਰੋਜ਼ ਇੱਕ ਬੋਤਲ ਵਿਸਕੀ ਦੀ ਪੀਣ ਵਾਲੇ ਆਖਣ ਤੀਕ ਗਏ ਸਨ, ਜਿਵੇਂ ਉਹ ਅੰਮ੍ਰਿਤਾ ਦੇ ਹਮ-ਪਿਆਲਾ ਜਾਂ ਵਿਸਕੀ-ਵਿਕ੍ਰੇਤਾ ਰਹੇ ਹੋਣ।

ਇਸ ਬਾਰੇ ਸਿਰਫ ਏਨਾ ਹੀ ਆਖਣਾ ਬਣਦਾ ਹੈ ਕਿ ਅੰਮ੍ਰਿਤਾ ਆਪਣੇ ਖਾਣ-ਪੀਣ ਜਿਸ ਵਿਚ ਸ਼ਰਾਬ ਅਤੇ ਸਿਗਰਟ-ਨੋਸ਼ੀ ਵੀ ਸ਼ਾਮਿਲ ਹੈ, ਨੂੰ ਬਿਨਾਂ ਕਿਸੇ ਡਰ ਸੰਕੋਚ ਦੇ ਆਪਣੀ ਰਹਿਤ-ਬਹਿਤ ਅਤੇ ਲਿਖ਼ਤਾਂ ਵਿਚ ਬੜੀ ਵਾਰ ਜੱਗ-ਜ਼ਾਹਿਰ ਕੀਤਾ ਹੈ। ਸਮਝਣ ਵਾਲੀ ਗੱਲ ਸਿਰਫ ਏਨੀ ਹੈ ਕਿ ਖਾਣ-ਪੀਣ ਦਾ ਸੰਬੰਧ ਸਾਡੇ ਸਰੀਰਕ ਸਵਸਥ ਨਾਲ ਹੈ, ਸਾਡੇ ਜ਼ਿਹਨੀ, ਜਜ਼ਬਾਤੀ, ਸਦਾਚਾਰਕ ਅਤੇ ਧਾਰਮਿਕ ਤੌਰ 'ਤੇ ਚੰਗੇ ਬੁਰੇ ਹੋਣ ਨਾਲ ਨਹੀਂ ਹੈ।

ਅੰਮ੍ਰਿਤਾ ਜੀ ਬਾਰੇ ਜਿਹੜੀਆਂ ਗੱਲਾਂ ਕੁਝ ਸਿਆਣੇ ਸੰਕੋਚੀ ਲੋਕਾਂ ਨੇ ਇਸ਼ਾਰਤਨ ਹੀ ਕਹੀਆਂ ਹਨ, ਉਥੇ ਕੁਝ ਬੜਬੋਲੇ ਲੋਕਾਂ ਨੇ ਉਨ੍ਹਾਂ ਦਾ ਖੁੱਲ੍ਹੇਆਮ ਜ਼ਿਕਰ ਵੀ ਕੀਤਾ ਹੈ।

ਜਲੰਧਰ ਦੇ ਇੱਕ ਪ੍ਰਮੁੱਖ ਕਾਲਜ ਵਿਚ ਅੰਮ੍ਰਿਤਾ ਦੀ ਯਾਦ ਵਿਚ ਹੋਏ ਸ਼ਰਧਾਂਜਲੀ ਸਮਾਗਮ ਵਿਚ ਕੁਝ ਦਾਨਿਸ਼ਵਰਾਂ ਨੇ ਇਹ ਆਖਿਆ ਸੀ ਕਿ ਅੰਮ੍ਰਿਤਾ ਦੀ ਰਹਿਤਲ ਵਿਚ ਅਜਿਹਾ ਕਿਹੜਾ ਗੁਣ ਸੀ ਜਿਸ ਕਰ ਕੇ ਉਹ ਨਵੀਂ ਪੀੜ੍ਹੀ ਲਈ ਕੋਈ ਅਨੁਕਰਨ-ਯੋਗ ਨਮੂਨਾ ਬਣ ਸਕੇ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਦਫਤਰ ਵਿਚ ਅੰਮ੍ਰਿਤਾ ਪ੍ਰੀਤਮ ਦੀ ਅੰਤਿਮ ਅਵਸਥਾ ਵਿਚ ਪੂਰੀ ਤਨਦੇਹੀ ਨਾਲ ਅੱਠ ਦਸ ਦਿਨ ਤੀਮਾਰਦਾਰੀ ਕਰ ਕੇ ਆਈ ਉਨ੍ਹਾਂ ਦੀ ਅਜ਼ੀਜ਼ਾ ਜਸਵੀਰ ਵੱਲੋਂ ਅੰਮ੍ਰਿਤਾ ਦੀ ਸੰਤਾਨ ਦੀ ਉਨ੍ਹਾਂ ਦੀ ਸੇਵਾ-ਸੰਭਾਲ ਵੱਲ ਅਪਣਾਈ ਬੇਰੁਖ਼ੀ ਦਾ ਦੱਬਵਾਂ ਜਿਹਾ ਜ਼ਿਕਰ ਕਰਨ 'ਤੇ ਸਾਡੇ ਇੱਕ ਨਾਮਵਰ ਪੰਜਾਬੀ ਸਦਾਚਾਰ ਦਾ ਪਰਚਮ ਬੁਲੰਦ ਰੱਖਣ ਦਾ ਦਮ ਭਰਨ ਵਾਲੇ ਸ਼ਾਇਰ ਨੇ ਤਿਲਮਿਲਾ ਕੇ ਕਿਹਾ ਸੀ-ਕੀ ਕਰਨ ਅੰਮ੍ਰਿਤਾ ਦੇ ਬੱਚੇ? ਉਨ੍ਹਾਂ ਦੇ ਮਨ ਵਿਚ ਆਪਣੀ ਮਾਂ ਦੇ ਇੱਕ ਓਪਰੇ ਮਰਦ ਨਾਲ ਰਹਿਣ ਕਾਰਨ ਹਿਰਖ ਵੀ ਤਾਂ ਹੋ ਸਕਦਾ ਹੈ।

ਕੌਣ ਓਪਰਾ ਮਰਦ? ਇਮਰੋਜ਼!

ਜਿਸ ਦੀ ਬੇਪਨਾਹ ਮੁਹੱਬਤ ਅਤੇ ਪ੍ਰਸਤਿਸ਼ ਨੂੰ ਸਮਰਪਿਤ ਅੰਮ੍ਰਿਤਾ ਨੇ ਅਨੇਕਾਂ ਨਜ਼ਮਾਂ ਲਿਖੀਆਂ। ਆਪਣੀ ਅੰਤਿਮ ਨਜ਼ਮ ਵਿਚ ਵੀ 'ਮੈਂ ਤੈਨੂੰ ਫੇਰ ਮਿਲਾਂਗੀ' ਦੀ ਇੱਛਾ ਅਤੇ ਨਿਸ਼ਠਾ ਦਾ ਇਜ਼ਹਾਰ ਕੀਤਾ। ਇਮਰੋਜ਼ ਜੋ ਮੁਹੱਬਤ ਦਾ ਮੁਜੱਸਮਾ ਹੈ। ਅੰਮ੍ਰਿਤਾ ਜੀ ਦੀ ਲੰਮੀ ਬਿਮਾਰੀ ਦੇ ਦੌਰਾਨ ਜੋ ਅਪਲਕ ਸੇਵਾ-ਸੰਭਾਲ ਇਮਰੋਜ਼ ਅਤੇ ਉਨ੍ਹਾਂ ਦੀ ਨੂੰਹ ਅਲਕਾ ਨੇ ਕੀਤੀ ਹੈ, ਉਸ ਦੀ ਸਿਫਤ-ਸਲਾਹ ਮੇਰੇ ਵੱਸੋਂ ਬਾਹਰ ਦੀ ਗੱਲ ਹੈ।

ਪਰ ਜਿਨ੍ਹਾਂ ਲੋਕਾਂ ਕੋਲ ਔਰਤ-ਮਰਦ ਲਈ ਆਪਣੇ ਅਤੇ ਬੇਗਾਨੇ ਹੋਣ ਦੇ ਫੈਸਲੇ ਲਈ ਚਹੁੰ ਲਾਵਾਂ ਦੀਆਂ ਘੁੰਮੇਟਣੀਆਂ ਤੋਂ ਬਿਨਾਂ ਹੋਰ ਕੋਈ ਮਾਪਦੰਡ ਹੀ ਨਹੀਂ, ਉਨ੍ਹਾਂ ਬਾਰੇ ਕੋਈ ਕੀ ਆਖੇ?

ਅੰਮ੍ਰਿਤਾ ਵਰਗੀ ਜ਼ਹੀਨ ਅਤੇ ਬੁਲੰਦ ਔਰਤ ਲਈ ਕੌਣ ਆਪਣਾ ਹੈ ਅਤੇ ਕੌਣ ਪਰਾਇਆ, ਇਸ ਦਾ ਫੈਸਲਾ ਅਸੀਂ ਆਪਣੇ ਹੱਥ ਲੈਣ ਵਾਲੇ ਭਲਾ ਕੌਣ ਹੁੰਦੇ ਹਾਂ?

ਜੇ ਇਮਰੋਜ਼ ਅੰਮ੍ਰਿਤਾ ਲਈ ਓਪਰਾ ਮਰਦ ਸੀ ਤਾਂ ਫੇਰ ਉਸ ਦਾ ਆਪਣਾ ਕੌਣ ਸੀ? ਲਾਵਾਂ ਦੇ ਤੱਕੜੀ ਬਰਦਾਰ ਨਿਸ਼ਚੇ ਹੀ ਇਹ ਕਹਿਣਗੇ ਕਿ ਉਨ੍ਹਾਂ ਦਾ ਪਤੀ ਸਰਦਾਰ ਪ੍ਰੀਤਮ ਸਿੰਘ ਕਵਾਤਰਾ।

'ਨਵਾਂ ਜ਼ਮਾਨਾ' ਦੇ ਉਪਰੋਕਤ ਅੰਕ ਵਿਚ ਹੀ ਉਰਮਿਲਾ ਆਨੰਦ ਜੀ ਲਿਖਦੇ ਹਨ, 'ਪ੍ਰੀਤਮ ਸਿੰਘ ਕਵਾਤਰਾ ਜੀ ਬੜੇ ਭਲੇਮਾਣਸ ਪਤੀ ਸਨ। ਉਹ ਕਦੇ ਵੀ ਅੰਮ੍ਰਿਤਾ ਜੀ ਦੀਆਂ ਉਡਾਰੀਆਂ ਜਾਂ ਖੁੱਲ੍ਹਾਂ 'ਤੇ ਰੋਕ ਨਹੀਂ ਸਨ ਲਾਉਂਦੇ। ਪਰ ਕਿੱਥੇ ਇੱਕ ਵਪਾਰੀ ਪਤੀ ਅਤੇ ਕਿੱਥੇ ਅੰਮ੍ਰਿਤਾ ਜੀ ਖੁੱਲ੍ਹੀਆਂ ਹਵਾਵਾਂ ਵਿਚ ਰਹਿਣ ਵਾਲੇ ਉਡਣੇ ਪੰਛੀ? ਮੈਨੂੰ ਅੰਮ੍ਰਿਤਾ ਜੀ ਨਾਲ ਕੋਈ ਗਿਲਾ ਨਹੀਂ ਕਿ ਇੱਕ ਚੰਗੇ ਇਨਸਾਨ ਪ੍ਰੀਤਮ ਕਵਾਤਰਾ ਜੀ ਨੂੰ ਉਨ੍ਹਾਂ ਆਪਣੇ ਘਰੋਂ ਕਿਉਂ ਤੁਰ ਜਾਣ ਦਿੱਤਾ ਪਰ ਇਹ ਵੀ ਸੱਚ ਨਹੀਂ ਕਿ ਅੰਮ੍ਰਿਤਾ ਜੀ ਦਾ ਉਨ੍ਹਾਂ ਨਾਲ ਤਲਾਕ ਹੋਇਆ ਸੀ।'

ਉਰਮਿਲਾ ਜੀ ਦੇ ਇਸ ਲੇਖ ਤੋਂ ਉਨ੍ਹਾਂ ਦੀ ਅੰਮ੍ਰਿਤਾ ਨਾਲ ਉਣਸ ਅਪਣੱਤ ਅਤੇ ਉਨ੍ਹਾਂ ਦੇ ਭਲੇਮਾਣਸ ਪਤੀ ਨਾਲ ਹਮਦਰਦੀ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ। ਉਪਰੋਂ ਕਹਿਣ ਨੂੰ ਭਾਵੇਂ ਉਰਮਿਲਾ ਜੀ ਨੂੰ ਅੰਮ੍ਰਿਤਾ ਨਾਲ ਕੋਈ ਗਿਲਾ ਨਹੀਂ ਪਰ ਅੰਦਰੋਂ ਲੁਕਵਾਂ ਜਿਹਾ ਸ਼ਿਕਵਾ ਜ਼ਰੂਰ ਹੈ ਕਿ ਉਹ ਏਨੇ ਸ਼ਰੀਫ ਪਤੀ ਕੋਲੋਂ ਅੱਡਰੇ ਅਲਹਿਦਾ ਹੋ ਕੇ ਬਿਨਾਂ ਤਲਾਕ ਤੋਂ ਦੂਜੇ ਆਦਮੀ ਨਾਲ ਕਿਉਂ ਰਹੇ?

ਮੈਨੂੰ ਜ਼ਾਤੀ ਤੌਰ 'ਤੇ ਸਰਦਾਰ ਪ੍ਰੀਤਮ ਸਿੰਘ ਨੂੰ ਮਿਲਣ ਦਾ ਕੋਈ ਮੌਕਾ ਨਹੀਂ ਮਿਲਿਆ ਪਰ ਜਿਹੜੇ ਵੀ ਲੋਕ ਉਨ੍ਹਾਂ ਨੂੰ ਜਾਣਦੇ ਰਹੇ ਹਨ, ਲੱਗਭੱਗ ਸਭੇ ਹੀ ਉਨ੍ਹਾਂ ਦੀ ਸ਼ਰਾਫਤ ਦਾ ਦਮ ਭਰਦੇ ਹਨ। ਜੇ ਦੋਂਹ ਬੰਦਿਆਂ-ਵਿਸ਼ੇਸ਼ ਕਰ ਕੇ ਪਤੀ-ਪਤਨੀ ਦੀ ਜ਼ਿਹਨੀ ਬਣਤਰ, ਪਸੰਦਾਂ-ਨਾਪਸੰਦਾਂ, ਜ਼ਿੰਦਗੀ ਦੀਆਂ ਹੋਰ ਬੁਨਿਆਦੀ ਕਦਰਾਂ-ਕੀਮਤਾਂ, ਆਦਰਸ਼ਾਂ ਅਤੇ ਅਕੀਦਿਆਂ ਵਿਚਕਾਰ ਵੱਡਾ ਪਾੜਾ ਹੋਵੇ ਤਾਂ ਕੀ ਕੇਵਲ ਸ਼ਰਾਫਤ ਹੀ ਉਨ੍ਹਾਂ ਦਰਮਿਆਨ ਪਾਏਦਾਰ, ਸਜਿੰਦ, ਚਾਅ ਮਲ੍ਹਾਰਾਂ ਨਾਲ ਧੜਕਦੀ ਸਾਂਝ ਦਾ ਆਧਾਰ ਬਣ ਸਕਦੀ ਹੈ?

ਅੰਮ੍ਰਿਤਾ ਅਤੇ ਇਮਰੋਜ਼ ਜੀ ਦੱਸਦੇ ਹੁੰਦੇ ਸਨ ਕਿ ਆਪਣੀ ਵਿਆਹੁਤਾ ਜ਼ਿੰਦਗੀ ਦੌਰਾਨ ਪ੍ਰੀਤਮ ਸਿੰਘ ਅੰਮ੍ਰਿਤਾ ਨੂੰ ਘਰ ਦੇ ਖਰਚ ਲਈ ਰੋਜ਼ ਪੰਜ ਰੁਪਏ ਦਿਆ ਕਰਦੇ ਸਨ ਅਤੇ ਕਦੇ-ਕਦੇ ਇਹ ਗਿਣੇ ਮਿੱਥੇ ਪੰਜ ਰੁਪਏ ਦੇਣੇ ਵੀ 'ਭੁੱਲ' ਜਾਂਦੇ ਸਨ ਅਤੇ ਅੰਮ੍ਰਿਤਾ ਨੂੰ ਉਨ੍ਹਾਂ ਤੋਂ ਘਰੋਂ ਤੁਰ ਰਿਹਾਂ ਤੋਂ ਪਿੱਛੋਂ 'ਵਾਜ ਮਾਰ ਕੇ ਆਪ ਮੰਗ ਕੇ ਲੈਣੇ ਪੈਂਦੇ ਸਨ। ਰੋਜ਼ ਪੰਜ ਰੁਪਿਆਂ ਦੀ ਝਾਕ ਰੱਖਣ ਅਤੇ ਕਈ ਵਾਰ ਮੰਗ ਕੇ ਇਸ ਨਿਗੂਣੀ ਜਿਹੀ ਰਕਮ ਲੈਣ ਦੀ ਸ਼ਰਮਸਾਰੀ ਅੰਮ੍ਰਿਤਾ ਲਈ ਬਹੁਤ ਬੋਝਲ ਹੁੰਦੀ ਸੀ। ਇਸ ਲਈ ਉਹ ਮਗਰਲੀ ਸਾਰੀ ਉਮਰ ਆਪਣੀ ਰੋਟੀ ਆਪ ਕਮਾਉਣ ਉਪਰ ਜ਼ੋਰ ਦਿੰਦੇ ਰਹੇ ਹਨ।

ਜ਼ਿਹਨੀ-ਜਿਸਮਾਨੀ ਤਾਲਮੇਲ ਦੀ ਅਣਹੋਂਦ ਦੀ ਸੂਰਤ ਵਿਚ, ਇਹ ਠੀਕ ਹੈ ਕਿ ਸੰਬੰਧਿਤ ਦੋਨਾਂ ਹੀ ਧਿਰਾਂ ਨੇ, ਬਿਨਾਂ ਕਿਸੇ ਅਦਾਲਤੀ ਕਾਰਵਾਈ ਜਾਂ ਪੰਚਾਇਤੀ, ਭਾਈਚਾਰਕ ਦਖ਼ਲ-ਅੰਦਾਜ਼ੀ ਤੇ ਲੈਣ-ਦੇਣ ਦੀ ਸ਼ਰਤ ਦੇ, ਪਰਸਪਰ ਭਲਮਣਸਊ ਨਾਲ ਹੀ ਇੱਕ ਦੂਜੇ ਤੋਂ ਅੱਡਰੇ, ਅਲਹਿਦਾ ਰਹਿਣ ਦਾ ਫੈਸਲਾ ਕਰ ਲਿਆ ਸੀ। ਇਸ ਸਿਲਸਿਲੇ ਵਿਚ ਦੋਹਾਂ ਧਿਰਾਂ ਦੀ ਇਮਾਨਦਾਰੀ, ਸ਼ਰਾਫਤ ਅਤੇ ਸਿਆਣਪ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਥੋੜ੍ਹੀ ਹੈ।

ਪਰ ਇਹ ਆਖਣਾ ਕਿ ਉਨ੍ਹਾਂ ਦਾ ਤਲਾਕ ਹੋਇਆ ਹੀ ਨਹੀਂ ਸੀ, ਸੱਚ ਨਹੀਂ।

ਬੀਤੀ ਸਦੀ ਦੇ ਸੱਤਰਵਿਆਂ ਦੇ ਅਖ਼ੀਰ ਜਾਂ ਅੱਸੀਵਿਆਂ ਦੇ ਸ਼ੁਰੂ ਵਿਚ ਅੰਮ੍ਰਿਤਾ ਜੀ ਦੇ ਘਰ ਸਵਿਟਜ਼ਰਲੈਂਡ ਤੋਂ ਪਰਤੇ ਦੇਵ ਨੇ ਆਪਣੇ ਤਲਾਕ ਦੀ ਗੱਲ ਤੋਰੀ ਸੀ। ਮੇਰੀ ਰਾਇ ਸੀ ਕਿ ਸ਼ਰੀਫ ਆਦਮੀ, ਤੂੰ ਏਡੀ ਦੂਰ ਇਕੱਲਾ ਰਹਿ ਰਿਹਾ ਹੈਂ। ਆਪਸ ਵਿਚ ਤੁਹਾਡਾ ਕੋਈ ਮੇਲ-ਮਿਲਾਪ,

*(ਬਾਕੀ ਅਗਲੇ ਸਫੇ 'ਤੇ)*

# ਦੂਜਾ ਅੰਦਰ

ਸਾਡੇ ਮਨ ਦੇ ਅੰਦਰ ਵੀ ਇੱਕ ਅੰਦਰ ਹੈ। ਉਹ ਦੋਵੇਂ ਅੰਦਰ ਖੁੱਲ੍ਹੇ ਹੋਣੇ ਚਾਹੀਦੇ ਹਨ ਤਾਂ ਹੀ ਦੋਹਾਂ ਅੰਦਰ ਵੜਿਆ ਤੇ ਨਿਕਲਿਆ ਜਾ ਸਕਦਾ ਹੈ। ਜੇ ਇੱਕ ਦਾ ਦਰਵਾਜ਼ਾ ਬੰਦ ਹੋ ਜਾਏ ਤਾਂ ਉਸ ਦੇ ਅੰਦਰ ਵੜਨਾ ਤੇ ਨਿਕਲਣਾ ਨਾ-ਮੁਮਕਿਨ ਹੋ ਜਾਏਗਾ ਤੇ ਇੰਜ ਅੰਦਰਲਾ ਅੰਦਰ ਤੇ ਬਾਹਰਲਾ ਬਾਹਰ ਹੀ ਰਹਿ ਜਾਏਗਾ। ਇੱਕ ਮਨ ਦੇ ਅੰਦਰ ਦੇ ਦਰਵਾਜ਼ੇ ਦਾ ਤਾਲਾ ਲੱਗ ਜਾਏ ਤਾਂ ਮਨ ਦਾ ਸਾਹ ਘੁਟਨ ਲੱਗੇਗਾ। ਜਿਊਣਾ ਦੁੱਭਰ ਹੋ ਜਾਏਗਾ। ਮਨ ਦੀ ਭੜਾਸ ਵਧਣ ਲੱਗੇਗੀ, ਅੰਦਰ ਗੁਬਾਰ ਉੱਠੇਗਾ, ਘੁੰਮਣ-ਘੇਰੀਆਂ ਆਉਣਗੀਆਂ; ਉਪਰਾਮਤਾ ਦੀ ਜੜ੍ਹ ਲੱਗਣ ਲੱਗੇਗੀ; ਉਦਾਸੀ ਦੀਆਂ ਜੜ੍ਹਾਂ ਮਜਬੂਤ ਹੋਣਗੀਆਂ ਤੇ



**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਇੰਜ ਦੂਜੇ ਅੰਦਰ ਦੇ ਦਰਵਾਜ਼ੇ ਨੂੰ ਲੱਗੇ ਜੰਦਰੇ ਦੀਆਂ ਕੁੰਜੀਆਂ ਲੱਭਣੀਆਂ ਹੋਰ ਵੀ ਮੁਸ਼ਕਿਲ ਹੋ ਜਾਣਗੀਆਂ।

ਮਨ ਦੇ ਦੋਹਾਂ ਅੰਦਰਾਂ ਦੇ ਬਰਾਬਰ ਸੁਮੇਲ ਬਿਨਾਂ ਜ਼ਿੰਦਗੀ ਦਾ ਤਵਾਜ਼ਨ ਨਹੀਂ ਰਹੇਗਾ, ਜ਼ਿੰਦਗੀ 'ਚ ਉਥਲ-ਪੁਥਲ ਮਚ ਜਾਏਗੀ; ਉਦਾਸੀ ਦਾ ਆਲਮ ਖੜ੍ਹਾ ਹੋ ਜਾਏਗਾ; ਖੂਹ 'ਚ ਡਿੱਗੇ ਮਹਿਸੂਸ ਕਰੋਗੇ ਤੇ ਇੰਜ ਜੇ ਲਗਾਤਾਰ ਜਾਰੀ ਰਿਹਾ ਤਾਂ ਮਾਨਸਿਕ ਰੋਗ ਦਾ ਸ਼ਿਕਾਰ ਹੋ ਜਾਵਾਂਗੇ। ਅੱਜ ਦੀ ਤੇਜ਼-ਤਰਾਰ ਜ਼ਿੰਦਗੀ 'ਚ ਸਮੇਂ ਦੀ ਰਫਤਾਰ ਨਾਲ ਨਾ ਚੱਲ ਸਕਣਾ, ਮਨ 'ਚ ਬਣੀਆਂ ਖਾਹਿਸ਼ਾਂ ਤੇ ਉਮੰਗਾਂ ਦੀ ਪ੍ਰਾਪਤੀ ਨਾ ਹੋ ਸਕਣਾ; ਆਪਣੇ ਵਿੱਤ ਤੋਂ ਵਾਧੂ ਤੇ ਬੇਲੋੜੀਆਂ ਬਸਤਾਂ ਇਕੱਤਰ ਕਰਨ ਦੀ ਹੋੜ 'ਚ ਪੈਣਾ ਇਤਿਆਦਿ ਮਾਨਸਿਕ ਰੋਗ ਦੇ ਬੀਜ ਦੇ ਪੁੰਗਰਨ ਦਾ ਰਾਹ ਪੱਧਰਾ ਕਰਦੇ ਹਨ। ਅਜਿਹੀ ਸਥਿਤੀ ਤੋਂ ਬਚਣ ਦੇ ਉਪਾਅ ਕਰਨੇ ਚਾਹੀਦੇ ਹਨ। ਮਨ ਦੇ ਦੋਹਾਂ ਅੰਦਰਾਂ ਦੇ ਸੁਮੇਲ 'ਚ ਆਇਆ ਵਿਗਾੜ ਹੀ ਮਾਨਸਿਕ ਰੋਗਾਂ ਨੂੰ ਉਪਜਦਾ ਹੈ। ਮਾਨਸਿਕ ਰੋਗ ਦੇ ਬੇਅੰਤ ਕਾਰਨ ਹਨ ਤੇ ਉਸ ਦੇ ਉਪਾਅ ਦੀਆਂ ਵੀ ਵੱਖੋ-ਵੱਖਰੀਆਂ ਵਿਧੀਆਂ ਹਨ। ਡਾਕਟਰੀ ਇਲਾਜ, ਜਿਹੜਾ ਵਿਗਿਆਨ ਦੀਆਂ ਖੋਜ ਵਿਧੀਆਂ 'ਤੇ ਆਧਾਰਿਤ ਹੈ, ਉਹ ਵੀ ਕਈ ਵਾਰੀ ਅਸਰਦਾਇਕ ਸਾਬਤ ਨਹੀਂ ਹੁੰਦਾ। ਵਿਗਿਆਨੀ ਖੋਜਾਂ ਮੁਤਾਬਿਕ ਸਰੀਰ/ਦਿਮਾਗ ਦੇ ਰਸਾਇਣਾਂ ਦਾ ਅਸੰਤੁਲਿਤ ਹੋ ਜਾਣਾ ਇੱਕ ਕਾਰਨ ਸਮਝਿਆ ਜਾਂਦਾ ਹੈ। ਪ੍ਰਮਾਣਿਤ ਦਵਾਈਆਂ, ਜੋ ਆਪਣੇ ਆਪ 'ਚ ਰਸਾਇਣ ਹੀ ਹੁੰਦੇ ਹਨ, ਖਾਣ ਨਾਲ ਆਰਜੀ ਰਾਹਤ ਤਾਂ ਮਿਲਦੀ ਹੈ, ਪਰ ਮੁਕੰਮਲ ਰੋਗ ਮੁਕਤ ਹੋਣਾ ਅਜੇ ਦੂਰ ਦੀ ਗੱਲ ਹੁੰਦੀ ਹੈ। ਮਾਨਸਿਕ ਰੋਗ ਹੋਣ ਨਾਲ ਮਨ ਦੇ ਦੋਹਾਂ ਅੰਦਰਾਂ ਦੀ ਅਸਮਤਾ ਰਹਿੰਦੀ ਹੈ।

ਸਾਡੇ ਸਮਾਜ ਦਾ ਦੁਖਦੇ-ਸੁਖਦੇ ਇਕੱਠੇ ਹੋ ਕੇ ਬੈਠਣਾ, ਦੁਖ-ਸੁਖ ਸਾਂਝਾ ਕਰਨਾ, ਆਪਣੇ ਮਨ ਦੀਆਂ ਦੱਸਣੀਆਂ ਤੇ ਦੂਸਰਿਆਂ ਦੀਆਂ ਸੁਣਨੀਆਂ ਇੱਕ ਆਮ ਗੱਲ ਹੁੰਦੀ ਸੀ। ਕਿਤੇ ਮਰਗ ਹੋ ਜਾਣੀ ਤਾਂ ਮਹੀਨਾ ਮਹੀਨਾ ਸਾਕਾਂ-ਸਬੰਧੀਆਂ, ਸ਼ਰੀਕਾ ਭਾਈਚਾਰਾ ਅਤੇ ਹੋਰ ਜਾਣ-ਪਛਾਣ ਵਾਲਿਆਂ ਦਾ ਆ ਕੇ ਸੱਥਰ 'ਚ ਬੈਠਣਾ ਕੋਈ ਮਕਸਦ ਰੱਖਦਾ ਸੀ। ਇਸ ਦੇ ਕਈ ਡੂੰਘੇ ਰਾਜ਼ ਸਨ, ਸੈਂਕੜੇ ਸਾਲਾਂ ਦੇ ਕੀਤੇ ਤਜ਼ਰਬੇ ਸਨ, ਜਿਹੜੇ ਪੁਸ਼ਤ-ਦਰ-ਪੁਸ਼ਤ ਅਗਾਂਹ ਸਪੁਰਦ ਹੁੰਦੇ ਰਹੇ ਅਤੇ ਉਹ ਤਜ਼ਰਬੇ ਤੇ ਵਿਧੀਆਂ ਡਾਢੀਆਂ ਸਹਾਈ ਹੁੰਦੀਆਂ ਸਨ; ਮੌਤ ਦੇ ਗਮ ਦੇ ਜ਼ਖਮਾਂ 'ਤੇ ਮੱਲ੍ਹਮ ਲਾਉਣ ਦਾ ਕੰਮ ਕਰਦੀਆਂ ਅਤੇ ਜ਼ਖਮਾਂ 'ਤੇ ਪੱਟੀ ਵੀ ਮਜ਼ਬੂਤ ਬੰਨ੍ਹਦੀਆਂ ਸਨ; ਇਸ ਨਾਲ ਦਰਦ ਘਟਦਾ ਸੀ। ਸਿਆਣਿਆਂ ਦੀਆਂ ਵਿਚਾਰਾਂ ਮਨ ਨੂੰ ਢਾਰਸ ਦਿੰਦੀਆਂ ਸਨ: ਮਨ ਦੇ ਦੂਸਰੇ ਅੰਦਰ ਦਾ ਦਰਵਾਜ਼ਾ ਬੰਦ ਨਹੀਂ ਸਨ ਹੋਣ ਦਿੰਦੀਆਂ; ਦੋਹਾਂ ਮਨਾਂ ਦਾ ਸੁਮੇਲ ਰੱਖਦੀਆਂ ਸਨ ਤੇ ਬੰਦਾ ਇਸ ਘੁੰਮਣਘੇਰੀ ਦੇ ਵਾਵਰੋਲੇ 'ਚ ਗਰਕ ਹੋਣ ਦੀ ਥਾਂ ਬਾਹਰ ਦਾ ਰਸਤਾ ਦੇਖ ਸਕਦਾ ਸੀ। ਸਿਆਣੇ ਆਪਣੇ ਤਜ਼ਰਬੇ ਅਤੇ ਹੱਡ-ਬੀਤੀਆਂ ਸੁਣਾ ਕੇ ਡਿਗੇ ਮਨ ਨੂੰ ਢਾਰਸ ਦੇ ਦਿੰਦੇ ਸਨ। ਡਿੱਕੇ-ਡੋਲੇ ਖਾਂਦਾ ਮਨ ਖੜ੍ਹ ਜਾਂਦਾ ਸੀ; ਨਿੱਸਲ ਹੋਇਆ ਸਰੀਰ ਕਾਇਮ ਹੋ ਜਾਂਦਾ ਸੀ, ਡਿਗਦੇ ਮਨ ਨੂੰ ਪੈਰ ਰੱਖਣ ਲਈ ਪੌਡਾ ਮਿਲ ਜਾਂਦਾ ਸੀ। ਆਖਿਰ ਜ਼ਿੰਦਗੀ ਦੀ ਗੱਡੀ ਭਾਵੇਂ ਧੀਮੀ ਰਫਤਾਰ ਨਾਲ ਹੀ ਸਹੀ, ਪਰ ਰੁੜ੍ਹ ਪੈਂਦੀ ਸੀ। ਇਕੱਲਾ ਇੱਕਾ-ਦੁੱਕਾ ਨਹੀਂ, ਸਗੋਂ ਪਰਿਵਾਰ ਦੇ ਸਾਰੇ ਜੀਆਂ ਦੇ ਮਨ ਦੇ ਦੋਹਾਂ ਅੰਦਰਾਂ ਦੇ ਦਰਵਾਜ਼ੇ ਵਿਚਾਰਾਂ ਨਾਲ ਖੁੱਲ੍ਹ ਜਾਂਦੇ ਸਨ ਤੇ ਦਰਦ ਦੀ ਚੀਸ ਘਟ ਜਾਂਦੀ ਸੀ।

ਵਿਗਿਆਨ ਨੇ ਬੜੀ ਤਰੱਕੀ ਕੀਤੀ ਹੈ, ਅੱਜ ਮਾਨਸਿਕ ਰੋਗਾਂ ਦਾ ਵਿਗਿਆਨਕ ਇਲਾਜ ਹੋਣਾ ਪ੍ਰਚਲਿਤ ਹੈ, ਇਹ ਇੱਕ ਚੰਗੀ ਸੇਧ ਹੈ। ਇਸ ਦੇ ਨਾਲ ਨਾਲ ਹੀ ਸਦੀਆਂ ਤੋਂ ਬਣੀ ਆ ਰਹੀ ਸਮਾਜਿਕ ਬਣਤਰ ਦਾ ਤਾਣਾ-ਬਾਣਾ ਅੱਖੋਂ-ਪਰੋਖੇ ਹੋ ਰਿਹਾ ਹੈ। ਅੱਜ ਅਸੀਂ ਇਕੱਲੇ ਡਾਕਟਰੀ ਇਲਾਜ 'ਤੇ ਹੀ ਨਿਰਭਰ ਹੋਣ ਲੱਗੇ ਹਾਂ। ਡਾਕਟਰੀ ਇਲਾਜ ਵੀ ਇੱਕ ਪ੍ਰਬੰਧ ਦੇ ਅਧੀਨ ਹੀ ਚੱਲਦਾ ਹੈ ਕਿ ਇੱਕ ਡਾਕਟਰ ਇਤਨੇ ਮਰੀਜ ਦੇਖੇਗਾ, ਪ੍ਰਤੀ ਮਰੀਜ਼ ਉਸ ਨੂੰ ਇਤਨੇ ਪੈਸੇ ਸਰਕਾਰ ਜਾਂ ਬੀਮਾ ਕੰਪਨੀ ਦਏਗੀ; ਕੁਝ ਡਾਕਟਰਾਂ ਦੀ ਸੁਤਾ ਵੀ ਪੈਸੇ ਨਾਲ ਹੀ ਬੱਝ ਗਈ ਹੈ: ਮਰੀਜ਼ਾਂ ਦਾ ਇਲਾਜ ਤਾਂ ਉਹ ਕਰਦੇ ਹਨ, ਮਰਜ਼ ਲਈ ਪ੍ਰਮਾਣਿਤ ਦਵਾਈਆਂ ਦਿੰਦੇ ਹਨ, ਜਿਹੜੀਆਂ ਕਾਰਗਰ ਵੀ ਸਿੱਧ ਹੁੰਦੀਆਂ ਹਨ ਤੇ ਮਰਜ਼ ਦਾ ਇਲਾਜ ਵੀ ਕਰਦੀਆਂ ਹਨ, ਪਰ ਜਿਹੜਾ ਬਹੁਤ ਵੱਡਾ ਫੈਕਟਰ ਟੈਂਡਰ ਲਵਿੰਗ ਕੇਅਰ ਜਾਂ ਕਹਿ ਲਈਏ ਪਿਆਰ ਨਾਲ ਧਰਵਾਸ ਤੇ ਹੌਸਲਾ ਦੇਣਾ, ਇਹ ਅਲੋਪ ਹੋਈ ਜਾ ਰਹੇ ਹਨ। ਰਸਾਇਣਕ ਦਵਾਈਆਂ ਪ੍ਰਯੋਗ ਕਰਨ ਨਾਲ ਰੋਗ ਭਾਵੇਂ ਕੁਝ ਹੱਦ ਤੱਕ ਦੂਰ ਹੋ ਜਾਏ ਜਾਂ ਰੋਗ ਮੁਕਤ ਵੀ ਹੋ ਜਾਈਏ, ਪਰ ਜਿਹੜਾ ਰੋਗ ਦੂਰ ਕਰਨ ਦਾ ਧਰਵਾਸ/ਹੌਸਲਾ ਰੂਪੀ ਥੰਮ ਜੇ ਨਹੀਂ ਮਿਲਦਾ ਤਾਂ ਉਹੀ ਮਰਜ਼ ਮੁੜ ਢਾਹ ਲਊ। ਮਨ ਤਕੜਾ ਹੈ ਤਾਂ ਸਰੀਰ ਤਕੜਾ ਰਹੇਗਾ, ਜੇ ਮਨ ਤਕੜਾ ਨਹੀਂ ਤਾਂ ਤਕੜਾ ਸਰੀਰ ਵੀ ਡਿਗੇ ਮਨ ਅੱਗੇ ਬੇਅਰਥ ਸਾਬਤ ਹੋਏਗਾ।

ਮਾਨਸਿਕ ਰੋਗੀਆਂ ਨਾਲ ਅੱਜ ਹਸਪਤਾਲਾਂ ਦੇ ਹਸਪਤਾਲ ਭਰੇ ਪਏ ਹਨ। ਪ੍ਰਮਾਣਿਤ ਵਿਧੀਆਂ ਮੁਤਾਬਕ ਇਲਾਜ ਹੁੰਦੇ ਹਨ, ਪੂਰੀ ਕਾਰਵਾਈ ਹੁੰਦੀ ਹੈ, ਨਰਸਾਂ ਯੋਗ ਯਤਨ ਕਰਦੀਆਂ ਹਨ ਕਿ ਮਰੀਜ਼ ਨੂੰ ਪੂਰਨ ਸੁਵਿਧਾ ਮਿਲੇ। ਜਿਸ ਵਾਤਾਵਰਨ 'ਚ ਅਸੀਂ ਰਹਿ ਰਹੇ ਹਾਂ, ਉਹ ਮਾਨਸਿਕ ਰੋਗੀ ਜ਼ਿਆਦਾ ਪੈਦਾ ਕਰ ਰਿਹਾ ਹੈ ਅਤੇ ਹਸਪਤਾਲਾਂ ਦੀ ਥੁੜ੍ਹ ਬਣਦੀ ਜਾ ਰਹੀ ਹੈ: ਲੋੜ ਜ਼ਿਆਦਾ ਤੇ ਸਾਧਨ ਘੱਟ ਵਾਲੀ ਸਥਿਤੀ 'ਚ ਇਲਾਜ ਦਾ ਮਿਆਰ ਡਿੱਗੇਗਾ, ਖਰਚਾ ਵਧੇਗਾ, ਮਰੀਜ਼ ਦੀ ਪੂਰਨ ਦੇਖ-ਭਾਲ ਨਹੀਂ ਹੋ ਸਕੇਗੀ, ਇਲਾਜ ਸਿਰਫ ਕਾਰਵਾਈ ਤੱਕ ਹੀ ਮਹਿਦੂਦ ਰਹਿ ਜਾਏਗਾ: ਮਰੀਜ਼ ਦੇ ਇਲਾਜ ਰੂਪੀ ਮੰਜੇ ਦੀ ਦੌਣ 'ਚ ਹੋਰ ਵੱਡੇ ਵੱਡੇ ਮਘੋਰੇ ਬਣ ਜਾਣਗੇ ਤੇ ਮਰੀਜ਼ ਦੇਖਣ ਨੂੰ ਇਲਾਜ ਹੋਣ ਦੇ ਉਪਰੰਤ ਵੀ ਉਸ ਮਘੋਰੇ ਥਾਂਈਂ ਥੱਲੇ ਡਿੱਗ ਜਾਏਗਾ।

ਮਾਨਸਿਕ ਰੋਗੀਆਂ ਦੇ ਮਨ ਦੇ ਦੂਸਰੇ ਅੰਦਰ ਦਾ ਦਰਵਾਜ਼ਾ ਬੰਦ ਹੁੰਦਾ ਹੈ, ਉਹ ਉਸ ਦੇ ਬੰਦ ਦਰਵਾਜ਼ੇ ਦੇ ਜੰਦਰੇ ਦੀ ਕੁੰਜੀ ਲੱਭਦੇ ਹੀ ਭਟਕਦੇ ਰਹਿੰਦੇ ਹਨ। ਰਿਸ਼ਤਿਆਂ ਦੀ ਟੁੱਟੀ ਬਣਤਰ ਕੁੰਜੀ ਤੱਕ ਹੱਥ ਪਹੁੰਚਣ ਨਹੀਂ ਦਿੰਦੀ; ਰਿਸ਼ਤਿਆਂ 'ਚ ਪਈ ਖਟਾਸ ਕੁੰਜੀ ਨੂੰ ਪਰੇ ਲਕੋ ਦਿੰਦੀ ਹੈ। ਜਿਹੜੇ ਪਿਆਰ, ਅਪਣੱਤ ਤੇ ਹਮਦਰਦ ਸਬੰਧਾਂ ਨੇ ਆਪ ਜਾ ਕੇ ਮਨ ਦੇ ਬੰਦ ਦਰਵਾਜ਼ੇ ਦੇ ਜੰਦਰੇ ਦੀ ਕੁੰਜੀ ਆਪ ਅੱਪੜਦੀ ਕਰਨੀ ਸੀ, ਉਸ ਪਾਸੇ ਤਾਂ ਧਿਆਨ ਹੀ ਨਹੀਂ ਜਾਂਦਾ! ਅੱਜ ਜਿਹੜੀ ਡਾਕਟਰੀ ਅਤੇ ਮਨੋਵਿਗਿਆਨਕ ਕੌਂਸਲਿੰਗ ਅਸੀਂ ਢੇਰ ਸਾਰੇ ਪੈਸੇ ਖਰਚ ਕੇ ਪ੍ਰਾਪਤ ਕਰਦੇ ਹਾਂ, ਇਹ ਪਰਿਵਾਰਕ ਰਿਸ਼ਤਿਆਂ ਦੇ ਹਰ ਖੂੰਜੇ 'ਚ ਪਈ ਮਿਲਦੀ ਸੀ, ਪਰ ਜੇ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਹੀ ਖੇਹ ਕਰ ਦਿੱਤੀ ਤਾਂ ਇਕੱਲੇ ਡਾਕਟਰੀ ਇਲਾਜ ਨੇ ਮਨ ਦੇ ਦੂਜੇ ਬੰਦ ਅੰਦਰ ਦੀ ਕੁੰਜੀ ਨਹੀਂ ਮੁਹੱਈਆ ਕਰਵਾਉਣੀ। ਤੁਹਾਡੇ ਮਨ ਦੀ ਲੋੜ ਮੁਤਾਬਕ ਖਾਸ ਕੁੰਜੀ, ਜਿਹੜੀ ਸਿਰਫ ਤੇ ਸਿਰਫ ਤੁਹਾਡੇ ਲਈ ਹੀ ਹੈ, ਉਹ ਤਾਂ ਸਮਾਜਿਕ ਤਾਣੇ-ਬਾਣੇ 'ਚੋਂ ਹੀ ਸੌਖਿਆਂ ਮੁਹੱਈਆ ਹੋਣੀ ਹੈ; ਪਰ ਜੇ ਅਸੀਂ ਉਸ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਦੀ ਹੀ ਜੱਖਣਾ ਪੁੱਟ ਸੁੱਟੀ ਤਾਂ ਕਸੂਰ ਤਾਂ ਸਾਡਾ ਆਪਣਾ ਹੈ।

ਅੱਜ ਦੇ ਸਮੇਂ ਦੀ ਤੇਜ-ਤਰਾਰ ਜ਼ਿੰਦਗੀ ਨਾਲ ਬਰਾਬਰ ਨਾ ਚੱਲ ਸਕਣ ਕਾਰਨ ਮਾਨਸਿਕ ਰੋਗਾਂ ਦੀ ਭਰਮਾਰ ਹੋ ਰਹੀ ਹੈ। ਸ਼ਾਂਤ ਮਾਹੌਲ ਅਲੋਪ ਹੋ ਰਿਹਾ ਹੈ; ਦੁਬਿਧਾ ਤੇ ਭਟਕਣ ਮਨ ਨੂੰ ਟਿਕਣ ਨਹੀਂ ਦਿੰਦੀ। ਦੋਹਾਂ ਮਨਾਂ ਦੇ ਅੰਦਰ ਦਾ ਸੁਮੇਲ ਟੁੱਟ ਗਿਆ ਹੈ। ਬੰਦਾ ਦੂਜੇ ਮਨ ਦੇ ਬੰਦ ਦਲਾਨ ਅੰਦਰ ਕੈਦ ਹੋ ਕੇ ਰਹਿ ਗਿਆ ਹੈ: ਬਾਹਰ ਨਿਕਲਣ ਦਾ ਰਾਹ ਨਹੀਂ ਦਿਸਦਾ, ਦਲਾਨ 'ਚ ਘੁੱਪ ਹਨੇਰਾ ਹੈ; ਕੋਈ ਇਲਾਜ ਕੰਮ ਨਹੀਂ ਕਰਦਾ: ਇਕ ਮਨ ਬਾਹਰ ਤੜਫਦਾ ਹੈ ਤੇ ਇਕ ਅੰਦਰ ਤੜਫਦਾ ਹੈ; ਦੋਹਾਂ ਮਨਾਂ ਦੇ ਮਿਲਾਪ ਦੀ ਹੋੜ ਦੀ ਖਲਬਲੀ ਕੁਰਬਲ-ਕੁਰਬਲ ਕਰਦੀ ਭਟਕਣ 'ਚ ਗੇੜੇ ਦੇ ਰਹੀ ਹੈ। ਮਨ ਦੀ ਗੱਲ ਸੁਣਨ-ਸਮਝਣ ਵਾਲਾ ਦਿਸਦਾ ਨਹੀ; ਮਨਾਂ ਦੇ ਦਰਵਾਜ਼ੇ ਬੰਦ। ਆਓ, ਬੰਦ ਪਏ ਮਨਾਂ ਦੇ ਦਲਾਨਾਂ ਦੇ ਦਰਵਾਜ਼ਿਆਂ ਦੇ ਲੱਗੇ ਤਾਲਿਆਂ ਨੂੰ ਤੋੜੀਏ; ਆਪ ਦੁਬਿਧਾ 'ਚੋਂ ਨਿਕਲੀਏ ਤੇ ਹੋਰਾਂ ਨੂੰ ਕੱਢੀਏ, ਇਹ ਬੜਾ ਸੌਖਾ ਤੇ ਸਰਲ ਤਰੀਕਾ ਹੈ: ਇਸ ਨੂੰ ਅਪਨਾ ਕੇ ਇਕ ਦੂਸਰੇ ਦੇ ਸਹਾਈ ਹੋਈਏ; ਜ਼ਿੰਦਗੀ ਦਾ ਅਨੰਦ ਆਪ ਮਾਣੀਏ ਤੇ ਹੋਰਨਾਂ ਨੂੰ ਮਾਣਨ 'ਚ ਉਸਾਰੂ ਯੋਗਦਾਨ ਪਾਈਏ-ਮਨਾਂ ਦੇ ਦੋਹਾਂ ਅੰਦਰਾਂ ਦਾ ਸੁਮੇਲ ਕਰ ਕੇ।

# ਤਾ ਕਿ ਸਨਦ ਰਹੇ-ਅੰਮ੍ਰਿਤਾ ਪ੍ਰੀਤਮ

*(ਪਿਛਲੇ ਸਫੇ ਦੀ ਬਾਕੀ)*

ਦਖ਼ਲ-ਅੰਦਾਜ਼ੀ ਜਾਂ ਲਾਗਾ ਦੇਗਾ ਨਹੀਂ, ਇਹ ਸਥਿਤੀ ਤਲਾਕ ਵਾਲੀ ਹੀ ਤਾਂ ਹੈ। ਇਸ ਲਈ ਅਦਾਲਤੀ ਪ੍ਰਮਾਣ-ਪੱਤਰ ਲੈਣ ਦੀ ਕੀ ਜ਼ਰੂਰਤ ਸੀ?

ਅੰਮ੍ਰਿਤਾ ਮੇਰੀ ਇਸ ਰਾਇ ਨਾਲ ਬਿਲਕੁਲ ਸਹਿਮਤ ਨਹੀਂ ਸਨ। ਉਨ੍ਹਾਂ ਰਤਾ ਜਜ਼ਬਾਤੀ ਸੁਰ ਵਿਚ ਕਿਹਾ ਸੀ ਕਿ, 'ਨਹੀਂ, ਅਦਾਲਤੀ ਤਲਾਕ ਦੀ ਲੋੜ ਹੈ।' ਮੇਰੀਆਂ ਨਜ਼ਰਾਂ ਵਿਚਲੀ ਸੁਆਲੀਆ ਹੈਰਾਨੀ ਦੀ ਤਸੱਲੀ ਲਈ ਉਨ੍ਹਾਂ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਸੀ ਕਿ 'ਤਲਾਕ ਤੋਂ ਪਹਿਲਾਂ ਨਵਰਾਜ ਦੇ ਪਾਪਾ ਇੱਥੇ ਜਾਂ ਕਿਧਰੇ ਹੋਰ ਮਿਲ ਪੈਂਦੇ ਸਨ ਤਾਂ ਮੈਂ ਆਮ ਵਾਂਗ ਸਹਿਜ ਨਹੀਂ ਸੀ ਰਹਿੰਦੀ ਅਤੇ ਜਾਂ ਫਿਰ ਪਾਸਪੋਰਟ ਆਦਿ ਦੀ ਦਰਖ਼ਾਸਤ ਦੇਣ ਜਾਂ ਹੋਰ ਕੋਈ ਸਰਕਾਰੀ ਪੱਤਰ ਭਰਨ ਵੇਲੇ ਪਤੀ ਦੇ ਨਾਮ ਵਾਲਾ ਖ਼ਾਨਾ ਭਰਨਾ ਪੈਂਦਾ ਸੀ, ਤਾਂ ਮੈਨੂੰ ਅਤੇ ਇਮਰੋਜ਼ ਨੂੰ ਇਹ ਗੱਲ ਬੜੀ ਅਟਪਟੀ ਜਿਹੀ ਲੱਗਦੀ ਸੀ। ਤਲਾਕ ਤੋਂ ਬਾਅਦ ਜਦ ਕਦੀ ਹੁਣ ਉਹ ਘਰ ਆਉਂਦੇ ਹਨ ਤਾਂ ਮੈਨੂੰ ਪਹਿਲੋਂ ਵਰਗੀ ਅਚੇਤ ਜਿਹੀ ਘਬਰਾਹਟ ਨਹੀਂ ਹੁੰਦੀ।' ਉਸ ਵੇਲੇ ਅੰਮ੍ਰਿਤਾ ਹੋਰਾਂ ਆਪਣੇ ਤਲਾਕ ਦੀ ਵਚਿੱਤਰ ਕਥਾ ਸੁਣਾਈ ਸੀ।

ਅਲਹਿਦਾ ਹੋਣ ਤੋਂ ਕਾਫੀ ਵਰ੍ਹੇ ਬਾਅਦ ਤੀਕ ਅੰਮ੍ਰਿਤਾ ਅਤੇ ਪ੍ਰੀਤਮ ਸਿੰਘ ਦੌਰਾਨ ਤਲਾਕ ਲਈ ਕਿਸੇ ਅਦਾਲਤੀ ਕਾਰਵਾਈ ਕਰਨ-ਕਰਾਉਣ ਦਾ ਕੋਈ ਜ਼ਿਕਰ ਨਹੀਂ ਸੀ ਛਿੜਿਆ ਪਰ ਇੱਕ ਵੇਲੇ ਪ੍ਰੀਤਮ ਸਿੰਘ ਲਈ ਤਲਾਕ ਜ਼ਰੂਰੀ ਹੋ ਗਿਆ ਸੀ ਅਤੇ ਇਸ ਦੀ ਮੰਗ ਉਨ੍ਹਾਂ ਵੱਲੋਂ ਹੀ ਕੀਤੀ ਗਈ ਸੀ।

ਸਥਿਤੀ ਦਾ ਵਿਅੰਗ ਵੇਖੋ ਕਿ ਤਲਾਕ ਉਨ੍ਹਾਂ ਦੀ ਜ਼ਿਹਨੀ ਜਜ਼ਬਾਤੀ ਨਹੀਂ ਸਗੋਂ ਪਦਾਰਥਕ ਲੋੜ ਆਣ ਬਣਿਆ ਸੀ। ਗੱਲ ਇਉਂ ਹੋਈ ਸੀ ਕਿ ਪ੍ਰੀਤਮ ਸਿੰਘ ਨੇ ਡੀ.ਡੀ.ਏ. ਦੀ ਕਿਸੇ ਮਨਜ਼ੂਰਸ਼ੁਦਾ ਕਾਲੋਨੀ ਵਿਚ ਰਿਹਾਇਸ਼ੀ ਪਲਾਟ ਖਰੀਦਣਾ ਸੀ। ਲੋੜੀਂਦੀ ਕਾਗ਼ਜ਼ੀ ਖ਼ਾਨਾਪੂਰਤੀ ਤੋਂ ਬਾਅਦ ਹਰ ਬਿਨੈਕਾਰ ਲਈ ਇਹ ਹਲਫਨਾਮਾ ਭਰਨਾ ਵੀ ਜ਼ਰੂਰੀ ਸੀ ਕਿ ਉਸ ਜਾਂ ਉਸ ਦੇ ਪਤੀ/ਪਤਨੀ ਦੇ ਨਾਮ ਡੀ.ਡੀ.ਏ. ਦੀ ਅਜਿਹੀ ਕਾਲੋਨੀ ਵਿਚ ਹੋਰ ਕੋਈ ਥਾਂ ਨਹੀਂ ਪਰ ਅੰਮ੍ਰਿਤਾ ਹੋਰਾਂ ਦੇ ਨਾਂ ਤਾਂ ਪਹਿਲਾਂ ਹੀ ਕੇ-25 ਹੌਜ਼ ਖ਼ਾਸ ਵਾਲਾ ਪਲਾਟ ਹੈ ਸੀ; ਤੇ ਅੰਮ੍ਰਿਤਾ ਜੀ ਉਸ ਸਮੇਂ ਪ੍ਰੀਤਮ ਸਿੰਘ ਜੀ ਦੀ ਕਾਨੂੰਨੀ ਤੌਰ 'ਤੇ ਵਿਆਹੁਤਾ ਪਤਨੀ ਸਨ। ਸੋ, ਪ੍ਰੀਤਮ ਸਿੰਘ ਸਾਹਮਣੇ ਦੁਬਿਧਾ ਇਹ ਸੀ ਕਿ ਪਤਨੀ ਛੱਡਣ ਕਿ ਪਲਾਟ? ਇਸ ਤਰ੍ਹਾਂ ਪਲਾਟ ਖ਼ਰੀਦਣ ਲਈ ਪ੍ਰੀਤਮ ਸਿੰਘ ਲਈ ਅੰਮ੍ਰਿਤਾ ਤੋਂ ਤਲਾਕ ਲੈਣਾ ਜ਼ਰੂਰੀ ਹੋ ਗਿਆ ਸੀ; ਤੇ ਅੰਮ੍ਰਿਤਾ ਨੇ ਰਤਾ ਮੁਸਕਰਾਉਂਦਿਆਂ ਇਹ ਗੱਲ ਦੱਸੀ ਸੀ ਕਿ ਪਰਸਪਰ ਸੰਮਤੀ ਦੇ ਆਧਾਰ 'ਤੇ ਮੰਗੇ ਤਲਾਕ ਦੀ ਅਦਾਲਤੀ ਕਾਰਵਾਈ ਹਾਲੇ ਮੁਕੰਮਲ ਨਹੀਂ ਸੀ ਹੋਈ ਕਿ ਸੰਬੰਧਿਤ ਪਲਾਟ ਦੀ ਕੀਮਤ ਵਿਚ ਏਨਾ ਵਾਧਾ ਹੋ ਗਿਆ ਕਿ ਪ੍ਰੀਤਮ ਸਿੰਘ ਦੀ ਪਲਾਟ-ਪ੍ਰਾਪਤੀ ਦੀ ਰੀਝ ਵਿਚ ਹੋਈ ਕਮੀ ਦੇ ਅਨੁਰੂਪ ਹੀ ਤਲਾਕ ਵਿਚ ਮੱਧਮ ਪੈ ਰਹੀ ਦਿਲਚਸਪੀ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ; ਤੇ ਵਧੀ ਹੋਈ ਕੀਮਤ ਅੰਮ੍ਰਿਤਾ ਜੀ ਨੇ ਆਪਣੇ ਕੋਲੋਂ ਤਾਰ ਕੇ ਆਪਣੇ ਲਈ ਤਲਾਕ ਤੇ ਪ੍ਰੀਤਮ ਸਿੰਘ ਲਈ ਪਲਾਟ ਦਾ ਸੌਦਾ ਪੱਕਾ ਕੀਤਾ ਸੀ।

ਤੇ ਸ਼ਾਇਦ ਤੁਹਾਡੇ ਵਿਚੋਂ ਬਹੁਤਿਆਂ ਦੀ ਇਸ ਸੂਚਨਾ ਨਾਲ ਕੋਈ ਤਸੱਲੀ ਹੋਵੇ ਕਿ ਪ੍ਰੀਤਮ ਸਿੰਘ ਬਹੁਤ ਵਰ੍ਹੇ ਇੱਕ ਹੋਰ ਔਰਤ ਦੇ ਨਾਲ ਰਹੇ ਵੀ। ਵਿਆਹੇ ਜਾਂ ਅਣਵਿਆਹੇ, ਇਹ ਜਾਨਣ ਵਿਚ ਮੇਰੀ ਕੋਈ ਦਿਲਚਸਪੀ ਨਹੀਂ।

ਤੇ ਬਾਅਦ ਵਿਚ ਪ੍ਰੀਤਮ ਸਿੰਘ ਲਈ ਇਹ ਸਾਥ ਵੀ ਸੁਹੰਢਣਾ ਨਹੀਂ ਸੀ ਸਾਬਤ ਹੋਇਆ। ਆਪਣੀ ਅਖ਼ੀਰੀ ਬਿਮਾਰੀ ਵੇਲੇ ਉਹ ਫੇਰ ਇਕੱਲੇ ਰਹਿ ਗਏ ਸਨ ਅਤੇ ਅੰਮ੍ਰਿਤਾ ਦੀ ਸਲਾਹ ਨਾਲ ਉਨ੍ਹਾਂ ਦਾ ਪੁੱਤਰ ਉਨ੍ਹਾਂ ਨੂੰ ਆਪਣੇ ਕੋਲ ਲੈ ਆਇਆ ਸੀ ਅਤੇ ਉਨ੍ਹਾਂ ਦੀ ਅੰਤਮ ਵਿਦਾਇਗੀ ਵੀ ਅੰਮ੍ਰਿਤਾ ਜੀ ਦੇ ਘਰੋਂ ਹੀ ਹੋਈ ਸੀ।

ਕਾਰਨ ਭਾਵੇਂ ਕੋਈ ਵੀ ਹੋਵੇ, ਫਿਰ ਵੀ ਇਸ ਗੱਲ ਤੋਂ ਇਨਾਕਰ ਨਹੀਂ ਕੀਤਾ ਜਾ ਸਕਦਾ ਕਿ ਘਰ ਦੀ ਟੁੱਟ-ਭੱਜ ਦੇ ਅਮਲ ਵਿਚ ਸ਼ਾਮਿਲ ਸਭਨਾਂ ਧਿਰਾਂ ਨੂੰ ਗਹਿਰੇ ਦੁੱਖ ਵਿਚੀਂ ਗੁਜ਼ਰਨਾ ਪੈਂਦਾ ਹੈ। ਕੁਦਰਤੀ ਹੈ, ਅੰਮ੍ਰਿਤਾ ਦੇ ਬੱਚੇ ਵੀ ਇਸ ਸਦਮੇ ਦੇ ਸ਼ਿਕਾਰ ਹੋਏ ਹੋਣਗੇ ਪਰ ਅੰਮ੍ਰਿਤਾ ਜਿਸ ਕਦਰ ਜੀਵਨ ਭਰ ਆਪਣੇ ਬੱਚਿਆਂ ਅਤੇ ਇਸ ਤੋਂ ਅਗਾਂਹ ਤੀਜੀ ਪੀੜ੍ਹੀ ਦੀ ਸੰਤਾਨ ਤੱਕ ਦੀ, ਜਿਸ ਮਜ਼ਬੂਤੀ ਨਾਲ ਧਿਰ ਬਣੀ ਹੈ, ਉਸ ਦੀ ਮਿਸਾਲ ਨਿਰੋਲ ਕਲਮ ਦੀ ਕਾਰ ਕਰਨ ਵਾਲੇ ਪੰਜਾਬੀ ਲੇਖਕ ਜਗਤ ਵਿਚੋਂ ਲੱਭਣੀ ਮੁਸ਼ਕਿਲ ਹੈ। ਇਸ ਅੱਤ ਕਠਿਨ ਕਾਰਜ ਵਿਚ ਦੂਜੀਆਂ ਧਿਰਾਂ ਵੱਲੋਂ ਬਹੁਤ ਸਾਰੀਆਂ ਮਾਨਸਿਕ ਦੁਸ਼ਵਾਰੀਆਂ ਦੇ ਬਾਵਜੂਦ, ਜਿਵੇਂ ਇਮਰੋਜ਼ ਅੰਮ੍ਰਿਤਾ ਦੇ ਨਾਲ ਚੱਟਾਨ ਬਣ ਕੇ ਖਲੋਤਾ ਰਿਹਾ ਹੈ, ਉਹ ਵੀ ਕਿਸੇ ਹਾਰੀ-ਸਾਰੀ ਦਾ ਕੰਮ ਨਹੀਂ। ਇਹ ਕੋਈ ਛੋਟੀ ਜਿਹੀ ਗੱਲ ਨਹੀਂ ਕਿ ਇਮਰੋਜ਼ ਨੇ ਅੰਮ੍ਰਿਤਾ ਹੋਰਾਂ ਦੀ ਸੰਤਾਨ ਦੇ ਭਲੇ ਹਿੱਤ ਹੀ ਆਪਣੇ-ਆਪ ਨੂੰ ਆਪਣੀ ਬਿੰਦੀ-ਸੰਤਾਨ ਦੇ ਵਰਦਾਨ ਤੋਂ ਵਿਰਵਿਆਂ ਰੱਖਣ ਦੇ ਸੋਚੇ-ਸਮਝੇ ਫੈਸਲੇ 'ਤੇ ਪੂਰੀ ਮੁਸਤੈਦੀ ਨਾਲ ਅਡੋਲ ਰਹਿ ਕੇ ਪਹਿਰਾ ਦਿੱਤਾ ਹੈ।



*ਅੰਮ੍ਰਿਤਾ ਅਤੇ ਇਮਰੋਜ਼: ਮੁਹੱਬਤ ਦੇ ਪਲ।*

ਇਮਰੋਜ਼ ਕੇਵਲ ਅੰਮ੍ਰਿਤਾ ਦੀ ਬਿੰਦੀ ਸੰਤਾਨ ਹੀ ਨਹੀਂ ਸਗੋਂ ਉਹਦੇ ਦੁਆਰ ਤੇ ਜਜ਼ਬਾਤੀ ਸਮਾਜੀ ਓਟ-ਆਸਰਾ ਲੱਭਣ ਆਈਆਂ ਕਈ ਨਾਦੀ-ਸੰਤਾਨਾਂ ਦਾ ਬਾਪ ਬਣ ਕੇ ਕੰਨਿਆਦਾਨ ਕਰਨ ਦਾ ਕਰਤੱਵ ਵੀ ਨਿਭਾਉਂਦਾ ਰਿਹਾ ਹੈ।

ਇਹ ਸਭ ਕੁਝ ਇਮਰੋਜ਼ ਦੀ ਕਿਸੇ ਗਿਣਤੀ-ਮਿਣਤੀ ਵਿਚ ਨਹੀਂ ਅਤੇ ਨਾ ਹੀ ਸਾਨੂੰ ਇਨ੍ਹਾਂ ਗੱਲਾਂ ਨੂੰ ਚਿਤਾਰਨ ਦੀ ਕੋਈ ਉਚੇਚੀ ਲੋੜ ਮਹਿਸੂਸ ਹੋ ਰਹੀ ਹੈ ਪਰ ਅੰਮ੍ਰਿਤਾ ਦੀ ਰਹਿਤਲ ਨੂੰ ਕਾਸਰ ਅਤੇ ਇਮਰੋਜ਼ ਨੂੰ ਓਪਰੇ ਬੇਗਾਨੇ ਮਰਦਾਂ ਦੇ ਜ਼ੁਮਰੇ ਵਿਚ ਰੱਖਣ ਵਾਲਿਆਂ 'ਜਤ-ਸਤ-ਵਾਦੀਆਂ' ਨੂੰ ਕੁਝ ਨਾ ਕੁਝ ਕਹਿਣਾ-ਸੁਣਨਾ ਤਾਂ ਬਣਦਾ ਹੀ ਹੈ।

ਇਹ ਸਭ ਕੁਝ ਕਹਿਣ-ਸੁਣਨ ਦੀ ਲੋੜ ਦਾ ਆਧਾਰ ਕੇਵਲ ਇਹ ਹੀ ਹੈ ਕਿ ਸਾਡੇ ਮੂੰਹ-ਜ਼ਬਾਨੀ ਬੜਬੋਲੇ ਦਾਅਵਿਆਂ ਦੇ ਬਾਵਜੂਦ ਸਾਡੀ ਸੋਚ ਔਰਤ ਨੂੰ ਹਾਲੇ ਵੀ ਬੇ-ਸਿਰ-ਪੈਰ ਵਜੂਦ ਸਮਝਣ ਤੱਕ ਹੀ ਸੀਮਿਤ ਹੈ। ਹਾਲੇ ਵੀ ਅਮਲ ਵਿਚ ਸਾਡੀ ਬਹੁਤਿਆਂ ਦੀ ਸੋਚ ਏਥੇ ਹੀ ਖੜ੍ਹੀ ਹੈ ਕਿ ਕੁੜੀਆਂ ਚਹੁੰ ਕਹਾਰਾਂ ਦੇ ਕੰਧਿਆਂ 'ਤੇ ਧਰੀ ਡੋਲੀ ਵਿਚ ਚੜ੍ਹ ਕੇ ਸਹੁਰਿਆਂ ਦੇ ਦਰ-ਘਰ ਅੱਪੜਨ ਤੇ ਚਹੁੰ ਕਾਨ੍ਹੀਆਂ ਦੇ ਕੰਧੀਂ ਚਾੜ੍ਹ ਕੇ ਉਨ੍ਹਾਂ ਦੀ ਲਾਸ਼ ਹੀ ਸਹੁਰਿਆਂ ਦੇ ਘਰੋਂ ਨਿਕਲੇ।

ਅੰਮ੍ਰਿਤਾ ਪ੍ਰੀਤਮ ਦੀ ਜ਼ਿੰਦਗੀ ਅਤੇ ਸ਼ਾਇਰੀ ਔਰਤ ਨੂੰ ਬੇ-ਸਿਰ-ਪੈਰ ਵਜੂਦ ਸਮਝਣ ਵਾਲੇ ਲੋਕਾਂ ਨੂੰ ਚੁਣੌਤੀ ਹੈ। ਇਸ ਸਾਦਾ ਜਿਹੇ ਨੁਕਤੇ ਦੀ ਵਜ਼ਾਹਤ ਲਈ ਅੰਮ੍ਰਿਤਾ ਪ੍ਰੀਤਮ ਦੀਆਂ ਲੱਗਭੱਗ ਅੱਧੀ ਸਦੀ ਜਾਂ ਇਸ ਤੋਂ ਵੀ ਵੱਧ ਸਮਾਂ ਪਹਿਲਾਂ ਲਿਖੀਆਂ ਉਨ੍ਹਾਂ ਤਿੰਨ ਨਜ਼ਮਾਂ ਦਾ ਜ਼ਿਕਰ ਕਰਨਾ ਚਾਹਾਂਗਾ ਜੋ ਪੰਜਾਹ ਵਰ੍ਹੇ ਪਹਿਲਾਂ ਆਪਣੇ ਕੋਰਸ ਦੀਆਂ ਕਿਤਾਬਾਂ ਵਿਚ ਪੜ੍ਹੀਆਂ ਸਨ। ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ ਦੁਆਰਾ ਸੰਪਾਦਿਤ ਕਵਿਤਾ ਦੀ ਪਾਠ ਪੁਸਤਕ 'ਲਹਿਰਾਂ' ਵਿਚ ਸ਼ਾਮਿਲ ਇਹ ਕਵਿਤਾਵਾਂ ਸਨ- 'ਗਊਸ਼ਾਲਾ', 'ਰਾਖੇ' ਅਤੇ 'ਅੰਨਦਾਤਾ'।

'ਗਊਸ਼ਾਲਾ' ਵਿਚ ਅੰਮ੍ਰਿਤਾ ਨੇ ਸਾਡਾ ਧਿਆਨ ਇਸ ਦੁਖਦਾਈ ਤੱਥ ਵੱਲ ਦਿਵਾਇਆ ਹੈ ਕਿ ਸਾਡੇ ਪਿੱਤਰੀ-ਪ੍ਰਧਾਨ, ਗ੍ਰਾਮੀਣ ਜ਼ਰਾਇਤੀ ਸਮਾਜ ਵਾਲੀਆਂ ਹੀ ਕਦਰਾਂ-ਕੀਮਤਾਂ ਨਾਲ ਗ੍ਰਹਿਣੇ-ਗ੍ਰਸੇ ਸਮਾਜ ਵਿਚ ਔਰਤ ਦੀ ਸਥਿਤੀ ਵੀ ਗਊਸ਼ਾਲਾ ਵਿਚ ਬੱਝੀਆਂ ਗਾਵਾਂ ਵਾਲੀ ਹੀ ਹੈ ਜਿਨ੍ਹਾਂ ਦਾ ਰੱਸਾ ਜਦ ਚਾਹੋ ਅਤੇ ਜਿਸ ਨੂੰ ਚਾਹੋ, ਉਹਦੇ ਬਿਨਾਂ ਉਜ਼ਰ-ਰੋਸ ਦੇ ਫੜਾ ਦਿੱਤਾ ਜਾਂਦਾ ਅਤੇ ਦੋਹਾਂ ਦੀ ਸਾਰਥਿਕਤਾ ਵੀ ਦੁੱਧੀਂ-ਪੁੱਤੀਂ ਨ੍ਹਾਉਣ-ਨਲ੍ਹਾਉਣ ਦੇ ਕਰਤੱਵ ਤੀਕ ਹੀ ਸੀਮਿਤ ਕਰ ਦਿੱਤੀ ਜਾਂਦੀ ਹੈ।

'ਰਾਖੇ' ਸਾਡੇ ਉਸ ਸਮਾਜੀ ਵਾਤਾਵਰਨ ਦੀ ਲਖਾਇਕ ਹੈ ਜਿਸ ਵਿਚ ਅਸੀਂ ਗੁਆਂਢੀਆਂ ਦੇ ਧੀਆਂ ਪੁੱਤਾਂ ਦਾ ਲੋੜੋਂ ਵੱਧ ਫਿਕਰ ਕਰਦੇ ਹਾਂ ਅਤੇ ਉਨ੍ਹਾਂ ਦੀ ਨਿੱਕੀ ਤੋਂ ਨਿੱਕੀ ਹਰਕਤ ਅਤੇ ਮੇਲ-ਮਿਲਾਪ ਤੇ ਪੂਰੀ ਨਜ਼ਰ ਰੱਖਦੇ ਹਾਂ ਅਤੇ ਉਨ੍ਹਾਂ ਨੂੰ ਰਵਾਇਤੀ ਵਿਆਹ ਦੇ ਧਿੰਗੋਜ਼ੋਰੀ ਦੇ ਰਿਸ਼ਤੇ ਤੋਂ ਬਿਨਾਂ ਆਪਸੀ ਸੰਪਰਕ ਜਾਂ ਚੋਣ ਦੀ ਹੋਰ ਕੋਈ ਖੁੱਲ੍ਹ ਨਹੀਂ ਦਿੰਦੇ। ਸੰਬੰਧਿਤ ਧਿਰਾਂ ਦੀ ਮਰਜ਼ੀ ਤੋਂ ਬਿਨਾਂ ਹੋਰਨਾਂ ਵਡਾਰੂਆਂ ਵਿਚੋਲਿਆਂ ਰਾਹੀਂ ਹੋਏ ਵਿਆਹ ਨੂੰ ਅੰਮ੍ਰਿਤਾ ਦੋ ਜੁਆਨੀਆਂ ਨੂੰ ਇੱਕ ਦੂਜੇ ਦੇ ਗਲ ਪੁਆ ਕੇ 'ਮੱਲੋ ਮੱਲੀ ਦਾ ਇਸ਼ਕ' ਲਭਾਉਣ ਵਾਲੀ ਗੱਲ ਆਖਦੇ ਹਨ। ਕਹਿਣ ਦੀ ਲੋੜ ਨਹੀਂ, ਜਿਸ ਵਿਚ ਕਿਸੇ ਵੀ ਕਿਸਮ ਦੀ 'ਮੱਲੋ ਮੱਲੀ' ਦਾ ਦਖ਼ਲ ਹੋਵੇ, ਉਹ ਹੋਰ ਕੁਝ ਵੀ ਪਿਆ ਹੋਵੇ, ਇਸ਼ਕ ਕਤੱਈ ਨਹੀਂ ਹੁੰਦਾ।

'ਅੰਨਦਾਤਾ' ਪਰੰਪਰਕ ਵਿਆਹ-ਪ੍ਰਬੰਧ ਵਿਚ ਪਤੀ ਹੈ, ਜੋ ਆਪਣੀ ਪਤਨੀ ਨੂੰ ਰੋਟੀ-ਕੱਪੜੇ ਜਿਹੀਆਂ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰ ਕੇ ਜਿਣਸ ਵਾਂਗ ਕਿਸੇ ਵੀ ਤਰ੍ਹਾਂ ਵਰਤਣ ਦਾ ਸਮਾਜਕ, ਕਾਨੂੰਨੀ ਅਤੇ ਅਖੌਤੀ ਸਦਾਚਾਰ ਅਨੁਸਾਰ ਹੱਕਦਾਰ ਹੋ ਜਾਂਦੈ। ਇਸ ਨਜ਼ਮ ਵਿਚ ਕੁਝ ਇਸ ਤਰ੍ਹਾਂ ਦੇ ਕਥਨ ਹਨ:

ਮੇਰੇ ਬੋਲਣ ਤੋਂ ਪਹਿਲਾਂ
ਬੋਲ ਪੈਂਦਾ ਹੈ ਤੇਰਾ ਅੰਨ,
ਤੂੰ ਇੱਕ ਲਾਵੇ ਤੋਂ ਵੱਧ ਕੁਝ ਨਹੀਂ,
ਜਿੰਨਾ ਚਾਹੇਂ ਉੱਬਲ ਲੈ,
ਮੈਂ ਇੱਕ ਬੁਰਕੀ ਤੋਂ ਵੱਧ ਕੁਝ ਨਹੀਂ,
ਜਿਵੇਂ ਚਾਹੇਂ ਨਿਗਲ ਲੈ
ਪਿਆਰ!
ਹਾਂ ਇਹ ਤੇਰੇ ਕੰਮ ਦੀ ਸ਼ੈਅ ਨਹੀਂ।

ਅੰਮ੍ਰਿਤਾ ਦੀ ਅਗਲੇਰੀ ਸ਼ਾਇਰੀ ਅਤੇ ਜ਼ਿੰਦਗੀ ਮੋਢਿਆਂ ਤੇ ਜਗਦੇ-ਮਘਦੇ ਸਿਰ ਅਤੇ ਗੋਡਿਆਂ ਹੇਠ ਆਪਣਾ ਭਾਰ ਆਪ ਚੁੱਕ ਕੇ ਸੁਤੰਤਰਤਾ ਨਾਲ ਤੁਰ ਫਿਰ ਸਕਣ ਵਾਲੇ ਪੈਰਾਂ ਦੀ ਦਾਸਤਾਨ ਹੈ।

*(ਬਾਕੀ ਅਗਲੇ ਅੰਕ ਵਿਚ)*

# ਮਾਂਵਾਂ ਅਤੇ ਮੋਰਚਾ

## ਕਲਾ ਪਰਿਕਰਮਾ

ਫਲਸਤੀਨ ਧੁਖ ਰਿਹਾ ਹੈ... ਮਾਵਾਂ ਨਪੁੱਤੀਆਂ ਹੋ ਰਹੀਆਂ ਹਨ, ਨਿੱਕੇ ਨਿੱਕੇ ਬਾਲ ਮਾਵਾਂ ਦੀ ਛੋਹ ਲਈ ਤਰਸ ਰਹੇ ਹਨ। ਮਾਵਾਂ ਦੀਆਂ ਅੱਖਾਂ 'ਚੋਂ ਸਿੰਮਦੇ ਅੱਥਰੂ ਕੁਲ ਸੰਸਾਰ ਵੇਖ ਰਿਹਾ ਹੈ। ਫਲਸਤੀਨ ਮੁਕਤੀ ਚਾਹੁੰਦਾ ਹੈ। ਮਾਵਾਂ ਅਸੀਸ ਦੇ ਰਹੀਆਂ ਹਨ, ਭਾਵੇਂ ਕੰਬਦੇ ਹੱਥਾਂ ਨਾਲ ਹੀ ਸਹੀ।

ਦਿੱਲੀ ਦੀਆਂ ਬਰੂਹਾਂ 'ਤੇ ਇਤਿਹਾਸ ਰਚਿਆ ਜਾ ਰਿਹਾ ਹੈ। ਵਿਗੜੈਲ ਧੱਕੜ ਸੱਤਾ ਨੂੰ ਖੇਤਾਂ ਦੇ ਪੁੱਤ ਚੁਣੌਤੀ ਦੇ ਰਹੇ ਹਨ। ਛੇ ਮਹੀਨੇ ਹੋ ਗਏ ਹਨ। ਧੁੱਪਾਂ ਵੀ ਸਹਿ ਲਈਆਂ ਤੇ ਕੜਾਕੇ ਦੀ ਠੰਢ ਵੀ, ਤੂਫਾਨ ਵੀ ਬਰਦਾਸ਼ਤ ਕਰ ਲਏ ਤੇ ਨਾਰਾਜ਼ਗੀਆਂ ਵੀ। ਮੋਰਚੇ ਦੀ ਪਵਿੱਤਰਤਾ ਕਾਇਮ ਹੈ ਕਿਉਂਕਿ ਮਾਵਾਂ ਇਸ ਦੇ ਅੰਗ ਸੰਗ ਹਨ। ਮਾਂ ਜ਼ਿੰਦਗੀ ਦਿੰਦੀ ਹੈ, ਮਾਂ ਜ਼ਿੰਦਗੀ ਨੂੰ ਪਾਲਦੀ ਹੈ। ਜਦੋਂ ਮਾਵਾਂ ਨੂੰ ਅਹਿਸਾਸ ਹੋਇਆ ਕਿ ਕੋਈ ਵਪਾਰੀ ਉਸ ਵੱਲੋਂ ਪਾਲੀ ਸ਼ਿੰਗਾਰੀ ਜ਼ਿੰਦਗੀ ਦੇ ਸਿਰ 'ਤੇ



ਮੌਤ ਬੰਨ੍ਹਣ ਜਾ ਰਿਹਾ ਹੈ ਤਾਂ ਮਾਵਾਂ ਚੰਡੀ ਬਣ ਗਈਆਂ। ਸਿਰਾਂ 'ਤੇ ਮੜਾਸੇ ਮਾਰ ਲਏ, ਲੱਕ 'ਤੇ ਪਰਨਾ, ਹੱਥ 'ਚ ਝੰਡਾ। ਮਾਵਾਂ ਨੇ ਸੰਦੂਕਾਂ 'ਚ ਸੁੱਤੇ ਪਏ ਲਹਿੰਗੇ ਸ਼ਰਾਰੇ

**ਡਾ. ਸਾਹਿਬ ਸਿੰਘ**
ਫੋਨ: +91-98880-11096

ਕੰਨੀਓਂ ਫੜ ਜਗਾ ਲਏ ਤੇ ਪੰਜਾਬ ਦੀਆਂ ਗਲੀਆਂ 'ਚ ਜਾਗੋ ਦੇ ਬੋਲ ਉੱਚੇ ਹੋਣ ਲੱਗੇ। ਮਾਂ ਧੀ ਪੁੱਤ ਜਣਦੀ ਹੈ। ਉਹਦੇ ਪੈਰ 'ਚ ਕੰਡਾ ਚੁਭੇ ਤਾਂ ਮਾਂ ਦੀ ਭੁੱਬ ਨਿਕਲਦੀ ਹੈ। ਅੱਜ ਉਨ੍ਹਾਂ ਦੇ ਧੀਆਂ ਪੁੱਤਾਂ ਦੇ ਪੈਰਾਂ 'ਚ ਭੱਖੜਾ ਖਿਲਰਿਆ, ਮਾਵਾਂ ਕਿਵੇਂ ਸਹਿ ਲੈਂਦੀਆਂ। ਮਾਵਾਂ ਨੇ ਸਿਰਾਂ 'ਤੇ ਕੇਸਰੀ ਬਸੰਤੀ ਦੁਪੱਟੇ ਸਜਾਏ ਤੇ ਲੋਕਾਂ ਦੇ ਹੜ੍ਹ 'ਚ ਉਤਰ ਗਈਆਂ। ਹੁਣ ਛੇ ਮਹੀਨੇ ਹੋ ਗਏ ਨੇ, ਮਨਾਂ 'ਚ ਰੋਹ ਹੈ, ਗੁੱਸਾ ਹੈ। ਰੰਗਮੰਚ ਰੋਹ ਪ੍ਰਗਟ ਕਰਨ ਲਈ ਕਾਲੇ ਵੇਸ ਦਾ ਸਹਾਰਾ ਲੈਂਦਾ ਹੈ। ਹਾਲੇ ਪਰਸੋਂ ਚੌਥ ਹੀ ਦਿੱਲੀ ਦੀਆਂ ਬਰੂਹਾਂ 'ਤੇ 'ਕਾਲਾ ਮੈਂਡਾ ਵੇਸ' ਧੜਕ ਰਿਹਾ ਸੀ। ਮਾਵਾਂ ਦੇ ਸਿਰਾਂ 'ਤੇ ਕਾਲੀਆਂ ਚੁੰਨੀਆਂ, ਮੱਥਿਆਂ 'ਤੇ ਕਾਲੀਆਂ ਪੱਟੀਆਂ, ਹੱਥਾਂ 'ਚ ਕਾਲੇ ਝੰਡੇ, ਜਨਣੀ ਹੁਣ ਖੁਦ 'ਭਗਤ ਜਨ' ਹੋ ਗਈ ਹੈ, ਖੁਦ ਦਾਤਾ ਤੇ ਸੂਰਮਾ ਬਣ ਲਲਕਾਰ ਰਹੀ ਹੈ।

7 ਅਕਤੂਬਰ, 1991 ਅੰਮ੍ਰਿਤਸਰ ਦਾ ਗਾਂਧੀ ਗਰਾਊਂਡ। ਪੰਜਾਬੀ ਰੰਗਮੰਚ ਦਾ ਸੁਪਨਸਾਜ਼ ਨਿਰਦੇਸ਼ਕ ਕੇਵਲ ਧਾਲੀਵਾਲ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਸਿੱਖਿਅਤ ਹੋ ਕੇ ਆਪਣੇ ਗਰਾਂ ਪਹੁੰਚਿਆ ਸੀ। ਲੋਕਾਂ ਦੇ ਮਨਾਂ 'ਚ ਉਤਸ਼ਾਹ ਸੀ। ਉਨ੍ਹਾਂ ਦਾ ਆਪਣਾ ਲਾਡਲਾ ਸਪੂਤ 'ਦੂਜੇ ਦੇਸ਼' ਤੋਂ ਕਲਾ ਦਾ ਵਣਜ ਕਮਾ ਕੇ ਆਇਆ ਸੀ। ਉਸ ਦਿਨ ਪੰਜਾਬੀ ਰੰਗਮੰਚ ਦੇ ਇਕ ਸੁਨਹਿਰੇ ਦੌਰ ਦਾ ਆਰੰਭ ਹੋਣਾ ਸੀ। ਪੇਸ਼ਕਾਰੀ ਦਾ ਸਿਰਲੇਖ ਸੀ 'ਮਾਵਾਂ'। ਕੇਵਲ ਆਪਣੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਮਾਵਾਂ ਦੇ ਪੈਰੀਂ ਹੱਥ ਲਾ ਅਸੀਸ ਲੈਣਾ ਚਾਹੁੰਦਾ ਸੀ। ਉਸ ਦਿਨ ਇਕ ਨਹੀਂ ਤਿੰਨ ਕਹਾਣੀਆਂ ਪਰਦੇ ਤੋਂ ਪਾਰ ਅੰਗੜਾਈਆਂ ਲੈ ਰਹੀਆਂ ਸਨ। ਜੌਨ ਇਰਵਿਨ ਦਾ ਨਾਟਕ 'ਦਿ ਪ੍ਰੋਗ੍ਰੈੱਸ', ਰਫੀਕ ਉਲ ਹਕੀਮ ਦਾ ਨਾਟਕ 'ਮੌਤ ਦਾ ਗੀਤ' ਤੇ ਮੈਕਸਿਮ ਗੋਰਕੀ ਦੀ ਕਹਾਣੀ 'ਗੱਦਾਰ ਦੀ ਮਾਂ''। ਤਿੰਨ ਮਾਵਾਂ ਦੀ ਕਹਾਣੀ ਦੇ ਵੱਖਰੇ ਰੰਗ ਦੇ ਧਾਗੇ ਨਿਰਦੇਸ਼ਕ ਨੇ ਇਕੋ ਖੱਡੀ 'ਤੇ ਚਾੜ੍ਹ ਲਏ ਸਨ, ਬੁਣਤੀ ਬੁਣਦਿਆਂ ਕੁਝ ਰੰਗ ਡਾ. ਸ਼ਹਰਯਾਰ ਦੇ ਗੀਤਾਂ 'ਚੋਂ ਨਿਚੋੜ ਲਏ ਤੇ ਸੋਹਣੀ ਦਰੀ ਮੰਚ 'ਤੇ ਵਿਛਾਈ। 'ਮਾਵਾਂ' ਨਾਟਕ ਦੀ ਸ਼ੁਰੂਆਤ ਕਹਿ ਰਹੀ ਸੀ, ਕੁਝ ਨਿਵੇਕਲਾ ਵਾਪਰ ਰਿਹਾ ਹੈ। ਭਰਪੂਰ ਕੋਰਸ ਦਰਸ਼ਕਾਂ ਦੇ ਰੂਬਰੂ ਸੀ। ਪਰਮਜੀਤ ਸਿੰਘ ਦਾ ਸੰਗੀਤ ਤੇ ਪੁਰਸੋਜ਼ ਆਵਾਜ਼ ਮਾਹੌਲ ਨੂੰ ਰੋਹ ਪ੍ਰਦਾਨ ਕਰ ਰਹੀ ਸੀ ਤੇ ਦ੍ਰਿਸ਼ ਅੰਦਰ ਜੋ ਸਭ ਤੋਂ ਗੌਲਣਯੋਗ ਤੇ ਇਤਿਹਾਸਕ ਕਾਰਜ ਹੋ ਰਿਹਾ ਸੀ, ਉਹ ਸੀ ਕਾਲੀਆ ਚਾਦਰਾਂ। ਰੋਹ ਦਾ ਪ੍ਰਤੀਕ ਬਣੀਆਂ ਕਾਲੀਆਂ ਚਾਦਰਾਂ ਕਲਾਕਾਰਾਂ ਦੇ ਸਰੀਰਾਂ 'ਤੇ ਸਜੀਆਂ ਹੋਈਆਂ ਸਨ। ਕਾਲੀਆਂ ਚਾਦਰਾਂ ਦੇ



ਚਾਰੇ ਪਾਸੇ ਲਾਲ ਰੰਗ ਦੀ ਬਾਰੀਕ ਪੱਟੀ ਫੈਲੀ ਹੋਈ ਸੀ। ਰੋਹ ਤੇ ਲਹੂ ਰਚ ਮਿਚ ਗਏ ਸਨ। ਉਹ ਕਾਲਾ ਰੰਗ ਸੱਤ ਅਕਤੂਬਰ ਦੀ ਸ਼ਾਮ ਨੂੰ ਪੰਜਾਬੀ ਰੰਗਮੰਚ ਦੀਆਂ ਭਵਿੱਖੀ ਪੇਸ਼ਕਾਰੀਆਂ ਦਾ ਅਨਿੱਖੜਵਾਂ ਅੰਗ ਬਣ ਗਿਆ ਸੀ। ਲਗਪਗ ਹਰ ਰੰਗ ਟੋਲੀ ਨੇ ਇਨ੍ਹਾਂ ਕਾਲੀਆਂ ਚਾਦਰਾਂ ਨੂੰ ਅਪਣਾ ਲਿਆ ਸੀ ਤੇ 26 ਮਈ ਨੂੰ ਕਾਲਾ ਵੇਸ ਹਕੂਮਤ ਨੂੰ ਵੰਗਾਰ ਰਿਹਾ ਸੀ।

ਇਸ ਤੋਂ ਪਹਿਲਾਂ ਕਿ ਉਸ ਸ਼ਾਮ ਦੀ ਪੇਸ਼ਕਾਰੀ ਬਿਆਨ ਕਰਾਂ, ਇਕ ਕਿੱਸਾ ਸੁਣਾ ਦਿਆਂ। ਇਹ ਕਿੱਸਾ ਕੇਵਲ ਧਾਲੀਵਾਲ ਦਾ ਨਹੀਂ, ਸ਼ਿਵ ਸਿੰਘ ਦਾ ਹੈ, ਕੇਵਲ ਧਾਲੀਵਾਲ ਦਾ ਬਾਪ! ਉਸ ਨੇ ਤਾ-ਉਮਰ ਚਿੱਟਾ ਲਿਬਾਸ ਪਹਿਨਿਆ ਸੀ, ਚਿੱਟਾ ਕੁੜਤਾ, ਚਿੱਟਾ ਚਾਦਰਾ ਤੇ ਸਿਰ 'ਤੇ ਚਿੱਟੀ ਪੱਗ। ਪਰ ਉਸ ਦੀ ਸੰਘਰਸ਼ਮਈ ਜ਼ਿੰਦਗੀ 'ਚ ਉਹ ਪਲ ਵੀ ਆਏ ਜਦੋਂ ਉਸ ਨੇ ਰੰਗ ਬਦਲ ਦਿੱਤਾ ਸੀ। ਉਦੋਂ ਕੇਵਲ ਤੇ ਉਹਦੇ ਭਰਾ ਦਾ ਜਨਮ ਨਹੀਂ ਸੀ ਹੋਇਆ। ਸ਼ਿਵ ਸਿੰਘ ਧੀਆਂ ਦਾ ਬਾਪ ਸੀ। ਸ਼ਰੀਕਾਂ ਸੋਚਿਆ, ਜਿਹੜੀ ਜ਼ਮੀਨ 'ਚ ਸ਼ਿਵ ਸਿੰਘ ਹਲ ਵਾਹੁੰਦਾ ਹੈ, ਆਖਰ ਤਾਂ ਇਨ੍ਹਾਂ ਸਿਆੜਾਂ 'ਚ ਸਾਡੇ ਹੀ ਬਲਦ ਤੁਰਨਗੇ। ਸ਼ਿਵ ਸਿੰਘ ਨੂੰ ਭਿਣਕ ਪੈ ਗਈ। ਸਰਹੱਦ ਦੇ ਲਾਗੇ ਪੈਂਦੇ ਪਿੰਡ ਧਾਲੀਵਾਲ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਦਿੱਤਾ ਤੇ ਐਲਾਨ ਕਰਤਾ, 'ਸਾਂਭੋ ਜ਼ਮੀਨਾਂ! ਅੱਜ ਤੋਂ ਇਸ ਪਿੰਡ ਦੀ ਜੂਹ ਨਹੀਂ ਟੱਪਣ ਲੱਗਾ!' ਉਸ ਦਿਨ ਸ਼ਿਵ ਸਿੰਘ ਨੇ ਰੋਹ ਦਾ ਵਿਖਾਵਾ ਕਰਨ ਖਾਤਰ ਚਿੱਟੀ ਦੀ ਥਾਂ ਕਾਲੀ ਪੱਗ ਬੰਨ੍ਹੀ ਸੀ। ਮੁੜ ਕਦੇ ਨਹੀਂ ਬੰਨ੍ਹੀ। ਰੰਗਾਂ ਦੇ ਅਰਥ ਹੁੰਦੇ ਹਨ, ਅਰਥ ਉਜਾਗਰ ਕਰਨ ਲਈ ਸਮਝ ਤੇ ਜੇਰਾ ਚਾਹੀਦਾ। ਸ਼ਾਇਦ ਕੇਵਲ ਧਾਲੀਵਾਲ ਵੱਲੋਂ ਵਰਤੀਆਂ ਉਹ ਕਾਲੀਆਂ ਚਾਦਰਾਂ ਦਾ ਕੱਪੜਾ ਸ਼ਿਵ ਸਿੰਘ ਦੀ ਪੱਗ ਦੇ ਹੀ ਲੜ ਸਨ। ਰੋਹ ਤਾਂ ਰੋਹ ਹੈ, ਨਿੱਜੀ ਜਾਂ ਸਮੂਹਿਕ।

ਉਸ ਸ਼ਾਮ 'ਕਾਲਾ ਵੇਸ' ਬੋਲ ਰਿਹਾ ਸੀ:

ਚੰਦ ਸੂਰਜ ਵੀ ਇਉਂ ਲੱਗਦੇ
ਜਿਉਂ ਆਦਮ ਦਾ ਔਜ਼ਾਰ ਜਿਹਾ
ਤੁਰ ਗਏ ਰਾਜੇ ਰਾਜਗਰਦੀਆਂ
ਦਾ ਕੁਝ ਧੁੰਦੂਕਾਰਾ ਜਿਹਾ!

ਮੰਚ ਉਤੇ ਸਾਇੰਸਦਾਨ ਹੈਨਰੀ ਦੀ ਪ੍ਰਯੋਗਸ਼ਾਲਾ ਦਿਖਾਈ ਦੇ ਰਹੀ ਸੀ। ਮਰਹੂਮ ਅਦਾਕਾਰ ਨਰਿੰਦਰ ਜੱਟੂ ਪ੍ਰੋ. ਹੈਨਰੀ ਬਣਿਆ ਆਪਣੀ ਨਵੀਂ ਇਜਾਦ ਨੂੰ ਅੰਤਮ ਰੂਪ ਦੇ ਕੇ ਉਤਸ਼ਾਹ ਨਾਲ ਭਰਿਆ ਨਜ਼ਰ ਆ ਰਿਹਾ ਹੈ। ਉਸ ਦੀ ਭੈਣ ਮਿਸਿਜ਼ ਮੈਲਟਨ (ਰੇਨੂੰ ਸਿੰਘ) ਲਈ ਅੱਜ ਦਾ ਦਿਨ ਅਫਸੋਸ ਦਾ ਦਿਨ ਹੈ ਕਿਉਂਕਿ ਉਸ ਦਾ ਇਕਲੌਤਾ ਪੁੱਤਰ ਜੰਗ ਵਿਚ ਅੱਜ ਦੇ ਦਿਨ ਬੰਬ ਫਟਣ ਨਾਲ ਪਲੀਤਾ ਪਲੀਤਾ ਹੋ ਗਿਆ ਸੀ। ਹੈਨਰੀ ਨੇ ਅਜਿਹੇ ਬੰਬ ਦਾ ਫਾਰਮੂਲਾ ਤਿਆਰ ਕੀਤਾ ਹੈ ਜੋ ਇਕੋ ਸਮੇਂ ਸ਼ਹਿਰ ਦਾ ਸ਼ਹਿਰ ਤਬਾਹ ਕਰ ਸਕਦਾ ਹੈ। ਉਹ ਜੰਗ ਦਾ ਸਮਾਂ ਘਟਾਉਣਾ ਚਾਹੁੰਦਾ ਹੈ। ਮੈਲਡਨ ਚਾਹੁੰਦੀ ਹੈ, ਇਹ ਫਾਰਮੂਲਾ ਤਬਾਹ ਕਰ ਦਿੱਤਾ ਜਾਵੇ, ਪਰ ਹੈਨਰੀ ਇਸ ਦਾ ਮੁੱਲ ਵੱਟਣਾ ਚਾਹੁੰਦਾ ਹੈ। ਹੈਨਰੀ ਮਿਲਡਨ ਨੂੰ ਭਾਵੁਕਤਾ ਤਿਆਗ ਕੇ 'ਵੱਡੇ ਦ੍ਰਿਸ਼ਟੀਕੋਣ' ਦੇ ਲੜ ਲੱਗਣ ਲਈ ਮਨਾ ਰਿਹਾ ਹੈ, ਪਰ ਮੈਲਡਨ ਇਕ ਬੱਚੇ ਦੀ ਮਾਂ ਹੈ। ਉਹ ਕੁੱਲ ਦੁਨੀਆਂ ਦੇ ਬੱਚੇ ਬਚਾਉਣਾ ਚਾਹੁੰਦੀ ਹੈ। ਮੇਜ਼ 'ਤੇ ਪਿਆ ਸਾਮਾਨ ਤਹਿਸ ਨਹਿਸ ਕਰਨ ਦੀ ਕੋਸ਼ਿਸ਼ ਕਰਦੀ ਹੈ। ਹੈਨਰੀ ਨੂੰ ਫਰਕ ਨਹੀਂ ਪੈਂਦਾ ਕਿਉਂਕਿ ਫਾਰਮੂਲਾ ਉਸ ਦੇ ਦਿਮਾਗ 'ਚ ਹੈ। ਮੈਲਟਨ ਫੈਸਲਾ ਲੈਂਦੀ ਹੈ ਤੇ ਸ਼ੈਤਾਨੀ ਦਿਮਾਗ 'ਤੇ ਚਾਕੂ ਨਾਲ ਵਾਰ ਕਰਦੀ ਹੈ। ਹੈਨਰੀ ਲੁੜਕਦਾ ਹੈ। ਮੈਲਡਨ ਪੁੱਤ ਦੀ ਕਬਰ 'ਤੇ ਚੜ੍ਹਾਉਣ ਲਈ ਲਿਆਂਦੇ ਫੁੱਲ ਛਾਤੀ ਨਾਲ ਲਗਾਉਂਦੀ ਹੈ। ਕੋਰਸ ਗੁਹਾਰ ਕਰਦਾ ਹੈ:

ਓ ਐਟਮਾਂ ਦੇ ਤਾਜਰੋ
ਬਾਰੂਦ ਦੇ ਵਣਜਾਰਿਓ
ਹੁਣ ਹੋਰ ਨਾ ਮਨੁੱਖ ਸਿਰ
ਲਹੂਆਂ ਦਾ ਕਰਜ਼ਾ ਚਾੜ੍ਹਿਓ!

ਇਹ ਕਹਾਣੀ ਮੁੱਕਦੀ ਹੈ, ਦੂਜੀ ਸ਼ੁਰੂ ਹੋ ਜਾਂਦੀ ਹੈ 'ਮੌਤ ਦਾ ਗੀਤ'। ਮਾਂ ਆਪਣੇ ਪੁੱਤ ਦੁੱਲੇ ਨੂੰ ਉਡੀਕ ਰਹੀ ਹੈ ਕਿ ਆਏਗਾ ਤੇ ਆਪਣੇ ਪਿਉ ਦਾ ਬਦਲਾ ਲਵੇਗਾ। ਫਰੀਦਾ ਉਸ ਨੂੰ ਸਟੇਸ਼ਨ ਤੋਂ ਲੈ ਕੇ ਆਉਂਦਾ ਹੈ। ਦੁੱਲਾ ਬਦਲਿਆਂ ਦੀ ਖੇਡ ਖੇਡਣ ਤੋਂ ਇਨਕਾਰ ਕਰਦਾ ਹੈ, ਮੁੜ ਜਾਂਦਾ ਹੈ। ਫਰੀਦਾ ਮਾਂ ਦੀ ਇੱਛਾ ਪੂਰੀ ਕਰਨ ਲਈ ਅੱਗੇ ਆਉਂਦਾ ਹੈ। ਮਾਂ ਲਈ ਬੇਗੈਰਤ ਦੁੱਲੇ ਦਾ ਜਿਊਂਦੇ ਰਹਿਣਾ ਮਿਹਣੇ ਸਾਮਾਨ ਹੈ। ਫਰੀਦਾ ਦੁੱਲੇ ਨੂੰ ਮਾਰਦਾ ਹੈ ਤੇ ਦੂਰੋਂ ਮੌਤ ਦਾ ਗੀਤ ਗਾ ਕੇ ਮਾਂ ਨੂੰ ਸੁਨੇਹਾ ਦਿੰਦਾ ਹੈ। ਤਣਾਅ ਦਾ ਸਿਖਰ ਹੁੰਦਾ ਹੈ ਜਦੋਂ ਮਾਂ (ਸੁਰਜੀਤ ਕੌਰ) ਅਤੇ ਮਾਸੀ (ਰਵਿੰਦਰ ਅਟਵਾਲ, ਹੁਣ ਰਮਾ ਸੇਖੋਂ) ਇੰਤਜ਼ਾਰ ਕਰ ਰਹੀਆਂ ਹਨ ਕਿ ਹੁਣ ਗੀਤ ਗੂੰਜੇਗਾ।

ਤੀਜੀ ਕਹਾਣੀ ਸਿਖਰ ਸਿਰਜਦੀ ਹੈ। ਗੱਦਾਰ (ਜਗਜੀਤ ਢਿੱਲੋਂ) ਆਪਣੇ ਹੀ ਦੇਸ਼ ਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ। ਮਾਂ (ਰਮਾ ਸੇਖੋਂ) ਸਿਪਾਹੀਆਂ ਦੀ ਮਿੰਨਤ ਕਰ ਕੇ ਪੁੱਤ ਨੂੰ ਮਿਲਣ ਜਾਂਦੀ ਹੈ। ਪੁੱਤ ਜ਼ਿੱਦ 'ਤੇ ਅੜਿਆ ਹੈ। ਮਾਂ ਪੁੱਤ ਦਾ ਸਿਰ ਆਪਣੀ ਛਾਤੀ 'ਤੇ ਟਿਕਾ ਲੈਂਦੀ ਹੈ। ਛੁਰਾ ਕੱਢਦੀ ਹੈ ਤੇ ਇਕੋ ਵਾਰ ਨਾਲ ਗੱਦਾਰ ਪੁੱਤ ਦਾ ਅੰਤ ਕਰ ਦਿੰਦੀ ਹੈ। ਸੰਵਾਦ ਗੂੰਜਦਾ ਹੈ, 'ਮਾਂ ਦਾ ਛੁਰਾ ਐਨ ਟਿਕਾਣੇ ਵੱਜਿਆ, ਮਾਂ ਜਾਣਦੀ ਸੀ ਕਿ ਦਿਲ ਕਿੱਥੇ ਧੜਕ ਰਿਹੈ!' ਦੂਜਾ ਵਾਰ ਆਪਣੀ ਹਿੱਕ 'ਚ ਕਰਦੀ ਹੈ। ਫਿਰ ਸੰਵਾਦ ਲਰਜ਼ਦਾ ਹੈ, 'ਮਾਂ ਦਾ ਨਿਸ਼ਾਨਾ ਇਸ ਵਾਰ ਵੀ ਨਾ ਉਕਿਆ ਕਿਉਂਕਿ ਦੁਖਦੇ ਦਿਲ ਦੀ ਥਾਂ ਲੱਭਣਾ ਮੁਸ਼ਕਿਲ ਨਹੀਂ ਹੁੰਦਾ!' ਕੋਰਸ ਦੇ ਮੂੰਹੋਂ ਸ਼ਹਰਯਾਰ ਦੀ ਸਤਰ ਦਰਸ਼ਕ ਦੇ ਸੀਨੇ ਵੱਜਦੀ ਹੈ, 'ਇਹ ਮਾਂ ਦਾ ਰੂਪ ਸਰੂਪ ਹੈ... ਖੁਦਾ ਜਿਹਾ!'

ਜੰਗ, ਹਥਿਆਰ, ਹੈਵਾਨੀਅਤ ਦੇ ਖਿਲਾਫ ਵੱਖਰੇ ਰੰਗਾਂ 'ਚ ਰੰਗੀਆਂ ਤਿੰਨ ਮਾਵਾਂ ਦੀ ਕਹਾਣੀ ਪੇਸ਼ ਕਰ ਕੇ ਕੇਵਲ ਧਾਲੀਵਾਲ ਨੇ ਆਪਣੇ ਰੰਗਮੰਚ ਦੀ ਵਿਚਾਰਧਾਰਕ ਤੇ ਡਿਜ਼ਾਈਨੀ ਸੁਰ ਦਾ ਸੰਦੇਸ਼ ਦੇ ਦਿੱਤਾ ਸੀ। ਅੱਜ ਦਿੱਲੀ ਬੈਠੀਆਂ ਮਾਵਾਂ ਤਖਤ ਨੂੰ ਵੰਗਾਰ ਰਹੀਆਂ ਹਨ। ਉਨ੍ਹਾਂ ਦੇ ਸਿਰਾਂ 'ਤੇ ਸਜਿਆ ਕਾਲਾ ਕੱਪੜਾ ਹਾਕਮ ਦੀ ਜ਼ਿੱਦ ਦਾ ਕਫਨ ਬਣੇਗਾ ਤੇ ਰਹਿੰਦੀ ਦੁਨੀਆ ਤਕ ਰੋਹ ਦਾ ਇਹ ਰੰਗ ਚੇਤਿਆਂ 'ਚ ਵਸਿਆ ਰਹੇਗਾ।

***ਜੰਗ, ਹਥਿਆਰ, ਹੈਵਾਨੀਅਤ ਦੇ ਖਿਲਾਫ ਵੱਖਰੇ ਰੰਗਾਂ 'ਚ ਰੰਗੀਆਂ ਤਿੰਨ ਮਾਵਾਂ ਦੀ ਕਹਾਣੀ ਪੇਸ਼ ਕਰ ਕੇ ਕੇਵਲ ਧਾਲੀਵਾਲ ਨੇ ਆਪਣੇ ਰੰਗਮੰਚ ਦੀ ਵਿਚਾਰਧਾਰਕ ਤੇ ਡਿਜ਼ਾਈਨੀ ਸੁਰ ਦਾ ਸੰਦੇਸ਼ ਦੇ ਦਿੱਤਾ ਸੀ। ਅੱਜ ਦਿੱਲੀ ਬੈਠੀਆਂ ਮਾਵਾਂ ਤਖਤ ਨੂੰ ਵੰਗਾਰ ਰਹੀਆਂ ਹਨ। ਉਨ੍ਹਾਂ ਦੇ ਸਿਰਾਂ 'ਤੇ ਸਜਿਆ ਕਾਲਾ ਕੱਪੜਾ ਹਾਕਮ ਦੀ ਜ਼ਿੱਦ ਦਾ ਕਫਨ ਬਣੇਗਾ ਤੇ ਰਹਿੰਦੀ ਦੁਨੀਆ ਤਕ ਰੋਹ ਦਾ ਇਹ ਰੰਗ ਚੇਤਿਆਂ 'ਚ ਵਸਿਆ ਰਹੇਗਾ।***

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਜੂਨ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-486



***ਕੋਸੇ ਹੰਝੂ ਦਿਲ-ਦਿਲਾਸਾ ਢਾਹ ਗਏ ਨੇ।***
***ਪਹਾੜ ਦੁੱਖਾਂ ਦੇ ਲਗਰ-ਜ਼ਿੰਦਗੀ ਖਾ ਗਏ ਨੇ।***
***ਕੋਈ ਤਾਂ ਆ ਕੇ ਸੁਣੇ ਦਿਲਾਂ ਦੀਆਂ ਹੂਕਾਂ ਨੂੰ,***
***ਕਾਲੇ ਵੇਲੇ ਆਣ ਹਨੇਰਾ ਪਾ ਗਏ ਨੇ।***

## ਕੈਪਸ਼ਨ ਮੁਕਾਬਲਾ-484



ਕੂੜ ਕਬਾੜ 'ਚੋਂ ਭਾਲ-ਭੂਲ ਕੇ
ਰਲ ਮਿਲ ਖੁਸ਼ੀ ਮਨਾਈ ਜਾਵਣ।
ਇੱਕ ਦੂਜੀ ਦੇ ਸਿਰ ਦੇ ਉਪਰ
ਜਨਮ ਦੇ ਤਾਜ ਸਜਾਈ ਜਾਵਣ।
ਵਿਸ਼ਵ ਗੁਰੂ ਦੇ ਰਹਿਬਰਾਂ ਤਾਈਂ
ਅਸਲ ਤਸਵੀਰ ਦਿਖਾਈ ਜਾਵਣ।

***-ਜਗਮੀਤ ਸਿੰਘ ਪੰਧੇਰ***

---

ਬੱਚੇ ਰੱਬ ਦਾ ਰੂਪ ਨੇ ਹੁੰਦੇ
ਇੱਕੋ ਜਿਹੇ ਸਭ ਦੇ ਚਾਅ,
ਰੀਝਾਂ ਤੇ ਸੁਫਨੇ ਇੱਕੋ ਹੁੰਦੇ
ਬੱਚੇ ਚਾਹੁੰਦੇ ਲਈਏ ਮਨਾ।
ਪਰ ਕਾਣੀ ਵੰਡ ਚੰਦਰੀ ਨੇ
ਐਸੇ ਬੇੜੀਆਂ 'ਚ ਵੱਟੇ ਪਾਏ,
ਕੋਈ ਮਨਾਵੇ ਵਿਚ ਹੋਟਲਾਂ
ਕੋਈ ਢੇਰੋਂ ਚੁੱਕ ਸਿਰ ਪਾਏ।

***-ਸੇਵਾ ਸਿੰਘ ਨੂਰਪੁਰੀ***

---

ਕੂੜਾ ਫਰੋਲਦੀਆਂ, ਬੱਚੀਆਂ ਨੂੰ,
ਸੁੱਟੀਆਂ ਟੋਪੀਆਂ ਗਈਆਂ ਥਿਆ।
ਇੱਕ-ਦੂਜੇ ਦੇ ਸਿਰ ਸਜਾ ਕੇ ਆਖਣ,
ਆ ਭੈਣੇ ਜਨਮ-ਦਿਨ ਲਈਏ ਮਨਾ।
ਮਸਤ ਖੇਡ ਵਿਚ ਸਭ ਕੁਝ ਭੁੱਲੀਆਂ,
ਅਣਮੁੱਲਾ ਖਜਾਨਾ ਜਿਵੇਂ ਹੱਥ ਗਿਆ ਹੈ ਆ।

***-ਦਵਿੰਦਰ ਕੌਰ***

---

ਨੰਨ੍ਹੇ-ਮੁੰਨੇ ਔਹ ਬੱਚੇ ਦੇਖੋ
ਢੇਰਾਂ 'ਤੇ ਪਏ ਕਰਨ ਕਲੋਲਾਂ,
ਕੋਲ ਨਾ ਕੋਈ ਖੇਡ ਖਿਡਾਉਣਾ
ਕੂੜੇ ਕਰਕਟ ਦੇ ਢੇਰ ਫਰੋਲਣ।
ਲੋਕਾਂ ਦੀਆਂ ਰੱਦੀ ਸੁੱਟੀਆਂ ਚੀਜ਼ਾਂ
ਲੱਭ ਲੱਭ ਇਉਂ ਉਹ ਟੱਪਣ
ਅਸ਼ਰਫੀਆਂ ਜਿਉਂ ਹੋਵਣ ਲੱਭੀਆਂ
ਸਿਰਾਂ ਦੇ ਤਾਜ ਸਮਝ ਕੇ ਹੱਸਣ।

***-ਕਲਵੰਤ ਸਿੰਘ ਸਹੋਤਾ***

---

ਨਿੱਕੀਆਂ ਜਿੰਦਾਂ ਮਨਾਂ ਦੇ ਅੰਦਰ,
ਚਿਰਾਂ ਤੋਂ ਸਾਂਭੀ ਫਿਰਨ ਅਰਮਾਨ।
ਅਸੀਂ ਵੀ ਜੰਮੇ, ਮਾਂਵਾਂ ਦੀ ਕੁੱਖੋਂ,
ਜਨਮ ਦਿਨ ਸਾਡੇ ਮਨਾਏ ਜਾਣ।
ਰੂੜੀਆਂ ਇਨ੍ਹਾਂ ਲਈ 'ਮਾਲ' ਬਣਦੀਆਂ,
ਬੇਹੀ ਰੋਟੀ ਬਣ ਜਾਏ ਕੇਕ।
'ਬਰਥ ਡੇ ਕੈਪ' ਢੇਰ 'ਚੋਂ ਮਿਲ'ਗੇ,
ਹੱਸੀ ਜਾਣ, ਇੱਕ ਦੂਜੇ ਨੂੰ ਵੇਖ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਕੂੜੇ ਵਿਚੋਂ ਕੁੜੀਆਂ,
ਖੁਸ਼ੀਆਂ ਰਹੀਆਂ ਭਾਲ।
ਨਸੀਬ ਰੱਬ ਨੇ ਲਿਖੇ ਇਨ੍ਹਾਂ ਦੇ,
ਕੱਚੀ ਪੈਨਸਿਲ ਨਾਲ।
ਅਸਲੀ ਤਖਤਾਂ ਤਾਜਾਂ ਵਿਚ
ਇਨ੍ਹਾਂ ਦਾ ਹਿੱਸਾ ਹੁੰਦਾ,
ਜੇ ਚੱਜ ਦਾ ਹੁੰਦਾ ਸੰਵਿਧਾਨ।
ਅੰਨੀ ਪੀਂਹਦੀ ਕੁੱਤੇ ਚੱਟਦੇ,
ਗਰੀਬ ਕਿੱਧਰ ਨੂੰ ਜਾਣ।

***-ਵਿਨੋਦ ਗਰਗ***

---

ਕਚਰਾ ਫਰੋਲਦੀਆਂ ਕੁੜੀਆਂ ਨੂੰ
ਲੱਭੇ ਸਿਰਾਂ ਦੇ ਚਮਕਣੇ ਤਾਜ।
ਖੁਸ਼ੀਆਂ ਨਾ ਜਾਣ ਸਾਂਭੀਆਂ
ਕੀਹਨੂੰ ਦੱਸੀਏ ਦਿਲਾਂ ਦੇ ਰਾਜ਼।
ਭੋਲਾ ਬਚਪਨ ਕਰੇ ਕਲੋਲਾਂ
ਬੁਣਦਾ ਸੁਪਨਮਈ ਜ਼ਿੰਦਗੀ ਦਾ ਤਾਣਾ
ਮਿਹਨਤਾਂ ਜੇ ਰਹੀਆਂ ਕਰਦੀਆਂ
ਅਨਮੋਲ ਹੀਰੇ ਇਨ੍ਹਾਂ ਬਣ ਜਾਣਾ।

***-ਅਮਰਜੀਤ ਸਿੰਘ ਤੂਰ***

---

ਸਮਾਜੀ ਚੋਹਲ-ਪੋਹਲ ਹੀ ਐਸੇ
ਹਰ ਮੁੰਡਾ ਕੁੜੀ ਸੁਨੱਖਾ ਦਿਸਣਾ ਚਾਹੁੰਦਾ।
ਕਈਆਂ ਲਈ ਸੁਖਾਲਾ,
ਕਈ ਹੱਥ ਪੈਰ ਮਾਰਦੇ।
ਫਰੋਲ ਫਰੋਲ ਕੂੜਾ-ਕਰਕਟ
ਲੱਭ ਲੈਂਦੇ ਜੋ ਦਿਲਾਂ ਨੂੰ ਭਾਉਂਦਾ।
ਸਜਾ ਸਜਾ ਸਿਰ 'ਤੇ ਫੁੱਲੇ ਨਾ ਸਮਾਉਂਦੇ
ਡੂੰਘੀਆਂ ਸੋਚਾਂ 'ਚ ਪੈ ਸੋਚਦੇ
ਜੋ ਫਲਾਣੇ ਕੋਲ ਹੈ,
ਮੇਰੇ ਕੋਲ ਕਿਉਂ ਨਹੀਂ।

***-ਦਰਸ਼ਨਪਾਲ ਦੋਸਾਂਝ***

# ਸਭ ਤੋਂ ਖਤਰਨਾਕ ਹੁੰਦੀ ਹੈ, ਮਾਨਸਿਕ ਅਪਾਹਜਤਾ

## ਚਲਦੇ ਚਲਦੇ



ਇੰਦਰਜੀਤ ਚੁਗਾਵਾਂ

ਆਪਣੇ 'ਤੇ ਝਾਤ ਮਾਰਨ ਦੀ ਕਲਾ ਜੇ ਕਿਸੇ ਨੂੰ ਆ ਜਾਵੇ ਤਾਂ ਉਸ ਲਈ ਬਹੁਤ ਕੁਝ ਸੁਖਾਲਾ ਹੋ ਜਾਂਦਾ ਹੈ। ਬਾਬੇ ਨਾਨਕ ਵੱਲੋਂ ਦਿੱਤਾ ਗਿਆ ਇਹ ਗੁਰ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥" ਅਸੀਂ ਪੜ੍ਹਿਆ-ਗੁਣਗੁਣਾਇਆ ਬਹੁਤ ਹੈ, ਪਰ ਇਸ ਨੂੰ ਸਮਝਣ-ਸਮਝਾਉਣ 'ਤੇ ਅਮਲ 'ਚ ਲਿਆਉਣ ਦੀ ਜ਼ਹਿਮਤ ਕਿੰਨਿਆਂ ਨੇ ਉਠਾਈ ਹੈ, ਇਸ ਬਾਰੇ ਕੁਝ ਕਹਿਣ ਦੀ ਲੋੜ ਨਹੀਂ।

ਅੱਧੀ ਰਾਤ ਆਏ ਇੱਕ ਫੋਨ ਨੇ ਮੈਨੂੰ ਥੋੜ੍ਹਾ ਪ੍ਰੇਸ਼ਾਨ ਕਰ ਦਿੱਤਾ ਸੀ, ਜਿਸ ਤੋਂ ਬਾਅਦ ਆਪਣੇ 'ਤੇ ਝਾਤ ਮਾਰੀ ਤਾਂ ਕਿ ਕੋਈ ਅਜਿਹੀ ਗਲਤੀ ਦਾ ਪਤਾ ਲੱਗ ਸਕੇ, ਜਿਸ ਨੇ ਕਿਸੇ ਆਪਣੇ-ਪਰਾਏ ਨੂੰ ਦੁੱਖ ਪਹੁੰਚਾਇਆ ਹੋਵੇ। ਆਪਣੀ ਗਲਤੀ ਦਾ ਪਤਾ ਖੁਦ ਨੂੰ ਘੱਟ ਈ ਲਗਦੈ ਤੇ ਮੈਂ ਕੋਈ ਵੱਖਰਾ ਨਹੀਂ। ਜੇ ਤੁਹਾਡੇ ਕੋਲ ਸੁਹਿਰਦ ਮਿੱਤਰ ਹਨ, ਜੋ ਤੁਹਾਨੂੰ ਸਮੇਂ ਸਿਰ ਸਹੀ ਸਲਾਹ ਦੇ ਸਕਦੇ ਹੋਣ ਤਾਂ ਤੁਸੀਂ ਫਾਇਦੇ 'ਚ ਹੋ। ਇਸ ਲਈ ਮੇਰੇ 'ਚ ਕੋਈ ਕਮੀ-ਪੇਸ਼ੀ ਹੋਵੇ ਤਾਂ ਤੁਸੀਂ ਜ਼ਰੂਰ ਨੋਟ ਕਰਵਾ ਦੇਣਾ।

ਇੱਕ ਗਰੀਬ ਕਿਸਾਨ ਦਾ ਪੁੱਤ ਹਾਂ। ਮੇਰੇ ਭਾਪਾ ਜੀ ਨੇ ਮੈਨੂੰ ਕਿਰਤ ਕਰਨੀ ਹੀ ਨਹੀਂ ਸਿਖਾਈ, ਕਿਰਤ ਦਾ ਸਤਿਕਾਰ ਕਰਨ ਦੀ ਸੋਝੀ ਵੀ ਦਿੱਤੀ। ਇਹੀ ਕਾਰਨ ਹੈ ਕਿ ਕੋਈ ਵੀ ਕੰਮ ਮੇਰੇ ਲਈ ਛੋਟਾ-ਵੱਡਾ ਨਹੀਂ। ਮੈਂ ਪਸ਼ੂਆਂ ਦਾ ਗੋਹਾ-ਕੂੜਾ ਸਾਂਭਣ ਤੋਂ ਲੈ ਕੇ ਸਮਾਚਾਰ ਸੰਪਾਦਕ ਤੱਕ ਦਾ ਕੰਮ ਬਰਾਬਰ ਸਮਰਪਣ ਭਾਵਨਾ ਨਾਲ ਕੀਤਾ। ਮੈਨੂੰ ਯਾਦ ਆ ਗਿਆ, ਸਾਡੇ ਬਾਬਾ ਪੰਛੀ (ਮੇਰੇ ਭਾਪਾ ਜੀ ਦੇ ਚਾਚਾ ਸ. ਚੰਨਣ ਸਿੰਘ ਪੰਛੀ) ਮੇਰੇ ਵੱਲੋਂ ਲਾਏ ਗਏ ਗੋਹੇ ਦੇ ਢੇਰ ਨੂੰ ਦੇਖ ਕੇ ਕਿਹਾ ਕਰਦੇ ਸੀ, "ਓ ਬਈ ਪੱਤਰਕਾਰਾ, ਤੇਰੇ ਢੇਰ ਦੀ ਫੋਟੋ ਤਾਂ ਅਖਬਾਰ 'ਚ ਲੱਗਣੀ ਚਾਹੀਦੀ ਆ।" ਮੇਰਾ ਜੁਆਬ ਹੁੰਦਾ ਸੀ, "ਬਾਬਾ ਜੀ, ਆਪਣੇ ਮੂੰਹੋਂ ਆਪਣੀ ਸਿਫਤ ਕਰਨੀ ਚੰਗੀ ਨਹੀਂ ਹੁੰਦੀ।"

ਅਖੌਤੀ ਉੱਚ ਜਾਤੀ (ਜੱਟ) 'ਚ ਜਨਮ ਤਾਂ ਜ਼ਰੂਰ ਹੋਇਆ, ਪਰ 'ਡਮਾਕ' ਟਿਕਾਣੇ ਸਿਰ ਹੀ ਰਿਹਾ। ਯਾਰਾਂ ਦੋਸਤਾਂ ਦੀ ਕਤਾਰ 'ਚ 'ਕੰਮ-ਜਾਤ' ਲੋਕਾਂ ਦੀ ਭਰਮਾਰ ਰਹੀ। ਇੱਕ-ਦੂਸਰੇ ਦੇ ਘਰ ਤਵੇ ਤੋਂ ਚੁੱਕ ਕੇ ਖਾਣ ਦਾ ਆਨੰਦ ਅਸੀਂ ਸਾਰੇ ਮਾਣਦੇ ਰਹੇ ਹਾਂ। ਇਹੀ ਕਾਰਨ ਸੀ ਕਿ ਸਾਡੇ ਸਾਰੇ ਦੋਸਤਾਂ ਦੇ ਮਾਪੇ ਸਾਨੂੰ ਆਪਣੇ ਧੀਆਂ-ਪੁੱਤਾਂ ਨਾਲੋਂ ਵੱਧ ਪਿਆਰ ਕਰਦੇ ਹਨ। ਜਾਤ-ਪਾਤ ਦਾ ਝੰਜਟ ਨਾ ਕਦੇ ਸਮਾਜਿਕ ਰਿਸ਼ਤਿਆਂ 'ਚ ਤੇ ਨਾ ਕਦੇ ਕੰਮ-ਕਾਜ਼ੀ ਰਿਸ਼ਤਿਆਂ 'ਚ ਅੜਿੱਕਾ ਬਣਿਆ ਹੈ।

'ਨਵਾਂ ਜ਼ਮਾਨਾ' 'ਚ ਇੱਕ ਹੀ ਥਾਂ ਬੈਠ ਕੇ ਖਾਣਾ ਖਾਣ ਦਾ ਜੋ ਆਨੰਦ ਸੀ, ਉਹ ਸ਼ਾਇਦ ਹੀ ਕਦੇ ਮੁੜ ਨਸੀਬ ਹੋ ਸਕੇ। ਮਾਹੌਲ ਇਹੋ ਜਿਹਾ ਪਰਿਵਾਰਕ ਸੀ, ਕਦੇ ਕਿਸੇ ਦੇ ਜ਼ਿਹਨ 'ਚ ਇਹ ਗੱਲ ਆਈ ਹੀ ਨਹੀਂ ਸੀ ਕਿ ਕੌਣ ਕਿਸ ਜਾਤ ਦਾ ਹੈ ਤੇ ਕੌਣ ਕਿਸ ਜਾਤ ਦਾ! ਇਸ ਮਾਹੌਲ ਨੂੰ ਵਿਗਾੜਨ ਦੀਆਂ ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ, ਪਰ ਸਾਡੇ ਰਿਸ਼ਤਿਆਂ ਦੀ ਗੰਢ ਨੂੰ ਕਮਜ਼ੋਰ ਕਰਨਾ ਏਨਾ ਵੀ ਸੁਖਾਲਾ ਨਹੀਂ ਸੀ। ਇਹ ਕੋਸ਼ਿਸ਼ਾਂ ਮੇਰੇ ਸੇਵਾ ਕਾਲ ਦੇ ਆਖਰੀ ਪੜਾਅ 'ਤੇ ਕੁਝ ਜ਼ਿਆਦਾ ਹੀ ਤੇਜ਼ ਹੋ ਗਈਆਂ ਸਨ, ਪਰ 'ਉੱਪਰਲਿਆਂ' ਦਾ 'ਮੋਹਰਾ' ਬਣੇ ਆਪਣੇ ਮਿੱਤਰ ਨੂੰ ਵਾਰ ਵਾਰ ਇਹੋ ਸਮਝਾਉਂਦਾ ਰਿਹਾ ਕਿ ਆਪਣੇ ਹੱਥੀਂ ਸਿਰਜੀ ਨੀਂਹ 'ਤੇ ਹੀ ਬੰਦਾ ਪੱਕੇ ਪੈਰੀਂ ਖੜ੍ਹਾ ਹੋ ਸਕਦੈ, ਇਸ ਲਈ ਪੂਰਾ ਧਿਆਨ ਆਪਣੇ ਕੰਮ ਵੱਲ ਤੇ ਆਪਣੀ ਸਿਹਤ ਵੱਲ ਦੇ, ਮੁੱਲ ਆਪਣੇ ਆਪ ਪੈ ਜਾਣੈਂ। ਇਸ ਤਲਖੀ ਭਰੇ ਮਾਹੌਲ 'ਚ ਕਦੇ ਵੀ ਆਪਣੇ ਮੂੰਹੋਂ ਆਪਣੇ ਉਸ ਮਰਹੂਮ ਮਿੱਤਰ ਬਾਰੇ ਕੋਈ ਅਪ-ਸ਼ਬਦ ਨਹੀਂ ਸੀ ਕੱਢਿਆ।

ਜ਼ਿੰਦਗੀ ਨਾਲ ਬਚਪਨ ਤੋਂ ਹੀ ਘੁਲਦੇ ਆਏ ਹੋਣ ਕਾਰਨ ਕਿਸੇ ਦਾ ਮਜ਼ਾਕ ਉਡਾਉਣ ਦਾ ਖਿਆਲ ਵੀ ਜ਼ਿਹਨ 'ਚ ਨਹੀਂ ਆਇਆ। 'ਨਵਾਂ ਜ਼ਮਾਨਾ' ਦਫਤਰ 'ਚ ਮਜ਼ਾਕ ਕਰਨ ਦੀ ਆਦਤ ਸਾਨੂੰ ਸਾਰਿਆਂ ਨੂੰ ਸੀ, ਪਰ ਮਜ਼ਾਕ ਉਡਾਉਣ ਦੀ ਆਦਤ ਨਾ ਮੇਰੀ ਹੈ ਤੇ ਨਾ ਹੀ ਹੋਰ ਕਿਸੇ ਦੀ ਸੀ। ਕਿਸੇ ਦੇ ਪਹਿਰਾਵੇ, ਵਾਲਾਂ ਦੇ ਸਟਾਈਲ ਜਾਂ ਕਿਸੇ ਦੀ ਸਰੀਰਕ ਅਵੱਸਥਾ ਬਾਰੇ ਕਦੇ ਕਿਸੇ ਨੇ ਕੋਈ ਮਾੜੀ ਟਿੱਪਣੀ ਨਹੀਂ ਸੀ ਕੀਤੀ।

ਸਾਡੇ ਦੋ ਸਟਾਫ ਮੈਂਬਰ, ਸਰੀਰਕ ਪੱਖੋਂ ਮਾਮੂਲੀ ਜਿਹੇ ਅਪਾਹਜ ਸਨ, ਪਰ ਉਨ੍ਹਾਂ ਦੀ ਇਸ ਹਾਲਤ ਵੱਲ ਸਾਡਾ ਕਦੇ ਧਿਆਨ ਹੀ ਨਹੀਂ ਸੀ ਗਿਆ। ਸਾਡੇ ਲਈ ਉਹ ਮੁਕੰਮਲ ਇਨਸਾਨ ਸਨ। ਉਨ੍ਹਾਂ 'ਚੋਂ ਇੱਕ ਬਾਰੇ ਇੱਕ 'ਬੜੇ ਸਾਹਿਬ' ਨੇ ਜ਼ਰੂਰ ਇਹੋ ਜਿਹੀ ਟਿੱਪਣੀ ਇੱਕ ਵਾਰ ਕਰ ਦਿੱਤੀ ਸੀ, ਪਰ ਦੂਸਰੇ ਸਾਥੀ ਬਾਰੇ ਕਦੇ ਵੀ ਅਜਿਹਾ ਨਹੀਂ ਹੋਇਆ। ਇਹ ਸਾਥੀ ਅੱਜ ਕੱਲ੍ਹ ਇੱਕ ਉੱਚ ਸਰਕਾਰੀ ਅਹੁਦੇ 'ਤੇ ਕੰਮ ਕਰ ਰਿਹਾ ਹੈ, ਪਰ ਅਫਸਰੀ ਉਸ ਦੇ 'ਡਮਾਕ' ਨੂੰ ਬਿਲਕੁਲ ਨਹੀਂ ਚੜ੍ਹੀ।

ਇਹ ਸਾਡਾ ਸਾਥੀ ਕੰਪਿਊਟਰ ਰੂਮ ਦੇ ਇੰਚਾਰਜ ਸਾਥੀ ਨਾਲ ਰਾਤ ਨੂੰ 'ਨਵਾਂ ਜ਼ਮਾਨਾ' ਹੀ ਠਹਿਰਿਆ ਕਰਦੇ ਸਨ। ਰਾਤ ਨੂੰ ਜਦ ਕੰਮ ਖਤਮ ਕਰਨਾ ਤਾਂ ਹਾਸਾ-ਮਜ਼ਾਕ ਸ਼ੁਰੂ ਹੋ ਜਾਣਾ। ਕਈ ਵਾਰ ਉਸ ਨੇ ਮੈਨੂੰ ਕਾਪੀ ਪੇਸਟਿੰਗ ਵਾਲੇ ਮੇਜ 'ਤੇ ਢਾਹ ਲੈਣਾ ਤੇ ਕਦੇ ਮੈਂ ਉਸ ਨੂੰ ਫੜ ਕੇ ਦੋਹਰਾ ਕਰ ਲੈਣਾ। ਸਾਡੇ ਵਿਚਾਲੇ ਮਤਭੇਦ ਜ਼ਰੂਰ ਰਹੇ ਹੋਣਗੇ, ਪਰ ਮਨ-ਭੇਦ ਕਦੇ ਵੀ ਨਹੀਂ ਰਹੇ।

—

ਅੱਧੀ ਰਾਤ ਨੂੰ ਮੈਸੈਂਜਰ 'ਤੇ ਫੋਨ ਆਉਂਦਾ ਹੈ। ਫੇਸਬੁੱਕ 'ਤੇ ਮਿੱਤਰ ਸੂਚੀ 'ਚ ਸ਼ਾਮਲ ਇੱਕ ਸ਼ਖਸ ਸੀ ਤੇ ਕਿਸੇ ਵੇਲੇ 'ਨਵਾਂ ਜ਼ਮਾਨਾ' 'ਚ ਕੰਮ ਕਰਦਾ ਰਿਹਾ ਹੋਣ ਕਾਰਨ ਉਸ ਦੀ ਕਾਲ ਰਿਸੀਵ ਕਰ ਲਈ। ਮੇਰੇ 'ਨਵਾਂ ਜ਼ਮਾਨਾ' 'ਚ ਆਉਣ ਤੋਂ ਕਾਫੀ ਪਹਿਲਾਂ ਉਹ ਵਿਦਾ ਹੋ ਗਏ ਸਨ। ਉਹ ਸਾਹਿਬ ਕੁਝ ਇਸ ਤਰ੍ਹਾਂ ਬੋਲੇ, "ਤੂੰ ਵੀ ਨਵਾਂ ਜ਼ਮਾਨਾ ਦਾ ਚੌਧਰੀ ਰਿਹੈਂ।"

ਮੈਂ ਕਿਹਾ, "ਚੌਧਰੀ ਤਾਂ ਕਦੇ ਨਹੀਂ, ਪਰਿਵਾਰ ਦਾ ਜ਼ਿੰਮੇਵਾਰ ਮੈਂਬਰ ਜ਼ਰੂਰ ਰਿਹਾਂ।"

ਅੱਗੋਂ ਜੁਆਬ, "ਤੂੰ...ਨੂੰ ਆਪਣਾ ਦੋਸਤ ਵੀ ਕਹਿਨਾ।"

"ਕੋਈ ਸ਼ੱਕ...?" ਮੇਰਾ ਜੁਆਬ ਸੀ।

ਸਾਹਿਬ ਫਿਰ ਬੋਲੇ, "ਤੂੰ ਉਸ ਬਾਰੇ ਇਹ ਲਫਜ਼ ਬੋਲੇ ਸੀ ਕਿ ਇਹ...ਫਿਰ ਆ ਗਿਆ।"

ਉਸ ਸਾਹਿਬ ਵੱਲੋਂ ਵਰਤਿਆ ਗਿਆ ਸ਼ਬਦ ਨਾ ਮੈਂ ਕਿਸੇ ਬਾਰੇ ਲਿਖ ਸਕਦਾਂ, ਨਾ ਬੋਲ ਸਕਦਾਂ। ਮੈਂ ਉਸ ਨੂੰ ਕਿਹਾ, "ਇਹ ਲਫਜ਼ ਮੇਰੀ ਡਿਕਸ਼ਨਰੀ 'ਚ ਸ਼ਾਮਲ ਨਹੀਂ!"

ਸਾਹਿਬ ਬੋਲੇ, "ਮੈਂ ਤੈਨੂੰ ਇਹ ਦੱਸਣ ਲਈ ਫੋਨ ਕੀਤੈ ਕਿ ਮੈਂ ਤੈਨੂੰ ਨਫਰਤ ਕਰਦਾ ਹਾਂ...।" ...ਤੇ ਫੋਨ ਬੰਦ। ਪ੍ਰੇਸ਼ਾਨ ਹੋਣਾ ਸੁਭਾਵਿਕ ਸੀ। ਅੱਧੀ ਰਾਤ ਦਾ ਸਮਾਂ, ਆਪਣੀ ਲੰਮੀ ਡਰਾਈਵ ਤੋਂ ਬਾਅਦ ਆਰਾਮ ਕਰ ਰਹੇ ਮਨੁੱਖ ਨੂੰ ਕੋਈ ਅਜਿਹੀ ਬੇਸਿਰ-ਪੈਰ ਗੱਲ ਕਹਿ ਦੇਵੇ ਤਾਂ ਉਹ ਰਿਲੈਕਸ ਕਿਵੇਂ ਰਹਿ ਸਕਦੈ!

ਉਸ ਨੇ ਇਹ ਗੱਲ ਕਿਉਂ ਕਹੀ, ਕਿਸ ਸੰਦਰਭ 'ਚ ਕਹੀ, ਮੈਨੂੰ ਸਮਝ ਨਹੀਂ ਆਈ, ਕਿਉਂਕਿ ਉਸ ਨਾਲ ਮੇਰੀ ਕਦੇ ਵੀ ਗੱਲਬਾਤ ਨਹੀਂ ਹੋਈ, ਨੇੜਤਾ ਹੋਣੀ ਤਾਂ ਦੂਰ ਦੀ ਗੱਲ ਹੈ। ਪਤਾ ਕਰਨ ਲਈ ਉਸੇ ਵੇਲੇ ਆਪਣੇ ਉਸੇ ਸਾਥੀ ਨੂੰ ਫੋਨ 'ਤੇ ਸੰਪਰਕ ਕਰ ਲਿਆ, ਜਿਸ ਬਾਰੇ ਮੇਰੇ ਮੂੰਹ 'ਚ ਅਪ-ਸ਼ਬਦ ਪਾਏ ਜਾ ਰਹੇ ਸਨ। ਮੈਂ ਸੋਚਿਆ ਕਿ ਉਸ ਦੇ ਮਨ 'ਚ ਤਾਂ ਕੋਈ ਅਜਿਹੀ ਗੱਲ ਨਹੀਂ! ਉਸ ਦਾ ਜੁਆਬ ਸੀ, "ਪਹਿਲੀ ਗੱਲ ਉਸ ਬੰਦੇ ਨਾਲ ਮੇਰੀ ਗੱਲ ਹੋਈ ਨੂੰ ਕਾਫੀ ਸਮਾਂ ਹੋ ਗਿਐ ਤੇ ਉਸ ਨਾਲ ਅਜਿਹੀ ਗੱਲ ਮੈਂ ਕਦੇ ਵੀ ਨਹੀਂ ਕੀਤੀ। ਦੂਸਰੀ ਗੱਲ ਇਹ ਕਿ ਮੈਂ ਅਜਿਹੇ ਲਫਜ਼ਾਂ ਦੀ ਤੈਥੋਂ ਆਸ ਹੀ ਨਹੀਂ ਰੱਖਦਾ। ਬੱਸ ਤੂੰ ਐਵੇਂ ਟੈਨਸ਼ਨ ਨਾ ਲੈ, ਪ੍ਰਵਾਹ ਨਹੀਂ ਕਰੀਦੀ ਇਹੋ ਜਿਹੇ ਬੰਦਿਆਂ ਦੀ!"

ਥੋੜ੍ਹਾ ਤਣਾਓ-ਮੁਕਤ ਹੋਣ ਤੋਂ ਬਾਅਦ ਦੋ-ਤਿੰਨ ਹੋਰ ਸਾਥੀਆਂ ਨਾਲ ਇਸ ਬਾਰੇ ਗੱਲ ਕੀਤੀ, ਸਭਨਾਂ ਨੇ ਮੈਨੂੰ "ਟੈਨਸ਼ਨ ਨਾ ਲੈ" ਦੀ ਸਲਾਹ ਹੀ ਦਿੱਤੀ।

ਇੱਕ ਨੇ ਦੱਸਿਆ, "ਓਹ...ਉਹਦਾ ਕੀ ਐ! ਕਿਸ ਵੇਲੇ ਕੀ ਕਹਿ ਦੇਵੇ, ਉਸ ਨੂੰ ਖੁਦ ਨੂੰ ਪਤਾ ਨਹੀਂ ਹੁੰਦਾ! ਅਖਬਾਰਾਂ ਦੀਆਂ ਫਾਈਲਾਂ ਚੁੱਕ ਕੇ ਛੱਤ ਵਾਲੇ ਪੱਖਿਆਂ 'ਚ ਮਾਰਨੀਆਂ ਉਸ ਦਾ ਤਕਰੀਬਨ ਹਰ ਰਾਤ ਦਾ ਕੰਮ ਹੁੰਦਾ ਸੀ!"

ਫੋਨ 'ਤੇ ਉਸ ਸਾਹਿਬ ਦੀ ਪੂਰੀ ਗੱਲ ਮੈਂ ਪੂਰੇ ਸੰਜਮ ਨਾਲ ਸੁਣੀ। ਕੋਈ ਵੀ ਗੈਰ-ਮਿਆਰੀ ਲਫਜ਼ ਨਹੀਂ ਵਰਤਿਆ। ਉਹ ਜ਼ਹਿਰ ਉਗਲ ਕੇ ਪਤਾ ਨਹੀਂ ਸ਼ਾਂਤ ਹੋਇਆ ਕਿ ਨਹੀਂ, ਮੇਰੇ ਮਨ ਦਾ ਅਮਨ-ਚੈਨ ਭੰਗ ਕਰਨ 'ਚ ਉਸ ਨੇ ਕੋਈ ਕਸਰ ਬਾਕੀ ਨਹੀਂ ਛੱਡੀ।

ਆਪਣੇ ਮਿੱਤਰਾਂ ਨਾਲ ਇਸੇ ਸੰਦਰਭ 'ਚ ਗੱਲ ਕਰਨ ਤੋਂ ਬਾਅਦ ਜਿੱਥੇ ਮੈਂ ਤਣਾਓ-ਮੁਕਤ ਮਹਿਸੂਸ ਕਰ ਰਿਹਾ ਹਾਂ, ਉਥੇ ਇਹ ਗੱਲ ਵੀ ਲਗਾਤਾਰ ਸੋਚ ਰਿਹਾ ਹਾਂ ਕਿ ਇੱਕ ਮਨੁੱਖ ਏਨਾ ਜ਼ਹਿਰੀਲਾ ਕਿਵੇਂ ਹੋ ਜਾਂਦੈ! ਮੈਨੂੰ ਆਪਣੇ ਵੱਡਿਆਂ ਵਰਗੇ ਮਿੱਤਰ ਰਾਜਿੰਦਰ ਬਿਮਲ ਦੀ ਕਹੀ ਗੱਲ ਚੇਤੇ ਆ ਰਹੀ ਐ, "ਇੰਦਰਜੀਤ, ਗਾਣੇ ਸੁਣਦਾ ਹੁੰਨਾਂ ਕਿ ਨਹੀਂ! ਜ਼ਰੂਰ ਸੁਣਿਆ ਕਰ, ਨਾਲੋ-ਨਾਲ ਗਾਇਆ ਵੀ ਕਰ। ਇਹ ਜੋ ਸੰਗੀਤ ਐ, ਜੋ ਰਿਦਮ ਹੈ, ਏਸ ਦੀਆਂ ਤਰੰਗਾਂ ਰੂਹ ਨੂੰ ਝੁਣਝੁਣਾਉਂਦੀਆਂ ਰਹਿੰਦੀਆਂ। ਇਹ ਤਰੰਗ, ਝੁਣਝੁਣੀ ਬੰਦੇ ਨੂੰ ਬੰਦਾ ਬਣਾਈ ਰੱਖਦੀ ਐ! ਇਹ ਤੇਰੇ ਵਾਸਤੇ ਤਾਂ ਬਹੁਤ ਜ਼ਰੂਰੀ ਐ। ਨਹੀਂ ਤਾਂ ਘਰ ਨੂੰ ਵੀ ਟਰੱਕ ਵਾਂਗ ਈ ਚਲਾਉਣ ਲੱਗੇਂਗਾ ਤੇ ਪਰਮਜੀਤ ਕੋਲੋਂ ਮੌਰ ਤੱਤੇ ਕਰਵਾਏਂਗਾ!"

ਬਿਮਲ ਦੀਆਂ ਗੱਲਾਂ ਨਿੱਕੀ ਨਿੱਕੀ ਚੂੰਢੀ ਵਾਲੀਆਂ, ਪਰ ਬੜੀਆਂ ਪਤੇ ਦੀਆਂ ਹੁੰਦੀਆਂ ਹਨ। ਉਸ ਦੀ ਇਹ ਗੱਲ ਚੇਤੇ ਕਰਕੇ ਮੈਂ ਮਹਿਸੂਸ ਕਰ ਰਿਹਾ ਹਾਂ ਕਿ ਅਜਿਹੇ ਬੰਦੇ ਜ਼ਰੂਰ ਸੰਗੀਤ ਤੋਂ ਦੂਰ ਰਹਿੰਦੇ ਹੋਣਗੇ। ਉਨ੍ਹਾਂ ਦੇ ਜ਼ਿਹਨ ਦਾ ਵੱਡਾ ਹਿੱਸਾ ਸੰਵੇਦਨਹੀਣ, ਬੇਹਰਕਤ ਹੋ ਜਾਂਦਾ ਹੋਣੈਂ, ਬਿਲਕੁਲ ਮ੍ਰਿਤ-ਅਵੱਸਥਾ 'ਚ। ਤ੍ਰਾਸਦੀ ਇਹ ਕਿ ਉਨ੍ਹਾਂ ਨੂੰ ਖੁਦ ਨੂੰ ਇਸ ਗੱਲ ਦਾ ਅਹਿਸਾਸ ਈ ਨਹੀਂ ਹੁੰਦਾ ਕਿ ਜ਼ਿੰਦਗੀ ਉਨ੍ਹਾਂ ਤੋਂ ਕਿੰਨੀ ਦੂਰ ਚਲੇ ਗਈ ਹੈ।

ਸਰੀਰਕ ਅਪਾਹਜਤਾ ਏਨੀ ਖਤਰਨਾਕ ਨਹੀਂ ਹੁੰਦੀ, ਜਿੰਨੀ ਮਾਨਸਿਕ ਅਪਾਹਜਤਾ। ਸਰੀਰਕ ਅਪਾਹਜਤਾ ਤੁਹਾਡੇ ਸਾਹਮਣੇ ਹੁੰਦੀ ਹੈ। ਉਸ ਦਾ ਇਲਾਜ ਕੀਤਾ ਜਾ ਸਕਦੈ, ਸੰਬੰਧਤ ਬੰਦੇ ਦੇ ਹਾਲਾਤ, ਉਸ ਦੀ ਮਜਬੂਰੀ ਨੂੰ ਸਮਝਿਆ ਜਾ ਸਕਦੈ, ਪਰ ਮਾਨਸਿਕ ਅਪਾਹਜਤਾ ਦਾ ਤਾਂ ਤੁਹਾਨੂੰ ਕੋਈ ਇਲਮ ਹੀ ਨਹੀਂ ਹੁੰਦਾ। ਤੁਹਾਡੇ ਨਾਲ ਬੈਠਾ ਚੰਗਾ-ਭਲਾ ਨਜ਼ਰ ਆ ਰਿਹਾ ਬੰਦਾ, ਮਾਨਸਿਕ ਅਪਾਹਜਤਾ ਦੀ ਸੂਰਤ 'ਚ ਕੀ ਚੰਦ ਚਾੜ੍ਹ ਦੇਵੇ, ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ! ਇਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਰੂਹ ਨੂੰ ਸਕੂਨ ਦੇਣ ਵਾਲਾ ਸੰਗੀਤ ਸੁਣੋ, ਉਸ ਵਿਚ ਡੂੰਘੇ ਉੱਤਰ ਜਾਵੋ। ਆਪਣੇ ਮਨ ਦਾ ਗੁਬਾਰ, ਵਲਵਲੇ ਆਪਣੇ ਅਤਿ ਨਜ਼ਦੀਕੀ ਯਾਰਾਂ ਨਾਲ ਸਾਂਝਾ ਕਰਦੇ ਰਹੋ, ਉਨ੍ਹਾਂ ਦੀ ਸਲਾਹ ਲੈਂਦੇ ਰਹੋ। ਸੰਗੀਤ ਅਤੇ ਵਿਚਾਰ-ਵਟਾਂਦਰਾ ਮੁਸ਼ਕਿਲ ਘੜੀਆਂ 'ਚੋਂ ਨਿਕਲਣ ਤੇ ਮਾਨਸਿਕ ਅਪਾਹਜਤਾ ਦੀ ਖਤਰਨਾਕ ਮਨੋ-ਅਵਸਥਾ ਤੋਂ ਬਚਣ ਦੇ ਅਜਿਹੇ ਸਾਧਨ ਹਨ, ਜੋ ਤੁਹਾਡੀ ਪਹੁੰਚ ਤੋਂ ਕਦੇ ਵੀ ਦੂਰ ਨਹੀਂ ਹੁੰਦੇ।

---

# ਗੰਭੀਰ ਰੋਗਾਂ ਨਾਲ ਆਢਾ ਲੈਣ ਦਾ ਵੱਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕਰੋਨਾ ਮਹਾਮਾਰੀ ਦੇ ਅਜੋਕੇ ਸਮਿਆਂ ਵਿਚ ਜਦੋਂ ਮਿਲਖਾ ਸਿੰਘ ਵਰਗੇ ਦਮਖਮ ਵਾਲੇ ਦੌੜਾਕ ਵੀ ਇਸ ਦੀ ਲਪੇਟ ਵਿਚ ਆ ਚੁਕੇ ਹਨ, ਡਾ. ਸ਼ਿਆਮ ਸੁੰਦਰ ਦੀਪਤੀ ਵੱਲੋਂ ਸ਼ੂਗਰ ਰੋਗ ਨਾਲ ਆਢਾ ਲੈਂਦੀ 'ਇਕ ਭਰਿਆ ਪੂਰਾ ਦਿਨ' ਪ੍ਰੇਰਨਾ ਪ੍ਰਕਾਸ਼ਨ ਅੰਮ੍ਰਿਤਸਰ ਨਾਂ ਦੀ ਰਚਨਾ ਹੌਸਲਾ ਦੇਣ ਵਾਲੀ ਹੈ। ਰੋਗ ਅੱਗੇ ਢੇਰੀ ਢਾਹੁਣਾ ਤਾਂ ਮੌਤ ਨੂੰ ਸੱਦਾ ਦੇਣਾ ਹੈ। ਡਾ. ਦੀਪਤੀ ਨੇ ਇਸ ਪੁਸਤਕ ਵਿਚ ਕਰੋਨਾ ਰੋਗ ਨਾਲ ਦੋ ਹੱਥ ਕਰਨ ਦੀ ਬਾਤ ਤਾਂ ਨਹੀਂ ਪਾਈ, ਪਰ ਇਹ ਪੁਸਤਕ ਕਿਸੇ ਵੀ ਰੋਗ ਦਾ ਹੌਸਲੇ ਨਾਲ ਟਾਕਰਾ ਕਰਨਾ ਸਿਖਾਉਂਦੀ ਹੈ।

ਸ਼ਿਆਮ ਸੁੰਦਰ ਡਾਕਟਰੀ ਵਿੱਦਿਆ ਪੜ੍ਹ ਰਿਹਾ ਸੀ, ਜਦੋਂ ਉਸ ਨੂੰ ਪਤਾ ਲੱਗਾ ਕਿ ਉਹ ਸ਼ੱਕਰ ਰੋਗ (ਸ਼ੂਗਰ) ਦਾ ਸ਼ਿਕਾਰ ਹੈ। ਉਸ ਨੂੰ ਪਤਾ ਸੀ ਕਿ ਉਸ ਨੂੰ ਸਾਰੀ ਉਮਰ ਇਨਸੂਲੀਨ ਦੇ ਟੀਕਿਆਂ ਦਾ ਆਸਰਾ ਲੈਣਾ ਪੈਣਾ ਹੈ। ਇਹ ਗੱਲ ਉਸ ਦੇ ਦਫਤਰ ਵਿਚ ਕੰਮ ਕਰਦੀ ਊਸ਼ਾ ਨਾਂ ਦੀ ਉਹ ਕੁੜੀ ਵੀ ਜਾਣਦੀ ਸੀ, ਜਿਸ ਨੇ ਉਹਦੇ ਨਾਲ ਵਿਆਹ ਕਰਾਉਣ ਸਮੇਂ ਕਿਸੇ ਤਰ੍ਹਾਂ ਦੀ ਝਿਜਕ ਨਹੀਂ ਦਿਖਾਈ। ਉਸ ਦੇ ਸਿਦਕੀ ਸਾਥ ਤੇ ਦੀਪਤੀ ਦੀ ਵਿਗਿਆਨਕ ਪਹੁੰਚ ਸਦਕਾ ਉਹ ਅੱਧੀ ਸਦੀ ਤੋਂ ਸੁਖ ਦਾ ਜੀਵਨ ਜੀਉਂ ਰਹੇ ਹਨ। ਦੋ ਤੰਦਰੁਸਤ ਬੱਚਿਆਂ ਦੇ ਮਾਪੇ ਹਨ। ਭਾਵੇਂ ਦੋਵੇਂ ਨੌਕਰੀ ਤੋਂ ਸੇਵਾ ਮੁਕਤ ਹੋ ਚੁਕੇ ਹਨ, ਪਰ ਡਾ. ਦੀਪਤੀ ਨੂੰ ਉਸ ਦੇ ਕਾਲਜ ਵਾਲਿਆਂ ਨੇ ਮੁੜ ਸੱਦ ਲਿਆ ਹੈ, ਊਸ਼ਾ ਘਰ ਸਾਂਭ ਰਹੀ ਹੈ। ਆਪਣੇ ਜੀਵਨ ਸਾਥੀ ਨਾਲ ਉਸ ਦਾ ਹੱਥ ਫੜ ਕੇ ਸੈਰ ਕਰਨ ਜਾਂਦੀ ਹੈ, ਜਿਸ ਨੂੰ ਸਿਹਤਯਾਬੀ ਲਈ ਛੋਹ-ਮੰਤਰ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਜੋੜੇ ਨੇ ਇਸ ਮੰਤਰ ਦੀ ਵਰਤੋਂ ਤਾਂ ਆਖਰੀ ਉਮਰੇ ਕੀਤੀ ਹੈ, ਪਰ ਇਸ ਤੋਂ ਪਹਿਲਾਂ ਵਾਲੇ ਮੰਤਰ ਵੀ ਘੱਟ ਅਹਿਮ ਨਹੀਂ।

ਡਾ. ਦੀਪਤੀ ਇੱਕ ਇੱਕ ਕਰਕੇ ਤਿੰਨ ਹਾਦਸਿਆਂ ਦਾ ਸ਼ਿਕਾਰ ਹੋਇਆ। ਸਭ ਤੋਂ ਪਹਿਲਾਂ ਉਸ ਨੂੰ ਪੈਰ ਦੇ ਅੰਗੂਠੇ ਦੀ ਬਲੀ ਦੇਣੀ ਪਈ। ਉਨ੍ਹਾਂ ਦਿਨ ਵਿਚ ਉਸ ਨੇ ਆਪਣੇ ਬੈੱਡ ਉੱਤੇ ਪਿੱਠ ਭਾਰ ਲੰਮਾ ਪੈ ਕੇ ਰਿਲੈਕਸਿੰਗ ਐਕਸਰਸਾਈਜ਼ ਕਰਨ ਦੀ ਜਾਚ ਸਿੱਖੀ। ਉਸ ਨੇ ਇਸ ਅਮਲ ਦਾ ਨਾਂ ਮੁਸਕਾਨ ਆਸਣ ਜਾਂ ਆਸਣ ਮੁਸਕਾਨ ਰੱਖਿਆ। ਉਹ ਅੱਜ ਤੱਕ ਮੱਥੇ ਤੋਂ ਲੈ ਕੇ ਜਿਸਮ ਦੇ ਸਾਰੇ ਅੰਗਾਂ ਨੂੰ ਮੁਸਕਰਾਉਣ ਦੇ ਅਮਲ ਵਿਚੋਂ ਕੱਢਦਾ ਹੈ। ਇਕੱਠਿਆਂ ਨਹੀਂ, ਇੱਕ ਇੱਕ ਕਰਕੇ। ਜਦੋਂ ਮੱਥਾ ਮੁਸਕਰਾਉਂਦਾ ਹੈ ਤਾਂ ਜਿਸਮ ਦੇ ਹੋਰ ਸਾਰੇ ਅੰਗ ਸ਼ਾਂਤ ਹੁੰਦੇ ਹਨ। ਜਦੋਂ ਪੈਰ ਦੇ ਪੰਜੇ ਨੂੰ ਮੁਸਕਰਾਉਂਦੀ ਵਿਧੀ ਵਿਚੋਂ ਕੱਢਦਾ ਹੈ ਤਾਂ ਬਾਕੀ ਸਾਰੇ ਅੰਗ ਇਸ ਆਸਣ ਵਿਚ ਇੱਕ ਇੱਕ ਕਰਕੇ ਮੁਸਕਰਾਉਂਦੇ ਤੇ ਸਾਰੇ ਜਿਸਮ ਨੂੰ ਸ਼ਾਂਤ ਕਰਦੇ ਹਨ। ਇਹ ਵਾਲੀ ਖੁਸ਼ੀ ਬਾਜ਼ਾਰ ਤੋਂ ਮਿਲਦੀ ਵਾਈਬਰੇਟਰ (ਥਰਥਰਾਉਣ) ਮਸ਼ੀਨ ਵੀ ਦੇ ਸਕਦੀ ਹੈ, ਪਰ ਓਨੀ ਨਹੀਂ, ਜਿੰਨੀ ਜਿਸਮਾਨੀ ਹਰਕਤ। ਉਸ ਨੂੰ ਸਵੇਰੇ ਅੱਖਾਂ ਖੋਲ੍ਹਣ ਵਾਲੀ ਚਾਹ ਪੀ ਕੇ ਆਪਣੇ ਕੰਮ 'ਤੇ ਜਾਣ ਦੀ ਤਿਆਰੀ ਕਰਦਿਆਂ ਰੁੱਖਾਂ ਵਿਚੋਂ ਛਣ ਕੇ ਆਈਆਂ ਸੂਰਜ ਦੀਆਂ ਕਿਰਨਾਂ ਮਾਣਨਾ ਵੀ ਰਾਹਤ ਦਿੰਦਾ ਹੈ। ਦੀਪਤੀ ਨੇ ਇਹ ਸਾਰੇ ਅਮਲ 'ਟੈਨ ਵੇਅਜ਼ ਟੂ ਬੂਸਟ ਯੂਅਰ ਇਮਿਊਨ ਸਿਸਟਮ' ਨਾਂ ਦੀ ਉਸ ਪੁਸਤਕ ਵਿਚੋਂ ਗ੍ਰਹਿਣ ਕੀਤੇ, ਜਿਹੜੀ ਸੰਤੁਲਿਤ ਖੁਰਾਕ, ਦਿਨ ਭਰ ਦੀ ਸਰਗਰਮੀ, ਆਪਸੀ ਰਿਸ਼ਤਿਆਂ ਤੇ ਮਨ ਦੀ ਸ਼ਾਂਤੀ ਦਾ ਸੁਨੇਹਾ ਵੀ ਦਿੰਦੀ ਹੈ। ਇਨ੍ਹਾਂ ਅਮਲਾਂ ਨਾਲ ਦਿਲ ਦੇ ਰੋਗ ਤੇ ਕੈਂਸਰ ਨੂੰ ਹੀ ਰਾਹਤ ਨਹੀਂ ਮਿਲਦੀ, ਇਹ ਬੁਢਾਪੇ ਨੂੰ ਵੀ ਠੱਲ੍ਹ ਪਾਉਂਦੇ ਹਨ।

ਡਾ. ਦੀਪਤੀ ਨੂੰ ਕਾਰਲ ਮਾਰਕਸ ਦੇ 1848 ਦੇ ਦਸਤਾਵੇਜ਼ੀ ਲੇਖਾਂ, ਜੋ ਮਨੁੱਖੀ ਬੇਗਾਨਗੀ (ਐਲੀਨੇਸ਼ਨ) ਅਤੇ ਮਨੁੱਖੀ ਨਿਰਾਸ਼ਾ ਤੇ ਉਦਾਸੀ ਦੀਆਂ ਪਰਤਾਂ ਫਰੋਲਦੇ ਹਨ, ਨੇ ਵੀ ਪ੍ਰਭਾਵਿਤ ਕੀਤਾ। ਇਹ ਲੇਖ ਦਸਦੇ ਹਨ ਕਿ ਨਿਰੀ ਉਦਾਸੀ ਨੂੰ ਅਸੀਂ ਡਿਪਰੈਸ਼ਨ ਦਾ ਰੋਗ ਨਹੀਂ ਕਹਿ ਸਕਦੇ। ਇਹ ਤਾਂ ਸਿਰਫ ਇੱਕ ਲੱਛਣ ਹੈ, ਜਿਸ ਦੇ ਆਧਾਰ ਉਤੇ ਰੋਗ ਲੱਭਦਾ ਹੈ। ਇਹ ਲੱਛਣ ਸ਼ੋਸ਼ਿਤ ਵਰਗ ਤੇ ਸ਼ੋਸ਼ਣ ਕਰਨ ਵਾਲਿਆਂ ਦਾ ਪਾੜਾ ਫਰੋਲਣ ਵਿਚ ਸਹਾਈ ਹੁੰਦਾ ਹੈ ਤੇ ਇਲਾਜ ਦੇ ਦਰਵਾਜ਼ੇ ਖੋਲ੍ਹਦਾ ਹੈ।

ਦੀਪਤੀ ਦੇ ਸ਼ਬਦਾਂ ਵਿਚ ਉਸ ਨੇ ਮਾਰਕਸ ਤੋਂ ਘਟਨਾਵਾਂ ਤੇ ਵਾਰਦਾਤਾਂ ਦੀ ਸਮਾਜਕ ਅਤੇ ਆਰਥਕ ਵਿਆਖਿਆ ਸਿੱਖੀ ਤੇ ਖੁਸ਼ ਰਹਿਣ ਦਾ ਰਹੱਸ ਜਾਣਿਆ। ਇਕ ਦੂਜੇ ਦਾ ਸਹਾਰਾ ਬਣਨ, ਹੱਥ ਫੜਨ ਤੇ ਗਲ ਲੱਗਣ ਦੀ ਮਹੱਤਤਾ ਜਾਣੀ। ਸਮਾਜ, ਸਰੀਰ ਤੇ ਮਨ ਦੇ ਸੁਮੇਲ ਨਾਲ ਆਉਣ ਵਾਲੇ ਆਨੰਦ ਨੂੰ ਪਛਾਣਿਆ ਅਤੇ ਤੱਥ ਉਤੇ ਆਧਾਰਤ 'ਇਕਮਿਕਤਾ ਦਾ ਆਨੰਦ' ਤੇ 'ਸਾਂਝ ਦਾ ਆਨੰਦ' ਨਾਂ ਦੇ ਦੋ ਕਿਤਾਬਚੇ ਲਿਖੇ, ਜਿਹੜੇ ਖੂਬ ਪ੍ਰਵਾਨ ਹੋਏ।

2010 ਤੇ 2014 ਦੇ ਚਾਰ ਸਾਲਾਂ ਵਿਚ ਡਾ. ਦੀਪਤੀ ਦੋ ਅਜਿਹੇ ਹਾਦਸਿਆਂ ਦਾ ਸ਼ਿਕਾਰ ਹੋਇਆ, ਜਿਸ ਵਿਚ ਉਸ ਦੇ ਧੜ ਦੀਆਂ ਪਸਲੀਆਂ ਹੀ ਨਹੀਂ ਨਪੀੜੀਆਂ ਗਈਆਂ, ਇੱਕ ਲੱਤ ਵੀ ਕਟਵਾਉਣੀ ਪਈ। ਵ੍ਹੀਲ ਚੇਅਰ ਉਤੇ ਰਿਹਾ, ਮਸਨੂਈ ਲੱਤ ਨਾਲ ਤੁਰਨਾ ਸਿੱਖਿਆ ਤੇ ਤੁਰ ਰਿਹਾ ਹੈ-ਆਪਣੀ ਜੀਵਨ ਸਾਥਣ ਦਾ ਹੱਥ ਫੜ ਕੇ ਪੂਰੇ ਮਜ਼ੇ ਨਾਲ। ਉਹ ਇਸ ਜੀਵਨ ਵਿਧੀ ਨੂੰ 'ਪੀਸ ਵਿਦ ਸੈਲਫ' ਭਾਵ ਆਪਣੇ ਆਪ ਵਿਚ ਸ਼ਾਂਤ-ਸਥਿਰ ਰਹਿਣ ਦਾ ਨਾਂ ਦਿੰਦਾ ਹੈ। ਮੈਂ ਅਪਣੇ ਘਰ ਇਸ ਜੋੜੀ ਦੇ ਪਰਵੇਸ਼ ਸਮੇਂ ਦੀ ਸਹੁੰ ਖਾ ਕੇ ਕਹਿ ਸਕਦਾ ਹਾਂ ਕਿ ਦੋਹਾਂ ਨੇ ਜੀਵਨ ਜਾਚ ਸਿੱਖੀ ਹੀ ਨਹੀਂ, ਹੰਢਾਈ ਵੀ ਹੈ।

ਡਾ. ਦੀਪਤੀ ਇੱਕ ਕਰਮਯੋਗੀ ਹੈ। ਉਸ ਨੂੰ ਸੈਮੀਨਾਰਾਂ ਤੇ ਵਰਕਸ਼ਾਪਾਂ ਦੇ ਸੱਦੇ ਆਉਂਦੇ ਹਨ। ਉਹ ਨਾਂਹ ਨਹੀਂ ਕਰਦਾ। ਉਦੋਂ ਵੀ ਜਾਂਦਾ ਰਿਹਾ ਹੈ, ਜਦੋਂ ਖਲੋ ਕੇ ਨਹੀਂ ਸੀ ਬੋਲ ਸਕਦਾ। ਉਹ ਮਿਨੀ ਕਹਾਣੀ ਲੇਖਕ ਮੰਚ ਦਾ ਕਨਵੀਨਰ ਹੈ ਤੇ ਮਿਨੀ ਕਹਾਣੀ ਨਾਂ ਦਾ ਮਿਨੀ ਰਿਸਾਲਾ ਕੱਢਦਾ ਹੈ। ਉਸ ਦਾ ਮੱਤ ਹੈ ਕਿ ਉਦੋਂ ਦਿੱਕਤ ਲੱਗਦੀ ਹੈ, ਜਦੋਂ ਅਸੀਂ ਇਸ ਨੂੰ ਦਿੱਕਤ ਸਮਝਣ ਤੇ ਕਹਿਣ ਲੱਗਦੇ ਹਾਂ।

ਪੁਸਤਕ ਪੜ੍ਹਨ ਵਾਲੀ ਹੈ, ਇਹ ਇੱਕ ਦਿਨ ਦੀ ਕਹਾਣੀ ਨਹੀਂ, ਸਗੋਂ ਇੱਕ ਭਰੇ-ਭੁਕੰਨੇ ਜੀਵਨ ਉਤੇ ਝਾਤ ਪਾਉਂਦੀ ਹੈ। ਇਸ ਵਿਚ ਹੋਰ ਵੀ ਬਹੁਤ ਕੁਝ ਹੈ। ਮਿਸਾਲਾਂ, ਤੋਤਕੜੇ ਤੇ ਵਾਰਦਾਤਾਂ, ਜੋ ਪੜ੍ਹ ਕੇ ਹੀ ਮਾਣੀਆਂ ਜਾ ਸਕਦੀਆਂ ਹਨ। ਪੜ੍ਹੋ ਤੇ ਮਾਣੋ।

**ਪੰਜਾਬ ਦੇ ਤੇਈਵੇਂ ਜਿਲੇ ਦਾ ਜਨਮ:** ਫਿਰਕੂ ਸੋਚ ਨੂੰ ਪ੍ਰਨਾਏ ਭਾਰਤੀਆਂ ਨੂੰ ਜਿੰਨੀਆ ਮਰਜ਼ੀ ਮਿਰਚਾਂ ਲੜਨ, ਇਨ੍ਹਾਂ ਸਤਰਾਂ ਦੇ ਛਪਣ ਤੱਕ ਮਲੇਰਕੋਟਲਾ ਦੀ ਮਾਣ ਮਰਿਆਦਾ ਕਾਫੀ ਹੱਦ ਤੱਕ ਬਹਾਲ ਹੋ ਚੁਕੀ ਹੋਵੇਗੀ-ਤੇਈਵੇਂ ਜਿਲੇ ਦੇ ਰੂਪ ਵਿਚ। ਇਸ ਦਾ ਸਿਹਰਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਿਰ ਬੱਝਦਾ ਹੈ, ਜਿਸ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਸ਼ੇਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਵਲੋਂ ਮਾਰੇ ਹਾਅ ਦੇ ਨਾਅਰੇ ਉਤੇ ਫੁੱਲ ਚੜ੍ਹਾਏ ਹਨ। ਇਸ ਮੌਕੇ ਭਾਈ ਅਸ਼ੋਕ ਸਿੰਘ ਬਾਗੜੀਆ ਵਲੋਂ ਕੀਤਾ ਗਿਆ ਖੁਲਾਸਾ ਨਵਾਬ ਸ਼ੇਰ ਮੁਹੰਮਦ ਦੀ ਅਜ਼ਮਤ ਹੋਰ ਵੀ ਵਧਾਉਂਦਾ ਹੈ। ਭਾਈ ਅਸ਼ੋਕ ਸਿੰਘ ਦੇ ਕਥਨ ਅਨੁਸਾਰ ਸ਼ੇਰ ਮੁਹੰਮਦ ਦਾ ਭਰਾ ਨਾਹਰ ਮੁਹੰਮਦ ਚਮਕੌਰ ਦੀ ਲੜਾਈ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਨਾਲ ਮਾਰਿਆ ਗਿਆ ਸੀ ਅਤੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਸ਼ੇਰ ਮੁਹੰਮਦ ਨੂੰ ਉਕਸਾ ਰਿਹਾ ਸੀ ਕਿ ਉਹ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਕੇ ਭਰਾ ਦਾ ਬਦਲਾ ਲਵੇ। ਸ਼ੇਰ ਮੁਹੰਮਦ ਨੇ ਆਪ ਤਾਂ ਕੀ, ਵਜ਼ੀਰ ਖਾਂ ਨੂੰ ਵੀ ਇਸ ਅਮਲ ਤੋਂ ਵਰਜਿਆ ਸੀ। ਇਹ ਕਹਿ ਕੇ ਕਿ ਕਿਸੇ ਵੀ ਧਰਮ ਦੀ ਮਰਿਆਦਾ ਵਡੇਰੀ ਉਮਰ ਦੇ ਬੰਦੇ ਦੇ ਕਤਲ ਦਾ ਬਦਲਾ ਲੈਣ ਲਈ ਛੋਟੇ ਬੱਚਿਆਂ ਦਾ ਕਤਲ ਕਰਨ ਦੀ ਆਗਿਆ ਨਹੀਂ ਸੀ ਦਿੰਦੀ। ਮਲੇਰਕੋਟਲਾ ਦੇ ਉਸ ਸਮੇਂ ਦੇ ਨਵਾਬ ਦੀ ਧਾਰਨਾ ਸਿਰਫ ਮੁਸਲਿਮ ਧਾਰਨਾ ਤੱਕ ਹੀ ਸੀਮਤ ਨਹੀਂ ਸੀ, ਸਾਰੇ ਧਰਮਾਂ ਉਤੇ ਪਹਿਰਾ ਦੇਣ ਵਾਲੀ ਸੀ। ਇਹ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਮਲੇਰਕੋਟਲੇ ਨੂੰ ਨਵੇਂ ਜਿਲੇ ਦਾ ਦਰਜਾ ਦੇਣ ਸਮੇਂ ਪੰਜਾਬ ਸਰਕਾਰ ਵਲੋਂ ਇਸ ਸ਼ਹਿਰ ਵਿਚ ਮੈਡੀਕਲ ਕਾਲਜ ਸਥਾਪਤ ਕਰਨ ਦੇ ਐਲਾਨ ਉਤੇ ਅਮਲ ਕਰਦਿਆਂ ਇਸ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਹੈ। ਮਲੇਰਕੋਟਲੇ ਦੇ ਡਿਪਟੀ ਕਮਿਸ਼ਨਰ ਤੇ ਪੁਲਿਸ ਮੁਖੀ ਦੀ ਕਮਾਂਡ ਪੰਜਾਬਣ ਬੀਬੀਆਂ ਨੂੰ ਸੌਂਪੀ ਜਾ ਰਹੀ ਹੈ।

**ਅੰਤਿਕਾ: (ਬਿਸਮਲ ਫਰੀਦਕੋਟੀ)**

ਨੀਵੀਂ ਨਜ਼ਰ ਦੇ ਜਾਮ 'ਚੋਂ ਛਲਕਣ ਜਵਾਨੀਆਂ
ਕੀਮਤ ਨਜ਼ਾਕਤਾਂ ਦੀ ਏ ਪੈਂਦੀ ਹਯਾ ਦੇ ਨਾਲ।
'ਬਿਸਮਿਲ' ਨਵਾਂ ਵਿਵਾਦ ਫਿਰ ਛਿੜਿਆ ਏ ਉਸ ਘੜੀ
ਉਲਝੀ ਅਕਲ ਹੈ ਜਦ ਕਦੇ ਦਿਲ ਦੇ ਸੁਦਾ ਦੇ ਨਾਲ।

# ਨਿੱਤ ਕੱਢਾਂ ਫੁੱਲਕਾਰੀ



## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਾਗਜ਼ ਦੀ ਮਹੱਤਤਾ ਦਾ ਗੁਣਗਾਨ ਕਰਦਿਆਂ ਇਸ ਦੇ ਗੁਣ-ਔਗੁਣ ਗਿਣਾਏ ਸਨ, "ਜ਼ਿੰਦਗੀ, ਇਕ ਕੋਰਾ ਕਾਗਜ਼। ਇਸ ਕਾਗਜ਼ 'ਤੇ ਅਸੀਂ ਕਿਹੜੀ ਅੱਖਰਕਾਰੀ, ਕਿਸ ਲਹਿਜ਼ੇ ਅਤੇ ਕਿਹੜੇ ਰੰਗਾਂ ਨਾਲ ਕਰਨੀ? ਸ਼ਬਦਕਾਰੀ ਕਿੰਨੇ ਸਮੇਂ ਅਤੇ ਕਿਸ ਅੰਦਾਜ਼ ਵਿਚ ਕਰਨੀ? ਇਸ ਨੇ ਹੀ ਸਾਡੇ ਵਿਅਕਤੀਤਵ ਅਤੇ ਕਦਰਾਂ ਕੀਮਤਾਂ ਨੂੰ ਨਿਰਧਾਰਤ ਕਰਨਾ। ਇਸ ਤੋਂ ਪਤਾ ਲੱਗਦਾ ਹੈ ਕਿ ਸਮਾਜ ਵਿਚ ਸਾਡਾ ਕੀ ਸਥਾਨ ਹੈ?" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪੰਜਾਬੀ ਵਿਰਾਸਤ ਦੇ ਇਕ ਖਾਸ ਪਹਿਲੂ 'ਫੁੱਲਕਾਰੀ' ਦੀ ਬਾਤ ਪਾਉਂਦਿਆਂ ਸ਼ਬਦ-ਰੂਪੀ ਫੁੱਲ ਕੱਢੇ ਹਨ ਅਤੇ ਫੁੱਲਕਾਰੀ ਨੂੰ ਪੰਜਾਬੀ ਵਿਰਸੇ ਦਾ ਮੁਹਾਂਦਰਾ ਕਿਹਾ ਹੈ, "ਫੁੱਲਕਾਰੀ ਨੱਢੀ ਦੇ ਸਿਰ ਸੋਂਹਦੀ, ਸਵਾਣੀ ਨੂੰ ਭਾਉਂਦੀ। ਨਿਵਾਰੀ ਮੰਜੇ 'ਤੇ ਵਿਛੀ, ਬਿਸਤਰੇ ਨੂੰ ਭਾਗ ਲਾਉਂਦੀ। ਵਿਆਹੁੰਦੜ ਦੇ ਮੋਢਿਆਂ 'ਤੇ ਸੂਹਾ ਸਾਲੂ ਬਣ ਕੇ ਸ਼ਗਨ ਲਈ ਝੋਲੀ ਫੈਲਾਉਂਦੀ ਅਤੇ ਸੱਜਰੇ ਚਾਵਾਂ ਦਾ ਸੁਰਮਾ, ਦੀਦਿਆਂ ਵਿਚ ਮਟਕਾਉਂਦੀ।" ਨਾਲ ਹੀ ਉਹ ਕਹਿੰਦੇ ਹਨ, "ਫੁੱਲਕਾਰੀ ਸਿਰਫ ਚਾਦਰ 'ਤੇ ਹੀ ਨਹੀਂ ਕੱਢੀ ਜਾਂਦੀ ਅਤੇ ਨਾ ਹੀ ਸੁੱਚੇ ਧਾਗੇ ਜਾਂ ਸੂਹੇ ਰੰਗਾਂ ਨਾਲ ਹੀ ਕੱਢੀ ਜਾਂਦੀ; ਫੁੱਲਕਾਰੀ ਜਦ ਵਰਕੇ 'ਤੇ ਅੱਖਰਾਂ ਵਲੋਂ ਕੱਢੀ ਜਾਂਦੀ ਤਾਂ ਅਰਥਾਂ ਦੇ ਦੀਵੇ ਜਗਦੇ।...ਸਭ ਲਈ ਫੁੱਲਕਾਰੀ ਵਰਗਾ ਬਣਨਾ ਬਹੁਤ ਜਰੂਰੀ; ਪਰ ਫੁੱਲਕਾਰੀ ਬਣਨ ਤੋਂ ਪਹਿਲਾਂ ਸਾਡੇ ਮਨ ਵਿਚ ਪਾਏ ਜਾਣ ਵਾਲੇ ਚਿੱਤਰਾਂ ਦਾ ਧਿਆਨ ਹੋਵੇ, ਸੂਹੇ ਰੰਗਾਂ ਦਾ ਗਿਆਨ ਹੋਵੇ ਅਤੇ ਸੋਚਾਂ ਵਿਚ ਸੁੱਚੇ ਧਾਗਿਆਂ ਦੀ ਪਛਾਣ ਹੋਵੇ।"***

ਫੁੱਲਕਾਰੀ ਸੂਹੇ ਰੰਗਾਂ ਦੀ ਚਿੱਤਰਸ਼ਾਲਾ, ਸੁੱਚੇ ਧਾਗਿਆਂ ਦੀ ਕਲਾਕਾਰੀ, ਸੂਈ ਨਾਲ ਪਾਈਆਂ ਜਾ ਰਹੀਆਂ ਫੁੱਲ-ਬੂਟੀਆਂ, ਚਾਵਾਂ ਦੇ ਰਾਂਗਲੇ ਪਲਾਂ ਨੂੰ ਕੋਰੀ ਚਾਦਰ 'ਤੇ ਸਜਾਉਣ ਦਾ ਸੂਖਮ ਅਹਿਸਾਸ ਅਤੇ ਇਨ੍ਹਾਂ ਅਹਿਸਾਸਾਂ ਵਿਚ ਪਰੋਏ ਜਾਂਦੇ ਜਾਗਦੇ ਨੈਣਾਂ ਦੇ ਸੰਦਲੀ ਸੁਪਨੇ।

ਫੁੱਲਕਾਰੀ ਫੁੱਲਾਂ ਜਿਹੀ ਅਉਧ, ਵਕਤ ਦੀ ਤਵਾਰੀਖ ਨੂੰ ਉਤਾਰਨਾ, ਇਸ ਵਿਚੋਂ ਜ਼ਿੰਦਗੀ ਦੇ ਹਰ ਪਲ ਨੂੰ ਨਿਹਾਰਨਾ ਅਤੇ ਖੁਦ ਨੂੰ ਵਿਸਥਾਰਨਾ।

ਫੁੱਲਕਾਰੀ ਨਿੱਕੀਆਂ ਸੋਚਾਂ ਨੂੰ ਮਿਲੀ ਉਚੀ ਪਰਵਾਜ਼। ਸਾਹਾਂ ਵਿਚ ਧੜਕਦਾ ਰਾਗਮਈ ਸਾਜ਼ ਅਤੇ ਜੀਵਨ ਦਾ ਨਿਵੇਕਲਾ ਅੰਦਾਜ਼, ਜਿਸ ਵਿਚੋਂ ਜੀਵਨ-ਸੁਗੰਧੀਆਂ ਨੂੰ ਆਪਣੀ ਮਹਿਕ 'ਤੇ ਮਾਣਮੱਤਾ ਹੁੰਦਾ ਏ ਨਾਜ਼।

ਫੁੱਲਕਾਰੀ ਸਿਰਫ ਚਾਦਰ 'ਤੇ ਹੀ ਨਹੀਂ ਕੱਢੀ ਜਾਂਦੀ ਅਤੇ ਨਾ ਹੀ ਸੁੱਚੇ ਧਾਗੇ ਜਾਂ ਸੂਹੇ ਰੰਗਾਂ ਨਾਲ ਹੀ ਕੱਢੀ ਜਾਂਦੀ, ਫੁੱਲਕਾਰੀ ਤਾਂ ਬਹੁਤ ਸਾਰੀਆਂ ਧਰਾਤਲਾਂ, ਪਰਤਾਂ, ਪਹਿਰਾਂ, ਪਲਾਂ ਤੇ ਪ੍ਰਤੀਤੀਆਂ ਵਿਚ ਵੀ ਕੱਢੀ ਜਾਂਦੀ।

ਫੁੱਲਕਾਰੀ ਦੀ ਸੁਹਜਤਾ, ਸੁੰਦਰਤਾ, ਸੁਹੱਪਣ ਤੇ ਸਦੀਵਤਾ ਅਤੇ ਇਸ ਵਿਚ ਜ਼ਿੰਦਗੀ ਦੇ ਰੰਗ ਭਰਨ ਲਈ ਇਸ ਦੀਆਂ ਬਹੁ-ਪਰਤਾਂ ਦੀ ਨਿਸ਼ਾਨਦੇਹੀ ਕਰਨੀ ਅਤੇ ਇਨ੍ਹਾਂ ਨੂੰ ਆਪਣੇ ਅਵਚੇਤਨ ਦਾ ਹਿੱਸਾ ਬਣਾਉਣਾ ਲਾਜ਼ਮੀ।

ਫੁੱਲਕਾਰੀ, ਫਖਰ, ਫਰਾਖਦਿਲੀ, ਫੱਕਰਤਾ ਅਤੇ ਫਕੀਰੀ ਦਾ ਮੁਜੱਸਮਾ। ਇਸ ਵਿਚੋਂ ਬਹੁਤ ਸਾਰੀਆਂ ਧਾਰਾਵਾਂ ਚਾਹਤਾਂ, ਚਾਅ, ਚੰਗਿਆਈਆਂ ਤੇ ਚਾਹਨਾਵਾਂ ਦਾ ਰੂਪ ਧਾਰ, ਮਨੁੱਖਤਾ ਦੇ ਵਿਹੜੇ ਵਿਚ ਸੁਖਨ, ਸਕੂਨ ਅਤੇ ਸੰਤੁਸ਼ਟੀ ਦਾ ਸੰਗੀਤ ਗਾਉਂਦੀਆਂ। ਇਸ ਲਈ ਫੁੱਲਕਾਰੀ ਨੂੰ ਦੇਖਣਾ, ਅੰਤਰੀਵ ਵਿਚ ਉਤਾਰਨਾ ਅਤੇ ਇਸ ਦੀ ਸੰਵਦੇਨਾ ਨੂੰ ਆਪਣੀ ਸਮਝ, ਸੋਚ ਤੇ ਸੰਭਾਵਨਾ ਦਾ ਹਿੱਸਾ ਬਣਾਉਣਾ ਜਰੂਰੀ।

ਅੰਬਰ ਦੀ ਚਾਦਰ 'ਤੇ ਤਾਰਿਆਂ ਦੀ ਅਨਾਇਤੀ ਫੁੱਲਕਾਰੀ ਵਿਚੋਂ ਕਿਰਦੀ ਰੌਸ਼ਨੀ, ਟਿਮਕਦੇ ਤਾਰਿਆਂ ਦਾ ਜਲੌਅ, ਅਕਾਸ਼-ਗੰਗਾਵਾਂ ਦੇ ਸਿਰਜੇ ਜਾ ਰਹੇ ਅਕਾਰਾਂ ਅਤੇ ਇਸ ਵਿਚੋਂ ਮਿਲਣ ਵਾਲੇ ਸੁਨੇਹਿਆਂ ਨੂੰ ਸਮਝਣ ਲਈ ਅੰਬਰ ਵਰਗਾ ਬਣਨਾ ਲੋਚੋ। ਅੰਬਰ ਵਰਗੀ ਵਿਸ਼ਾਲਤਾ ਦਾ ਹਾਣੀ ਬਣ ਕੇ ਚਾਨਣ ਦਾ ਵਣਜ ਕਰੋ। ਰਾਤ ਦੇ ਵਿਹੜੇ ਚੜ੍ਹੇ ਚੰਨ ਦੀ ਚਾਨਣੀ ਵਿਚ ਮੋਹਵੰਤੇ ਵਰਤਾਰਿਆਂ, ਪ੍ਰੇਮੀਆਂ ਦੀ ਗਲਵੱਕੜੀ ਅਤੇ ਚਕੋਰ ਦਾ ਮਿਲਾਪ ਲਈ ਆਹਰ ਕਰਨਾ ਜਰੂਰੀ ਏ। ਚਾਨਣੀ ਦੀ ਲੋਚਾ ਪਾਲਦਿਆਂ ਇਸ ਦੀਆਂ ਰਹਿਮਤਾਂ ਨੂੰ ਜਿਊਣ ਜੋਗਾ ਬਣਾਉਣ ਵਾਲੇ ਸਮੇਂ ਦੇ ਸ਼ਾਹ-ਅਸਵਾਰ ਹੁੰਦੇ।

ਇਕ ਫੁੱਲਕਾਰੀ ਕਿਸਾਨ ਵੀ ਖੇਤਾਂ ਵਿਚ ਆਪਣੇ ਮੁੜ੍ਹਕੇ, ਮਿਹਨਤ ਤੇ ਮਨ ਨਾਲ, ਮਾਨਵਤਾ ਲਈ ਕੱਢਦਾ ਜਦ ਉਹ ਧਰਤੀ 'ਤੇ ਸਿਆੜ ਰੂਪੀ ਬੂਟੀਆਂ ਪਾਉਂਦਾ। ਉਗਦੇ ਬੀਆਂ, ਮੌਲਦੀਆਂ ਤੇ ਨਿੱਸਰਦੀਆਂ ਫਸਲਾਂ ਅਤੇ ਛਿੱਟਿਆਂ ਦੀ ਖੂਬਸੂਰਤੀ ਇਸ ਨੂੰ ਚਾਰ ਚੰਨ ਲਾਉਂਦੀ। ਇਹ ਫੁੱਲਕਾਰੀ ਅਮਾਨਤ ਹੁੰਦੀ, ਭਰੇ ਹੋਏ ਭੜੋਲੇ ਅਤੇ ਦਲਾਨ ਵਿਚ ਲੱਗੇ ਦਾਣਿਆਂ ਦੇ ਬੋਹਲਾਂ ਦੀ। ਇਹ ਫੁੱਲਕਾਰੀ ਕਿਰਤ, ਕਮਾਈ ਅਤੇ ਕੀਰਤੀ ਦਾ ਸੁਚੱਜਾ ਤੇ ਸਹੁੰਢਣਾ ਸਰੂਪ, ਜੋ ਰੋਟੀ ਦੀ ਬੁਰਕੀ ਵੀ ਬਣਦੀ, ਘਰ ਦੀ ਚੋਂਦੀ ਛੱਤ ਨੂੰ ਨਰੋਇਆ ਰੂਪ ਵੀ ਦਿੰਦੀ ਅਤੇ ਘਰਦਿਆਂ ਦੇ ਨੈਣਾਂ ਵਿਚ ਉਗੇ ਸੁਪਨਿਆਂ ਨੂੰ ਪੂਰੇ ਕਰਦੀ। ਕਦੇ ਕਦਾਈਂ ਇਹ ਧੀ-ਧਿਆਣੀ ਦਾ ਬਾਪ ਦੇ ਘਰ ਤੋਂ ਵਿਦਾ ਹੋਣ ਦਾ ਫਖਰਮਈ ਪਲ ਵੀ ਬਣਦੀ।

ਕਦੇ ਉਸ ਫੁੱਲਕਾਰੀ ਨੂੰ ਧਿਆਨ ਨਾਲ ਦੇਖਣਾ, ਜਿਹੜੀ ਮਾਂ ਵੱਲੋਂ ਚੌਂਕੇ ਦੇ ਓਟੇ 'ਤੇ ਕੱਢੀ ਜਾਂਦੀ। ਇਸ ਸਦਕਾ ਹੀ ਮਾਂ ਦੀਆਂ ਪਕਾਈਆਂ ਰੋਟੀਆਂ ਅਤੇ ਖਾਣੇ ਦੀ ਲਜ਼ੀਜ਼ਤਾ ਆਰ-ਪਰਿਵਾਰ ਦੇ ਮੁਖੜਿਆਂ 'ਤੇ ਚਮਕਦੀ। ਵਿਹੜਾ ਆਪਣੀ ਉਮਰ ਨੂੰ ਲੰਮੇਰਾ ਕਰਦਾ। ਰੌਣਕਾਂ, ਰੀਝਾਂ, ਰੂਹ-ਰੇਜ਼ਤਾ ਅਤੇ ਰੰਗਤਾ ਦਾ ਹੋਕਰਾ, ਮਾਂ ਵਲੋਂ ਕੱਢੀ ਇਸ ਫੁੱਲਕਾਰੀ ਦੇ ਸਦਕੇ ਜਾਂਦਾ। ਘਰ, ਘਰ ਵਾਲਿਆਂ ਦੀ ਪਹਿਲਕਦਮੀ ਦਾ ਸਿਰਨਾਵਾਂ ਬਣਦਾ।

ਕਦੇ ਕੁਦਰਤ ਵਲੋਂ ਪਹਾੜਾਂ 'ਤੇ ਕੱਢੀ ਹੋਈ ਫੁੱਲਕਾਰੀ ਨੂੰ ਜਰਾ ਧਿਆਨ ਨਾਲ ਦੇਖਣਾ; ਕੁਦਰਤ ਦੀ ਕਲਾਕਾਰੀ ਨੂੰ ਨਿਹਾਰਨਾ ਅਤੇ ਇਸ ਦੀਆਂ ਬਾਰੀਕੀਆਂ, ਅਮੁੱਲਤਾ ਤੇ ਅਸੀਮਤਾ ਨੂੰ ਦੇਖਣ-ਪਤਾ ਲੱਗੇਗਾ ਕਿ ਕੁਦਰਤ ਕਿੰਨੀ ਬੇਅੰਤ ਹੈ? ਕਿੰਨੀ ਖੂਬਸੂਰਤੀ ਨੂੰ ਪਹਾੜਾਂ ਦੇ ਨਾਮ ਕਰ, ਮਨੁੱਖ ਨੂੰ ਹਰ ਪਲ ਪਹਾੜਾਂ ਦਾ ਸਾਥ ਮਾਣਨ ਲਈ ਉਕਸਾਉਂਦੀ? ਤਾਂ ਹੀ ਲੋਕ ਜ਼ਿੰਦਗੀ ਦੀ ਟੁੱਟ-ਭੱਜ ਤੇ ਦੌੜ-ਭੱਜ ਤੋਂ ਅੱਕੇ, ਪਹਾੜਾਂ ਦੀ ਫੁੱਲਕਾਰੀ ਤੋਂ ਸਿਹਤ, ਸੁੰਦਰਤਾ, ਸੁੱਖਨ ਨੂੰ ਹੰਢਾਉਂਦੇ, ਸੰਧੂਰੀ ਪਲਾਂ ਨੂੰ ਮਾਣਦੇ। ਇਸ ਨੂੰ ਜੀਵਨ ਦੀ ਯਾਦ ਬਣਾ ਕੇ ਜਦ ਘਰਾਂ ਨੂੰ ਪਰਤਦੇ ਤਾਂ ਇਸ ਫੁੱਲਕਾਰੀ ਦੀਆਂ ਬਰਕਤਾਂ ਉਨ੍ਹਾਂ ਦੇ ਚੇਤਿਆਂ ਵਿਚ ਸਦਾ ਚਿਰੰਜੀਵ ਰਹਿੰਦੀਆਂ।



ਕਦੇ ਕਦਾਈਂ ਸਮਾਂ ਲੱਗੇ ਤਾਂ ਸਮੁੰਦਰ ਦੀ ਤਹਿ ਵਿਚਲੀ ਰੰਗ-ਬਿਰੰਗੀ ਫੁੱਲਕਾਰੀ ਦੇ ਸ਼ੋਖ ਰੰਗਾਂ, ਕ੍ਰਿਸ਼ਮਿਆਂ ਅਤੇ ਕਰਤਾਰੀ ਵਰਤਾਰੇ ਦੀ ਅਚੰਭਤਾ ਅਤੇ ਅਚਰਜਤਾ ਨੂੰ ਦੇਖਣਾ। ਸਮੁੰਦਰ ਦੀ ਧਰਾਤਲ ਵਿਚ ਕੁਦਰਤ ਵਲੋਂ ਕੱਢੀ ਗਈ ਫੁੱਲਕਾਰੀ ਨੂੰ ਦੇਖਣ ਅਤੇ ਇਸ ਨੂੰ ਅੰਦਰ ਉਤਾਰਨ ਲਈ ਮਨੁੱਖ ਵਾਰ ਵਾਰ ਸਮੁੰਦਰ ਦੀ ਤਹਿ ਫਰੋਲਦਾ। ਸਮੁੰਦਰੀ ਦੁਨੀਆਂ ਵਲੋਂ ਸਿਰਜੀ ਇਸ ਫੁੱਲਕਾਰੀ ਨੂੰ ਬਹੁਤ ਘੱਟ ਲੋਕ ਸਮਝਣ ਅਤੇ ਸੋਚਣ ਤੋਂ ਸਮਰੱਥ। ਕਿਵੇਂ ਸਮਝ ਸਕਦੇ ਨੇ ਇਸ ਦੀ ਅਹਿਮੀਅਤ ਅਤੇ ਅਮੀਰਤਾ? ਇਹ ਕੇਹਾ ਭਾਵੀ ਪ੍ਰਤਾਪ ਹੈ ਸਮੁੰਦਰ ਦਾ, ਇਕ ਤਹਿ ਵਿਚ ਕੱਢਦਾ ਤੇ ਦੂਸਰੀ ਬੀਚ-ਰੂਪੀ ਫੁੱਲਕਾਰੀ। ਬੀਚ 'ਤੇ ਅਲਸਾਏ ਅਤੇ ਸੰਧੂਰੀ ਪਲਾਂ ਨੂੰ ਮਾਣਦੇ ਸ਼ੈਲਾਨੀਆਂ ਦੀ ਸਕੂਨ-ਫੁੱਲਕਾਰੀ, ਤੁਹਾਨੂੰ ਇਸ ਵਿਚ ਸੰਮਿਲਤ ਹੋਣ ਲਈ ਪ੍ਰੇਰਦੀ ਹੈ।

ਇਕ ਫੁੱਲਕਾਰੀ ਮਾਰੂਥਲ ਦੇ ਪਿੰਡੇ 'ਤੇ ਰੇਤ ਦੀਆਂ ਲਹਿਰਾਂ ਅਤੇ ਪਰਤਾਂ ਵਿਚੋਂ ਜਦ ਕੋਈ ਨਿਹਾਰਦਾ ਤਾਂ ਸਮਝ ਆਉਂਦੀ ਕਿ ਇਹ ਕਲਾਕਾਰੀ ਸਭ ਕਲਾਕਾਰਾਂ ਤੋਂ ਉਤਮ। ਕੌਣ ਕਰ ਸਕਦਾ ਏ ਇਸ ਕ੍ਰਿਤਕਾਰੀ ਦਾ ਮੁਕਾਬਲਾ? ਦੂਰ ਦੂਰ ਤੀਕ ਮਾਰੂਥਲ 'ਤੇ ਉਕਰੀ ਹੋਈ ਫੁੱਲਕਾਰੀ ਦੀ ਸੁੰਦਰਤਾ ਅਕਹਿ, ਅਥਾਹ, ਅਸੀਮ, ਅਚੰਭਾ ਤੇ ਅਸਗਾਹ। ਇਸ ਦੀਆਂ ਰੇਤ-ਬੂਟੀਆਂ ਤੇ ਰੇਤ-ਵੇਲਾਂ ਦਰਸ਼ਕਾਂ ਨੂੰ ਆਪਣੇ ਵੱਲ ਅਹੁਲਣ ਲਈ ਮਜਬੂਰ ਕਰਦੀਆਂ। ਚੰਨ-ਚਾਨਣੀ ਵਿਚ ਮਾਰੂਥਲ 'ਤੇ ਪੈਂਦੀਆਂ ਕਿਰਨਾਂ ਅਤੇ ਇਸ ਵਿਚੋਂ ਉਭਰਦੇ ਬਿੰਬਾਂ ਨੂੰ ਨਿਹਾਰਦਿਆਂ ਪਤਾ ਲੱਗਦਾ ਕਿ ਇਸ ਦੀ ਕਲਾ-ਨਿਕਾਸ਼ੀ ਵਿਚੋਂ ਕਿੰਨੇ ਆਕਾਰਾਂ, ਅਕਿਰਤੀਆਂ ਅਤੇ ਆਫਤਾਬੀ ਦ੍ਰਿਸ਼ਾਂ ਨੂੰ ਦ੍ਰਿਸ਼ਟਮਾਨ ਕਰਨ ਤੇ ਸੰਵੇਦਨਾ ਨੂੰ ਸਮਿਆਂ ਦਾ ਹਾਣੀ ਬਣਾਉਣ ਦੀ ਲੋੜ ਹੈ; ਪਰ ਇਸ ਫੁੱਲਕਾਰੀ ਵਿਚ ਸੱਸੀ ਦੀ ਲੇਰ ਅਤੇ ਕੇਰੇ ਹੋਏ ਹੰਝੂ, ਫੁੱਲਕਾਰੀ ਵਿਚ ਹਉਕਾ ਵੀ ਧਰਦੇ। ਪੁੰਨੂ ਬਲੋਚ ਦੀਆਂ ਦੂਰ ਜਾਂਦੀਆਂ ਪੈੜਾਂ, ਸੋਗ ਦਾ ਸਿਰਨਾਵਾਂ ਬਣ ਕੇ ਫੁੱਲਕਾਰੀ ਦੀ ਕੰਨੀ ਵਿਚ ਵੀ ਉਗਦਾ।

ਫੁੱਲਕਾਰੀ ਜਦ ਵਰਕੇ 'ਤੇ ਅੱਖਰਾਂ ਵਲੋਂ ਕੱਢੀ ਜਾਂਦੀ ਤਾਂ ਅਰਥਾਂ ਦੇ ਦੀਵੇ ਜਗਦੇ। ਵਾਕਾਂ ਦੀਆਂ ਮੋਮਬੱਤੀਆਂ ਚਾਨਣ ਬਿਖੇਰਦੀਆਂ। ਅੱਖਰਾਂ ਵਿਚੋਂ ਦਗਦੇ ਸੁੱਚੇ ਰੰਗ, ਸ਼ਬਦਾਂ ਦੀ ਸਾਂਝ ਤੇ ਮਨੁੱਖਤਾ-ਰੂਪੀ ਮੁਹਾਂਦਰਾ, ਅਗਲੀਆਂ ਨਸਲਾਂ ਨੂੰ ਇਕ ਸੁਨੇਹਾ ਦਿੰਦਾ। ਇਹ ਫੁੱਲਕਾਰੀ ਤਵਾਰੀਖ ਬਣ ਕੇ ਵਿਰਾਸਤ ਬਣਦੀ ਅਤੇ ਇਸ ਵਿਰਾਸਤ ਨੂੰ ਇਕ ਪੀਹੜੀ ਤੋਂ ਦੂਸਰੀ ਪੀਹੜੀ ਵੱਲ ਤੋਰਨਾ, ਫੁੱਲਕਾਰੀ ਦਾ ਕਰਮ ਤੇ ਕਿੱਤਾ। ਇਸ ਕਰਤਾਰੀ ਕਰਮ ਨੂੰ ਸਿਰਫ ਅੱਖਰ ਫੁੱਲਕਾਰੀ ਹੀ ਨਿਭਾ ਸਕਦੀ। ਇਸ ਫੁੱਲਕਾਰੀ ਨੂੰ ਆਪਣੀ ਚੇਤਨਾ ਦਾ ਹਿੱਸਾ ਬਣਾਓ, ਕਿਉਂਕਿ ਇਸ ਵਿਚੋਂ ਕਦੇ ਕੋਈ ਕਵਿਤਾ, ਕਹਾਣੀ, ਨਾਵਲ ਪੁੰਗਰਦਾ ਅਤੇ ਕਦੇ ਇਹ ਰੁਜ਼ਗਾਰ ਦਾ ਸਬੱਬ ਵੀ ਬਣਦੀ।

ਜਦ ਕੋਈ ਕੈਨਵਸ, ਫੁੱਲਕਾਰੀ ਦਾ ਰੂਪ ਧਰਦੀ ਤਾਂ ਬੁਰਸ਼ ਅਤੇ ਰੰਗਾਂ ਰਾਹੀਂ ਮਨ ਵਿਚ ਬੈਠੀਆਂ ਭਾਵਨਾਵਾਂ, ਅਚੇਤ ਸੁਪਨਿਆਂ, ਸੋਚਾਂ ਅਤੇ ਦੱਬੇ ਚਾਵਾਂ ਨੂੰ ਕੈਨਵਸ 'ਤੇ ਉਕਰਨ ਦਾ ਸੁੰਦਰ ਮੌਕਾ ਮਿਲਦਾ। ਕੈਨਵਸ ਦੇ ਰੰਗਾਂ, ਸ਼ਕਲਾਂ, ਆਕਾਰਾਂ ਵਿਚੋਂ ਉਗਮਦੀ ਸੰਵੇਦਨਾ ਨੂੰ ਉਘਾੜਨ ਦਾ ਸਾਧਨ ਵੀ ਫੁੱਲਕਾਰੀ ਬਣਦੀ। ਇਸ ਫੁੱਲਕਾਰੀ ਵਿਚ ਭੂਤ, ਭਵਿੱਖ ਅਤੇ ਵਰਤਮਾਨ, ਦ੍ਰਿਸ਼ਟਾਂਤ ਰਾਹੀਂ ਬੀਤੇ ਹੋਏ ਵਕਤ ਨੂੰ ਆਉਣ ਵਾਲੀਆਂ ਨਸਲਾਂ ਦੇ ਨਾਮ ਕਰਨ ਦਾ ਸੂਤਰਧਾਰ ਵੀ ਬਣਦੇ।

ਫੁੱਲਕਾਰੀ ਤਾਂ ਮਨ ਵਿਚ ਪਲ ਪਲ ਬਦਲਦੇ ਵਿਚਾਰਾਂ, ਭਾਵਨਾਵਾਂ, ਸੋਚਾਂ, ਸਾਧਨਾਂ, ਤਕਦੀਰਾਂ, ਤਦਬੀਰਾਂ, ਤਸਵੀਰਾਂ ਅਤੇ ਤਸ਼ਬੀਹਾਂ ਨੂੰ ਮਸਤਕ ਦੇ ਚਿੱਤਰਪੱਟ 'ਤੇ ਉਕਰਦੀ ਤੇ ਬੰਦੇ ਅੰਦਰ ਬੈਠੇ ਉਸ ਬੰਦੇ ਨੂੰ ਪ੍ਰਗਟ ਕਰਦੀ, ਜਿਸ ਤੋਂ ਬੰਦਾ ਖੁਦ ਵੀ ਮੁਨਕਰ ਹੁੰਦਾ। ਅੰਤਰੀਵ ਵਿਚ ਬੈਠੇ ਹੋਏ ਬੰਦੇ ਦੀਆਂ ਜੁਗਤਾਂ, ਜੁਅਰਤਾਂ, ਜ਼ਜ਼ਬਿਆਂ ਵਿਚੋਂ ਹੀ ਜ਼ਮੀਰ ਜਾਗਦੀ ਜਾਂ ਮਰ ਜਾਂਦੀ। ਮਨੁੱਖਤਾ, ਮਮਤਾ, ਮੁਹਤਾਜੀ, ਮਾਣ-ਸਨਮਾਨ, ਮੁਕਾਬਲੇਬਾਜ਼ੀ, ਮੁਕਾਮ, ਮਾਹੌਲ, ਮਰਦਾਨਗੀ ਅਤੇ ਮੌਤ ਨੂੰ ਵੀ ਮਨ ਵਿਚ ਚਿਤਾਰਦਾ। ਇਸ ਫੁੱਲਕਾਰੀ ਨੂੰ ਆਪਣੇ ਅੰਦਰ ਲਕੋਂਦਾ ਅਤੇ ਅਪੂਰਤ ਸੁਪਨਿਆਂ ਨੂੰ ਜੱਗ-ਜਾਹਰ ਕਰਨ ਤੋਂ ਕਦੇ ਹੋੜਦਾ ਅਤੇ ਕਦੇ ਜੱਗ ਨੂੰ ਦਿਖਾਉਂਦਾ।

ਇਕ ਫੁੱਲਕਾਰੀ ਘਰ ਦੇ ਜੀਅ ਤੇ ਘਰ ਦੀ ਚਾਰ-ਦੀਵਾਰੀ। ਕਮਰਾ, ਵਿਹੜਾ, ਸਬਾਤ, ਦਲਾਨ ਜਾਂ ਕੋਠੜੀਆਂ ਵਿਚ ਰਹਿੰਦੇ ਹਰ ਜੀਅ ਦਾ ਆਪਣਾ ਵੱਖਰਾ ਰੰਗ, ਵਿਲੱਖਣ ਅੰਦਾਜ਼, ਵੱਖਰਾ ਸੋਚਣ ਤੇ ਸੰਵੇਦਨਾ ਦਾ ਢੰਗ। ਇਸ ਵਰਤਾਰੇ ਨੂੰ ਆਪਣੀ ਸਮਝ ਅਨੁਸਾਰ ਸਮਝਣ ਅਤੇ ਜੀਵਨ ਦਾ ਹਿੱਸਾ ਬਣਾਉਣ ਦੀ ਚਾਹਤ। ਇਸ ਸੁੰਦਰ ਫੁੱਲਕਾਰੀ ਨਾਲ ਜੀਆਂ ਦਾ ਟੱਬਰ ਬਣਦਾ, ਪਰਿਵਾਰ ਬਣਦਾ ਅਤੇ ਪਰਿਵਾਰ ਮਿਲ ਕੇ ਮਕਾਨ ਨੂੰ ਘਰ ਬਣਾਉਂਦਾ।

ਸਮੁੱਚਤਾ ਵਿਚੋਂ ਜਦ ਸਦੀਵਤਾ, ਸੰਜੀਵਤਾ, ਸੁਖਨਤਾ ਜਨਮ ਲੈਂਦੀ ਤਾਂ ਫੁੱਲਕਾਰੀ ਨੂੰ ਆਪਣੇ ਰੰਗਾਂ, ਧਾਗਿਆਂ, ਕਲਾਕਾਰੀ ਅਤੇ ਪਾਏ ਜਾ ਰਹੇ ਤਰੋਪਿਆਂ 'ਤੇ ਨਾਜ਼ ਹੁੰਦਾ।

ਸਮੁੱਚੀ ਦੁਨੀਆਂ ਹੀ ਇਕ ਫੁੱਲਕਾਰੀ, ਜਿਸ ਵਿਚ ਵੱਖ-ਵੱਖ ਖਿੱਤੇ, ਲੋਕ, ਰਸਮੋ-ਰਿਵਾਜ, ਪਹਿਰਾਵਾ, ਬੋਲੀ, ਧਰਾਤਲ, ਮੌਸਮ, ਪੌਣ-ਪਾਣੀ, ਰੁੱਤਾਂ, ਕਿੱਤੇ, ਵਰਤੋਂ-ਵਿਹਾਰ, ਰਿਸ਼ਤੇ, ਮਾਨਸਿਕ ਸੋਚ ਅਤੇ ਤਰਜ਼ੀਹਾਂ ਵਿਚ ਅੰਤਰ। ਉਨ੍ਹਾਂ ਦੇ ਯਤਨਾਂ, ਸਾਧਨਾ, ਸਮਰੱਥਾਵਾਂ, ਸੁਪਨਿਆਂ ਅਤੇ ਸਫਲਤਾਵਾਂ ਵਿਚ ਫਰਕ। ਉਨ੍ਹਾਂ ਦੀਆਂ ਜਰੂਰਤਾਂ, ਜਗਿਆਸਾਵਾਂ, ਜੁਗਾੜਾਂ, ਅਤੇ ਜ਼ੁਬਾਨਾਂ ਵਿਚ ਭਿੰਨਤਾ। ਇਸ ਫੁੱਲਕਾਰੀ ਦੇ ਰੰਗਾਂ ਅਤੇ ਧਾਗਿਆਂ ਦੀ ਸੁੱਚਮਤਾ, ਸੁੱਚਤਾ ਤੇ ਸੂਹੇਪਣ ਦਾ ਕਮਾਲ ਕਿ ਸਾਰੀ ਦੁਨੀਆਂ ਹੁਸੀਨ, ਹੱਸਮੁੱਖ, ਹਮਜੋਲਤਾ ਤੇ ਹਾਜਰ-ਜਵਾਬੀ ਵਿਚ ਮਕਬੂਲ ਅਤੇ ਮਸਤ।

ਮਨੁੱਖੀ ਜੀਵਨ ਦੇ ਵੱਖ-ਵੱਖ ਪੜਾਵਾਂ ਨੂੰ ਸ਼ਕਲਾਂ ਅਤੇ ਸੂਰਤਾਂ ਵਿਚ ਰੰਗਣਾ ਹੋਵੇ ਤਾਂ ਇਸ ਤੋਂ ਬਿਹਤਰ ਕੋਈ ਹੋਰ ਫੁੱਲਕਾਰੀ ਹੋ ਹੀ ਨਹੀਂ ਸਕਦੀ। ਬਹੁਤ ਜ਼ਬਰਦਸਤ ਅਤੇ ਜਗਿਆਸੂ ਫੁੱਲਕਾਰੀ। ਇਸ ਵਿਚ ਘੁੱਲੇ ਹੋਏ ਨੇ ਬਚਪਨ, ਜਵਾਨੀ, ਅਧੇੜਖੜ, ਬੁਢਾਪਾ। ਕਦੇ ਬਾਪ ਦੀ ਉਂਗਲ ਫੜ ਕੇ ਤੁਰਨਾ, ਕਦੇ ਫੁੱਟਦੀ ਲੂਈਂ ਵਿਚ ਧਰਤੀ 'ਤੇ ਪੈਰ ਨਾ ਲੱਗਣਾ, ਕਦੇ ਜਵਾਨੀ ਦਾ ਅੰਨ੍ਹਾ ਜੋਰ, ਕਦੇ ਪੈਰਾਂ ਵਿਚ ਸਫਰ ਦਾ ਠੱਲ੍ਹ ਜਾਣਾ, ਕਦੇ ਸਰੀਰਕ ਸਮਰੱਥਾ ਦਾ ਘਟ ਜਾਣਾ, ਕਦੇ ਡੰਗੋਰੀ ਆਸਰੇ ਕੁਝ ਕੁ ਕਦਮ ਉਠਾਉਣ ਦੀ ਮਜਬੂਰੀ ਅਤੇ ਆਖਰ ਨੂੰ ਬੱਚਿਆਂ ਦੇ ਮੋਢੇ 'ਤੇ ਕਬਰ ਤੀਕ ਦਾ ਪੈਂਡਾ। ਕਦੇ ਸੁਪਨੇ ਲੈਣਾ, ਕਦੇ ਸੁਪਨਿਆਂ ਨੂੰ ਪੂਰਾ ਕਰਨਾ। ਕਦੇ ਸੁਪਨਿਆਂ ਦੇ ਰੁੱਸ ਜਾਣ 'ਤੇ ਜ਼ਿੰਦਗੀ ਤੋਂ ਰੁੱਸਣਾ, ਆਦਿ ਬਹੁਤ ਸਾਰੇ ਰੰਗ ਨੇ ਜਿਨ੍ਹਾਂ ਦੀ ਆਭਾ, ਜੀਵਨ-ਫੁੱਲਕਾਰੀ ਨੂੰ ਅਜਿਹਾ ਚਿੱਤਰਪੱਟ ਬਣਾਉਂਦੀ ਕਿ ਇਸ ਵਿਚੋਂ ਮਨੁੱਖੀ ਜੀਵਨ ਦੇ ਸਾਰੇ ਝਲਕਾਰੇ ਨਜ਼ਰ ਆਉਂਦੇ।

ਫੁੱਲਕਾਰੀ ਦੇ ਰੰਗਾਂ ਵਿਚ ਜੀਵਨ-ਸ਼ੈਲੀ ਨੂੰ ਲਬਰੇਜ਼ ਕਰਨਾ। ਇਸ ਦੀ ਰੰਗਤਾ ਵਿਚ ਜੀਵਨ ਨੂੰ ਸੇਧ ਦੇਣਾ ਹੀ ਮਨੋਰਥ ਹੋਵੇ ਤਾਂ ਜੀਵਨ ਨੂੰ ਜੀਵਨ ਕਹਿਣ ਲੱਗਿਆਂ ਮਾਣ ਮਹਿਸੂਸ ਹੁੰਦਾ।

ਪਰ ਦੁੱਖ ਹੁੰਦਾ ਕਿ ਮਨੁੱਖ ਇਸ ਫੁੱਲਕਾਰੀ ਦੇ ਰੰਗਾਂ ਦੀਆਂ ਰਮਜ਼ਾਂ, ਧਾਗਿਆਂ ਵਿਚ ਪਰੋਈਆਂ ਧਰਮ-ਕਰਮ ਦੀਆਂ ਧਾਰਨਾਵਾਂ ਅਤੇ ਸੂਈ ਨਾਲ ਪਾਏ ਜਾਣ ਵਾਲੇ ਮੋਰ, ਘੁੱਗੀਆਂ, ਫੁੱਲ-ਬੂਟੇ ਅਤੇ ਓਟੇ ਦੀਆਂ ਚਿੜੀਆਂ ਵਿਚੋਂ ਮਨੁੱਖੀ ਅੱਖ ਨੇ ਕੀ ਪੜ੍ਹਨਾ? ਕੀ ਅਧੂਰਾ ਛੱਡ ਦੇਣਾ? ਪੜ੍ਹੇ ਵਿਚੋਂ ਕੀ ਸਮਝਣਾ? ਇਸ ਨੂੰ ਕਿਹੜੇ ਅਰਥਾਂ ਰਾਹੀਂ ਜੀਵਨ ਵਿਚ ਢਾਲਣਾ, ਇਹ ਤਾਂ ਮਨੁੱਖੀ ਫਿਤਰਤ 'ਤੇ ਨਿਰਭਰ।

ਕਦੇ ਚਮਨ ਵਿਚ ਟਹਿਲਣਾ। ਵੱਖੋ-ਵੱਖਰੇ ਰੰਗਾਂ, ਰੁੱਤਾਂ, ਪੱਤਿਆਂ ਅਤੇ ਕਿਸਮਾਂ ਦੇ ਫੁੱਲਾਂ ਨਾਲ ਧਰਤੀ 'ਤੇ ਵਿੱਛੀ ਹੋਈ ਫੁੱਲਕਾਰੀ ਨੂੰ ਧਿਆਨ ਨਾਲ ਦੇਖਣਾ, ਤੁਸੀਂ ਖੁਦ ਵੀ ਫੁੱਲਕਾਰੀ ਦਾ ਹਿੱਸਾ ਬਣ ਜਾਵੋਗੇ। ਇਸ ਫੁੱਲਕਾਰੀ ਵਿਚ ਤਿੱਤਲੀਆਂ ਦੀ ਉਡਾਣ ਅਤੇ ਭੌਰਿਆਂ ਦਾ ਮਸਤੀ ਰਾਗ ਵੀ ਸ਼ਾਮਲ। ਆਪਣੇ ਕਰਮ ਵਿਚ ਰੁੱਝੀਆਂ ਸ਼ਹਿਦ ਦੀਆਂ ਮੱਖੀਆਂ। ਕਿਧਰੇ ਫੁੱਲਾਂ ਨੂੰ ਪਾਣੀ ਦਿੰਦਾ ਮਾਲੀ। ਫੁੱਲਕਾਰੀ ਵਿਚ ਰੂਹ ਦੀ ਚਾਸ਼ਣੀ; ਤਾਂ ਹੀ ਮਾਲੀ ਦੀ ਹਾਜ਼ਰੀ ਵਿਚ ਫੁੱਲ ਜ਼ਿਆਦਾ ਟਹਿਕਦੇ ਤੇ ਮਹਿਕਦੇ। ਰੰਗਾਂ ਦੀ ਹੱਟ ਲਾਉਂਦੇ ਅਤੇ ਮਹਿਕਾਂ ਦਾ ਵਣਜ ਕਰਦੇ, ਹਰ ਇਕ ਦੀ ਝੋਲੀ ਖੁਸ਼ੀਆਂ ਤੇ ਖੇੜਿਆਂ ਨਾਲ ਭਰਦੇ।

ਫੁੱਲਕਾਰੀ ਨੱਢੀ ਦੇ ਸਿਰ ਸੋਂਹਦੀ, ਸਵਾਣੀ ਨੂੰ ਭਾਉਂਦੀ। ਨਿਵਾਰੀ ਮੰਜੇ 'ਤੇ ਵਿਛੀ, ਬਿਸਤਰੇ ਨੂੰ ਭਾਗ ਲਾਉਂਦੀ। ਵਿਆਹੁੰਦੜ ਦੇ ਮੋਢਿਆਂ 'ਤੇ ਸੂਹਾ ਸਾਲੂ ਬਣ ਕੇ ਸ਼ਗਨ ਲਈ ਝੋਲੀ ਫੈਲਾਉਂਦੀ ਅਤੇ ਸੱਜਰੇ ਚਾਵਾਂ ਦਾ ਸੁਰਮਾ, ਦੀਦਿਆਂ ਵਿਚ ਮਟਕਾਉਂਦੀ।

ਫੁੱਲਕਾਰੀ ਪੰਜਾਬੀ ਵਿਰਸੇ ਦਾ ਮੁਹਾਂਦਰਾ। ਵਿਰਾਸਤ ਦਾ ਮਹੱਤਵਪੂਰਨ ਪਹਿਲੂ। ਬਜੁਰਗਾਂ

*(ਬਾਕੀ ਸਫਾ 25 ਉਤੇ)*

# ਟਾਈਗਰ ਜੀਤ ਸਿੰਘ ਦੀ ਜੀਵਨੀ

ਪੰਜਾਬੀ ਖੇਡ ਸਾਹਿਤ
45



ਪ੍ਰਿੰ. ਸਰਵਣ ਸਿੰਘ
ਫੋਨ: 647-785-1661

'ਜੀਤ ਨੇ ਜੱਗ ਜਿੱਤਿਆ' ਟਾਈਗਰ ਜੀਤ ਸਿੰਘ ਸੂਜਾਪੁਰੀਏ ਦੀ ਜੀਵਨੀ ਹੈ, ਜੋ ਸੁਰਿੰਦਰਪ੍ਰੀਤ ਸਿੰਘ ਨੇ ਲਿਖੀ ਤੇ ਮਨਦੀਪ ਪਬਲੀਕੇਸ਼ਨ ਨੇ ਪ੍ਰਕਾਸ਼ਿਤ ਕੀਤੀ। ਟਾਈਗਰ ਜੀਤ ਸਿੰਘ ਨੂੰ ਫਰੀ ਸਟਾਈਲ ਕੁਸ਼ਤੀਆਂ ਦਾ 'ਕਿੰਗ ਆਫ ਕਿੰਗਜ਼' ਕਿਹਾ ਜਾਂਦਾ ਸੀ-ਡਬਲਯੂ. ਡਬਲਯੂ. ਈ. ਕੁਸ਼ਤੀਆਂ ਦਾ ਵਰਲਡ ਚੈਂਪੀਅਨ। ਜਪਾਨੀ ਉਸ ਨੂੰ ਜਪਾਨੀ ਕੁਸ਼ਤੀ 'ਸੁਮੋ' ਦੇ ਪਹਿਲਵਾਨਾਂ ਤੋਂ ਵੀ ਵੱਧ ਪਿਆਰਦੇ ਸਨ। ਜਪਾਨ ਦਾ ਉਹ ਆਨਰੇਰੀ ਸਿਟੀਜ਼ਨ ਸੀ। ਪਾਕਿਸਤਾਨ ਵਿਚ ਵੀ ਉਸ ਦਾ ਬਹੁਤ ਆਦਰ-ਮਾਣ ਸੀ। ਹੁਣ ਉਹ ਅੱਸੀਆਂ ਸਾਲਾਂ ਨੂੰ ਢੁੱਕਣ ਲੱਗਾ ਹੈ। ਉਹਦਾ ਅਸਲੀ ਨਾਂ ਜਗਜੀਤ ਸਿੰਘ ਹਾਂਸ ਹੈ। ਅੱਜ ਕੱਲ੍ਹ ਉਹ ਟੋਰਾਂਟੋ ਲਾਗੇ ਮਿਲਟਨ ਵਿਚ ਰਹਿੰਦਾ ਹੈ। ਉਥੇ ਉਸ ਦੀ ਟਾਈਗਰ ਫਾਊਂਡੇਸ਼ਨ ਵੱਲੋਂ ਇਕ ਸੈਕੰਡਰੀ ਸਕੂਲ ਤੇ ਕੁਝ ਹੋਰ ਅਦਾਰੇ ਚਲਾਏ ਜਾ ਰਹੇ ਹਨ। ਉਹ ਮਿਲਟਨ ਦਾ ਸਨਮਾਨਿਤ ਸ਼ਹਿਰੀ ਹੈ। ਜਿੰਨਾ ਤਕੜਾ ਉਹ ਪਹਿਲਵਾਨ ਸੀ, ਓਨੇ ਹੀ ਖੁੱਲ੍ਹੇ ਦਿਲ ਵਾਲਾ ਦਾਨੀ ਹੈ। ਪਿੰਡ ਸੂਜਾਪੁਰ ਤਹਿਸੀਲ ਜਗਰਾਓਂ ਦੀਆਂ ਜੂਹਾਂ 'ਚ ਖੇਡਣ-ਮੱਲ੍ਹਣ ਪਿੱਛੋਂ 1966 ਵਿਚ ਜਦੋਂ ਕੈਨੇਡਾ ਗਿਆ ਤਾਂ ਡਬਲਯੂ. ਡਬਲਯੂ. ਇੰਟਰਟੇਨਮੈਂਟ ਵਾਲੀਆਂ ਕੁਸ਼ਤੀਆਂ ਦੇ ਸਿਰ 'ਤੇ ਕਰੋੜਾਂ ਡਾਲਰਾਂ 'ਚ ਖੇਡਿਆ।

ਉਸ ਦਾ ਬਾਪ ਮੇਜਰ ਗੁਰਬਚਨ ਸਿੰਘ ਹਾਂਸ ਗੁਰੂਸਰ ਸੁਧਾਰ ਤੋਂ ਦਸ ਜਮਾਤਾਂ ਪੜ੍ਹ ਕੇ ਦੂਜੀ ਵਿਸ਼ਵ ਜੰਗ ਸਮੇਂ ਫੌਜ ਵਿਚ ਭਰਤੀ ਹੋ ਗਿਆ ਸੀ। ਉਸ ਦੇ ਚਾਰ ਪੁੱਤਰ ਹੋਏ ਤੇ ਦੋ ਧੀਆਂ। 1947 ਵਿਚ ਉਸ ਦੀ ਡਿਊਟੀ ਪੋਠੋਹਾਰ ਦੇ ਇਲਾਕੇ ਵਿਚ ਫਸੇ ਹਿੰਦੂ-ਸਿੱਖਾਂ ਨੂੰ ਕੱਢ ਲਿਆਉਣ ਦੀ ਲੱਗੀ ਸੀ। ਉਹਦੀ ਗਾਰਦ ਨੇ ਹੋਰਨਾਂ ਨਾਲ ਇਕ ਅਨਾਥ ਬੱਚਾ ਵੀ ਲਿਆਂਦਾ, ਜੀਹਦਾ ਕੋਈ ਰਿਸ਼ਤੇਦਾਰ ਨਹੀਂ ਸੀ ਬਚਿਆ। ਦਸ ਕੁ ਸਾਲ ਦੇ ਦਰਸ਼ਨ ਸਿੰਘ ਨੂੰ ਉਸ ਨੇ ਧਰਮ ਦਾ ਪੁੱਤਰ ਬਣਾ ਕੇ ਆਪਣੇ ਬੱਚਿਆਂ ਨਾਲ ਪੜ੍ਹਾਇਆ-ਲਿਖਾਇਆ, ਵਿਆਹ ਕੀਤਾ ਤੇ ਪੰਜਵੇਂ ਹਿੱਸੇ ਦੀ ਜਾਇਦਾਦ ਦੇ ਕੇ ਸਥਾਪਿਤ ਕਰ ਦਿੱਤਾ। ਉਸ ਦਾ ਇਹ ਪਰਉਪਕਾਰ ਬਹੁਤ ਫਲਿਆ ਫੁੱਲਿਆ।

1965 ਵਿਚ ਮੇਜਰ ਦੀ ਪਲਟਨ ਪਠਾਨਕੋਟ ਛਾਉਣੀ ਸੀ। ਕਸ਼ਮੀਰ ਤੋਂ ਮੁੜਦਿਆਂ ਇਕ ਗੋਰੇ ਦੀ ਕਾਰ ਗੁਰਬਚਨ ਸਿੰਘ ਦੀ ਫੌਜੀ ਗੱਡੀ ਕੋਲ ਵਿਗੜ ਗਈ। ਗੋਰੇ ਨਾਲ ਉਹਦੀ ਪਤਨੀ ਤੇ ਦੋ ਬੱਚੇ ਸਨ। ਮੇਜਰ ਨੇ ਗੱਡੀ ਰੋਕ ਕੇ ਉਨ੍ਹਾਂ ਦੀ ਮਦਦ ਕੀਤੀ। ਚਾਹ ਪਾਣੀ ਪਿਆਇਆ ਤੇ ਕਾਰ ਠੀਕ ਕਰਵਾ ਕੇ ਪਿਆਰ ਨਾਲ ਪਰਿਵਾਰ ਨੂੰ ਵਿਦਾ ਕੀਤਾ। ਗੋਰਾ ਧੰਨਵਾਦ ਕਰਦਿਆਂ ਕਹਿਣ ਲੱਗਾ ਕਿ ਮੈਂ ਕੈਨੇਡੀਅਨ ਅੰਬੈਸੀ ਵਿਚ ਮਿਲਟਰੀ ਅਟੈਚੀ ਹਾਂ। ਮੇਰਾ ਆਹ ਫੋਨ ਨੰਬਰ ਲੈ ਲਓ। ਜੇ ਕਦੇ ਮੇਰੀ ਲੋੜ ਪਵੇ ਤਾਂ ਮੈਨੂੰ ਤੁਹਾਡੀ ਮਦਦ ਕਰ ਕੇ ਖੁਸ਼ੀ ਹੋਵੇਗੀ। ਇਹ ਕੁਦਰਤੀ ਢੋਅ-ਮੇਲ ਸੀ, ਜੀਹਦੇ ਨਾਲ ਗੁਰਬਚਨ ਸਿੰਘ ਵਿਆਹੀ ਹੋਈ ਵੱਡੀ ਧੀ ਤੇ ਵਿਆਹੇ ਧਰਮ ਪੁੱਤਰ ਤੋਂ ਬਿਨਾ ਆਪਣੀ ਪਤਨੀ, ਚਾਰੇ ਪੁੱਤਰ ਤੇ ਛੋਟੀ ਧੀ ਨੂੰ ਕੈਨੇਡਾ ਲੈ ਗਿਆ, ਜਿਥੇ ਉਹ ਕੈਨੇਡਾ ਦੇ ਸਿਟੀਜ਼ਨ ਬਣ ਗਏ। ਹੁਣ ਜਗਜੀਤ ਸਿੰਘ ਦੇ ਮਾਤਾ-ਪਿਤਾ ਤਾਂ ਨਹੀਂ ਰਹੇ, ਪਰ ਚਾਰੇ ਭਰਾ ਤੇ ਭੈਣ ਕੈਨੇਡਾ ਦੇ ਵੱਖੋ ਵੱਖਰੇ ਸ਼ਹਿਰਾਂ ਵਿਚ ਆਪੋ-ਆਪਣੇ ਕਾਰੋਬਾਰਾਂ ਦੇ ਸਿਰ 'ਤੇ ਚੰਗੀ ਤਰ੍ਹਾਂ ਸਥਾਪਤ ਹਨ।

### ਕੁਸ਼ਤੀਆਂ ਦੀਆਂ ਕਿਸਮਾਂ

ਕੁਸ਼ਤੀਆਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਦੇਸੀ ਕੁਸ਼ਤੀਆਂ, ਗਰੀਕੋ ਰੋਮਨ ਸਟਾਈਲ, ਓਲੰਪਿਕ ਕੁਸ਼ਤੀਆਂ, ਫਰੀ ਸਟਾਈਲ ਤੇ ਡਬਲਯੂ. ਡਬਲਯੂ. ਈ. ਕੁਸ਼ਤੀਆਂ। ਇਨ੍ਹਾਂ ਕੁਸ਼ਤੀਆਂ ਦਾ ਇਤਿਹਾਸ ਪੁਰਾਤਨ ਓਲੰਪਿਕ ਖੇਡਾਂ ਜਿੰਨਾ ਹੀ ਪੁਰਾਣਾ ਹੈ। ਪੁਰਾਤਨ ਓਲੰਪਿਕ ਖੇਡਾਂ ਵਿਚ ਇਕ ਕੁਸ਼ਤੀ ਦਾ ਨਾਂ ਪੰਕਰਾਸ਼ਨ ਸੀ, ਜੋ ਬੜੀ ਖਤਰਨਾਕ ਖੇਡ ਸੀ। ਇਹ ਮੁੱਕੇਬਾਜ਼ੀ ਤੇ ਕੁਸ਼ਤੀ ਦਾ ਮਿਲਗੋਭਾ ਸੀ। ਇਸ ਵਿਚ ਵਿਰੋਧੀ ਨੂੰ ਚੱਕ ਮਾਰਨ, ਉਂਗਲਾਂ ਤੋੜਨ ਤੇ ਅੱਖਾਂ ਕੱਢਣ ਦੀ ਮਨਾਹੀ ਸੀ, ਬਾਕੀ ਸਭ ਕੁਝ ਜਾਇਜ਼ ਸੀ। ਏਥਨਜ਼ ਦਾ ਬਾਦਸ਼ਾਹ ਥੀਸੀਅਸ ਇਸ ਕੁਸ਼ਤੀ ਦਾ ਨਾਮਵਰ ਪਹਿਲਵਾਨ ਸੀ। ਇਸ ਕੁਸ਼ਤੀ ਵਿਚ ਮਾਰ-ਕੁੱਟ ਕਾਰਨ ਕਈਆਂ ਦੇ ਮੁਹਾਂਦਰੇ ਏਨੇ ਵਿਗੜ ਜਾਂਦੇ ਕਿ ਉਨ੍ਹਾਂ ਨੂੰ ਘਰ ਦੇ ਜੀਅ ਵੀ ਨਾ ਸਿਆਣ ਸਕਦੇ। ਇਸ ਵਿਚ ਅਰੈਸ਼ਨ ਨਾਂ ਦੇ ਪਹਿਲਵਾਨ ਦੀ ਜਿੱਤ ਅਦੁੱਤੀ ਸੀ। ਪੰਕਰਾਸ਼ਨ ਵਿਚ ਉਦੋਂ ਤਕ ਪਹਿਲਵਾਨ ਹਾਰਿਆ ਨਹੀਂ ਸੀ ਮੰਨਿਆ ਜਾਂਦਾ, ਜਦੋਂ ਤਕ ਉਹ ਹੱਥ ਉਠਾ ਕੇ ਹਾਰ ਨਾ ਮੰਨਦਾ। ਅਰੈਸ਼ਨ ਆਪਣੇ ਵਿਰੋਧੀ ਨਾਲ ਅਜਿਹਾ ਗੁਥਮਗੁੱਥ ਹੋਇਆ ਕਿ ਦੋਵੇਂ ਮਰਨਹਾਰੇ ਹੋ ਗਏ। ਅਖੀਰ ਜਾਨ ਨਿਕਲਣ ਲੱਗੀ ਤਾਂ ਅਰੈਸ਼ਨ ਦੇ ਵਿਰੋਧੀ ਨੇ ਹੱਥ ਉਠਾ ਦਿੱਤਾ। ਜਦੋਂ ਜੇਤੂ ਅਰੈਸ਼ਨ ਨੂੰ ਉਹਦੇ ਸਮਰਥਕਾਂ ਨੇ ਮੋਢਿਆਂ 'ਤੇ ਚੁੱਕਣਾ ਚਾਹਿਆ ਤਾਂ ਉਹ ਲਾਸ਼ ਬਣਿਆ ਹੋਇਆ ਸੀ, ਕਿਉਂਕਿ ਅਰੈਸ਼ਨ ਨੇ ਹੱਥ ਉਠਾ ਕੇ ਹਾਰ ਨਹੀਂ ਸੀ ਮੰਨੀ, ਇਸ ਲਈ ਅਰੈਸ਼ਨ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ ਤੇ ਮੋਏ ਚੈਂਪੀਅਨ ਦੇ ਸਿਰ 'ਤੇ ਜੈਤੂਨ ਦੀਆਂ ਲਗਰਾਂ ਤੇ ਪੱਤੀਆਂ ਦਾ ਮੁਕਟ ਸਜਾਇਆ ਗਿਆ!

### ਜੀਤ ਨੇ ਜੱਗ ਜਿੱਤਿਆ

1970ਵਿਆਂ ਤੇ 80ਵਿਆਂ ਦੌਰਾਨ ਮਾਰ ਧਾੜ ਵਾਲੀਆਂ ਇਨ੍ਹਾਂ ਕੁਸ਼ਤੀਆਂ ਵਿਚ ਟਾਈਗਰ ਜੀਤ ਸਿੰਘ ਦੀ ਝੰਡੀ ਸੀ। ਉਹਦੇ ਨਾਂ ਤੋਂ ਤਾਂ ਵਿਸ਼ਵ ਦੇ ਕਰੋੜਾਂ ਲੋਕ ਜਾਣੂੰ ਸਨ, ਪਰ ਉਹਦੀ ਜੀਵਨ ਕਹਾਣੀ ਤੋਂ ਨਹੀਂ। ਕਾਰਨ ਸੀ ਕਿ ਵੀਹਵੀਂ ਸਦੀ 'ਚ ਉਹਦੇ ਜੀਵਨ ਬਾਰੇ ਕਿਸੇ ਨੇ ਕੁਝ ਨਹੀਂ ਸੀ ਲਿਖਿਆ। ਲੋਕਾਂ ਨੂੰ ਉਹਦੇ ਸੰਘਰਸ਼ਮਈ ਜੀਵਨ ਦਾ ਪਤਾ 2001 ਵਿਚ ਲੱਗਾ, ਜਦੋਂ ਹਿੰਦੀ ਪੱਤ੍ਰਿਕਾ 'ਭਾਰਤੀ ਮਨੋਰਮ ਕਹਾਣੀਆਂ' ਵਿਚ ਖੋਜੀ ਪੱਤਰਕਾਰ ਸੁਰਿੰਦਰਪ੍ਰੀਤ ਸਿੰਘ ਦੀ ਲਿਖੀ ਕਹਾਣੀ ਛਪੀ। ਫਿਰ 2003 'ਚ ਟਾਈਗਰ ਜੀਤ ਸਿੰਘ ਦੀ ਜੀਵਨੀ ਲਿਖੀ, ਜਿਸ ਦਾ ਨਾਂ 'ਜੀਤ ਨੇ ਜੱਗ ਜਿੱਤਿਆ' ਰੱਖਿਆ। ਕਹਾਣੀ ਦਾ ਪਿਛੋਕੜ ਲੇਖਕ ਨੇ ਇੰਜ ਬਿਆਨ ਕੀਤਾ:

ਤਿੰਨ ਕੁ ਸਾਲ ਪਹਿਲਾਂ 'ਕੌਮਾਂਤਰੀ ਪ੍ਰਦੇਸੀ' ਨਾਂ ਦੇ ਪੰਜਾਬੀ ਰਸਾਲੇ ਨੇ ਟਾਈਗਰ ਜੀਤ ਸਿੰਘ ਤੇ ਉਸ ਦੇ ਲੜਕੇ ਟਾਈਗਰ ਅਲੀ ਸਿੰਘ ਦੀ ਫੋਟੋ ਤਾਂ ਕਵਰ 'ਤੇ ਬਹੁਤ ਵੱਡੀ ਛਾਪੀ, ਪਰ ਅੰਦਰ ਉਨ੍ਹਾਂ ਬਾਰੇ ਜਾਣਕਾਰੀ ਮਾਮੂਲੀ ਸੀ। ਉਸ ਨਾਲ ਪੰਜਾਬੀਆਂ ਵਿਚ ਟਾਈਗਰ ਬਾਰੇ ਜਾਣਨ ਦੀ ਦਿਲਚਸਪੀ ਪੈਦਾ ਹੋ ਗਈ ਸੀ। ਮੈਨੂੰ ਏਨਾ ਕੁ ਹੀ ਪਤਾ ਲੱਗ ਸਕਿਆ ਕਿ ਟਾਈਗਰ ਜੀਤ ਸਿੰਘ ਤੇ ਟਾਈਗਰ ਅਲੀ ਸਿੰਘ ਕੈਨੇਡਾ ਵਿਚ ਪੰਜਾਬੀ ਮੂਲ ਦੇ ਹੈਵੀ ਵੇਟ ਰੈਸਲਿੰਗ ਦੇ ਪਹਿਲਵਾਨ ਹਨ ਤੇ ਉਨ੍ਹਾਂ ਦਾ ਪਿੰਡ ਜਗਰਾਵਾਂ ਲਾਗੇ ਸੂਜਾਪੁਰ ਹੈ। ਮੈਂ ਖੋਜਬੀਨ ਕਰਨ ਲਈ ਬੱਸ ਵਿਚ ਜਗਰਾਓਂ ਪਹੁੰਚਿਆ ਤੇ ਫਿਰ ਸੂਜਾਪੁਰ...।


ਸੁਰਿੰਦਰਪ੍ਰੀਤ ਸਿੰਘ ਨੂੰ ਬਚਪਨ ਵਿਚ ਪੜ੍ਹਾਈ ਕਰਨ ਦਾ ਮੌਕਾ ਨਹੀਂ ਸੀ ਮਿਲਿਆ। 1965-66 ਵਿਚ ਉਹ ਕਪੂਰਥਲੇ ਦੀ ਕਿਸੇ ਫੈਕਟਰੀ ਵਿਚ ਕੰਮ ਕਰਦਾ ਸੀ ਕਿ ਉਥੇ ਕਵੀ ਦਰਬਾਰ ਵਿਚ ਸ਼ਿਵ ਕੁਮਾਰ ਬਟਾਲਵੀ ਦੀਆਂ ਨਜ਼ਮਾਂ ਸੁਣ ਬੈਠਾ। ਉਥੋਂ ਉਸ ਨੂੰ ਸਾਹਿਤ ਪੜ੍ਹਨ ਦੀ ਲਗਨ ਲੱਗ ਗਈ, ਜਿਸ ਨਾਲ ਸਾਹਿਤਕ ਪੱਤਰਕਾਰੀ ਕਰਨ ਲੱਗ ਪਿਆ। ਅਭਿਆਸ ਨਾਲ ਹਿੰਦੀ ਦੇ 'ਧਰਮਯੁਗ' ਵਰਗੇ ਨਾਮੀ ਮੈਗਜ਼ੀਨ ਵਿਚ ਛਪਣ ਲੱਗ ਪਿਆ। ਫਿਰ ਆਪ ਸੰਪਾਦਕ ਬਣ ਗਿਆ ਤੇ ਖੋਜ ਕਰ ਕੇ ਸੱਚੀਆਂ ਕਹਾਣੀਆਂ ਲਿਖਣ ਲੱਗ ਪਿਆ। ਸਬੱਬੀਂ ਕੈਨੇਡਾ ਤੋਂ ਪੰਜਾਬ ਆਇਆ ਟਾਈਗਰ ਜੀਤ ਸਿੰਘ ਉਸ ਨੂੰ ਮਿਲ ਗਿਆ, ਜਿਸ ਨਾਲ ਉਹਦੇ ਬਾਰੇ ਕਾਫੀ ਸਾਰਾ ਮੈਟਰ 'ਕੱਠਾ ਹੋ ਗਿਆ। ਉਸ ਨੇ ਲਿਖਿਆ:

'ਭਾਰਤੀ ਮਨੋਰਮ ਕਹਾਣੀਆਂ' ਲਈ ਸੱਚੀ ਕਹਾਣੀ ਲਿਖਣ ਬੈਠਾ ਤਾਂ ਸਮਝ ਨਾ ਆਵੇ ਕਿ ਕਿਥੋਂ ਸ਼ੁਰੂ ਕਰਾਂ ਤੇ ਕਿਥੇ ਖਤਮ ਕਰਾਂ? ਕੀ ਲਿਖਾਂ ਤੇ ਕੀ ਛੱਡਾਂ? ਗੱਲ ਕਹਾਣੀ 'ਚ ਸਮਾਉਣ ਵਾਲੀ ਨਹੀਂ ਸੀ, ਪੂਰੀ ਕਿਤਾਬ ਦਾ ਮੈਟਰ ਸੀ। ਖੈਰ ਕਿਸੇ ਤਰ੍ਹਾਂ ਕਹਾਣੀ ਲਿਖ ਕੇ ਭੇਜੀ, ਜੋ ਨਵੰਬਰ 2001 ਦੇ ਅੰਕ ਵਿਚ ਪੂਰੇ ਸਤਾਰਾਂ ਪੰਨਿਆਂ 'ਤੇ ਛਪੀ ਤੇ ਨਾਲ ਹੀ ਸੰਪਾਦਕ ਨੇ ਕਹਾਣੀ ਬਾਰੇ ਦੋ ਸਫਿਆਂ ਦਾ ਨੋਟ ਛਾਪਿਆ। ਉਸ ਵਿਚ ਹਿੰਦੀ ਫਿਲਮਾਂ ਬਣਾਉਣ ਵਾਲਿਆਂ ਨੂੰ ਵੰਗਾਰਿਆ, ਜੋ ਕਹਿੰਦੇ ਸਨ ਕਿ ਹਿੰਦੀ ਵਿਚ ਫਿਲਮਾਂ ਬਣਾਉਣ ਯੋਗ ਕਹਾਣੀਆਂ ਨਹੀਂ ਮਿਲਦੀਆਂ। ਇਹ ਦੇਖੋ ਕਹਾਣੀ, ਜਿਸ 'ਤੇ ਸੁਪਰ ਹਿੱਟ ਫਿਲਮ ਬਣਾਈ ਜਾ ਸਕਦੀ ਹੈ, ਜੋ ਵਰ੍ਹਿਆਂ ਤਕ ਯਾਦ ਕੀਤੀ ਜਾਵੇਗੀ।

ਇਸ ਤਰ੍ਹਾਂ ਹਿੰਦੀ ਦੀਆਂ 'ਸੱਤਿਆ' ਕਹਾਣੀਆਂ ਦੀ ਪੱਤ੍ਰਿਕਾ ਲਈ ਕਹਾਣੀ ਦੀ ਖੋਜ ਤੋਂ ਸ਼ੁਰੂ ਹੋਇਆ ਸਫਰ ਪੁਸਤਕ ਦੇ ਰੂਪ ਤਕ ਪਹੁੰਚ ਗਿਆ। ਯਾਰਾਂ ਦੋਸਤਾਂ, ਟਾਈਗਰ ਦੇ ਨਜ਼ਦੀਕੀਆਂ ਤੇ ਸਭ ਤੋਂ ਵੱਧ ਜੱਸੋਵਾਲ ਸਾਹਿਬ ਦਾ ਕਹਿਣਾ ਸੀ ਕਿ ਇਸ ਨੂੰ ਪੰਜਾਬੀ ਵਿਚ ਲਿਖਿਆ ਜਾਣਾ ਚਾਹੀਦਾ ਹੈ। ਸੋ ਇਹ ਪੁਸਤਕ ਰੂਪ ਵਿਚ ਪੇਸ਼ ਹੈ। ਪੰਜਾਬ ਦੇ ਨੌਜੁਆਨ ਇਸ ਅਨੋਖੇ ਜੀਵਨ ਬਿਰਤਾਂਤ ਤੋਂ ਪ੍ਰੇਰਨਾ ਲੈ ਕੇ ਅਸਮਾਨ ਦੀਆਂ ਉਚਾਈਆਂ ਛੋਹਣ ਦੇ ਰਾਹ ਪੈ ਜਾਣ ਤਾਂ ਮੈਂ ਸਮਝਾਂਗਾ, ਮੈਂ ਵੀ ਆਪਣੀ ਕੌਮ, ਆਪਣੇ ਪੰਜਾਬ ਤੇ ਆਪਣੇ ਦੇਸ਼ ਲਈ ਕੁਝ ਯੋਗਦਾਨ ਪਾਉਣ ਵਿਚ ਸਫਲ ਰਿਹਾ ਹਾਂ।



ਟਾਈਗਰ ਜੀਤ ਸਿੰਘ ਅਤੇ ਪ੍ਰਿੰ. ਸਰਵਣ ਸਿੰਘ




ਪੁਸਤਕ 'ਜੀਤ ਨੇ ਜੱਗ ਜਿੱਤਿਆ' ਦਾ ਮੁਖੜਾ

ਪੁਸਤਕ ਦੇ ਪਹਿਲੇ ਪੰਨੇ 'ਤੇ ਜਗਜੀਤ ਸਿੰਘ ਹਾਂਸ ਬਾਰੇ ਦਰਜ ਹੈ: ਮਿਡਲ ਸਕੂਲ ਦੇ ਵਿਦਿਆਰਥੀ ਵਜੋਂ ਉਸ ਨੇ ਦਾਰਾ ਸਿੰਘ ਤੇ ਕਿੰਗਕਾਂਗ ਦੀ 1955-56 ਵਿਚ ਦਿੱਲੀ ਵਿਖੇ ਹੋਈ ਕੁਸ਼ਤੀ ਦੇਖੀ ਤਾਂ ਉਹਦੇ ਸਿਰ 'ਤੇ ਪਹਿਲਵਾਨ ਬਣਨ ਦਾ ਭੂਤ ਸਵਾਰ ਹੋ ਗਿਆ। ਪੜ੍ਹਾਈ ਦੀ ਥਾਂ ਪਹਿਲਵਾਨੀ ਵਿਚ ਦਿਲਚਸਪੀ ਲੈਣ ਲੱਗਾ। 1966 ਵਿਚ ਉਸ ਦਾ ਫੌਜੀ ਅਫਸਰ ਪਿਤਾ ਸਾਰੇ ਪਰਿਵਾਰ ਨਾਲ ਉਸ ਨੂੰ ਵੀ ਕੈਨੇਡਾ ਲੈ ਗਿਆ। ਪਹਿਲਵਾਨੀ ਦਾ ਸ਼ੌਕ ਹੋਣ ਕਾਰਨ ਉਥੋਂ ਦੇ ਕੰਮ-ਧੰਦੇ ਵਿਚ ਉਹਦਾ ਜੀਅ ਨਾ ਲੱਗਾ ਤੇ ਉਹ ਵਾਪਸ ਮੁੜ ਆਇਆ। ਆ ਕੇ ਭਲਵਾਨੀ ਕੀਤੀ, ਵਿਆਹ ਕਰਵਾਇਆ ਤੇ ਪਤਨੀ ਨੂੰ ਪਹਿਲਾ ਬੱਚਾ ਹੋਣ ਸਮੇਂ ਪਤਨੀ ਸਮੇਤ ਫਿਰ ਕੈਨੇਡਾ ਚਲਾ ਗਿਆ। ਮਹੀਨੇ ਕੁ ਬਾਅਦ ਹਸਪਤਾਲ ਵਿਚ ਬੱਚੇ ਦੀ ਪੈਦਾਇਸ਼ ਹੋਈ ਤਾਂ ਬਿੱਲ ਤਾਰਨ ਲਈ ਉਹਦੇ ਕੋਲ ਕੇਵਲ 6 ਡਾਲਰ ਸਨ, ਜਦ ਕਿ ਬਿੱਲ 94 ਡਾਲਰ ਦਾ ਸੀ। ਇਸ ਤੋਂ ਬਿਨਾ ਦਵਾਈਆਂ ਖਰੀਦਣ ਅਤੇ ਪਤਨੀ ਤੇ ਬੱਚੇ ਨੂੰ ਭਰਾ ਦੇ ਘਰ ਲਿਜਾਣ ਲਈ ਟੈਕਸੀ ਦਾ ਖਰਚਾ ਪਾ ਕੇ ਕੁਲ ਸਵਾ ਸੌ ਡਾਲਰ ਚਾਹੀਦੇ ਸਨ।

ਉਹ ਹਸਪਤਾਲ ਤੋਂ ਨਿਮੋਝੂਣਾ ਬਾਹਰ ਨਿਕਲਿਆ। ਸੜਕ 'ਤੇ ਤੁਰੇ ਜਾਂਦੇ ਨੂੰ ਕਿਤੋਂ ਕੁਸ਼ਤੀ ਦੰਗਲ ਦੀਆਂ ਆਵਾਜ਼ਾਂ ਸੁਣੀਆਂ। ਕੁਸ਼ਤੀ ਦੀ ਸਿਖਲਾਈ ਉਸ ਨੇ ਲਈ ਹੀ ਹੋਈ ਸੀ। ਉਹ ਗੇਟ 'ਤੇ ਚਲਾ ਗਿਆ। ਮਾਈਕ ਤੋਂ ਸੰਸਾਰ ਪ੍ਰਸਿੱਧ ਪਹਿਲਵਾਨ ਦਹਾੜ ਰਿਹਾ ਸੀ...ਹੈ ਕੋਈ ਮਾਈ ਦਾ ਲਾਲ, ਜੋ ਮੇਰੇ ਨਾਲ ਕੁਸ਼ਤੀ ਲੜਨ ਦੀ ਹਿੰਮਤ ਰੱਖਦਾ ਹੋਵੇ? ਮੈਨੂੰ ਹਰਾਉਣ ਵਾਲੇ ਨੂੰ ਛੇ ਹਜ਼ਾਰ ਡਾਲਰ ਨਗਦ ਇਨਾਮ ਦਿੱਤਾ ਜਾਵੇਗਾ। ਮੁਕਾਬਲੇ ਵਿਚ ਹਾਰ ਵੀ ਜਾਵੇਂ ਤਾਂ ਦੋ ਹਜ਼ਾਰ ਡਾਲਰ ਮਿਲਣਗੇ। ਹਾਂਸ ਨੂੰ ਸਵਾ ਸੌ ਡਾਲਰਾਂ ਦੀ ਫੌਰੀ ਲੋੜ ਸੀ। ਉਸ ਨੇ ਸੱਟਾਂ-ਫੇਟਾਂ ਦੀ ਪਰਵਾਹ ਨਾ ਕਰਦਿਆਂ ਚੈਲੰਜ ਕਬੂਲ ਕਰ ਲਿਆ। ਕਰਨੀ ਰੱਬ ਦੀ, ਹਾਂਸ ਨੇ ਹਾਥੀ ਵਰਗੇ ਪਹਿਲਵਾਨ ਨੂੰ ਡੇਢ ਮਿੰਟ ਵਿਚ ਹਰਾ ਕੇ 6000 ਡਾਲਰ ਬੋਝੇ ਪਾਏ ਅਤੇ ਪਤਨੀ ਤੇ ਨਵ ਜੰਮੇ ਪੁੱਤਰ ਨੂੰ ਟੈਕਸੀ 'ਤੇ ਬਿਠਾ, ਭਰਾ ਦੇ ਘਰ ਲੈ ਆਇਆ। ਉਸ ਦਿਨ ਤੋਂ ਦੌਲਤ ਤੇ ਸ਼ੋਹਰਤ ਉਹਦੇ ਪਿੱਛੇ ਲੱਗ ਤੁਰੀ। ਪਹਿਲੀ ਜਿੱਤ ਨਾਲ ਹੀ ਉਸ ਦਾ ਨਾਂ ਪੈ ਗਿਆ, 'ਟਾਈਗਰ ਜੀਤ ਸਿੰਘ!'

### ਮੇਰਾ ਟਾਈਗਰ ਨਾਲ ਮੇਲ

ਉਹਦਾ ਪਿੰਡ ਸੂਜਾਪੁਰ ਬੇਸ਼ਕ ਸਾਡੇ ਪਿੰਡ ਚਕਰ ਦੇ ਨੇੜੇ ਹੀ ਹੈ, ਪਰ ਮੈਂ ਉਸ ਨੂੰ 2006 ਤਕ ਨਹੀਂ ਸਾਂ ਮਿਲਿਆ। ਸਾਡਾ ਪਹਿਲਾ ਮੇਲ ਵੈਨਕੂਵਰ ਵਿਖੇ ਇਕ ਦੋਸਤ ਦੇ ਘਰ ਵਿਚ ਤੇ ਦੂਜਾ ਮੇਲ ਫਰਿਜ਼ਨੋ ਦੇ ਕਬੱਡੀ ਮੇਲੇ ਵਿਚ ਹੋਇਆ। ਮੈਂ ਉਥੇ ਕੁਮੈਂਟਰੀ ਕਰਨ ਜਾਣਾ ਸੀ, ਉਸ ਨੇ ਮੁੱਖ ਮਹਿਮਾਨ ਬਣ ਕੇ ਆਉਣਾ ਸੀ। ਮੈਂ ਟੋਰਾਂਟੋ ਤੋਂ ਵਾਸ਼ਿੰਗਟਨ, ਡੈਲਸ ਤਕ ਬੇਬੀ ਜਹਾਜ਼ ਫੜਿਆ। ਜਦ ਉਹ ਉਪਰ ਉਠਿਆ ਤਾਂ ਯੱਕੇ ਵਾਂਗ ਹਿਲੋਰੇ ਖਾਣ ਲੱਗਾ। ਨਿੱਕੇ ਜਹਾਜ਼ਾਂ ਨਾਲ ਅਜਿਹਾ ਹੁੰਦਾ ਹੀ ਹੈ। ਹੇਠਾਂ ਟੋਰਾਂਟੋ ਦੀਆਂ ਰੱਖਾਂ ਦੇ ਰੰਗ ਬਦਲਦੇ ਵਿਖਾਈ ਦਿੱਤੇ। ਪਤਝੜ ਦੇ ਰੰਗਾਂ ਦੀ ਆਪਣੀ ਬਹਾਰ ਸੀ। ਉਪਰ ਬੱਦਲ ਮੰਡਰਾ ਰਹੇ ਸਨ। ਜਹਾਜ਼ ਬੱਦਲਾਂ ਵਿਚ ਦੀ ਉਪਰ ਨਿਕਲਿਆ ਤਾਂ ਹੇਠਾਂ ਬੱਦਲ ਰੂੰ ਦੇ ਗੋੜ੍ਹਿਆਂ ਵਾਂਗ ਵਿਛੇ ਵਿਖਾਈ ਦੇਣ ਲੱਗੇ। ਉਪਰ ਸੂਰਜ ਚਮਕ ਰਿਹਾ ਸੀ, ਹੇਠਾਂ ਬੱਦਲ ਲਿਸ਼ਕ ਰਹੇ ਸਨ। ਬਾਰੀ ਵਿਚ ਦੀ ਵੇਖਦਿਆਂ ਸਾਰੀ ਕਾਇਨਾਤ ਲਿਸ਼ਕੀ ਪੁਸ਼ਕੀ ਦਿਸ ਰਹੀ ਸੀ। ਜਹਾਜ਼ ਥਰਥਰਾ ਰਿਹਾ ਸੀ ਤੇ ਮੇਰੀ ਕਲਮ ਕਾਗਜ਼ ਉਤੇ ਦ੍ਰਿਸ਼ ਨੋਟ ਕਰਦੀ ਕੰਬ ਰਹੀ ਸੀ।

22 ਅਕਤੂਬਰ 2006 ਨੂੰ ਕੈਲੀਫੋਰਨੀਆ ਦੇ ਪੰਜਾਬੀਆਂ ਦਾ ਮੁਹਾਣ ਫਰਿਜ਼ਨੋ ਦੇ ਸਟੇਡੀਅਮ ਵੱਲ ਸੀ। ਕਾਰਾਂ ਮਿਰਜ਼ੇ ਦੀਆਂ ਬੱਕੀਆਂ ਬਣੀਆਂ ਜਾਂਦੀਆਂ ਸਨ। ਉਨ੍ਹਾਂ ਵਿਚ ਗੀਤ ਗੂੰਜ ਰਹੇ ਸਨ। 'ਮਿੱਤਰਾਂ ਦੀ ਛਤਰੀ ਤੋਂ ਉੱਡ ਕੇ ਅੰਬਰਾਂ 'ਤੇ ਲਾਉਨੀ ਏਂ ਉਡਾਰੀਆਂ' ਤੇ 'ਦੇ ਲੈ ਗੇੜਾ, ਲੈ ਲੈ ਗੇੜਾ' ਹੋਈ ਜਾ ਰਹੀ ਸੀ। ਰੇਡੀਓ ਹੋਸਟ ਬੀਬੀ ਆਸ਼ਾ ਸ਼ਰਮਾ ਤੇ ਮੱਖਣ ਬਰਾੜ ਵੀ ਪਹੁੰਚ ਗਏ ਸਨ। ਸਟੇਜ ਦੀ ਮਲਕਾ ਆਸ਼ਾ ਸ਼ਰਮਾ ਸਿਤਾਰਿਆਂ ਵਾਲਾ ਸੂਟ ਪਾਈ ਦਰਸ਼ਕਾਂ ਨੂੰ ਹਸਾ ਰਹੀ ਸੀ-ਹੱਸ ਕੇ ਨਾ ਲੰਘ ਵੈਰੀਆ ਮੇਰੀ ਸੱਸ ਭਰਮਾਂ ਦੀ ਮਾਰੀ। ਘੱਟ ਮੱਖਣ ਬਰਾੜ ਵੀ ਨਹੀਂ ਸੀ ਕਰ ਰਿਹਾ। ਉਹ ਕਹਿ ਰਿਹਾ ਸੀ, "ਬੀਬੀ ਦੀ ਬੋਲ ਬਾਣੀ ਸੱਤਾਂ ਹਲਾਂ ਜਿੰਨੀ ਕਮਾਈ ਕਰੀ ਜਾਂਦੀ ਐ!"

ਖੇਡ ਮੇਲਾ ਜੋਬਨ 'ਤੇ ਸੀ, ਜਦੋਂ ਟਾਈਗਰ ਜੀਤ ਸਿੰਘ ਮੈਦਾਨ ਵਿਚ ਆਇਆ। ਮੈਂ ਮਾਈਕ ਤੋਂ ਸਵਾਗਤੀ ਸ਼ਬਦ ਕਹੇ। ਸਵਾ ਛੇ ਫੁੱਟ ਉੱਚੇ ਪਹਿਲਵਾਨ ਨੇ ਪ੍ਰਬੰਧਕਾਂ ਨਾਲ ਸਟੇਡੀਅਮ ਦਾ ਚੱਕਰ ਲਾਉਂਦਿਆਂ ਦਰਸ਼ਕਾਂ ਨੂੰ ਖੁੱਲ੍ਹੇ ਦਰਸ਼ਨ ਦਿੱਤੇ। ਉਸ ਨੇ ਕੰਨ ਉਤੇ ਗਿੱਠ ਕੁ ਦਾ ਲੜ ਛੱਡ ਕੇ ਚੀਰਾ ਬੰਨ੍ਹਿਆ ਹੋਇਆ ਸੀ ਤੇ ਸ਼ੁਕੀਨ ਐਨਕਾਂ ਲਾਈਆਂ ਹੋਈਆਂ ਸਨ। ਉਂਗਲਾਂ ਵਿਚ ਛਾਪਾਂ ਚਮਕ ਰਹੀਆਂ ਸਨ। ਉਹ ਖਾਸ ਅੰਦਾਜ਼ ਵਿਚ ਸੱਜਾ ਹੱਥ ਤੇ ਪਹਿਲੀ ਉਂਗਲ ਉਠਾ ਕੇ ਦਰਸ਼ਕਾਂ ਦਾ ਅਭਿਨੰਦਨ ਕਰ ਰਿਹਾ ਸੀ। ਨਾਲ ਦੀ ਨਾਲ ਮੱਖਣ ਬਰਾੜ ਟੋਟਕੇ ਸੁਣਾਈ ਜਾਂਦਾ ਸੀ, ਆਪਣਾ ਪੰਜਾਬ ਹੋਵੇ, ਘਰ ਦੀ...। ਮੈਂ ਮੱਖਣ ਨੂੰ ਬਥੇਰਾ ਕਿਹਾ ਕਿ ਉਹ ਉਸ ਚੀਜ਼ ਦਾ ਨਾਂ ਨਾ ਲਵੇ, ਜਿਹੜੀ ਦਰਸ਼ਕਾਂ ਨੂੰ ਕਾਰਾਂ ਦੀਆਂ ਡਿੱਕੀਆਂ ਵੱਲ ਤੋਰ ਦੇਵੇ; ਪਰ ਉਹ ਨਾ ਹੀ ਟਲਿਆ ਤੇ ਕਹਿਣ ਲੱਗਾ, ਪੀਂਦਾ ਉਹ ਵੀ ਜੋ ਘਰੋਂ ਤੰਗ ਹੁੰਦਾ, ਪਰ ਚੜ੍ਹਦੀ ਓਸ ਨੂੰ ਜਿਹੜਾ ਮਲੰਗ ਹੁੰਦਾ!

ਤਦ ਤਕ 'ਅੰਮ੍ਰਿਤਸਰ ਟਾਈਮਜ਼' ਦਾ ਸੰਪਾਦਕ ਦਲਜੀਤ ਸਿੰਘ ਸਰਾਂ ਵੀ ਖੇਡ ਮੇਲੇ 'ਚ ਪੁੱਜ ਚੁੱਕਾ ਸੀ। ਅਖਬਾਰ ਦਾ ਤਾਜ਼ਾ ਅੰਕ 'ਕਬੱਡੀ ਵਿਸ਼ੇਸ਼ ਅੰਕ' ਸੀ, ਜਿਸ ਦਾ ਮਹਿਮਾਨ ਸੰਪਾਦਕ ਮੈਨੂੰ ਬਣਾਇਆ ਗਿਆ ਸੀ। ਉਸ ਵਿਚ ਕਬੱਡੀ ਦੀ ਖੇਡ, ਕਬੱਡੀ ਮੇਲੇ, ਪੱਛਮੀ ਮੁਲਕਾਂ ਵਿਚ ਕਬੱਡੀ, ਕਬੱਡੀ ਦੇ ਨਾਮਵਰ ਖਿਡਾਰੀ, ਕਬੱਡੀ ਦੀ ਕੁਮੈਂਟਰੀ ਕਲਾ, ਕਬੱਡੀ ਨੂੰ ਡਰੱਗ ਦਾ ਜੱਫਾ, ਸਟਾਰ ਖਿਡਾਰੀ ਬਲਵਿੰਦਰ ਫਿੱਡਾ, ਹਰਜੀਤ ਬਾਜਾਖਾਨਾ, ਦੇਵੀ ਦਿਆਲ, ਕਬੱਡੀ ਦੇ ਦ੍ਰਿਸ਼ ਤੇ ਕਬੱਡੀ ਦੇ ਗੋਰੇ ਕਾਲੇ ਖਿਡਾਰੀਆਂ ਬਾਰੇ ਲੇਖ ਸ਼ਾਮਲ ਸਨ। ਇੱਕ ਲੇਖ ਮੇਰੇ ਨਾਲ ਖੁੱਲ੍ਹੀਆਂ ਗੱਲਾਂ ਦਾ ਸੀ, ਜਿਸ ਦੇ ਅਖੀਰ ਵਿਚ ਮੈਂ ਆਖਿਆ ਸੀ-ਕੋਈ ਦਿਨ ਖੇਡ ਲੈ ਮੌਜਾਂ ਮਾਣ ਲੈ, ਤੈਂ ਉਡ ਜਾਣਾ ਓਏ ਬੱਦਲਾ ਧੂੰਦ ਦਿਆ...। ਉਸ 'ਕਬੱਡੀ ਅੰਕ' ਨੂੰ ਕਬੱਡੀ ਮੇਲੇ ਵਿਚ ਕੁਸ਼ਤੀਆਂ ਦੇ 'ਕਿੰਗ ਆਫ ਕਿੰਗਜ਼' ਟਾਈਗਰ ਜੀਤ ਸਿੰਘ ਨੇ ਢਾਈ ਕਿੱਲੋ ਦੇ ਪਹਿਲਵਾਨੀ ਹੱਥਾਂ ਨਾਲ ਰਿਲੀਜ਼ ਕੀਤਾ।

ਸੁਰਿੰਦਰਪ੍ਰੀਤ ਸਿੰਘ ਦੀ ਕਿਤਾਬ ਦਾ ਤਤਕਰਾ ਹੈ: ਅਚਾਨਕ ਮਿਲੀ ਪਹਿਲੀ ਕਾਮਯਾਬੀ, ਟਾਈਗਰਾਂ ਦਾ ਪਿਛੋਕੜ, ਟਾਈਗਰ ਦੇ ਧਰਮ ਭਾਈ ਸ. ਦਰਸ਼ਨ ਸਿੰਘ, ਪਹਿਲਵਾਨ ਬਣਨ ਦਾ ਸ਼ੌਕ ਕਿਵੇਂ ਪੈਦਾ ਹੋਇਆ? ਟਾਈਗਰ ਦਾ ਪਰਿਵਾਰ ਸਹਿਤ ਕੈਨੇਡਾ ਜਾਣਾ, ਕੈਨੇਡਾ ਦੀ ਪਹਿਲੀ ਫੇਰੀ ਤੋਂ ਬਾਅਦ ਦੇਸ਼ ਵਾਪਸੀ, ਕੈਨੇਡਾ ਦਾ ਤਜਰਬਾ ਭਾਰਤ ਵਿਚ ਅਜਮਾਉਣ ਦੇ ਯਤਨ, ਟਾਈਗਰ ਤੇ ਸੁਖਜੀਤ ਦਾ ਵਿਆਹ, ਦੁਨੀਆਦਾਰੀ ਨਾਲ ਵਾਸਤਾ, ਮੰਜ਼ਿਲ ਮਿਲ ਜਾਣ ਤੋਂ ਬਾਅਦ, ਫੁੱਲ ਵੀ ਤੇ ਕੰਡੇ ਵੀ, ਕੌਮਾਂਤਰੀ ਪ੍ਰਸਿੱਧੀ, ਮੈਂ ਟਾਈਗਰ ਹਾਂ, ਟਾਈਗਰ ਜੀਤ ਸਿੰਘ 'ਜਪਾਨ', ਪਾਕਿਸਤਾਨ ਵਿਚ ਵੀ ਹੀਰੋ, ਗੁਰਜੀਤ ਸਿੰਘ ਦੇ ਟਾਈਗਰ ਅਲੀ ਸਿੰਘ ਬਣਨ ਦੀ ਕਹਾਣੀ, ਘਰ-ਪਰਿਵਾਰ, ਕਾਰੋਬਾਰ ਤੇ ਮੌਜੂਦਾ ਰੁਝੇਵੇਂ। ਪੇਸ਼ ਹਨ, ਪੁਸਤਕ ਦੇ ਕੁਝ ਅੰਸ਼:

ਕੁਦਰਤ ਨੇ ਦੁਨੀਆਂ ਦੀ ਸਿਰਜਣਾ ਕਰਦੇ ਸਮੇਂ ਜਿਵੇਂ ਕੈਨੇਡਾ ਦੀ ਧਰਤੀ ਲਈ ਆਪਣੇ ਸਾਰੇ ਹੀ ਖਜ਼ਾਨੇ ਖੋਲ੍ਹ ਦਿੱਤੇ ਸਨ। ਝੀਲਾਂ, ਪਹਾੜਾਂ, ਨਦੀਆਂ, ਹਰੇ ਭਰੇ ਮੈਦਾਨਾਂ ਵਾਲਾ ਉਹ ਦੇਸ਼ ਖੂਬਸੂਰਤੀ ਵਿਚ ਆਪਣੀ ਮਿਸਾਲ ਆਪ ਹੀ ਹੈ। ਪਿੱਛੋਂ ਯੂਰਪ ਤੋਂ ਜਾ ਕੇ ਉਥੇ ਵੱਸ ਗਏ ਲੋਕਾਂ ਨੇ ਆਪਣੇ ਉਚਤਮ ਤਕਨੀਕੀ ਗਿਆਨ ਨਾਲ ਉਸ ਨੂੰ ਹੋਰ ਵੀ ਸਜਾ-ਸੰਵਾਰ ਲਿਆ ਹੈ। ਕੈਨੇਡਾ ਦੀਆਂ ਸੜਕਾਂ, ਲੋਕਾਂ ਦੇ ਘਰ, ਵਪਾਰਕ ਤੇ ਪ੍ਰਬੰਧਕੀ ਇਮਾਰਤਾਂ, ਗਲੀਆਂ, ਬਾਜ਼ਾਰ-ਗੱਲ ਕੀ, ਹਰ ਚੀਜ਼ 'ਚੋਂ ਸੁੰਦਰਤਾ ਵਿਖਾਈ ਦਿੰਦੀ ਹੈ।

(ਬਾਕੀ ਸਫਾ 25 ਉਤੇ)

ਕਹਾਣੀ

# ਚੀਫ ਦੀ ਦਾਅਵਤ

***ਭੀਸ਼ਮ ਸਾਹਨੀ (8 ਅਗਸਤ 1915-11 ਜੁਲਾਈ 2003) ਰਾਵਲਪਿੰਡੀ (ਲਹਿੰਦਾ ਪੰਜਾਬ) ਦਾ ਜੰਮਪਲ ਪੰਜਾਬੀ ਸੀ, ਜਿਸ ਨੇ ਹਿੰਦੀ ਵਿਚ ਲਿਖਿਆ। ਉਸ ਨੂੰ ਆਪਣੇ ਨਾਵਲ 'ਤਮਸ' ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਜਿਸ ਵਿਚ 1947 ਦੀ ਵੰਡ ਦਾ ਬਹੁਤ ਮਾਰਮਿਕ ਵਰਣਨ ਕੀਤਾ ਗਿਆ ਹੈ। 'ਚੀਫ ਦੀ ਦਾਅਵਤ' ਕਹਾਣੀ ਵਿਚ ਉਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਮਨੁੱਖੀ ਸਵਾਰਥ ਦਾ ਨੁਕਤਾ ਉਭਾਰਿਆ ਹੈ।***

ਅੱਜ ਮਿਸਟਰ ਸ਼ਾਮਨਾਥ ਦੇ ਘਰ ਚੀਫ ਦੀ ਦਾਅਵਤ ਸੀ।

ਸ਼ਾਮਨਾਥ ਅਤੇ ਉਹਦੀ ਪਤਨੀ ਨੂੰ ਮੁੜ੍ਹਕਾ ਪੂੰਝਣ ਦੀ ਵੀ ਵਿਹਲ ਨਹੀਂ ਸੀ। ਪਤਨੀ ਡਰੈਸਿੰਗ ਗਾਊਨ ਪਹਿਨੀ ਉਲਝੇ ਹੋਏ ਵਾਲਾਂ ਦਾ ਜੂੜਾ ਬਣਾਈ, ਮੂੰਹ ਉਤੇ ਫੈਲੀ ਲਿਪਸਟਿਕ ਅਤੇ ਪਾਊਡਰ ਨੂੰ ਭੁਲਾਈ, ਤੇ ਮਿਸਟਰ ਸ਼ਾਮਨਾਥ ਸਿਗਰਟ ਤੇ ਸਿਗਰਟ ਫੂਕਦੇ ਹੋਏ, ਚੀਜ਼ਾਂ ਦੀ ਲਿਸਟ ਹੱਥ ਵਿਚ ਫੜੀ, ਇਕ ਕਮਰੇ ਤੋਂ ਦੂਜੇ ਕਮਰੇ ਵਿਚ ਆ-ਜਾ ਰਹੇ ਸਨ।

ਆਖਰ ਪੰਜ ਵੱਜਦੇ-ਵੱਜਦੇ ਤਿਆਰੀ ਪੂਰੀ ਹੋ ਗਈ। ਕੁਰਸੀਆਂ, ਮੇਜ਼, ਤਿਪਾਈਆਂ, ਨੈਪਕਿਨ, ਫੁੱਲ ਸਭ ਕੁਝ ਬਰਾਂਡੇ ਵਿਚ ਆ ਗਿਆ। ਡਰਿੰਕ ਦਾ ਪ੍ਰਬੰਧ ਬੈਠਕ ਵਿਚ ਕਰ ਦਿਤਾ ਗਿਆ। ਘਰ ਦਾ ਫਾਲਤੂ ਸਮਾਨ ਅਲਮਾਰੀਆਂ ਦੇ



ਭੀਸ਼ਮ ਸਾਹਨੀ
ਅਨੁਵਾਦ: ਪ੍ਰੋ. ਨਵ ਸੰਗੀਤ ਸਿੰਘ

ਪਿੱਛੇ ਅਤੇ ਪਲੰਘ ਹੇਠਾਂ ਛੁਪਾਇਆ ਜਾਣ ਲੱਗਾ। ਉਦੋਂ ਹੀ ਸ਼ਾਮਨਾਥ ਦੇ ਸਾਹਮਣੇ ਅਚਾਨਕ ਇਕ ਅੜਿਚਣ ਆ ਖੜ੍ਹੀ ਹੋਈ: ਮਾਂ ਦਾ ਕੀ ਕਰੀਏ?

ਇਸ ਗੱਲ ਵੱਲ ਨਾ ਤਾਂ ਉਹਦਾ ਅਤੇ ਨਾ ਹੀ ਉਹਦੀ ਮਾਹਿਰ ਪਤਨੀ ਦਾ ਧਿਆਨ ਗਿਆ ਸੀ। ਮਿਸਟਰ ਸ਼ਾਮਨਾਥ ਸ੍ਰੀਮਤੀ ਵੱਲ ਮੁੜ ਕੇ ਅੰਗਰੇਜ਼ੀ ਵਿਚ ਬੋਲਿਆ- ਮਾਂ ਦਾ ਕੀ ਕਰੀਏ?

ਸ੍ਰੀਮਤੀ ਕੰਮ ਕਰਦੀ-ਕਰਦੀ ਰੁਕ ਗਈ ਅਤੇ ਕੁਝ ਸੋਚਣ ਪਿੱਛੋਂ ਬੋਲੀ- ਇਨ੍ਹਾਂ ਨੂੰ ਪਿਛਲੇ ਪਾਸੇ ਇਨ੍ਹਾਂ ਦੀ ਸਹੇਲੀ ਦੇ ਘਰ ਭੇਜ ਦਿਓ। ਰਾਤ ਭਾਵੇਂ ਉਥੇ ਹੀ ਰਹਿਣ। ਕੱਲ੍ਹ ਨੂੰ ਆ ਜਾਣ।

ਸ਼ਾਮਨਾਥ ਸਿਗਰਟ ਮੂੰਹ ਵਿਚ ਦਬਾਈ ਸੁੰਗੜੀਆਂ ਅੱਖਾਂ ਨਾਲ ਸ੍ਰੀਮਤੀ ਦੇ ਮੂੰਹ ਵਲ ਵੇਖਦਾ ਹੋਇਆ ਕੁਝ ਚਿਰ ਸੋਚਦਾ ਰਿਹਾ, ਫਿਰ ਸਿਰ ਮਾਰ ਕੇ ਬੋਲਿਆ- ਨਹੀਂ, ਮੈਂ ਨਹੀਂ ਚਾਹੁੰਦਾ ਕਿ ਉਸ ਬੁੱਢੀ ਦਾ ਆਉਣਾ-ਜਾਣਾ ਇੱਥੇ ਫਿਰ ਸ਼ੁਰੂ ਹੋ ਜਾਵੇ। ਪਹਿਲਾਂ ਹੀ ਬੜੀ ਮੁਸ਼ਕਿਲ ਨਾਲ ਬੰਦ ਕੀਤਾ ਸੀ। ਮਾਂ ਨੂੰ ਕਹਿ ਦਿੰਦੇ ਹਾਂ ਕਿ ਛੇਤੀ ਖਾਣਾ ਖਾ ਕੇ ਸ਼ਾਮ ਵੇਲੇ ਹੀ ਆਪਣੀ ਕੋਠੀ ਵਿਚ ਚਲੇ ਜਾਣ। ਮਹਿਮਾਨ ਤਾਂ ਕਿਤੇ ਅੱਠ ਵਜੇ ਆਉਣਗੇ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਕੰਮ ਨਿਬੇੜ ਲੈਣ।

ਸੁਝਾਅ ਠੀਕ ਸੀ। ਦੋਹਾਂ ਨੂੰ ਪਸੰਦ ਆਇਆ ਪਰ ਅਚਾਨਕ ਸ੍ਰੀਮਤੀ ਬੋਲੀ- ਜੇ ਉਹ ਸੌਂ ਗਏ ਅਤੇ ਨੀਂਦ ਵਿਚ ਘੁਰਾੜੇ ਮਾਰਨ ਲੱਗੇ, ਫਿਰ? ਨਾਲ ਹੀ ਤਾਂ ਬਰਾਂਡਾ ਹੈ, ਜਿੱਥੇ ਮਹਿਮਾਨ ਖਾਣਾ ਖਾਣਗੇ।

-ਤਾਂ ਇਨ੍ਹਾਂ ਨੂੰ ਕਹਿ ਦਿੰਦੇ ਹਾਂ ਕਿ ਅੰਦਰੋਂ ਦਰਵਾਜ਼ਾ ਬੰਦ ਕਰ ਲੈਣ। ਮੈਂ ਬਾਹਰੋਂ ਤਾਲਾ ਲਾ ਦਿਆਂਗਾ। ਜਾਂ ਮਾਂ ਨੂੰ ਕਹਿ ਦਿੰਦਾ ਹਾਂ ਕਿ ਅੰਦਰ ਜਾ ਕੇ ਸੌਣ ਨਾ, ਬੈਠੇ ਰਹਿਣ, ਹੋਰ ਕੀ!

-ਤੇ ਜੇ ਸੌਂ ਗਏ, ਫੇਰ? ਡਿਨਰ ਦਾ ਕੀ ਪਤਾ, ਕਦੋਂ ਤੱਕ ਚੱਲੇ? ਗਿਆਰਾਂ-ਗਿਆਰਾਂ ਵਜੇ ਤੱਕ ਤਾਂ ਤੁਹਾਡੀ ਡਰਿੰਕ ਚੱਲਦੀ ਰਹਿੰਦੀ ਹੈ...।

ਸ਼ਾਮਨਾਥ ਕੁਝ ਖਿਝ ਗਿਆ, ਹੱਥ ਮਾਰਦਾ ਹੋਇਆ ਬੋਲਿਆ- ਚੰਗੇ ਭਲੇ ਏਹ ਭਰਾ ਕੋਲ ਜਾ ਰਹੇ ਸਨ, ਤੂੰ ਐਵੇਂ ਹੀ ਚੰਗੀ ਬਣਨ ਲਈ ਵਿਚ ਲੱਤ ਅੜਾ ਦਿੱਤੀ।

-ਵਾਹ ਬਈ ਵਾਹ! ਤੁਹਾਡੇ ਮਾਂ-ਪੁੱਤ ਦੇ ਮਾਮਲੇ ਵਿਚ ਮੈਂ ਕਿਉਂ ਬੁਰੀ ਬਣਾਂ? ਮੈਨੂੰ ਕੀ? ਤੁਸੀਂ ਜਾਣੋ, ਜਾਂ ਉਹ ਜਾਣਨ!

ਮਿਸਟਰ ਸ਼ਾਮਨਾਥ ਚੁੱਪ ਕਰ ਗਿਆ। ਇਹ ਮੌਕਾ ਬਹਿਸ ਦਾ ਨਹੀਂ ਸੀ। ਸਮੱਸਿਆ ਦਾ ਹੱਲ ਲੱਭਣਾ ਪੈਣਾ ਸੀ। ਉਸ ਨੇ ਘੁੰਮ ਕੇ ਮਾਂ ਦੀ ਕੋਠੜੀ ਵੱਲ ਵੇਖਿਆ। ਕੋਠੜੀ ਦਾ ਦਰਵਾਜ਼ਾ ਬਰਾਂਡੇ ਵਿਚ ਖੁੱਲ੍ਹਦਾ ਸੀ। ਬਰਾਂਡੇ ਵੱਲ ਵੇਖ ਕੇ ਉਹ ਤੁਰੰਤ ਬੋਲਿਆ- ਮੈਂ ਸੋਚ ਲਿਆ ਹੈ।ਅਤੇ ਉਨ੍ਹਾਂ ਹੀ ਕਦਮਾਂ ਨਾਲ ਮਾਂ ਦੀ ਕੋਠੜੀ ਦੇ ਬਾਹਰ ਜਾ ਖੜ੍ਹਾ ਹੋਇਆ। ਮਾਂ ਕੰਧ ਦੇ ਨੇੜੇ ਪੀੜ੍ਹੀ 'ਤੇ ਬੈਠੀ ਚੁੰਨੀ ਨਾਲ ਮੂੰਹ-ਸਿਰ ਢਕੀ ਮਾਲਾ ਫੇਰ ਰਹੀ ਸੀ। ਸਵੇਰ ਤੋਂ ਤਿਆਰੀ ਹੁੰਦੀ ਦੇਖਦਿਆਂ ਮਾਂ ਦਾ ਦਿਲ ਵੀ ਧੜਕ ਰਿਹਾ ਸੀ। ਬੇਟੇ ਦੇ ਦਫਤਰ ਦਾ ਵੱਡਾ ਸਾਹਿਬ ਘਰੇ ਆ ਰਿਹਾ ਹੈ, ਸਾਰਾ ਕੰਮ ਠੀਕ-ਠਾਕ ਨਿਬੜ ਜਾਏ!

-ਮਾਂ, ਅੱਜ ਤੁਸੀਂ ਰੋਟੀ ਛੇਤੀ ਖਾ ਲਿਓ! ਮਹਿਮਾਨ ਸਾਢੇ ਸੱਤ ਵਜੇ ਆ ਜਾਣਗੇ।

ਮਾਂ ਨੇ ਹੌਲੀ ਜਿਹੀ ਮੂੰਹ ਤੋਂ ਚੁੰਨੀ ਪਰੇ ਕੀਤੀ ਅਤੇ ਬੇਟੇ ਵੱਲ ਦੇਖਦਿਆਂ ਕਿਹਾ- ਅੱਜ ਮੈਂ ਰੋਟੀ ਨਹੀਂ ਖਾਣੀ, ਪੁੱਤ! ਤੈਨੂੰ ਤਾਂ ਪਤਾ ਹੀ ਹੈ, ਮਾਸ-ਮੱਛੀ ਬਣੇ ਤਾਂ ਮੈਂ ਕੁਝ ਨਹੀਂ ਖਾਂਦੀ।

-ਚਲੋ, ਜੋ ਵੀ ਹੋਵੇ, ਆਪਣਾ ਕੰਮ ਛੇਤੀ ਨਿਬੇੜ ਲੈਣਾ।

-ਠੀਕ ਹੈ, ਬੇਟਾ!

-ਤੇ ਮਾਂ, ਅਸੀਂ ਪਹਿਲਾਂ ਬੈਠਕ ਵਿਚ ਬੈਠਾਂਗੇ, ਓਨਾ ਚਿਰ ਤੁਸੀਂ ਏਥੇ ਬਰਾਂਡੇ ਵਿਚ ਬੈਠੇ ਰਹਿਣਾ। ਜਦੋਂ ਅਸੀਂ ਇੱਥੇ ਆਏ ਤਾਂ ਤੁਸੀਂ ਗੁਸਲਖਾਨੇ ਦੇ ਰਸਤੇ ਵਿਚੋਂ ਬੈਠਕ ਵਿਚ ਚਲੇ ਜਾਣਾ!

-ਠੀਕ ਹੈ, ਬੇਟਾ!

-ਤੇ ਮਾਂ, ਅੱਜ ਛੇਤੀ ਨਾ ਸੌਣਾ। ਤੁਹਾਡੇ ਘੁਰਾੜਿਆਂ ਦੀ ਆਵਾਜ਼ ਦੂਰ ਤਕ ਜਾਂਦੀ ਹੈ।

ਮਾਂ ਝਿਜਕ ਨਾਲ ਬੋਲੀ -ਕੀ ਕਰਾਂ, ਪੁੱਤ! ਮੇਰੇ ਵੱਸ ਦੀ ਗੱਲ ਨਹੀਂ। ਜਦੋਂ ਤੋਂ ਬਿਮਾਰ ਹੋ ਕੇ ਹਟੀ ਹਾਂ, ਨੱਕ ਰਾਹੀਂ ਸਾਹ ਨਹੀਂ ਲੈ ਸਕਦੀ।

ਮਿਸਟਰ ਸ਼ਾਮਨਾਥ ਨੇ ਪ੍ਰਬੰਧ ਤਾਂ ਕਰ ਦਿੱਤਾ, ਫਿਰ ਵੀ ਉਸ ਦੀ ਘਬਰਾਹਟ ਖਤਮ ਨਹੀਂ ਹੋਈ। ਜੇ ਚੀਫ ਅਚਾਨਕ ਉਧਰ ਆ ਗਿਆ, ਫੇਰ! ਅੱਠ-ਦਸ ਮਹਿਮਾਨ ਹੋਣਗੇ, ਦੇਸੀ ਅਫਸਰ, ਉਨ੍ਹਾਂ ਦੀਆਂ ਪਤਨੀਆਂ ਵੀ ਹੋਣਗੀਆਂ, ਕੋਈ ਵੀ ਗੁਸਲਖਾਨੇ ਵੱਲ ਜਾ ਸਕਦਾ ਹੈ। ਘਬਰਾਹਟ ਅਤੇ ਗੁੱਸੇ ਵਿਚ ਉਹ ਸਿਰ ਖੁਰਕਣ ਲੱਗਿਆ। ਇੱਕ ਕੁਰਸੀ ਚੁੱਕ ਕੇ ਬਰਾਂਡੇ ਵਿਚ ਕੋਠੜੀ ਦੇ ਬਾਹਰ ਰੱਖਦਿਆਂ ਬੋਲਿਆ- ਆਓ ਮਾਂ, ਇਸ 'ਤੇ ਜ਼ਰਾ ਬੈਠਣਾ!

ਮਾਂ ਮਾਲਾ ਸੰਭਾਲਦੀ, ਪੱਲਾ ਠੀਕ ਕਰਦੀ ਉੱਠੀ ਅਤੇ ਹੌਲੀ ਜਿਹੀ ਕੁਰਸੀ 'ਤੇ ਆ ਕੇ ਬਹਿ ਗਈ।

-ਇਉਂ ਨਹੀਂ ਮਾਂ, ਲੱਤਾਂ ਉੱਤੇ ਕਰਕੇ ਨਹੀਂ ਬੈਠੀਦਾ! ਇਹ ਮੰਜਾ ਥੋੜ੍ਹੋ ਹੈ! ਮਾਂ ਨੇ ਲੱਤਾਂ ਹੇਠਾਂ ਕਰ ਲਈਆਂ।

-ਤੇ ਰੱਬ ਕਰ ਕੇ, ਨੰਗੇ ਪੈਰੀਂ ਨਾ ਤੁਰਿਓ। ਨਾ ਹੀ ਖੜਾਵਾਂ ਪਾ ਕੇ ਸਾਹਮਣੇ ਆਇਓ। ਇੱਕ ਦਿਨ ਮੈਂ ਤੁਹਾਡੀਆਂ ਉਹ ਖੜਾਵਾਂ ਚੁੱਕ ਕੇ ਬਾਹਰ ਸੁੱਟ ਦਿਆਂਗਾ।

ਮਾਂ ਚੁੱਪ ਰਹੀ।

-ਕੱਪੜੇ ਕਿਹੜੇ ਪਾਓਗੇ, ਮਾਂ?

-ਜਿਹੜੇ ਹਨ, ਉਹੀ ਪਾਵਾਂਗੀ, ਬੇਟਾ! ਜੋ ਕਹੇਂਗਾ, ਪਹਿਨ ਲਵਾਂਗੀ।

ਮਿਸਟਰ ਸ਼ਾਮਨਾਥ ਸਿਗਰਟ ਮੂੰਹ ਵਿਚ ਰੱਖੀ, ਫਿਰ ਅੱਧ-ਖੁੱਲ੍ਹੀਆਂ ਅੱਖਾਂ ਨਾਲ ਮਾਂ ਵੱਲ ਦੇਖਣ ਲੱਗਾ, ਤੇ ਮਾਂ ਦੇ ਕੱਪੜਿਆਂ ਬਾਰੇ ਸੋਚਣ ਲੱਗਾ। ਸ਼ਾਮਨਾਥ ਹਰ ਗੱਲ ਵਿਚ ਤਰਤੀਬ ਚਾਹੁੰਦਾ ਸੀ। ਘਰ ਦਾ ਪ੍ਰਬੰਧ ਉਹਦੇ ਆਪਣੇ ਹੱਥ ਵਿਚ ਸੀ। ਖੂੰਟੀਆਂ ਕਮਰਿਆਂ ਵਿਚ ਕਿੱਥੇ ਲਾਈਆਂ ਜਾਣ, ਬਿਸਤਰੇ ਕਿੱਥੇ ਵਿਛਾਏ ਜਾਣ, ਕਿਹੜੇ ਰੰਗ ਦੇ ਪਰਦੇ ਲਾਏ ਜਾਣ, ਪਤਨੀ ਕਿਹੜੀ ਸਾੜ੍ਹੀ ਪਹਿਨੇ, ਮੇਜ਼ ਕਿਸ ਸਾਈਜ਼ ਦਾ ਹੋਵੇ... ਸ਼ਾਮਨਾਥ ਨੂੰ ਚਿੰਤਾ ਸੀ ਕਿ ਜੇ ਚੀਫ ਦਾ ਸਾਹਮਣਾ ਮਾਂ ਨਾਲ ਹੋ ਗਿਆ ਤਾਂ ਕਿਤੇ ਸ਼ਰਮਸਾਰ ਨਾ ਹੋਣਾ ਪਵੇ। ਮਾਂ ਨੂੰ ਸਿਰ ਤੋਂ ਪੈਰਾਂ ਤੱਕ ਦੇਖਦੇ ਹੋਏ ਬੋਲਿਆ -ਤੁਸੀਂ ਸਫੈਦ ਸਲਵਾਰ-ਕਮੀਜ਼ ਪਹਿਨ ਲਓ ਮਾਂ! ਪਹਿਨ ਕੇ ਆਓ ਤਾਂ ਜ਼ਰਾ ਦੇਖ ਲਵਾਂ!

ਮਾਂ ਹੌਲੀ ਜਿਹੀ ਉੱਠੀ ਅਤੇ ਆਪਣੀ ਕੋਠੜੀ ਵਿਚ ਕੱਪੜੇ ਪਹਿਨਣ ਚਲੀ ਗਈ।

-ਇਹ ਮਾਂ ਦਾ ਝਮੇਲਾ ਹੀ ਰਹੇਗਾ। ਉਹਨੇ ਫਿਰ ਅੰਗਰੇਜ਼ੀ ਵਿਚ ਆਪਣੀ ਪਤਨੀ ਨੂੰ ਕਿਹਾ- ਕੋਈ ਢੰਗ-ਸਿਰ ਦੀ ਗੱਲ ਹੋਵੇ ਤਾਂ ਵੀ ਕੋਈ ਕਹੇ। ਜੇ ਕਿਤੇ ਪੁੱਠੀ-ਸਿੱਧੀ ਗੱਲ ਹੋ ਗਈ, ਚੀਫ ਨੂੰ ਬੁਰਾ ਲਗਾ ਤਾਂ ਸਾਰਾ ਸੁਆਦ ਜਾਂਦਾ ਰਹੇਗਾ।

ਮਾਂ ਸਫੈਦ ਕਮੀਜ਼-ਸਲਵਾਰ ਪਹਿਨ ਕੇ ਬਾਹਰ ਆਈ। ਛੋਟਾ ਜਿਹਾ ਕੱਦ, ਸਫੈਦ ਕੱਪੜਿਆਂ ਵਿਚ ਵਲ੍ਹੇਟੀ, ਛੋਟਾ ਜਿਹਾ ਸੁੱਕਾ ਹੋਇਆ ਸਰੀਰ, ਧੁੰਦਲੀਆਂ ਅੱਖਾਂ, ਸਿਰਫ ਸਿਰ ਦੇ ਅੱਧੇ ਝੜੇ ਹੋਏ ਵਾਲ, ਸਫੈਦ ਪੱਲੇ ਵਿਚ ਛੁਪ ਗਏ ਸਨ। ਪਹਿਲਾਂ ਨਾਲੋਂ ਕੁਝ ਹੀ ਘੱਟ ਕਰੂਪ ਨਜ਼ਰ ਆ ਰਹੀ ਸੀ।

-ਚਲੋ, ਠੀਕ ਹੈ। ਕੋਈ ਚੂੜੀਆਂ ਵਗੈਰਾ ਹੋਣ ਤਾਂ ਉਹ ਵੀ ਪਹਿਨ ਲਓ, ਕੋਈ ਹਰਜ਼ ਨਹੀਂ।

-ਚੂੜੀਆਂ ਕਿੱਥੋਂ ਲਿਆਵਾਂ ਬੇਟਾ! ਤੈਨੂੰ ਤਾਂ ਪਤਾ ਹੈ, ਸਾਰੇ ਗਹਿਣੇ ਤੇਰੀ ਪੜ੍ਹਾਈ ਲਈ ਵਿਕ ਗਏ!



ਇਹ ਵਾਕ ਸ਼ਾਮਨਾਥ ਨੂੰ ਤੀਰ ਵਾਂਗ ਵੱਜਿਆ। ਖਿਝ ਕੇ ਬੋਲਿਆ- ਇਹ ਕਿਹੜਾ ਰਾਗ ਛੇੜ ਦਿੱਤਾ ਮਾਂ! ਸਿੱਧਾ ਕਹਿ ਦਿਓ, ਗਹਿਣੇ ਨਹੀਂ ਹਨ, ਬਸ! ਇਸ ਨਾਲ ਪੜ੍ਹਾਈ-ਲਿਖਾਈ ਦਾ ਕੀ ਸਬੰਧ ਹੈ? ਜੇ ਗਹਿਣੇ ਵਿਕ ਗਏ ਤਾਂ ਕੁਝ ਬਣ ਕੇ ਹੀ ਆਇਆ ਹਾਂ, ਨਿਰਾ ਲੁੰਡਰ ਤਾਂ ਨਹੀਂ ਬਣਿਆ। ਜਿੰਨਾ ਦਿੱਤਾ ਸੀ, ਉਸ ਤੋਂ ਦੁੱਗਣੇ ਲੈ ਲੈਣੇ!

ਮੇਰੀ ਜੀਭ ਸੜ ਜਾਵੇ ਬੇਟਾ, ਮੈਂ ਤੈਥੋਂ ਗਹਿਣੇ ਮੰਗਾਂਗੀ? ਮੇਰੇ ਮੂੰਹੋਂ ਤਾਂ ਐਵੇਂ ਹੀ ਨਿਕਲ ਗਿਆ ਸੀ। ਜੇ ਗਹਿਣੇ ਹੁੰਦੇ ਤਾਂ ਲੱਖ ਵਾਰੀ ਪਹਿਨਦੀ।

ਸਾਢੇ ਪੰਜ ਵੱਜ ਚੁੱਕੇ ਸਨ। ਅਜੇ ਮਿਸਟਰ ਸ਼ਾਮਨਾਥ ਨੇ ਆਪ ਵੀ ਨਹਾ-ਧੋ ਕੇ ਤਿਆਰ ਹੋਣਾ ਸੀ। ਪਤਨੀ ਕਦੋਂ ਦੀ ਆਪਣੇ ਕਮਰੇ ਵਿਚ ਜਾ ਚੁੱਕੀ ਸੀ। ਸ਼ਾਮਨਾਥ ਜਾਂਦਾ ਹੋਇਆ ਇੱਕ ਵਾਰ ਫਿਰ ਮਾਂ ਨੂੰ ਸਮਝਾਉਂਦਾ ਗਿਆ- ਮਾਂ, ਰੋਜ਼ ਵਾਂਗੂੰ ਗੁੰਮਸੁੰਮ ਜਿਹੀ ਨਾ ਬੈਠੇ ਰਹਿਣਾ। ਜੇ ਸਾਹਿਬ ਏਧਰ ਆ ਗਏ ਅਤੇ ਕੁਝ ਪੁੱਛਣ ਲੱਗੇ ਤਾਂ ਠੀਕ ਤਰ੍ਹਾਂ ਜਵਾਬ ਦੇਣਾ।

-ਮੈਂ ਨਾ ਪੜ੍ਹੀ, ਨਾ ਲਿਖੀ, ਬੇਟਾ! ਮੈਂ ਕੀ ਗੱਲ ਕਰਾਂਗੀ! ਤੂੰ ਹੀ ਦੱਸ ਦੇਵੀਂ ਕਿ ਮਾਂ ਅਨਪੜ੍ਹ ਹੈ, ਕੁਝ ਜਾਣਦੀ-ਸਮਝਦੀ ਨਹੀਂ। ਫਿਰ ਉਹ ਨਹੀਂ ਪੁੱਛੇਗਾ।

ਸੱਤ ਵਜਦੇ-ਵਜਦੇ ਮਾਂ ਦਾ ਦਿਲ ਧੱਕ-ਧੱਕ ਕਰਨ ਲੱਗਿਆ। ਜੇ ਚੀਫ ਸਾਹਮਣੇ ਆ ਗਿਆ ਅਤੇ ਉਹਨੇ ਕੁਝ ਪੁੱਛਿਆ ਤਾਂ ਉਹ ਕੀ ਜਵਾਬ ਦੇਵੇਗੀ? ਅੰਗਰੇਜ਼ ਨੂੰ ਤਾਂ ਉਹ ਦੂਰੋਂ ਹੀ ਦੇਖ ਕੇ ਘਬਰਾ ਜਾਂਦੀ ਸੀ, ਇਹ ਤਾਂ ਅਮਰੀਕੀ ਹੈ, ਪਤਾ ਨਹੀਂ ਕੀ ਪੁੱਛ ਲਵੇ! ਮੈਂ ਕੀ ਕਹਾਂਗੀ! ਮਾਂ ਦਾ ਦਿਲ ਕੀਤਾ ਕਿ ਚੁੱਪ-ਚਾਪ ਪਿਛਲੇ ਪਾਸੇ ਵਿਧਵਾ ਸਹੇਲੀ ਦੇ ਘਰ ਚਲੀ ਜਾਵੇ ਪਰ ਬੇਟੇ ਦੇ ਹੁਕਮ ਨੂੰ ਕਿਵੇਂ ਟਾਲ ਸਕਦੀ ਸੀ! ਚੁੱਪ-ਚਾਪ ਕੁਰਸੀ ਉੱਤੇ ਲੱਤਾਂ ਲਟਕਾਈ ਉੱਥੇ ਹੀ ਬੈਠੀ ਰਹੀ। ਕਾਮਯਾਬ ਪਾਰਟੀ ਉਹ ਹੁੰਦੀ ਹੈ ਜਿਸ ਵਿਚ ਡਰਿੰਕ ਕਾਮਯਾਬੀ ਨਾਲ ਚੱਲ ਜਾਵੇ। ਸ਼ਾਮਨਾਥ ਦੀ ਪਾਰਟੀ ਸਫਲਤਾ ਦੀ ਸਿਖਰ 'ਤੇ ਸੀ। ਗੱਲਬਾਤ ਉਸੇ ਰੁਟੀਨ ਵਿਚ ਚੱਲ ਰਹੀ ਸੀ ਜਿਸ ਰੁਟੀਨ ਵਿਚ ਗਲਾਸ ਭਰੇ ਜਾ ਰਹੇ ਸਨ। ਕਿਤੇ ਕੋਈ ਰੁਕਾਵਟ ਨਹੀਂ ਸੀ, ਕੋਈ ਅੜਿਚਣ ਨਹੀਂ ਸੀ। ਸਾਹਿਬ ਨੂੰ ਵਿਸਕੀ ਪਸੰਦ ਆਈ ਸੀ। ਮੇਮ-ਸਾਹਿਬ ਨੂੰ ਪਰਦੇ ਪਸੰਦ ਆਏ ਸਨ, ਸੋਫਾ-ਕਵਰ ਦਾ ਡਿਜ਼ਾਈਨ ਪਸੰਦ ਆਇਆ ਸੀ, ਕਮਰੇ ਦੀ ਸਜਾਵਟ ਪਸੰਦ ਆਈ ਸੀ। ਇਸ ਤੋਂ ਵੱਧ ਹੋਰ ਕੀ ਚਾਹੀਦਾ ਹੈ! ਸਾਹਿਬ ਤਾਂ ਡਰਿੰਕ ਦੇ ਦੂਜੇ ਦੌਰ ਵਿਚ ਹੀ ਚੁਟਕਲੇ ਤੇ ਕਹਾਣੀਆਂ ਸੁਣਾਉਣ ਲੱਗ ਪਏ ਸਨ। ਦਫਤਰ ਵਿਚ ਜਿੰਨਾ ਰੋਹਬ ਰੱਖਦੇ ਸਨ, ਇੱਥੇ ਓਨਾ ਹੀ ਦੋਸਤ-ਨੁਮਾ ਹੋ ਰਹੇ ਸਨ। ਤੇ ਉਨ੍ਹਾਂ ਦੀ ਪਤਨੀ ਕਾਲਾ ਗਾਊਨ ਪਹਿਨੀ ਗਲੇ ਵਿਚ ਸਫੈਦ ਮੋਤੀਆਂ ਦਾ ਹਾਰ, ਸੈਂਟ ਅਤੇ ਪਾਊਡਰ ਦੀ ਮਹਿਕ ਨਾਲ ਓਤਪੋਤ ਕਮਰੇ ਵਿਚ ਬੈਠੀਆਂ ਸਾਰੀਆਂ ਦੇਸੀ ਔਰਤਾਂ ਦਾ ਕੇਂਦਰ-ਬਿੰਦੂ ਬਣੀ ਹੋਈ ਸੀ। ਗੱਲ-ਗੱਲ 'ਤੇ ਹੱਸਦੀ, ਗੱਲ-ਗੱਲ 'ਤੇ ਸਿਰ ਹਿਲਾਉਂਦੀ। ਤੇ ਸ਼ਾਮਨਾਥ ਦੀ ਪਤਨੀ ਨਾਲ ਤਾਂ ਇਉਂ ਗੱਲਾਂ ਕਰ ਰਹੀ ਸੀ, ਜਿਵੇਂ ਉਹਦੀ ਪੁਰਾਣੀ ਸਹੇਲੀ ਹੋਵੇ!

ਅਤੇ ਇਉਂ ਹੀ ਪੀਂਦੇ-ਪਿਆਉਂਦੇ ਸਾਢੇ ਦਸ ਵੱਜ ਗਏ। ਵਕਤ ਬੀਤਦੇ ਪਤਾ ਹੀ ਨਾ ਲੱਗਿਆ।

ਆਖਰ ਸਾਰੇ ਜਣੇ ਆਪੋ-ਆਪਣੇ ਗਲਾਸਾਂ 'ਚੋਂ ਆਖਰੀ ਘੁੱਟ ਪੀ ਕੇ ਖਾਣਾ ਖਾਣ ਲਈ ਉੱਠੇ ਅਤੇ ਬੈਠਕ ਤੋਂ ਬਾਹਰ ਆ ਗਏ। ਸਭ ਤੋਂ ਮੂਹਰੇ ਰਾਹ ਦੱਸਦਾ ਹੋਇਆ ਸ਼ਾਮਨਾਥ, ਪਿੱਛੇ ਚੀਫ ਅਤੇ ਹੋਰ ਮਹਿਮਾਨ।

ਬਰਾਂਡੇ ਵਿਚ ਪਹੁੰਚਦੇ ਹੀ ਸ਼ਾਮਨਾਥ ਅਚਾਨਕ ਰੁਕ ਗਿਆ। ਜੋ ਦ੍ਰਿਸ਼ ਉਹਨੇ ਵੇਖਿਆ, ਉਸ ਨਾਲ ਉਹਦੀਆਂ ਲੱਤਾਂ ਕੰਬਣ ਲੱਗੀਆਂ ਤੇ ਪਲ ਭਰ ਵਿਚ ਸਾਰਾ ਨਸ਼ਾ ਕਾਫੂਰ ਹੋਣ ਲੱਗਿਆ। ਬਰਾਂਡੇ ਵਿਚ ਐਨ ਕੋਠੜੀ ਦੇ ਬਾਹਰ ਮਾਂ ਆਪਣੀ ਕੁਰਸੀ ਉੱਤੇ ਜਿਉਂ ਦੀ ਤਿਉਂ ਬੈਠੀ ਸੀ ਪਰ ਦੋਵੇਂ ਪੈਰ ਕੁਰਸੀ ਦੀ ਸੀਟ 'ਤੇ ਰੱਖੇ ਹੋਏ, ਤੇ ਸਿਰ ਸੱਜੇ ਤੋਂ ਖੱਬੇ, ਖੱਬੇ ਤੋਂ ਸੱਜੇ ਝੂਲ ਰਿਹਾ ਸੀ ਅਤੇ ਮੂੰਹ 'ਚੋਂ ਲਗਾਤਾਰ ਘੁਰਾੜਿਆਂ ਦੀ ਆਵਾਜ਼ ਆ ਰਹੀ ਸੀ। ਜਦੋਂ ਸਿਰ ਕੁਝ ਚਿਰ ਲਈ ਟੇਢਾ ਹੋ ਕੇ ਇੱਕ ਪਾਸੇ ਵੱਲ ਖੜ੍ਹ ਜਾਂਦਾ ਤਾਂ ਘੁਰਾੜੇ ਹੋਰ ਵੀ ਉੱਚੀ ਹੋ ਜਾਂਦੇ। ਤੇ ਫਿਰ ਜਦੋਂ ਝਟਕੇ ਨਾਲ ਨੀਂਦ ਟੁੱਟਦੀ ਤਾਂ ਸਿਰ ਫਿਰ ਤੋਂ ਸੱਜੇ ਤੋਂ ਖੱਬੇ ਝੂਟੇ ਲੈਣ ਲੱਗਦਾ। ਪੱਲਾ ਸਿਰ ਤੋਂ ਖਿਸਕ ਗਿਆ ਸੀ ਅਤੇ ਮਾਂ ਦੇ ਝੜੇ ਹੋਏ ਵਾਲ, ਅੱਧੇ ਗੰਜੇ ਸਿਰ 'ਤੇ ਖਿੱਲਰੇ ਪਏ ਸਨ।

ਦੇਖਦਿਆਂ ਹੀ ਸ਼ਾਮਨਾਥ ਗੁੱਸੇ ਵਿਚ ਆ ਗਿਆ। ਜੀਅ ਕੀਤਾ ਕਿ ਮਾਂ ਨੂੰ ਧੱਕਾ ਮਾਰ ਕੇ ਉਠਾ ਦੇਵੇ ਅਤੇ ਉਨ੍ਹਾਂ ਨੂੰ ਕੋਠੜੀ ਵੱਲ ਧੱਕ ਦੇਵੇ ਪਰ ਇਉਂ ਕਰਨਾ ਸੰਭਵ ਨਹੀਂ ਸੀ। ਚੀਫ ਅਤੇ ਬਾਕੀ ਮਹਿਮਾਨ ਕੋਲ ਖੜ੍ਹੇ ਸਨ।

ਮਾਂ ਵੱਲ ਦੇਖਦਿਆਂ ਹੀ ਦੇਸੀ ਅਫਸਰਾਂ ਦੀਆਂ ਕੁਝ ਔਰਤਾਂ ਹੱਸ ਪਈਆਂ, ਇੰਨੇ ਵਿਚ ਚੀਫ ਨੇ ਹੌਲੀ ਜਿਹੀ ਕਿਹਾ- ਪੁਅਰ ਡੀਅਰ!

ਮਾਂ ਘਬਰਾ ਕੇ ਉੱਠ ਗਈ। ਸਾਹਮਣੇ ਖੜ੍ਹੇ ਇੰਨੇ ਲੋਕਾਂ ਨੂੰ ਦੇਖ ਕੇ ਇਉਂ ਬੁਖਲਾਈ ਕਿ ਕੁਝ ਬੋਲ ਨਾ ਸਕੀ। ਤੁਰੰਤ ਪੱਲਾ ਸਿਰ 'ਤੇ ਰੱਖਦੀ ਹੋਈ ਖੜ੍ਹੀ ਹੋ ਗਈ ਅਤੇ ਹੇਠਾਂ ਵੱਲ ਦੇਖਣ ਲੱਗੀ। ਉਨ੍ਹਾਂ ਦੇ ਪੈਰ ਥਿੜਕਣ ਲੱਗੇ ਅਤੇ ਹੱਥਾਂ ਦੀਆਂ ਉਂਗਲਾਂ ਥਰ-ਥਰ ਕੰਬਣ ਲੱਗੀਆਂ।

-ਮਾਂ, ਤੁਸੀਂ ਜਾ ਕੇ ਸੌਂ ਜਾਓ, ਤੁਸੀਂ ਕਿਉਂ ਇੰਨੀ ਦੇਰ ਤੱਕ ਜਾਗ ਰਹੇ ਸੀ! ਤੇ ਬਚਗਾਨਾ ਜਿਹੀਆਂ ਨਜ਼ਰਾਂ ਨਾਲ ਸ਼ਾਮਨਾਥ ਚੀਫ ਦੇ ਮੂੰਹ ਵੱਲ ਦੇਖਣ ਲੱਗਿਆ।

ਚੀਫ ਦੇ ਚਿਹਰੇ 'ਤੇ ਮੁਸਕਰਾਹਟ ਸੀ। ਉਹ ਉੱਥੇ ਹੀ ਖੜ੍ਹੇ-ਖੜ੍ਹੇ ਬੋਲੇ- ਨਮਸਤੇ!

ਮਾਂ ਨੇ ਝਿਜਕ ਵਿਚ ਆਪਣੇ ਸੁੰਗੜੇ ਹੋਏ ਦੋਵੇਂ ਹੱਥ ਜੋੜੇ ਪਰ ਇੱਕ ਹੱਥ ਚੁੰਨੀ ਦੇ ਅੰਦਰ ਸੀ ਮਾਲਾ ਫੇਰਦਾ ਹੋਇਆ, ਦੂਜਾ ਹੱਥ ਬਾਹਰ। ਉਹ ਠੀਕ-ਤਰ੍ਹਾਂ ਨਮਸਤੇ ਵੀ ਨਾ ਕਰ ਸਕੀ। ਸ਼ਾਮਨਾਥ ਇਸ 'ਤੇ ਵੀ ਖਿਝ ਗਿਆ।

ਇੰਨੇ ਵਿਚ ਚੀਫ ਨੇ ਆਪਣਾ ਸੱਜਾ ਹੱਥ ਮਿਲਾਉਣ ਲਈ ਮਾਂ ਦੇ ਅੱਗੇ ਕੀਤਾ। ਮਾਂ ਹੋਰ ਘਬਰਾ ਗਈ।

-ਮਾਂ, ਹੱਥ ਮਿਲਾਓ!

ਪਰ ਹੱਥ ਕਿਵੇਂ ਮਿਲਾਉਂਦੀ? ਸੱਜੇ ਹੱਥ ਵਿਚ ਤਾਂ ਮਾਲਾ ਸੀ। ਘਬਰਾਹਟ ਵਿਚ ਮਾਂ ਨੇ ਖੱਬਾ ਹੱਥ ਹੀ ਸਾਹਿਬ ਦੇ ਸੱਜੇ ਹੱਥ ਉੱਤੇ ਰੱਖ ਦਿੱਤਾ। ਸ਼ਾਮਨਾਥ ਅੰਦਰੋ-ਅੰਦਰੀ ਮੱਚ ਗਿਆ। ਦੇਸੀ ਅਫਸਰਾਂ ਦੀਆਂ ਔਰਤਾਂ ਖਿੜ-ਖਿੜਾ ਕੇ ਹੱਸ ਪਈਆਂ।

ਇਉਂ ਨਹੀਂ, ਮਾਂ! ਤੁਹਾਨੂੰ ਤਾਂ ਪਤਾ ਹੈ ਸੱਜਾ ਹੱਥ ਮਿਲਾਈਦਾ ਹੈ। ਸੱਜਾ ਹੱਥ ਮਿਲਾਓ।

ਪਰ ਉਦੋਂ ਤੱਕ ਚੀਫ ਮਾਂ ਦਾ ਖੱਬਾ ਹੱਥ ਹੀ ਵਾਰ-ਵਾਰ ਹਿਲਾ ਕੇ ਕਹਿ ਰਹੇ ਸਨ- ਹਾਓ ਡੂ ਯੂ ਡੂ?

-ਬੋਲੋ ਮਾਂ, ਮੈਂ ਠੀਕ ਹਾਂ। ਕਹੋ ਮਾਂ- ਹਾਊ ਡੂ ਯੂ ਡੂ।

ਮਾਂ ਝਿਜਕਦੀ ਹੋਈ ਹੌਲੀ ਜਿਹੀ ਬੋਲੀ- ਹੌ ਡੂ ਜੂ ਡੂ...

ਇੱਕ ਵਾਰ ਫਿਰ ਕਹਿਕਹਾ ਗੂੰਜਿਆ।

ਮਾਹੌਲ ਖੁਸ਼ਗਵਾਰ ਹੋਣ ਲੱਗਿਆ। ਸਾਹਿਬ ਨੇ ਸਥਿਤੀ ਸੰਭਾਲ ਲਈ ਸੀ। ਸਾਰੇ ਹੀ ਹੱਸਣ-ਚਹਿਕਣ ਲੱਗ ਪਏ ਸਨ। ਸ਼ਾਮਨਾਥ ਦੇ ਮਨ ਦਾ ਗੁੱਸਾ ਵੀ ਕੁਝ-ਕੁਝ ਘੱਟ ਹੋ ਰਿਹਾ ਸੀ।

ਸਾਹਿਬ ਨੇ ਮਾਂ ਦਾ ਹੱਥ ਅਜੇ ਵੀ ਆਪਣੇ ਹੱਥ ਵਿਚ ਫੜਿਆ ਹੋਇਆ ਸੀ। ਤੇ ਮਾਂ ਸੁੰਗੜ ਰਹੀ ਸੀ। ਸਾਹਿਬ ਦੇ ਮੂੰਹ 'ਚੋਂ ਸ਼ਰਾਬ ਦੀ ਬੋ ਆ ਰਹੀ ਸੀ।

ਸ਼ਾਮਨਾਥ ਅੰਗਰੇਜ਼ੀ ਵਿਚ ਬੋਲਿਆ- ਮੇਰੀ ਮਾਂ ਪਿੰਡ ਦੀ ਰਹਿਣ ਵਾਲੀ ਹੈ। ਸਾਰੀ ਉਮਰ ਪਿੰਡ ਹੀ ਰਹੀ ਹੈ। ਇਸ ਲਈ ਤੁਹਾਥੋਂ ਝਿਜਕਦੀ ਹੈ।

ਸਾਹਿਬ ਇਸ 'ਤੇ ਖੁਸ਼ ਨਜ਼ਰ ਆਏ। ਬੋਲੇ- ਅੱਛਾ? ਮੈਨੂੰ ਪਿੰਡ ਦੇ ਲੋਕ ਬਹੁਤ ਪਸੰਦ ਹਨ। ਫਿਰ ਤਾਂ ਤੇਰੀ ਮਾਂ ਗੀਤ ਅਤੇ ਨਾਚ ਵੀ ਜਾਣਦੀ ਹੋਵੇਗੀ? ਚੀਫ ਖੁਸ਼ੀ ਵਿਚ ਸਿਰ ਹਿਲਾਉਂਦੇ ਹੋਏ ਮਾਂ ਨੂੰ ਟਿਕਟਿਕੀ ਲਾਈ ਦੇਖਣ ਲੱਗੇ।

-ਮਾਂ, ਸਾਹਿਬ ਕਹਿੰਦੇ ਹਨ, ਕੋਈ ਗਾਣਾ ਸੁਣਾਓ! ਕੋਈ ਪੁਰਾਣਾ ਗੀਤ, ਤੁਹਾਨੂੰ ਤਾਂ ਬਥੇਰੇ ਯਾਦ ਹੋਣਗੇ!

ਮਾਂ ਹੌਲੀ ਜਿਹੀ ਬੋਲੀ- ਮੈਂ ਕੀ ਗਾਵਾਂ, ਬੇਟਾ! ਮੈਂ ਕਦੋਂ ਗਾਉਂਦੀ ਹਾਂ?

-ਵਾਹ, ਮਾਂ! ਮਹਿਮਾਨ ਦਾ ਆਖਿਆ ਵੀ ਕੋਈ ਟਾਲਦਾ ਹੈ। ਸਾਹਿਬ ਨੇ ਇੰਨੀ ਇੱਛਾ ਨਾਲ ਕਿਹਾ ਹੈ, ਨਹੀਂ ਗਾਓਗੇ, ਤਾਂ ਸਾਹਿਬ ਨੂੰ ਬੁਰਾ ਲੱਗੇਗਾ।

-ਮੈਂ ਕੀ ਗਾਵਾਂ, ਬੇਟਾ! ਮੈਨੂੰ ਕੀ ਆਉਂਦਾ ਹੈ?

-ਵਾਹ! ਕੋਈ ਵਧੀਆ ਜਿਹੇ ਟੱਪੇ ਹੀ ਸੁਣਾ ਦਿਓ! 'ਦੋ ਪੱਤਰ ਅਨਾਰਾਂ ਦੇ...'

ਦੇਸੀ ਅਫਸਰਾਂ ਅਤੇ ਉਨ੍ਹਾਂ ਦੀਆਂ ਬੀਵੀਆਂ ਨੇ ਇਸ ਸੁਝਾਅ 'ਤੇ ਖੂਬ ਤਾੜੀਆਂ ਵਜਾਈਆਂ। ਮਾਂ ਕਦੇ ਦੀਨ ਨਜ਼ਰਾਂ ਨਾਲ ਬੇਟੇ ਦੇ ਮੂੰਹ ਵੱਲ ਦੇਖਦੀ ਅਤੇ ਕਦੇ ਨੇੜੇ ਖੜ੍ਹੀ ਨੂੰਹ ਦੇ ਮੂੰਹ ਵੱਲ।

ਇੰਨੇ ਵਿਚ ਬੇਟੇ ਨੇ ਗੰਭੀਰ ਹੁਕਮੀਆ ਅੰਦਾਜ਼ ਵਿਚ ਕਿਹਾ- ਮਾਂ!

ਇਸ ਤੋਂ ਬਾਅਦ ਤਾਂ ਹਾਂ-ਨਾਂਹ ਦਾ ਸਵਾਲ ਹੀ ਨਹੀਂ ਸੀ ਉਠਦਾ। ਮਾਂ ਬੈਠ ਗਈ ਅਤੇ ਪਤਲੀ, ਮਰੀਅਲ ਕੰਬਦੀ ਆਵਾਜ਼ ਵਿਚ ਪੁਰਾਣਾ ਵਿਆਹ-ਗੀਤ ਗਾਉਣ ਲੱਗੀ-

ਹਰਿਆ ਨੀ ਮਾਏ, ਹਰਿਆ ਨੀ ਭੈਣੇ
ਹਰਿਆ ਤੇ ਭਾਗੀਂ ਭਰਿਆ...

ਦੇਸੀ ਔਰਤਾਂ ਖਿੜਖਿੜਾ ਕੇ ਹੱਸੀਆਂ। ਦੋ-ਤਿੰਨ ਪੰਕਤੀਆਂ ਗਾ ਕੇ ਮਾਂ ਚੁੱਪ ਕਰ ਗਈ।

ਬਰਾਂਡਾ ਤਾੜੀਆਂ ਨਾਲ ਗੂੰਜ ਉੱਠਿਆ। ਸਾਹਿਬ ਨੇ ਤਾੜੀਆਂ ਵਜਾਉਣੀਆਂ ਬੰਦ ਹੀ ਨਾ ਕੀਤੀਆਂ। ਸ਼ਾਮਨਾਥ ਦੀ ਖਿਝ ਹੁਣ ਖੁਸ਼ੀ ਅਤੇ

*(ਬਾਕੀ ਅਗਲੇ ਸਫੇ 'ਤੇ)*

# ਫੋਟੋ ਖਿਚਵਾਉਣ ਦਾ ਡਰ!


6 ਜੂਨ ਨੇੜੇ ਆ ਰਿਹਾ ਸੀ, ਪਿਤਾ ਜੀ ਦੇ ਇਸ ਦੁਨੀਆਂ ਉਤੋਂ ਚਲੇ ਜਾਣ ਦਾ ਦਿਨ। ਸੋਚ ਰਿਹਾ ਸਾਂ, ਕਿੰਨਾ ਬੇਭਾਗ ਹਾਂ ਮੈਂ ਕਿ ਆਪਣੇ ਪਿਤਾ ਨਾਲ ਇਕ ਵੀ ਤਸਵੀਰ ਨਹੀਂ ਹੈ ਮੇਰੀ। ਦੁਨੀਆਂ ਭਰ ਦੇ ਲੋਕਾਂ ਨਾਲ ਤਾਂ ਤਸਵੀਰਾਂ ਹਨ, ਪਰ ਮੇਰੇ ਪਿਤਾ ਨਾਲ ਨਹੀਂ ਹੈ ਮੇਰੀ ਫੋਟੂ। ਝੋਰਾ ਖਾਂਦੈ।

ਪਾਠਕ ਦੋਸਤੋ, ਸੱਚ ਤਾਂ ਇਹ ਹੈ ਕਿ ਮੈਂ ਆਪਣੇ ਘਰ ਦੇ ਕਿਸੇ ਜੀਅ ਨਾਲ ਫੋਟੋ ਖਿਚਵਾਉਣ ਤੋਂ ਹਮੇਸ਼ਾ ਭੈਅ ਖਾਂਦਾ ਰਿਹਾ ਹਾਂ, ਪਤਾ ਨਹੀਂ

ਨਿੰਦਰ ਘੁਗਿਆਣਵੀ
ਫੋਨ: 91-94174-21700

ਕਿਉਂ? ਜਾਂ ਸ਼ਾਇਦ ਸਾਡੇ ਮਲਵੱਈ ਪੇਂਡੂ ਸਭਿਆਚਾਰ ਵਿਚ ਫੋਟੋ ਕਲਚਰ ਓਨਾ ਵਿਕਸਿਤ ਨਹੀਂ ਸੀ ਹੋਇਆ ਤੇ ਫੋਟੋਆਂ ਖਿਚਵਾਉਣ ਦਾ ਆਮ ਰਿਵਾਜ ਨਹੀਂ ਸੀ। ਕਦੇ ਕਿਸੇ ਖਾਸ ਮੌਕੇ ਉਤੇ ਨੇੜਲੇ ਸ਼ਹਿਰੋਂ ਫੋਟੋਗ੍ਰਾਫਰ ਬੁਲਾਇਆ ਜਾਂਦਾ ਤੇ ਆਏ ਫੋਟੋਗ੍ਰਾਫਰ ਵੱਲ ਹਰ ਕੋਈ ਬੜੀ ਉਤਸੁਕਤਾ ਨਾਲ ਵੇਖਦਾ। ਫੋਟੋਗ੍ਰਾਫਰ ਦੇ ਗਲ ਵਿਚ ਪਾਏ ਕੈਮਰੇ ਨੂੰ ਬੜੀ ਗਹੁ ਨਾਲ ਨਿਹਾਰਦੇ ਲੋਕ! ਮੈਨੂੰ ਚੇਤੇ ਹੈ, ਜਦ ਕਿਸੇ ਦੇ ਵਿਆਹ ਦੀ ਬਲੈਕ ਐਂਡ ਵਾਈਟ ਐਲਬਮ ਬਣ ਕੇ ਆਉਣੀ ਤੇ ਜਿਸ ਮੇਲੀ ਦੀਆਂ ਉਹਦੇ ਵਿਚ ਬਹੁਤੀਆਂ ਫੋਟੂਆਂ ਹੋਣੀਆਂ ਤਾਂ ਆਮ ਕਹਿੰਦੇ ਸਨ ਕਿ ਫਲਾਣਾ ਸਾਡੇ ਵਿਆਹ ਵਿਚ ਮੂਹਰੇ ਹੋ ਹੋ ਕੇ ਐਨੀਆਂ ਫੋਟੂਆਂ ਖਿਚਵਾ ਗਿਆ ਏ, ਜਿੰਨੀਆਂ ਸਾਡੇ ਸਾਰੇ ਟੱਬਰ ਦੀਆਂ ਨਹੀਂ ਖਿਚੀਆਂ ਗਈਆਂ, ਅਸੀਂ ਵੀ ਇਨ੍ਹਾਂ ਦੇ ਵਿਆਹ 'ਚ ਇਵੇਂ ਈ ਕਰਾਂਗੇ, ਇਹੋ ਜਿਹੇ ਵੇਲੇ ਸਨ ਮੇਰੇ ਬਚਪਨ ਦੇ ਦਿਨ। ਖੈਰ!

ਅੱਗੇ ਪੜ੍ਹੋ ਕਿ ਆਪਣੇ ਪਿਤਾ ਨਾਲ ਮੈਂ ਫੋਟੋ ਇਸ ਕਰਕੇ ਵੀ ਨਾ ਖਿਚਵਾਈ ਕਿ ਉਹ ਸ਼ਾਇਦ ਇਹ ਹੀ ਨਾ ਸੋਚਣ, 'ਏਹਨੂੰ ਮੇਰੇ ਨਾਲ ਫੋਟੂ ਖਿਚਵਾਉਣ ਦੀ ਕਾਹਲ ਕਾਹਦੀ ਪਈ ਹੋਈ ਹੈ? ਮੈਂ ਤਾਂ ਹਾਲੇ ਜੀਣਾ ਹੈ! ਚੰਗਾ ਭਲਾ ਹਾਂ ਮੈਂ ਤਾਂ ਹਾਲੇ।' ਬਹੁਤੀ ਵਾਰ ਲੋਕ ਖੁਸ਼ੀ ਦੇ ਮੌਕੇ ਦੇ ਨਾਲ ਨਾਲ ਉਦੋਂ ਈ ਫੋਟੋਗ੍ਰਾਫਰ ਬੁਲਾਉਂਦੇ, ਜਦ ਘਰ ਦਾ ਕੋਈ ਜੀਅ ਮਰਨ ਵਾਲਾ ਹੁੰਦਾ ਤੇ ਉਹਦੇ ਨਾਲ ਯਾਦਗਾਰੀ ਤਸਵੀਰਾਂ ਖਿੱਚ ਕੇ ਤੇ ਫਿਰ ਫਰੇਮ ਕਰਵਾ ਕੇ ਨਿਸ਼ਾਨੀ ਰੱਖੀ ਜਾਂਦੀ ਸੀ। ਉਹ ਵੇਲੇ ਬੀਤ ਗਏ, ਪਰ ਇਹੋ ਜਿਹੇ ਭਾਵ ਮੈਂ ਆਪੇ ਈ ਸਿਰਜ ਬੈਠਾ ਸਾਂ ਤੇ ਇਸੇ ਕਾਰਨ ਹੁਣ ਤੀਕ ਮੇਰੀ ਫੋਟੋ ਆਪਣੇ ਘਰ ਦੇ ਜੀਆਂ ਨਾਲ ਘੱਟ ਈ ਲੱਭਦੀ ਹੈ। ਸਾਡੇ ਘਰਾਂ ਵਿਚ ਇਕ ਦੂਸਰੇ ਨਾਲ ਫੋਟੋਆਂ ਖਿਚਣ-ਖਿਚਵਾਉਣ ਦਾ ਸੁਭਾਅ ਜਿਹਾ ਪਹਿਲਾਂ ਤੋਂ ਬਣਿਆ ਹੀ ਨਹੀਂ।



ਨਿੰਦਰ ਘੁਗਿਆਣਵੀ ਆਪਣੇ ਪਿਤਾ ਨਾਲ

ਹੁਣ ਮੈਂ ਜਦ ਕਦੇ ਕਿਸੇ ਵੱਡੇ ਵਡੇਰੇ ਕਲਾਕਾਰ ਜਾਂ ਮਹਾਨ ਸ਼ਖ਼ਸੀਅਤ ਦੀ ਜੀਵਨੀ ਪੜ੍ਹਦਾ ਹਾਂ ਜਾਂ ਉਨ੍ਹਾਂ ਉਤੇ ਬਣੀ ਕੋਈ ਫਿਲਮ ਦੇਖਦਾ ਹਾਂ ਤਾਂ ਸਭਨਾਂ ਦੀਆਂ, ਆਪਣੇ ਪੁਰਵਜਾਂ ਜਾਂ ਪਰਿਵਾਰਾਂ ਨਾਲ ਦੁਰਲੱਭ ਤਸਵੀਰਾਂ ਤੱਕਦਿਆਂ ਆਨੰਦ ਆਨੰਦ ਹੋ ਜਾਂਦਾ ਹਾਂ। ਸਮਿਆਂ ਦੇ ਸਮੇਂ ਅੱਖਾਂ ਮੂਹਰ ਦੀ ਘੁੰਮੀ ਜਾਂਦੇ ਨੇ ਕਿਸੇ ਸੁਨੱਖੀ ਫਿਲਮ ਦੀ ਤਰ੍ਹਾਂ।

---

2012 ਦਾ ਸਾਲ ਸੀ ਤੇ ਜੂਨ ਛੇ। ਪਿਤਾ ਜੀ ਨੂੰ ਸਿਵਿਆਂ ਵੱਲ ਤੋਰਿਆ ਸੀ। ਹੁਣ ਗੱਲ 3 ਜੂਨ ਦੀ ਹੈ। ਸੋਚੀ ਜਾਵਾਂ ਤੇ ਝੁਰਾਂ ਵੀ ਕਿ ਆਪਣੇ ਬਾਬਲ ਨਾਲ ਕਦੇ ਫੋਟੋ ਕਿਉਂ ਨਾ ਖਿਚਵਾਈ ਨਿੰਦਰ ਕਾਫਰਾ! ਏਨੇ ਮੌਕੇ ਆਏ। ਏਨੇ ਕੈਮਰੇ ਵੀ ਘੁੰਮ ਘੁੰਮ ਲਿਸ਼ਕਦੇ ਰਹੇ ਆਲੇ-

## ਡਾਇਰੀਨਾਮਾ

ਦੁਆਲੇ? ਜਦ ਕੋਈ ਮਿੱਤਰ ਪਿਆਰਾ ਆਪਣੇ ਪਿਓ ਨੂੰ ਯਾਦ ਕਰਦਿਆਂ ਫੇਸ ਬੁਕ ਵਗੈਰਾ ਉਤੇ ਫੋਟੋ ਪਾਉਂਦਾ, ਤਾਂ ਬੜਾ ਚੰਗਾ ਚੰਗਾ ਲਗਦਾ, ਪਰ ਮੈਂ ਆਪਣੇ ਆਪ ਨੂੰ ਮਾੜਾ ਮਾੜਾ ਸਮਝਦਾ।

ਇਕ ਦਿਨ ਆਥਣ ਵੇਲੇ ਕੋਟ ਭਾਈ ਵਾਲਾ ਭੂਆ ਦਾ ਮੁੰਡਾ ਰਾਜਾ ਦੁੱਗਲ ਚੈਟ ਕਰਦਾ ਵ੍ਹੱਟਸ ਐਪ ਉਤੇ ਇਕ ਫੋਟੋ ਭੇਜਦਾ ਹੈ ਮੇਰੀ, ਮੇਰੇ ਪਿਤਾ ਨਾਲ। (ਜੋ ਸਾਂਝੀ ਕੀਤੀ ਹੈ ਆਪ ਨਾਲ) ਫੋਟੋ ਦੇਖ ਕੇ ਇਕ ਪਲ ਹੈਰਾਨੀ ਭਰੀ ਖੁਸ਼ੀ ਹੁੰਦੀ ਹੈ ਤੇ ਦੂਸਰੇ ਪਲ ਅੱਖਾਂ ਭਰ ਆਈਆਂ। ਕਮਾਲ ਹੋ ਗਈ, ਪਰ ਪਤਾ ਨਹੀਂ ਸੀ ਲੱਗ ਰਿਹਾ ਕਿ ਫੋਟੋ ਕਿੱਥੋਂ ਦੀ ਹੈ। ਭੂਆ ਦੇ ਮੁੰਡੇ ਨੇ ਦੱਸਿਆ ਕਿ ਉਸ ਦੀ ਭੈਣ ਦੇ ਵਿਆਹ ਦੀ ਸਤਾਰਾਂ ਸਾਲ ਪਹਿਲੇ ਦੀ। ਉਸ ਨੇ ਕਿਹਾ ਕਿ ਜਦੋਂ ਇਹ ਫੋਟੋ ਖਿੱਚੀ ਸੀ ਤਾਂ ਮੈਂ ਕੋਲ ਈ ਖੜ੍ਹਾ ਸੀ। ਮਾਮੇ ਨੇ ਆਪ ਬੋਨੂੰ ਕਿਹਾ ਸੀ ਕਿ ਨਿੰਦਰਾ, ਆ ਐਧਰ ਖੜ੍ਹ ਮੇਰੇ ਕੋਲ ਆਪਾਂ ਵੀ ਫੋਟੂ ਖਿਚਾਈਏ ਪਿਓ-ਪੁੱਤ! ਭੂਆ ਦੇ ਮੁੰਡੇ ਤੋਂ ਗੱਲ ਸੁਣਦਿਆਂ ਮੇਰੀਆਂ ਅੱਖਾਂ ਨਮ ਹਨ। ਡਾਇਰੀਨਾਮਾ ਲਿਖਦਿਆਂ ਫੋਟੋ ਵੱਲ ਦੇਖ ਰਿਹਾ ਹਾਂ।

# ਚੀਫ ਦੀ ਦਾਅਵਤ

*(ਪਿਛਲੇ ਸਫੇ ਦੀ ਬਾਕੀ)*

ਮਾਣ ਵਿਚ ਬਦਲ ਗਈ ਸੀ। ਮਾਂ ਨੇ ਪਾਰਟੀ ਵਿਚ ਨਵਾਂ ਰੰਗ ਭਰ ਦਿੱਤਾ ਸੀ।

ਤਾੜੀਆਂ ਰੁਕਣ 'ਤੇ ਸਾਹਿਬ ਬੋਲੇ- ਪੰਜਾਬ ਦੇ ਪਿੰਡਾਂ ਦੀ ਦਸਤਕਾਰੀ ਕੀ ਹੈ?

ਸ਼ਾਮਨਾਥ ਖੁਸ਼ੀ ਵਿਚ ਝੂਮ ਰਿਹਾ ਸੀ। ਬੋਲਿਆ- ਬਹੁਤ ਕੁਝ ਹੈ, ਸਾਹਿਬ! ਮੈਂ ਤੁਹਾਨੂੰ ਇੱਕ ਸੈੱਟ ਉਨ੍ਹਾਂ ਚੀਜ਼ਾਂ ਦਾ ਭੇਟ ਕਰਾਂਗਾ। ਤੁਸੀਂ ਉਨ੍ਹਾਂ ਨੂੰ ਦੇਖ ਕੇ ਖੁਸ਼ ਹੋ ਜਾਓਗੇ।

ਪਰ ਸਾਹਿਬ ਨੇ ਸਿਰ ਹਿਲਾ ਕੇ ਅੰਗਰੇਜ਼ੀ ਵਿਚ ਫਿਰ ਕਿਹਾ- ਨਹੀਂ, ਮੈਂ ਦੁਕਾਨਾਂ ਦੀਆਂ ਚੀਜ਼ਾਂ ਨਹੀਂ ਮੰਗਦਾ। ਪੰਜਾਬੀਆਂ ਦੇ ਘਰਾਂ ਵਿਚ ਕੀ ਬਣਦਾ ਹੈ, ਔਰਤਾਂ ਖੁਦ ਕੀ ਬਣਾਉਂਦੀਆਂ ਹਨ।

ਸ਼ਾਮਨਾਥ ਕੁਝ ਸੋਚ ਕੇ ਬੋਲਿਆ- ਕੁੜੀਆਂ ਗੁੱਡੀਆਂ-ਪਟੋਲੇ ਬਣਾਉਂਦੀਆਂ ਹਨ, ਔਰਤਾਂ ਫੁਲਕਾਰੀਆਂ ਬਣਾਉਂਦੀਆਂ ਹਨ।

-ਫੁਲਕਾਰੀ ਕੀ ਹੁੰਦੀ ਹੈ?

ਸ਼ਾਮਨਾਥ ਫੁਲਕਾਰੀ ਦਾ ਮਤਲਬ ਸਮਝਾਉਣ ਦੀ ਅਸਫਲ ਕੋਸ਼ਿਸ਼ ਕਰਨ ਪਿੱਛੋਂ ਮਾਂ ਨੂੰ ਬੋਲਿਆ- ਕਿਉਂ ਮਾਂ, ਆਪਣੇ ਘਰ ਕੋਈ ਪੁਰਾਣੀ ਫੁਲਕਾਰੀ ਪਈ ਹੈ?

ਮਾਂ ਚੁੱਪਚਾਪ ਅੰਦਰ ਗਈ ਅਤੇ ਆਪਣੀ ਪੁਰਾਣੀ ਫੁਲਕਾਰੀ ਚੁੱਕ ਲਿਆਈ।

ਸਾਹਿਬ ਬੜੀ ਦਿਲਚਸਪੀ ਨਾਲ ਫੁਲਕਾਰੀ ਦੇਖਣ ਲੱਗੇ। ਪੁਰਾਣੀ ਫੁਲਕਾਰੀ ਸੀ, ਥਾਂ-ਥਾਂ ਤੋਂ ਉਹਦੇ ਧਾਗੇ ਟੁੱਟ ਰਹੇ ਸਨ ਅਤੇ ਕੱਪੜਾ ਪਾਟ ਰਿਹਾ ਸੀ। ਸਾਹਿਬ ਦੀ ਦਿਲਚਸਪੀ ਦੇਖ ਕੇ ਸ਼ਾਮਨਾਥ ਬੋਲਿਆ- ਇਹ ਪਾਟੀ ਹੋਈ ਹੈ, ਸਾਹਿਬ! ਮੈਂ ਤੁਹਾਨੂੰ ਨਵੀਂ ਬਣਵਾ ਦਿਆਂਗਾ। ਮਾਂ ਬਣਾ ਦੇਣਗੇ। ਕਿਉਂ ਮਾਂ, ਸਾਹਿਬ ਨੂੰ ਫੁਲਕਾਰੀ ਬਹੁਤ ਪਸੰਦ ਹੈ। ਇਨ੍ਹਾਂ ਨੂੰ ਅਜਿਹੀ ਹੀ ਫੁਲਕਾਰੀ ਬਣਾ ਦਿਓਗੇ ਨਾ?

ਮਾਂ ਚੁੱਪ ਰਹੀ। ਫਿਰ ਡਰਦੀ-ਡਰਦੀ ਹੌਲੀ ਜਿਹੀ ਬੋਲੀ- ਹੁਣ ਮੇਰੀ ਨਜ਼ਰ ਕਿੱਥੇ ਹੈ ਬੇਟਾ! ਬੁੱਢੀਆਂ ਅੱਖਾਂ ਨਾਲ ਮੈਂ ਕੀ ਦੇਖਾਂਗੀ, ਕਿਵੇਂ ਬਣਾਵਾਂਗੀ?

ਸਾਹਿਬ ਨੇ ਸਿਰ ਹਿਲਾਇਆ, ਧੰਨਵਾਦ ਕੀਤਾ ਅਤੇ ਹੌਲੀ-ਹੌਲੀ ਝੂਮਦੇ ਹੋਏ ਖਾਣੇ ਦੇ ਮੇਜ਼ ਵੱਲ ਵਧ ਗਏ। ਬਾਕੀ ਮਹਿਮਾਨ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਹੋ ਤੁਰੇ।

ਜਦੋਂ ਮਹਿਮਾਨ ਬਹਿ ਗਏ ਅਤੇ ਮਾਂ ਤੋਂ ਸਾਰਿਆਂ ਦਾ ਧਿਆਨ ਹਟ ਗਿਆ ਤਾਂ ਮਾਂ ਹੌਲੀ ਜਿਹੀ ਕੁਰਸੀ ਤੋਂ ਉੱਠੀ ਅਤੇ ਸਾਰਿਆਂ ਤੋਂ ਨਜ਼ਰਾਂ ਬਚਾਉਂਦੀ ਹੋਈ ਆਪਣੀ ਕੋਠੜੀ ਵਿਚ ਚਲੀ ਗਈ।

ਪਰ ਕੋਠੜੀ ਵਿਚ ਜਾਣ ਦੀ ਦੇਰ ਸੀ ਕਿ ਅੱਖਾਂ 'ਚੋਂ ਛਮਛਮ ਹੰਝੂ ਵਗਣ ਲੱਗੇ। ਉਹ ਚੁੰਨੀ ਨਾਲ ਵਾਰ-ਵਾਰ ਅੱਖਾਂ ਪੂੰਝਦੀ ਪਰ ਉਹ ਵਾਰ-ਵਾਰ ਵਗ ਤੁਰਦੇ, ਜਿਵੇਂ ਵਰ੍ਹਿਆਂ ਦਾ ਬੰਨ੍ਹ ਤੋੜ ਕੇ ਵਹਿ ਰਹੇ ਹੋਣ। ਮਾਂ ਨੇ ਦਿਲ ਨੂੰ ਬਹੁਤ ਸਮਝਾਇਆ, ਹੱਥ ਜੋੜੇ, ਰੱਬ ਦਾ ਨਾਂ ਲਿਆ, ਬੇਟੇ ਦੇ ਚਿਰੰਜੀਵ ਹੋਣ ਦੀ ਅਰਦਾਸ ਕੀਤੀ, ਵਾਰ-ਵਾਰ ਅੱਖਾਂ ਬੰਦ ਕੀਤੀਆਂ ਪਰ ਹੰਝੂ ਬਰਸਾਤ ਦੇ ਪਾਣੀ ਵਾਂਗ ਜਿਵੇਂ ਰੁਕਦੇ ਹੀ ਨਹੀਂ ਸਨ।

ਅੱਧੀ ਰਾਤ ਦਾ ਵੇਲਾ ਹੋਵੇਗਾ। ਮਹਿਮਾਨ ਖਾਣਾ ਖਾ ਕੇ ਇੱਕ-ਇੱਕ ਕਰ ਕੇ ਜਾ ਚੁੱਕੇ ਸਨ। ਮਾਂ ਕੰਧ ਨਾਲ ਲੱਗੀ, ਅੱਖਾਂ ਟੱਡੀ ਕੰਧ ਨੂੰ ਦੇਖੀ ਜਾ ਰਹੀ ਸੀ। ਘਰ ਦੇ ਮਾਹੌਲ ਦਾ ਤਣਾਓ ਢਿੱਲਾ ਪੈ ਚੁੱਕਾ ਸੀ। ਮੁਹੱਲੇ ਦੀ ਖਾਮੋਸ਼ੀ ਸ਼ਾਮਨਾਥ ਦੇ ਘਰ ਉੱਤੇ ਵੀ ਛਾ ਚੁੱਕੀ ਸੀ, ਸਿਰਫ ਰਸੋਈ ਵਿਚ ਪਲੇਟਾਂ ਖੜਕਣ ਦੀ ਆਵਾਜ਼ ਆ ਰਹੀ ਸੀ। ਉਦੋਂ ਹੀ ਅਚਾਨਕ ਮਾਂ ਦੀ ਕੋਠੜੀ ਦਾ ਬੂਹਾ ਜ਼ੋਰ-ਜ਼ੋਰ ਨਾਲ ਖੜਕਣ ਲੱਗਿਆ।

-ਮਾਂ, ਬੂਹਾ ਖੋਲ੍ਹੋ!

ਮਾਂ ਦਾ ਦਿਲ ਬੈਠ ਗਿਆ। ਘਬਰਾ ਕੇ ਉੱਠੀ। ਕੀ ਮੈਥੋਂ ਫਿਰ ਕੋਈ ਗਲਤੀ ਹੋ ਗਈ ਹੈ? ਮਾਂ ਕਿੰਨੇ ਚਿਰ ਤੋਂ ਖੁਦ ਨੂੰ ਕੋਸ ਰਹੀ ਸੀ ਕਿ ਕਿਉਂ ਉਹਨੂੰ ਨੀਂਦ ਆ ਗਈ, ਕਿਉਂ ਉਂਘਣ ਲੱਗ ਪਈ? ਕੀ ਬੇਟੇ ਨੇ ਅਜੇ ਤੱਕ ਮਾਫ ਨਹੀਂ ਕੀਤਾ? ਮਾਂ ਉੱਠੀ ਅਤੇ ਕੰਬਦੇ ਹੱਥਾਂ ਨਾਲ ਬੂਹਾ ਖੋਲ੍ਹਿਆ।

ਦਰਵਾਜ਼ਾ ਖੁੱਲ੍ਹਦਿਆਂ ਹੀ ਸ਼ਾਮਨਾਥ ਝੂਮਦਾ ਹੋਇਆ ਅੱਗੇ ਵਧਿਆ ਅਤੇ ਮਾਂ ਨੂੰ ਗਲਵੱਕੜੀ ਵਿਚ ਕੱਸ ਲਿਆ।

-ਓ ਮਾਂ, ਤੁਸੀਂ ਤਾਂ ਅੱਜ ਰੰਗ ਬੰਨ੍ਹ ਦਿੱਤਾ... ਸਾਹਿਬ ਤੁਹਾਥੋਂ ਇੰਨਾ ਖੁਸ਼ ਹੋਏ ਕਿ ਕੀ ਦੱਸਾਂ! ਓ ਮਾਂ, ਡੀਅਰ ਮਦਰ...

ਮਾਂ ਦਾ ਨਿੱਕਾ ਜਿਹਾ ਜਿਸਮ ਸੁੰਗੜ ਕੇ ਬੇਟੇ ਦੀ ਗਲਵੱਕੜੀ ਵਿਚ ਛੁਪ ਗਿਆ। ਮਾਂ ਦੀਆਂ ਅੱਖਾਂ ਵਿਚ ਫਿਰ ਹੰਝੂ ਆ ਗਏ। ਉਨ੍ਹਾਂ ਨੂੰ ਪੂੰਝਦੀ ਹੋਈ ਉਹ ਹੌਲੀ ਜਿਹੀ ਬੋਲੀ- ਬੇਟਾ, ਤੂੰ ਮੈਨੂੰ ਹਰਿਦੁਆਰ ਭੇਜ ਦੇਹ! ਮੈਂ ਕਦੋਂ ਦੀ ਤੈਨੂੰ ਕਹਿ ਰਹੀ ਹਾਂ!

ਸ਼ਾਮਨਾਥ ਦਾ ਝੂਮਣਾ ਅਚਾਨਕ ਬੰਦ ਹੋ ਗਿਆ। ਉਹਦੀਆਂ ਤਿਊੜੀਆਂ ਚੜ੍ਹ ਗਈਆਂ। ਉਹਦੀਆਂ ਬਾਹਵਾਂ ਦੀ ਜਕੜ ਮਾਂ ਦੇ ਸਰੀਰ ਤੋਂ ਢਿੱਲੀ ਹੋ ਗਈ।

-ਕੀ ਕਿਹਾ, ਮਾਂ! ਇਹ ਕਿਹੜਾ ਰਾਗ ਤੁਸੀਂ ਫਿਰ ਤੋਂ ਛੇੜ ਦਿੱਤਾ ਹੈ? ਸ਼ਾਮਨਾਥ ਦਾ ਗੁੱਸਾ ਵਧਣ ਲੱਗ ਪਿਆ ਸੀ। ਬੋਲਦਾ ਰਿਹਾ- ਤੁਸੀਂ ਮੈਨੂੰ ਬਦਨਾਮ ਕਰਨਾ ਚਾਹੁੰਦੇ ਹੋ, ਮਾਂ? ਤੁਸੀਂ ਜਾਣਬੁਝ ਕੇ ਹਰਿਦੁਆਰ ਚਲੇ ਜਾਣਾ ਚਾਹੁੰਦੇ ਹੋ ਤਾਂ ਕਿ ਦੁਨੀਆ ਕਹੇ ਕਿ ਬੇਟਾ ਮਾਂ ਨੂੰ ਆਪਣੇ ਕੋਲ ਨਹੀਂ ਰੱਖ ਸਕਦਾ।

-ਨਹੀਂ ਬੇਟਾ, ਹੁਣ ਤੂੰ ਆਪਣੀ ਪਤਨੀ ਨਾਲ ਜਿਵੇਂ ਮਨ ਕਰੇ, ਰਹਿ। ਮੈਂ ਆਪਣਾ ਖਾ-ਹੰਢਾ ਲਿਆ। ਹੁਣ ਇੱਥੇ ਕੀ ਕਰਾਂਗੀ? ਹਜੇ ਕੁਝ ਦਿਨ ਜ਼ਿੰਦਗੀ ਦੇ ਬਚੇ ਹਨ, ਰੱਬ ਦਾ ਨਾਂ ਲਵਾਂਗੀ। ਤੂੰ ਬੱਸ, ਮੈਨੂੰ ਹਰਿਦੁਆਰ ਭੇਜ ਦੇਹ!

-ਤੁਸੀਂ ਚਲੇ ਜਾਓਗੇ ਤਾਂ ਫੁਲਕਾਰੀ ਕੌਣ ਬਣਾਵੇਗਾ? ਸਾਹਿਬ ਨੂੰ ਤੁਹਾਡੇ ਸਾਹਮਣੇ ਹੀ ਫੁਲਕਾਰੀ ਦੇਣ ਦਾ ਵਾਅਦਾ ਕੀਤਾ ਹੈ!

-ਮੇਰੀਆਂ ਅੱਖਾਂ ਕਿੱਥੇ ਕੰਮ ਕਰਦੀਆਂ ਨੇ ਹੁਣ, ਬੇਟਾ! ਜੋ ਫੁਲਕਾਰੀ ਬਣਾ ਸਕਾਂ! ਤੂੰ ਕਿਤੋਂ ਹੋਰ ਬਣਵਾ ਲੈ, ਜਾਂ ਬਣੀ-ਬਣਾਈ ਲੈ ਲੈ!

-ਮਾਂ, ਤੁਸੀਂ ਮੈਨੂੰ ਧੋਖਾ ਦੇ ਕੇ ਇਉਂ ਚਲੇ ਜਾਓਗੇ! ਮੇਰਾ ਬਣਦਾ ਕੰਮ ਵਿਗਾੜ ਕੇ ਰੱਖ ਦਿਓਗੇ? ਪਤਾ ਨਹੀਂ ਕਿ ਸਾਹਿਬ ਖੁਸ਼ ਹੋਵੇਗਾ ਤਾਂ ਮੈਨੂੰ ਤਰੱਕੀ ਮਿਲੇਗੀ!

ਮਾਂ ਚੁੱਪ ਕਰ ਗਈ। ਫਿਰ ਬੇਟੇ ਦੇ ਮੂੰਹ ਵੱਲ ਦੇਖਦੀ ਹੋਈ ਬੋਲੀ- ਹੈਂ? ਤੇਰੀ ਤਰੱਕੀ ਹੋਵੇਗੀ? ਕੀ ਸਾਹਿਬ ਤੇਰੀ ਤਰੱਕੀ ਕਰ ਦੇਵੇਗਾ? ਕੀ ਉਹਨੇ ਅਜਿਹਾ ਕੁਝ ਕਿਹਾ ਹੈ?

-ਕਿਹਾ ਤਾਂ ਭਾਵੇਂ ਨਹੀਂ ਪਰ ਤੁਸੀਂ ਦੇਖਿਆ ਹੀ ਸੀ, ਕਿੰਨਾ ਖੁਸ਼ ਗਿਆ ਹੈ। ਕਹਿੰਦਾ ਸੀ, ਜਦੋਂ ਤੇਰੀ ਮਾਂ ਫੁਲਕਾਰੀ ਬਣਾਉਣੀ ਸ਼ੁਰੂ ਕਰੇਗੀ ਤਾਂ ਮੈਂ ਦੇਖਣ ਆਵਾਂਗਾ ਕਿ ਕਿਵੇਂ ਬਣਾਉਂਦੀ ਹੈ! ਜੇ ਸਾਹਿਬ ਖੁਸ਼ ਹੋ ਗਿਆ ਤਾਂ ਮੈਨੂੰ ਇਸ ਤੋਂ ਵੀ ਵੱਡੀ ਨੌਕਰੀ ਮਿਲ ਸਕਦੀ ਹੈ, ਮੈਂ ਵੱਡਾ ਅਫਸਰ ਬਣ ਸਕਦਾ ਹਾਂ।

ਮਾਂ ਦੇ ਚਿਹਰੇ ਦਾ ਰੰਗ ਬਦਲਣ ਲੱਗਿਆ। ਹੌਲੀ-ਹੌਲੀ ਉਹਦਾ ਝੁਰੜੀਆਂ ਭਰਿਆ ਚਿਹਰਾ ਖਿੜਨ ਲੱਗਿਆ। ਅੱਖਾਂ ਵਿਚ ਥੋੜ੍ਹੀ-ਥੋੜ੍ਹੀ ਚਮਕ ਆਉਣ ਲੱਗੀ। ਬੋਲੀ- ਤਾਂ ਤੇਰੀ ਤਰੱਕੀ ਹੋਵੇਗੀ, ਬੇਟਾ!

-ਤਰੱਕੀ ਇਉਂ ਹੀ ਹੋ ਜਾਵੇਗੀ? ਸਾਹਿਬ ਨੂੰ ਖੁਸ਼ ਰੱਖਾਂਗਾ ਤਾਂ ਹੀ ਕੁਝ ਬਣੇਗਾ। ਨਹੀਂ ਤਾਂ ਉਹਦੀ ਸੇਵਾ ਕਰਨ ਵਾਲੇ ਹੋਰ ਘੱਟ ਹਨ?

-ਤਾਂ ਮੈਂ ਬਣਾ ਦਿਆਂਗੀ, ਬੇਟਾ! ਜਿਵੇਂ-ਕਿਵੇਂ ਵੀ ਮੈਂ ਬਣਾ ਦਿਆਂਗੀ।

ਤੇ ਮਾਂ ਦਿਲ ਹੀ ਦਿਲ ਵਿਚ ਫਿਰ ਤੋਂ ਬੇਟੇ ਦੇ ਉੱਜਲ ਭਵਿੱਖ ਦੀਆਂ ਕਾਮਨਾਵਾਂ ਕਰਨ ਲੱਗੀ। ਤੇ ਮਿਸਟਰ ਸ਼ਾਮਨਾਥ 'ਹੁਣ ਸੌਂ ਜਾਓ ਮਾਂ!' ਕਹਿੰਦਾ ਹੋਇਆ ਲੜਖੜਾਉਂਦੇ ਕਦਮਾਂ ਨਾਲ ਆਪਣੇ ਕਮਰੇ ਵੱਲ ਚੱਲ ਪਿਆ।

# ਟਾਈਗਰ ਜੀਤ ਸਿੰਘ ਦੀ ਜੀਵਨੀ

*(ਸਫਾ 23 ਦੀ ਬਾਕੀ)*

ਕੈਨੇਡਾ ਦੀ ਨਵਉਸਾਰੀ ਵਿਚ ਗਦਰੀ ਬਾਬਿਆਂ ਤੋਂ ਲੈ ਕੇ ਬਾਅਦ ਵਿਚ ਪਹੁੰਚੇ ਬੇਅੰਤ ਪੰਜਾਬੀਆਂ ਨੇ ਵੀ ਆਪਣਾ ਪੂਰਾ ਯੋਗਦਾਨ ਪਾਇਆ ਹੈ। 1960 ਤੋਂ ਬਾਅਦ ਤਾਂ ਹਰ ਇਕ ਪੰਜਾਬੀ ਦਾ ਪਹਿਲਾ ਸੁਫਨਾ ਕੈਨੇਡਾ ਵਸ ਜਾਣ ਦਾ ਹੀ ਬਣ ਗਿਆ।

1971 ਦੀ ਗੱਲ ਹੈ। ਖ਼ੂਬਸੂਰਤ ਕੈਨੇਡਾ ਦੇ ਸੋਹਣੇ ਸ਼ਹਿਰ ਟੋਰਾਂਟੋ ਦੇ ਇਕ ਹਸਪਤਾਲ ਦੀ ਸਾਫ ਸੁਥਰੀ ਤੇ ਸੁੰਦਰ ਦਿੱਖ ਵਾਲੀ ਬਿਲਡਿੰਗ ਵੱਲ ਨੂੰ ਇਕ ਸੋਹਣਾ ਸੁਨੱਖਾ, ਉੱਚੀ ਲੰਮੀ ਕਾਠੀ ਵਾਲਾ ਪੰਜਾਬੀ ਗੱਭਰੂ ਛੋਹਲੇ ਕਦਮੀਂ ਵਧਦਾ ਜਾ ਰਿਹਾ ਸੀ। ਅਸਲ ਵਿਚ ਦੋ ਦਿਨ ਪਹਿਲਾਂ ਉਸ ਦੀ ਆਪਣੇ ਵਰਗੀ ਸੋਹਣੀ ਸੁਨੱਖੀ ਵਹੁਟੀ ਨੇ ਆਪਣੀ ਪਹਿਲੀ ਔਲਾਦ, ਇਕ ਚੰਨ ਜਿਹੇ ਪੁੱਤਰ ਨੂੰ ਜਨਮ ਦਿੱਤਾ ਸੀ ਤੇ ਅੱਜ ਉਨ੍ਹਾਂ ਨੂੰ ਹਸਪਤਾਲੋਂ ਛੁੱਟੀ ਮਿਲਣੀ ਸੀ...ਹਸਪਤਾਲ ਦਾ ਬਿੱਲ 94 ਡਾਲਰ ਸੀ ਤੇ ਦਵਾਈਆਂ ਆਦਿ ਦੇ ਖਰਚੇ ਪਾ ਕੇ ਸਵਾ ਸੌ ਡਾਲਰ ਚਾਹੀਦੇ ਸਨ, ਜਦ ਕਿ ਉਹਦੀ ਜੇਬ ਵਿਚ ਸਿਰਫ ਛੇ ਡਾਲਰ ਸਨ...ਮਾਈਕ ਫੜੀ ਖੜ੍ਹੇ ਅਨਾਊਂਸਰ ਕੋਲ ਪੁੱਜ ਕੇ ਪੰਜਾਬ ਦੇ ਉਸ ਸ਼ੇਰ ਪੁੱਤਰ ਨੇ ਅਚਾਨਕ ਹੀ ਆਪਣੀਆਂ ਮਜ਼ਬੂਤ ਬਾਂਹਵਾਂ ਅਸਮਾਨ ਵੱਲ ਚੁੱਕ ਕੇ ਸ਼ੇਰ ਵਾਂਗ ਭਬਕ ਮਾਰੀ, ਮੈਂ ਕਰੂੰ ਇਸ ਕਿੰਗ ਜੌਨ੍ਹੀ ਦਾ ਮੁਕਾਬਲਾ।

ਇਹ ਸੁਣਦਿਆਂ ਇਕ ਵਾਰੀ ਤਾਂ ਖਾਮੋਸ਼ੀ ਛਾ ਗਈ। ਦਰਸ਼ਕ ਹੈਰਾਨੀ ਨਾਲ ਉਸ ਵੱਲ ਦੇਖਣ ਲੱਗੇ। ਅਨਾਊਂਸਰ ਨੇ ਪੁੱਛਿਆ, "ਤੁਹਾਡੀ ਤਾਰੀਫ ਸ੍ਰੀਮਾਨ ਜੀ?" "ਮੈਂ ਕਿੰਗ ਆਫ ਕਿੰਗਜ਼ ਜਗਜੀਤ ਸਿੰਘ ਹਾਂਸ।" ਅਨਾਊਂਸਰ ਨੇ ਅਨਾਊਂਸ ਕੀਤਾ, "ਕਿੰਗ ਜੌਨ੍ਹੀ ਵੈਲਵੇਲਾਇਨ ਦਾ ਮੁਕਾਬਲਾ ਹੁਣ ਕਿੰਗ ਆਫ ਕਿੰਗਜ਼ ਜੀਤ ਸਿੰਘ ਕਰੇਗਾ।"

...ਜੀਤ ਸਿੰਘ ਨੇ ਆਪਣੇ ਉਸਤਾਦ ਨੂੰ ਯਾਦ ਕਰਦਿਆਂ ਸ਼ੇਰ ਵਾਂਗ ਦਹਾੜ ਮਾਰੀ ਤੇ ਆਪਣੀ ਕਿਸਮ ਦਾ ਇਕ ਭਰਪੂਰ ਵਾਰ ਜੌਨ੍ਹੀ 'ਤੇ ਕਰ ਦਿੱਤਾ। ਹਾਥੀ ਵਰਗਾ ਭਾਰੀ ਭਰਕਮ ਜੌਨ੍ਹੀ ਕਿਸੇ ਵੱਢੇ ਹੋਏ ਭਾਰੇ ਰੁੱਖ ਵਾਂਗ ਰਿੰਗ 'ਚ ਡਿੱਗ ਪਿਆ। ਰੈਫਰੀ ਨੇ ਉਹਦੇ ਕੰਨ ਕੋਲ ਮੂੰਹ ਲਿਜਾ ਕੇ ਪੁੱਠੀ ਗਿਣਤੀ ਸ਼ੁਰੂ ਕਰ ਦਿੱਤੀ, ਪਰ ਉਹ ਉਠ ਨਾ ਸਕਿਆ। ਆਖਰ ਸਮਾਂ ਪੂਰ ਹੋਣ 'ਤੇ ਉਹ ਜੀਤ ਸਿੰਘ ਵੱਲ ਮੁੜਿਆ ਤੇ ਉਸ ਦੀ ਬਾਂਹ ਫੜ ਕੇ ਉਤਾਂਹ ਚੁੱਕ ਦਿੱਤੀ। ਪ੍ਰਬੰਧਕਾਂ ਵੱਲੋਂ ਜੀਤ ਸਿੰਘ ਹਾਂਸ ਨੂੰ ਜੇਤੂ ਬੈਲਟ ਦੇਣ ਨਾਲ ਛੇ ਹਜ਼ਾਰ ਡਾਲਰ ਵਿਚੋਂ ਦੋ ਸੌ ਡਾਲਰ ਟੈਕਸ ਕੱਟ ਕੇ ਬਾਕੀ ਰਕਮ ਨਗਦ ਦੇ ਦਿੱਤੀ ਗਈ। ਉਧਰ ਅਖਬਾਰਾਂ ਦੇ ਫੋਟੋਗਰਾਫਰ ਤੇ ਟੀ. ਵੀ. ਵਾਲੇ ਧੜਾ ਧੜ ਉਹਦੀਆਂ ਫੋਟੋਆਂ ਖਿੱਚਣ ਲੱਗੇ। ਕਈਆਂ ਕਲੱਬਾਂ ਦੇ ਪ੍ਰਤੀਨਿਧ ਉਸ ਨੂੰ ਆਪਣੀ ਕਲੱਬ ਵੱਲੋਂ ਕੁਸ਼ਤੀਆਂ ਲੜਨ ਲਈ ਲੱਖਾਂ ਡਾਲਰ ਸਾਲਾਨਾ ਦੀਆਂ ਪੇਸ਼ਕਸ਼ਾਂ ਦੇ ਨਾਲ ਬੰਗਲਾ, ਕਾਰ ਆਦਿ ਦੀ ਸਹੂਲਤ, ਮੁਫਤ ਹਵਾਈ ਸਫਰ ਦੀ ਸੁਵਿਧਾ ਤੇ ਫਾਈਵ ਸਟਾਰ ਹੋਟਲਾਂ ਵਿਚ ਠਹਿਰਾਉਣ ਦੀਆਂ ਪੇਸ਼ਕਸ਼ਾਂ ਕਰਨ ਲੱਗੇ।

ਪੈਸਾ ਹੁਣ ਟਾਈਗਰ ਜੀਤ ਸਿੰਘ ਪਹਿਲਵਾਨ ਦੀ ਪ੍ਰਾਬਲਮ ਨਹੀਂ ਸੀ ਰਹਿ ਗਿਆ। ਉਸ ਨੂੰ ਜਪਾਨ ਦੇ ਅਮੀਰ ਕਲੱਬ ਨੇ ਖਰੀਦ ਲਿਆ, ਜਿਥੇ ਉਸ ਨੇ ਹੈਵੀ ਵੇਟ ਦੇ ਮੰਨੇ-ਦੰਨੇ ਪਹਿਲਵਾਨ ਇਚੀਮਾ ਨੂੰ ਹਰਾ ਦਿੱਤਾ। 1972 ਤੋਂ ਸ਼ੁਰੂ ਹੋਇਆ ਜਿੱਤਾਂ ਦਾ ਦੌਰ 1975-76 ਵਿਚ ਜੋਬਨ 'ਤੇ ਪੁੱਜ ਗਿਆ। 1975 ਵਿਚ ਟੋਕੀਓ ਵਿਖੇ ਉਸ ਨੇ ਵਿਸ਼ਵ ਚੈਂਪੀਅਨਸ਼ਿਪ ਜਿੱਤ ਲਈ। 1980 ਵਿਚ ਪਾਕਿਸਤਾਨ ਜਾ ਝੰਡੇ ਗੱਡੇ। ਪਾਕਿਸਤਾਨ ਦੇ ਸਦਰ ਜਨਰਲ ਜ਼ੀਆ-ਉਲ-ਹੱਕ ਨੇ ਉਸ ਨੂੰ ਖਾਣੇ 'ਤੇ ਸੱਦਿਆ। ਪਾਕਿਸਤਾਨੀ ਭਰਾਵਾਂ ਨੇ ਉਸ ਨੂੰ ਤੋਹਫਿਆਂ ਨਾਲ ਲੱਦ ਦਿੱਤਾ। ਅਜੀਬ ਰਿਸ਼ਤਾ ਹੈ ਭਾਰਤ-ਪਾਕਿ ਦੀ ਦੋਸਤੀ ਤੇ ਦੁਸ਼ਮਣੀ ਦਾ!

**ਟਾਈਗਰ ਅਲੀ ਸਿੰਘ**

ਟਾਈਗਰ ਜੀਤ ਸਿੰਘ ਦਾ ਸਭ ਤੋਂ ਵੱਡਾ ਲੜਕਾ ਹੈ, ਗੁਰਜੀਤ ਸਿੰਘ ਹਾਂਸ। ਉਸ ਨੂੰ ਵੀ ਬਾਪ ਵਰਗਾ ਪਹਿਲਵਾਨ ਬਣਨ ਦੀ ਚੇਟਕ ਲੱਗ ਗਈ। ਟਾਈਗਰ ਦੀ ਦੋਸਤੀ ਮੁੱਕੇਬਾਜ਼ੀ ਦੇ ਸ਼ਹਿਨਸ਼ਾਹ ਮੁਹੰਮਦ ਅਲੀ ਨਾਲ ਵੀ ਸੀ। ਇਕ ਵਾਰ ਮੁਹੰਮਦ ਅਲੀ ਉਨ੍ਹਾਂ ਦੇ ਘਰ ਆਇਆ ਹੋਇਆ ਸੀ। ਟਾਈਗਰ ਨੇ ਗੁਰਜੀਤ ਨੂੰ ਪੁੱਛਿਆ, "ਵਿੱਕੀ ਤੂੰ ਰੈਸਲਰ ਬਣਨਾ?" "ਹਾਂ ਡੈਡੀ।"

"ਬੇਟੇ ਅਲੀ ਅੰਕਲ ਸੰਸਾਰ ਦੇ ਮਹਾਨ ਮੁੱਕੇਬਾਜ਼ ਹਨ। ਆ ਇਨ੍ਹਾਂ ਤੋਂ ਅਸ਼ੀਰਵਾਦ ਲੈ।"

ਤਦੇ ਗੁਰਜੀਤ ਅਗਾਂਹ ਵਧਿਆ ਤੇ ਮੁਹੰਮਦ ਅਲੀ ਦੇ ਪੈਰਾਂ ਨੂੰ ਹੱਥ ਲਾ ਕੇ ਕਿਹਾ, "ਮੈਂ ਵੀ ਪਹਿਲਵਾਨ ਬਣਨਾ ਚਾਹੁੰਦਾ ਹਾਂ ਅੰਕਲ। ਮੈਨੂੰ ਅਸ਼ੀਰਵਾਦ ਦਿਓ ਤੇ ਰੈਸਲਿੰਗ ਦੇ ਗੁਰ ਸਿਖਾਓ।"

ਮੁਹੰਮਦ ਅਲੀ ਦਾ ਆਪਣਾ ਕੋਈ ਪੁੱਤਰ ਨਹੀਂ ਸੀ, ਸਿਰਫ ਧੀਆਂ ਸਨ। ਗੁਰਜੀਤ ਨੇ ਜਦੋਂ ਪੈਰੀਂ ਹੱਥ ਲਾ ਕੇ ਬੇਨਤੀ ਕੀਤੀ ਤਾਂ ਮੁਹੰਮਦ ਅਲੀ ਦੀਆਂ ਅੱਖਾਂ ਸਿਮ ਆਈਆਂ। ਭਰੀਆਂ ਅੱਖਾਂ ਨਾਲ ਉਸ ਨੇ ਗੁਰਜੀਤ ਨੂੰ ਬਾਹਾਂ 'ਚ ਲੈ ਲਿਆ, "ਜ਼ਰੂਰ ਮੇਰੇ ਬੱਚੇ! ਤੂੰ ਸੰਸਾਰ ਦਾ ਇਕ ਨੰਬਰ ਰੈਸਲਰ ਬਣੇਗਾ। ਤੇਰੇ ਪਿਤਾ ਵਾਂਗ ਮੇਰਾ ਅਸ਼ੀਰਵਾਦ ਵੀ ਸਦਾ ਤੇਰੇ ਨਾਲ ਰਹੇਗਾ। ਮੇਰੇ ਪਾਸ ਜੋ ਵੀ ਗੁਰ ਹਨ, ਤੈਨੂੰ ਜ਼ਰੂਰ ਦਿਆਂਗਾ।"

ਫਿਰ ਉਸ ਨੇ ਟਾਈਗਰ ਜੀਤ ਸਿੰਘ ਨੂੰ ਕਿਹਾ ਸੀ, "ਟਾਈਗਰ ਬ੍ਰਦਰ, ਮੇਰੇ ਕੋਈ ਪੁੱਤਰ ਨਹੀਂ। ਅੱਜ ਤੋਂ ਇਹ ਬੱਚਾ ਤੇਰਾ ਹੀ ਨਹੀਂ, ਮੇਰਾ ਵੀ ਬੇਟਾ ਹੈ। ਮੈਂ ਇਸ ਨੂੰ ਮਹਾਨ ਰੈਸਲਰ ਬਣਾਵਾਂਗਾ। ਮੇਰੀ ਬੇਨਤੀ ਐ ਮੇਰਾ ਨਾਂ ਵੀ ਇਸ ਬੱਚੇ ਦੇ ਨਾਂ ਨਾਲ ਜੋੜ ਦੇ।"

ਪਰਿਵਾਰ ਨੇ ਪਿਤਾ ਜਗਜੀਤ ਸਿੰਘ ਦਾ 'ਟਾਈਗਰ', ਕੋਚ ਮੁਹੰਮਦ ਅਲੀ ਦਾ 'ਅਲੀ' ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਬਖ਼ਸ਼ਿਆ 'ਸਿੰਘ' ਜੋੜ ਕੇ ਉਸ ਦਾ ਨਾਂ ਰੱਖਿਆ 'ਟਾਈਗਰ ਅਲੀ ਸਿੰਘ' ਜਿਸ ਨੇ ਟਾਈਗਰ ਜੀਤ ਸਿੰਘ ਵਾਂਗ ਹੀ ਫਰੀ ਸਟਾਈਲ ਕੁਸ਼ਤੀਆਂ ਵਿਚ ਧੁੰਮਾਂ ਪਾਈਆਂ।

# ਨਿੱਤ ਕੱਢਾਂ ਫੁਲਕਾਰੀ

*(ਸਫਾ 22 ਦੀ ਬਾਕੀ)*

ਦੀ ਸੰਵੇਦਨਾ। ਕਲਾ ਤੇ ਕੀਰਤੀ ਦਾ ਪ੍ਰਤੱਖ ਪ੍ਰਮਾਣ। ਮਾਂਵਾਂ ਦੇ ਸੰਦੂਕਾਂ ਦਾ ਸ਼ਿੰਗਾਰ। ਮਾਂ, ਵਿਆਹ ਦੇ ਮੌਕੇ 'ਤੇ ਇਕ ਫੁੱਲਕਾਰੀ ਧੀ ਨੂੰ ਜਰੂਰ ਦਿੰਦੀ ਤਾਂ ਕਿ ਫੁੱਲਕਾਰੀ ਵਿਚੋਂ ਮਾਂ ਦੀ ਸੂਰਤ ਦਿਖਾਈ ਦਿੰਦੀ ਰਹੇ। ਫੁੱਲਕਾਰੀ ਨੂੰ ਟੋਂਹਦੀ, ਮਾਂ ਦੇ ਹੱਥਾਂ ਦੀ ਛੋਹ ਮਹਿਸੂਸ ਕਰਦੀ ਰਹੇ। ਧੀਆਂ ਅਕਸਰ ਹੀ ਮਾਂ ਦੀ ਕੱਢੀ ਹੋਈ ਫੁੱਲਕਾਰੀ ਵਿਚੋਂ ਮਾਂ ਦੇ ਰੰਗ-ਰੱਤੜੇ ਭਾਵਾਂ ਨੂੰ ਮਹਿਸੂਸ ਕਰ, ਆਪਣੀ ਮਾਂ ਨਾਲ ਬਿਤਾਏ ਉਨ੍ਹਾਂ ਬੇਫਿਕਰੀ ਭਰੇ ਪਲਾਂ 'ਚ ਪਹੁੰਚ ਜਾਂਦੀਆਂ।

ਸਭ ਲਈ ਫੁੱਲਕਾਰੀ ਵਰਗਾ ਬਣਨਾ ਬਹੁਤ ਜਰੂਰੀ; ਪਰ ਫੁੱਲਕਾਰੀ ਬਣਨ ਤੋਂ ਪਹਿਲਾਂ ਸਾਡੇ ਮਨ ਵਿਚ ਪਾਏ ਜਾਣ ਵਾਲੇ ਚਿੱਤਰਾਂ ਦਾ ਧਿਆਨ ਹੋਵੇ, ਸੂਹੇ ਰੰਗਾਂ ਦਾ ਗਿਆਨ ਹੋਵੇ ਅਤੇ ਸੋਚਾਂ ਵਿਚ ਸੁੱਚੇ ਧਾਗਿਆਂ ਦੀ ਪਛਾਣ ਹੋਵੇ। ਹੱਥਾਂ ਵਿਚ ਸੁਫਾ ਹੋਵੇ ਕਿ ਉਹ ਕਢਾਈ ਅਤੇ ਇਸ ਵਿਚੋਂ ਉਡਦੇ ਪਾਕ-ਪਰਿੰਦਿਆਂ ਨੂੰ ਪਛਾਣਨਾ। ਇਨ੍ਹਾਂ ਦੀ ਮਨੋਕਾਮਨਾਵਾਂ ਤੇ ਮਾਨਸਿਕਤਾ ਨੂੰ ਜਾਣਨ ਦੀ ਜਾਚ ਹੋਵੇ ਤਾਂ ਅਸੀਂ ਫੁੱਲ ਤੋਂ ਫੁੱਲਕਾਰੀ ਦਾ ਸਫਰ ਕਰਕੇ, ਜੀਵਨੀ ਫੁੱਲਕਾਰੀ ਨਾਲ ਜ਼ਿੰਦਗੀ ਨੂੰ ਜਿਉਣ ਜੋਗਾ ਕਰ ਸਕਦੇ ਹਾਂ।

# ਰਿਆਸਤ ਮਲੇਰਕੋਟਲਾ ਤੋਂ ਜਿਲਾ ਮਲੇਰਕੋਟਲਾ ਦਾ ਸਫਰ

**ਇਤਿਹਾਸ**

ਮਲੇਰਕੋਟਲਾ ਰਿਆਸਤ ਪੰਜਾਬ ਵਿਚ, ਰਿਆਸਤੀ ਸ਼ਹਿਰ ਸੰਗਰੂਰ ਜਿਲੇ ਦੀ ਸਬ-ਤਹਿਸੀਲ ਸੀ, ਜੋ ਹੁਣ (14 ਮਈ 2021) ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਮੁਸਲਿਮ ਧਾਰਮਿਕ 'ਰਮਜਾਨ ਦੇ ਮਹੀਨੇ' ਈਦ-ਉਲ-ਫਿਤਰ ਸਮੇਂ ਪੰਜਾਬ ਵਿਚ ਭਾਰੀ ਮੁਸਲਿਮ ਵਸੋਂ ਵਾਲੇ ਭਾਈਚਾਰਕ ਸ਼ਹਿਰ ਮਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਨਵਾਂ ਜਿਲਾ ਬਣਾ ਕੇ ਮੁਸਲਿਮ ਕੌਮ ਨੂੰ ਅਨਮੋਲ ਤੋਹਫਾ ਦਿਤਾ ਗਿਆ ਹੈ। ਭਾਰਤ ਭਾਵੇਂ ਬਹੁ ਗਿਣਤੀ ਹਿੰਦੂ ਧਰਮ ਵਾਲਾ ਦੇਸ਼ ਹੈ, ਪਰ ਰਾਜਾ ਅਸ਼ੋਕ, ਚੰਦਰਗੁਪਤ ਮੌਰੀਆ ਤੇ ਮਹਾਤਮਾ ਬੁੱਧ ਤੋਂ ਬਾਅਦ ਇਸ ਮੁਲਕ ਉਪਰ 900 ਸਾਲ ਮੁਸਲਿਮ, ਮੁਗਲਾਂ, ਪਠਾਣਾਂ ਤੇ ਹੋਰ ਮੁਸਲਿਮ ਸ਼ਾਸਕਾਂ ਦਾ ਰਾਜ ਤੇ 200 ਸਾਲ ਅੰਗਰੇਜ਼ਾਂ ਦਾ



**ਸੰਤੋਖ ਸਿੰਘ ਮੰਡੇਰ, ਕੈਨੇਡਾ**
**ਵ੍ਹੱਟਸਐਪ: 1-604-505-7000**

ਰਾਜ, ਕਈ ਸਦੀਆਂ ਰਿਹਾ।

'ਬ੍ਰਿਟਿਸ਼ ਅੰਪਾਇਰ' ਅੰਗਰੇਜ਼ ਰਾਜ ਸਮੇਂ ਸ਼ਾਹੀ ਸ਼ਹਿਰ ਮਲੇਰਕੋਟਲਾ ਇਕ ਆਜ਼ਾਦ ਮੁਸਲਿਮ ਰਿਆਸਤ ਸੀ, ਜੋ 1947 ਵਿਚ ਆਜ਼ਾਦ ਭਾਰਤ ਵਿਚ ਸ਼ਾਮਲ ਹੋ ਗਈ ਸੀ ਅਤੇ ਬਾਅਦ ਵਿਚ ਪਹਿਲੀ ਮਾਰਚ 1948 ਨੂੰ ਪਟਿਆਲਾ ਰਿਆਸਤ ਦੀਆਂ ਗੁਆਂਢੀ ਰਿਆਸਤਾਂ-ਨਾਭਾ, ਮਲੇਰਕੋਟਲਾ, ਜੀਂਦ, ਫਰੀਦਕੋਟ, ਕਪੂਰਥਲਾ, ਸ਼ਿਮਲਾ ਕਲਸੀਆ, ਕਸੌਲੀ, ਕੰਢਾਘਾਟ, ਨਾਲਾਗੜ੍ਹ ਤੇ ਚੈਲ ਨੂੰ 'ਪੈਪਸੂ ਸੂਬਾ' ਬਣਾ ਕੇ ਉਸ ਵਿਚ ਸ਼ਾਮਲ ਕਰ ਲਿਆ ਗਿਆ ਸੀ। ਸੰਨ 1956 ਵਿਚ ਪੈਪਸੂ ਨੂੰ ਖਤਮ ਕਰਕੇ ਰਿਆਸਤ ਮਲੇਰਕੋਟਲਾ ਨੂੰ ਪੰਜਾਬ ਸੂਬੇ ਦੇ ਜਿਲਾ ਸੰਗਰੂਰ ਦੇ ਖਾਤੇ ਵਿਚ ਪਾ ਦਿਤਾ ਗਿਆ ਅਤੇ ਰਿਆਸਤੀ ਨਵਾਬੀ ਸ਼ਹਿਰ ਨੂੰ ਸਬ-ਤਹਿਸੀਲ ਬਣਾ ਦਿਤਾ ਗਿਆ ਸੀ। ਮਲੇਰਕੋਟਲਾ ਸ਼ਹਿਰ, ਸੰਗਰੂਰ-ਲੁਧਿਆਣਾ-ਰੋਹਤਕ-ਦਿੱਲੀ ਸੂਬਾਈ ਹਾਈਵੇ 11 ਅਤੇ ਲੁਧਿਆਣਾ-ਧੂਰੀ-ਜਾਖਲ-ਦਿੱਲੀ ਰੇਲਵੇ ਲਾਈਨ ਉਪਰ ਸਥਿਤ ਹੈ, ਜੋ ਲੁਧਿਆਣੇ ਤੋਂ 45 ਕਿਲੋਮੀਟਰ, ਧੂਰੀ ਤੋਂ 18 ਕਿਲੋਮੀਟਰ ਅਤੇ ਸੰਗਰੂਰ ਤੋਂ 35 ਕਿਲੋਮੀਟਰ ਹੈ। ਲਾਹੌਰ-ਦਿੱਲੀ ਸ਼ੇਰ ਸ਼ਾਹ ਸੂਰੀ ਮਾਰਗ (ਜੀ. ਟੀ. ਰੋਡ) ਉਪਰ ਏਸ਼ੀਆ ਦੀ ਮਸ਼ਹੂਰ ਦਾਣਾ ਮੰਡੀ ਖੰਨਾ ਤੋਂ ਸ਼ਹਿਰ ਮਲੇਰਕੋਟਲਾ ਮੇਰੇ ਪਿੰਡ ਜਰਗ ਰਾਹੀਂ, ਸਰਹਿੰਦ ਨਹਿਰ ਉਪਰ 'ਜੌੜੇਪੁਲਾਂ' ਵੱਲ ਦੀ ਸਿਰਫ 45 ਕਿਲੋਮੀਟਰ ਹੈ। ਮਲੇਰਕੋਟਲਾ ਜਿਲੇ ਵਿਚ ਹੁਣ ਮਲੇਰਕੋਟਲਾ, ਅਮਰਗੜ੍ਹ ਤੇ ਅਹਿਮਦਗੜ੍ਹ ਤਹਿਸੀਲਾਂ ਸ਼ਾਮਿਲ ਕੀਤੀਆਂ ਗਈਆਂ ਹਨ।

ਮਲੇਰਕੋਟਲਾ ਸਥਾਨ ਦਾ ਮੋਢੀ ਡੇਰਾ ਇਸਮਾਈਲ ਖਾਨ ਦਾ ਵਡੇਰਾ ਪਠਾਨ ਕੌਮ ਦਾ ਮੌਲਾਨਾ ਖਾਨ ਸੀ। ਸੰਨ 1454 ਵਿਚ ਦਿੱਲੀ ਤਖਤ ਦੇ ਮੁਗਲ ਬਾਦਸ਼ਾਹ, ਸੁਲਤਾਨ ਬਹਿਲੋਲ ਲੋਧੀ ਨੇ ਆਪਣੀ ਧੀ ਦੇ ਵਿਆਹ ਵਿਚ ਲੁਧਿਆਣੇ ਲਾਗੇ 58 ਪਿੰਡਾਂ ਦੀ ਜਾਗੀਰ 'ਦਾਜ' ਵਿਚ ਲਾੜੇ ਸਦਰ-ਊ-ਦੀਨ ਨੂੰ ਦਿਤੀ ਗਈ ਸੀ। ਅਫਗਾਨਿਸਤਾਨ ਦੇ ਦੱਰਰਾਬਨ ਖੁਸ਼ਕ ਪਹਾੜੀ ਇਲਾਕੇ ਦੇ ਰਹਿਣ ਵਾਲੇ ਸ਼ੇਰਵਾਨੀ ਘਰਾਣੇ ਦੇ ਸ਼ੇਖ ਸਦਰ-ਊ-ਦੀਨ, ਸਦਰ-ਏ-ਜਹਾਨ ਨੇ ਸੰਨ 1454 ਵਿਚ ਮਲੇਰਕੋਟਲਾ ਨਗਰ ਨੂੰ ਸਥਾਪਤ ਕੀਤਾ ਸੀ। ਉਸ ਦੇ ਸ਼ੇਰਵਾਨੀ ਘਰਾਣੇ ਦੇ ਉੱਤਰਾਧਿਕਾਰੀ, ਮੁਸਲਿਮ ਸ਼ਾਸਕ ਵਜੀਦ ਖਾਨ ਨੇ ਸੰਨ 1657 ਵਿਚ ਮਲੇਰਕੋਟਲਾ ਨਗਰ ਨੂੰ 'ਰਿਆਸਤ ਮਲੇਰਕੋਟਲਾ' ਦਾ ਦਰਜਾ ਦਿਤਾ ਸੀ।

ਵਜੀਦ ਖਾਨ ਮੁਗਲ ਫੌਜ ਵਿਚ ਇਕ ਬਹੁਤ ਬਹਾਦਰ ਤੇ ਨਿਡਰ ਸਿਪਾਹੀ ਸੀ, ਜਿਸ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਦੀ ਜੰਗਲ ਵਿਚ ਸ਼ਿਕਾਰ ਸਮੇਂ ਖਤਰਨਾਕ ਜੰਗਲੀ ਬਾਘ ਨੂੰ ਮਾਰ ਕੇ ਜਾਨ ਬਚਾਈ ਸੀ। ਇਸ ਦੇ ਇਵਜ ਤੇ ਇਨਾਮ ਵਿਚ ਬਾਦਸ਼ਾਹ ਔਰੰਗਜ਼ੇਬ ਨੇ ਵਜੀਦ ਖਾਨ ਨੂੰ ਇਕ ਆਜ਼ਾਦ ਰਿਆਸਤ ਦੀ ਪ੍ਰਵਾਨਗੀ ਦੇ ਨਾਲ 'ਨਵਾਬ' ਦੀ ਉਪਾਧੀ ਦਿਤੀ ਤੇ ਪਰਿਵਾਰ ਦੀ ਰਾਖੀ ਲਈ ਕਿਲ੍ਹਾ ਬਣਾਉਣ ਦਾ ਅਧਿਕਾਰ ਵੀ ਦੇ ਦਿਤਾ ਸੀ। ਵਜੀਦ ਖਾਨ ਨੇ ਰਿਆਸਤੀ ਕਿਲ੍ਹੇ ਦੀ ਨੀਂਹ ਰੱਖਣ ਲਈ ਮੁਸਲਮਾਨ ਸੂਫੀ ਫਕੀਰ ਸ਼ਾਹ ਫਜਲ ਚਿਸ਼ਤੀ ਅਤੇ ਹਿੰਦੂ ਸਾਧੂ ਮਹਾਤਮਾ ਦਮੋਦਰ ਦਾਸ ਨੂੰ ਨਿਮਰਤਾ ਸਹਿਤ ਇਸ ਸ਼ੁਭ ਤੇ ਇਤਿਹਾਸਕ ਕਾਰਜ ਲਈ ਸੱਦਾ ਦਿਤਾ। ਦੋ ਧਰਮਾਂ 'ਅੱਲਾ' ਤੇ 'ਰਾਮ' ਦੇ ਸਾਂਝੇ ਸੂਫੀ ਸੰਤਾਂ ਦੇ ਕਰ ਕਮਲਾਂ ਨਾਲ ਕਿਲ੍ਹੇ ਦੀ ਨੀਂਹ ਰਖਵਾ ਕੇ ਕਿਲ੍ਹੇ ਦਾ ਨਾਂ ਵੀ 'ਕਿਲ੍ਹਾ ਮਲੇਰਕੋਟਲਾ' ਰਖਿਆ ਸੀ। ਨਵਾਬ ਵਜੀਦ ਖਾਨ ਦੇ ਪੋਤੇ ਨਵਾਬ ਸ਼ੇਰ ਮੁਹੰਮਦ ਖਾਨ ਬਹਾਦੁਰ, ਨਵਾਬ ਮਲੇਰਕੋਟਲਾ ਰਿਆਸਤ ਨੇ ਮੁਗਲ ਸਰਕਾਰ ਦੇ ਸੂਬਾ ਸਰਹਿੰਦ, ਗਵਰਨਰ ਵਜੀਰ ਖਾਨ ਦੇ ਜੁਲਮ ਵਿਰੁੱਧ ਨਿਧੜਕ ਖੜ੍ਹੋ ਕੇ ਸਿੱਖ ਕੌਮ ਦਾ ਦਲੇਰੀ ਨਾਲ ਸਾਥ ਦਿਤਾ ਸੀ।

ਸੰਨ 1705 ਵਿਚ ਸਿੱਖ ਧਰਮ ਦੇ ਯੋਧਾ, ਧਰਮ ਰੱਖਿਅਕ ਤੇ ਕ੍ਰਾਂਤੀਕਾਰੀ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਨਾਲੋਂ ਵਿਛੜੇ ਦੋ ਛੋਟੇ ਬੱਚਿਆਂ-ਸਾਹਿਬਜ਼ਾਦਾ ਜੋਰਾਵਰ ਸਿੰਘ (9 ਸਾਲ) ਅਤੇ ਸਾਹਿਬਜ਼ਾਦਾ ਫਤਿਹ ਸਿੰਘ (7 ਸਾਲ) ਨੂੰ ਮੁਸਲਿਮ ਧਰਮ ਨਾ ਅਪਨਾਉਣ ਦੀ ਸਜ਼ਾ ਵਜੋਂ ਮੁਸਲਿਮ ਸੂਬਾ ਸਰਹਿੰਦ ਦੇ ਬੁੱਚੜ ਗਵਰਨਰ ਵਜੀਰ ਖਾਨ ਨੇ ਜਿਉਂਦੇ ਇੱਟਾਂ ਦੀ ਕੰਧ (ਨੀਂਹਾਂ) ਵਿਚ ਚਿਣਨ ਦਾ ਹੁਕਮ ਦੇ ਕੇ ਸ਼ਹੀਦ ਕਰ ਦਿਤਾ ਗਿਆ ਸੀ। ਉਸ ਸਮੇਂ ਸਰਹਿੰਦ ਦਰਬਾਰ ਵਿਚ ਸ਼ਾਮਿਲ ਮਲੇਰਕੋਟਲਾ ਦੇ ਮੁਸਲਿਮ ਨਵਾਬ ਸ਼ੇਰ ਮੁਹੰਮਦ ਖਾਨ ਬਹਾਦੁਰ-1 (1672 ਤੋਂ 1712 ਤੱਕ), ਜੋ ਨਵਾਬ ਵਜੀਰ ਖਾਨ ਦਾ ਨੇੜੇ ਦਾ ਰਿਸ਼ਤੇਦਾਰ ਵੀ ਸੀ, ਨੇ ਸਰਹਿੰਦ ਦਰਬਾਰ ਵਿਚ ਮਾਸੂਮ ਬੱਚਿਆਂ ਉਪਰ ਹੋ ਰਹੇ ਜੁਲਮ ਦਾ ਬਹੁਤ ਸਖਤ ਵਿਰੋਧ ਕੀਤਾ ਅਤੇ ਖੁਲ੍ਹੇਆਮ ਕਿਹਾ ਕਿ "ਵਜੀਰ ਖਾਨ ਤੁਹਾਡਾ ਇਹ ਜੁਲਮ ਕੁਰਾਨ ਤੇ ਇਸਲਾਮ ਦੇ ਅਸੂਲਾਂ ਦੇ ਬਿਲਕੁਲ ਵਿਰੁੱਧ ਹੈ। ਤੁਹਾਨੂੰ ਇਸ ਘੋਰ ਕੁਕਰਮ ਦੀ ਸਜ਼ਾ ਭੋਗਣੀ ਪਵੇਗੀ।"

ਨਵਾਬ ਮਲੇਰਕੋਟਲਾ ਬਹੁਤ ਗੁੱਸੇ ਤੇ ਕਰੋਧ ਵਿਚ, ਭਰੇ ਮੁਸਲਿਮ ਦਰਬਾਰ ਵਿਚੋਂ ਬਾਹਰ ਹੋ ਗਏ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਨਵਾਬ ਸ਼ੇਰ ਖਾਨ ਦੇ ਇਸ ਇਨਸਾਨੀਅਤ ਭਰੇ ਵਤੀਰੇ ਦਾ ਪਤਾ ਲੱਗਾ, ਉਨ੍ਹਾਂ ਰਿਆਸਤ ਮਲੇਰਕੋਟਲਾ ਨੂੰ ਹਮੇਸ਼ਾ ਖੁਸ਼ੀਆਂ ਤੇ ਖੇੜਿਆਂ ਵਿਚ ਵਸਦੇ ਰਹਿਣ ਦਾ ਆਸ਼ੀਰਵਾਦ ਦਿਤਾ ਸੀ। ਮੁਸਲਿਮ ਰਿਆਸਤ ਮਲੇਰਕੋਟਲਾ ਦੇ ਸ਼ਹਿਰ ਵਿਚ ਪਟਿਆਲਾ-ਧੂਰੀ ਬਾਈਪਾਸ ਦੇ ਇਕ ਨੁੱਕਰ ਵਿਚ ਬਣੇ ਗੁਰਦਵਾਰਾ 'ਹਾਅ ਦਾ ਨਾਅਰਾ ਸਾਹਿਬ' ਇਸ ਗਵਾਹੀ ਦਾ ਸੱਚਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈ ਕੇ ਦੱਖਣ ਤੋਂ ਸਿੱਖ ਸੂਰਬੀਰ ਫੌਜਾਂ ਦੇ ਸ਼ਕਤੀਸ਼ਾਲੀ ਸਿੱਖ ਜਰਨੈਲ ਬਾਬਾ ਸਿੰਘ ਬਹਾਦੁਰ ਨੇ ਸਰਹਿੰਦ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਕੇ ਬੱਚਿਆਂ ਦੇ ਜੁਲਮ ਦਾ ਬਦਲਾ ਲਿਆ ਸੀ।

ਸੰਨ 1947 ਵਿਚ ਭਾਰਤ ਦੀ ਵੰਡ ਸਮੇਂ ਮੁਸਲਿਮ ਰਿਆਸਤ ਮਲੇਰਕੋਟਲਾ ਦੀਆਂ ਹੱਦਾਂ ਵਿਚ ਰਹਿਣ ਵਾਲੇ ਮੁਸਲਿਮ ਭਾਈਚਾਰੇ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ। ਮੁਸਲਿਮ ਨਵਾਬ ਰਿਆਸਤ ਮਲੇਰਕੋਟਲਾ ਦੀ ਪ੍ਰਜਾ ਦੇ ਸਾਰੇ ਮੁਸਲਿਮ, ਹਿੰਦੂ, ਸਿੱਖ, ਜੈਨ ਧਰਮਾਂ ਦੇ ਲੋਕ, ਗੁਰੂ ਸਾਹਿਬ ਦੇ ਦਿਤੇ ਵਰ ਨਾਲ ਭਾਈਚਾਰਕ ਸਾਂਝ ਦੀ ਸੰਸਾਰ ਵਿਚ ਇਕ ਮਿਸਾਲ ਹਨ। ਭਾਰਤ ਦੇ ਆਜ਼ਾਦੀ ਸੰਗਰਾਮ ਯੁੱਧ ਵਿਚ ਅੰਗਰੇਜ਼ ਦੌਰ ਸਮੇਂ ਜਨਵਰੀ 1872 ਵਿਚ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਕੋਵਾਨ ਤੇ ਅੰਬਾਲੇ ਦੇ ਕਮਿਸ਼ਨਰ ਮਿਸਟਰ ਫੋਰਿਸਥ ਦੇ ਹੁਕਮਾਂ ਨਾਲ ਨਿਹੱਥੇ ਆਜ਼ਾਦੀ ਦੇ ਪ੍ਰਵਾਨੇ 65 ਸਿੱਖ ਕੂਕਾ ਨਾਮਧਾਰੀ ਬੱਚੇ, ਬਜ਼ੁਰਗ ਬਿਨਾ ਕਿਸੇ ਅਦਾਲਤੀ ਸੁਣਵਾਈ ਦੇ ਮਲੇਰਕੋਟਲਾ ਸ਼ਹਿਰ ਦੇ ਚੜ੍ਹਦੇ ਵੱਲ ਜਰਗ ਰੋਡ ਉੱਪਰ ਪਏ ਕੱਲਰਾਂ ਵਿਚ ਤੋਪਾਂ ਨਾਲ ਜਿਉਂਦੇ ਉਡਾ ਦਿਤੇ ਗਏ ਸਨ। ਇਸ ਜਗ੍ਹਾ ਨੂੰ ਅੱਜ ਕਲ੍ਹ 'ਕੂਕਿਆਂ ਦਾ ਕੱਲਰ' ਕਰਕੇ ਜਾਣਿਆ ਜਾਂਦਾ ਹੈ। ਇਸ ਥਾਂ ਹੁਣ ਇਕ ਬਹੁਤ ਵੱਡਾ ਸਿੱਖੀ ਦਾ ਨਿਸ਼ਾਨ 'ਖੰਡਾ ਸਾਹਿਬ' ਉਸਾਰ ਕੇ ਧਾਰਮਿਕ ਸਮਾਰਕ ਬਣਾ ਦਿਤਾ ਗਿਆ ਹੈ, ਜਿਥੇ ਹਰ ਸਾਲ ਮਹਾਨ ਨਾਮਧਾਰੀ ਕਾਨਫਰੰਸ ਹੁੰਦੀ ਹੈ।

ਮਲੇਰਕੋਟਲਾ ਸ਼ਹਿਰ ਵਿਚ ਲਾਹੌਰ ਦੇ ਸ਼ਾਹੀ ਮੋਤੀ ਬਾਜ਼ਰ ਦੀ ਤਰਜ 'ਤੇ ਬਣੀ, ਨਾਮੀ ਖਰੀਦੋ ਫਰੋਖਤ ਜਗ੍ਹਾ 'ਮੋਤੀ ਬਾਜ਼ਾਰ' ਲੰਘ ਕੇ ਮਲੇਰ ਦੇ ਮੁਸਲਿਮ ਇਲਾਕੇ ਵਿਚ ਹਰ ਸਾਲ ਅਗਸਤ ਵਿਚ ਵੀਰਵਾਰ ਵਾਲੇ ਦਿਨ, ਨਿਮਾਣੀ ਕਾਸ਼ਤੀ ਨੂੰ ਸੂਫੀ ਸੰਤ ਬਾਬਾ ਹੈਦਰ ਸ਼ੇਖ ਦੀ ਦਰਗਾਹ ਉਪਰ 'ਜਰਗ ਦੇ ਮੇਲੇ' ਵਾਂਗ ਪੰਜਾਬੀ ਜੱਟਾਂ ਸਿੱਖਾਂ ਤੇ ਮੁਸਲਮਾਨਾਂ ਦਾ ਲੋਕ ਮੇਲਾ ਅੰਤਾਂ ਦੀ ਸ਼ਰਧਾ, ਸੇਵਾ ਤੇ ਨਿਮਰਤਾ ਨਾਲ ਭਰਦਾ ਹੈ। ਰਿਆਸਤ ਤੇ ਹੁਣ ਜਿਲਾ ਮਲੇਰਕੋਟਲਾ ਵਿਚ 68% ਮੁਸਲਿਮ, 21% ਹਿੰਦੂ, 10% ਸਿੱਖ ਤੇ 2%



ਗੁਰਦੁਆਰਾ ਹਾਅ ਦਾ ਨਾਅਰਾ, ਮਲੇਰਕੋਟਲਾ

ਜੈਨ ਮੱਤ ਦੇ ਲੋਕ ਵਸਦੇ ਹਨ। ਮਲੇਰਕੋਟਲਾ ਸ਼ਹਿਰ ਵਿਚ 'ਅਰਾਈ' ਭਾਈਚਾਰੇ ਵਲੋਂ ਹਰ ਤਰ੍ਹਾਂ ਦੀਆਂ ਅਗੇਤੀਆਂ-ਪਛੇਤੀਆਂ ਸਬਜ਼ੀਆਂ ਲਾਈਆਂ ਜਾਂਦੀਆਂ ਹਨ। ਮਲੇਰਕੋਟਲਾ ਦੀ ਲੁਧਿਆਣੇ ਵਾਲੀ ਸੜਕ ਉੱਪਰ ਫੁੱਲ ਬੂਟੇ, ਭਾਂਤ-ਭਾਂਤ ਦੇ ਸ਼ਾਨਦਾਰ ਪੌਦਿਆਂ ਲਈ ਹਾਜੀ ਅਨਵਰ ਦੀ ਨਿਊ ਜਨਤਾ ਨਰਸਰੀ, ਗੁਲਸ਼ਨ ਨਰਸਰੀ, ਪਹਿਲਵਾਨ ਨਰਸਰੀ ਪੰਜਾਬ ਵਿਚ ਪ੍ਰਸਿੱਧ ਹਨ।

ਪੰਜਾਬ ਡਿਸਟ੍ਰਿਕਟ ਗਜ਼ਟੀਅਰ, ਪੰਜਾਬ ਸਰਕਾਰ-ਲਾਹੌਰ, 1904 ਅਨੁਸਾਰ ਰਿਆਸਤ ਮਲੇਰਕੋਟਲਾ ਦੇ 'ਸ਼ੇਰਵਾਨੀ ਘਰਾਣੇ' ਦਾ ਛੱਜਰਾ ਕੁਝ ਇਸ ਤਰ੍ਹਾਂ ਹੈ: ਸੰਨ 1672 ਤੋਂ 1712 ਤੱਕ ਨਵਾਬ ਸ਼ੇਰ ਮੁਹੰਮਦ ਖਾਨ ਬਹਾਦੁਰ-1, 1712 ਤੋਂ 1717 ਤੱਕ ਗੁਲਾਮ ਹੁਸੈਨ ਖਾਨ, 1717 ਤੋਂ 1762 ਤੱਕ ਜਾਮਾਲ ਖਾਨ, 1908 ਤੋਂ 1947 ਤੱਕ ਅਹਿਮਦ ਅਲੀ ਖਾਨ ਆਦਿ ਸਨ। ਮੁਸਲਿਮ ਰਿਆਸਤ ਮਲੇਰਕੋਟਲਾ ਦੇ ਸ਼ਾਹੀ ਖਾਨਦਾਨ ਵਿਚ ਪਰਿਵਾਰਕ ਰੁਤਬੇ ਇਸ ਤਰ੍ਹਾਂ ਸਨ: ਰਿਆਸਤ ਮਲੇਰਕੋਟਲਾ ਦੇ ਰਾਜ ਕਰ ਰਹੇ ਹੁਕਮਰਾਨ ਨੂੰ ਨਾਮ ਦੇ ਨਾਲ ਖਾਨ ਬਹਾਦੁਰ,



ਨਵਾਬ ਸ਼ੇਰ ਮੁਹੰਮਦ

ਨਵਾਬ ਮਲੇਰਕੋਟਲਾ ਕਿਹਾ ਜਾਂਦਾ ਸੀ। ਰਾਜ ਕਰ ਰਹੇ ਨਵਾਬ ਦੀ ਪਤਨੀ ਨੂੰ 'ਬੇਗਮ ਸਾਹਿਬਾ', ਉਨ੍ਹਾਂ ਦੇ ਨੌਜਵਾਨ ਪੁੱਤਰਾਂ ਨੂੰ 'ਨਵਾਬਜ਼ਾਦਾ ਖਾਨ ਬਹਾਦੁਰ', ਨੌਜਵਾਨ ਧੀ ਨੂੰ 'ਸ਼ਹਿਜਾਦੀ ਬੇਗਮ', ਪੋਤਰਿਆਂ ਦੋਹਤਰਿਆਂ ਨੂੰ 'ਸਾਹਿਬਜ਼ਾਦਾ ਖਾਨ' ਅਤੇ ਹੁਕਮਰਾਨ ਸ਼ਾਹੀ ਖਾਨਦਾਨ ਦੇ ਮਰਦਾਂ ਨੂੰ 'ਖਾਨ ਸਾਹਿਬ (ਉਸ ਦਾ ਨਾਮ) ਖਾਨ, ਨਾਲ ਇਕ ਤਹਿਜ਼ੀਬ ਤੇ ਸਲੀਕੇ ਨਾਲ ਝੁਕ ਕੇ ਬੁਲਾਇਆ ਤੇ ਸੱਦਿਆ ਜਾਂਦਾ ਸੀ। ਜਿਵੇਂ ਰਾਜਪੂਤ ਰਿਆਸਤਾਂ ਵਿਚ 'ਹੁਕਮ' ਬੋਲ ਪ੍ਰਚਲਿਤ ਸੀ, ਇਸੇ ਤਰ੍ਹਾਂ ਨਵਾਬੀ ਰਿਆਸਤਾਂ ਵਿਚ 'ਖਾਨ' ਸ਼ਬਦ ਨੂੰ ਤਰਜੀਹ ਦਿਤੀ ਜਾਂਦੀ ਸੀ।

ਰਿਆਸਤ ਮਲੇਰਕੋਟਲਾ ਦਾ ਆਖਰੀ ਨਵਾਬ ਜਨਾਬ ਇਫਤਖਾਰ ਅਲੀ ਖਾਨ ਬਹਾਦੁਰ ਸੀ, ਜੋ 20 ਮਈ 1904 ਨੂੰ ਮਲੇਰਕੋਟਲਾ ਸ਼ਾਹੀ ਰਿਆਸਤ ਦੇ ਨਵਾਬ ਬਣੇ ਤੇ 20 ਨਵੰਬਰ 1982 ਨੂੰ ਫੌਤ (ਸੁਰਗਵਾਸ) ਹੋ ਗਏ ਸਨ, ਜਿਨ੍ਹਾਂ ਦਾ ਮਕਬਰਾ, ਸ਼ਾਹੀ ਕਬਰਿਸਤਾਨ ਵਿਚ ਸਰਹੰਦੀ ਦਰਵਾਜ਼ੇ ਕੋਲ ਹੈ। ਦੇਸ਼ ਦੀ ਵੰਡ ਤੋਂ ਬਾਅਦ ਸ਼ਾਹੀ ਨਵਾਬ ਖਾਨਦਾਨ ਦੇ ਕੁਝ ਪਰਿਵਾਰਕ ਜੀਅ ਆਪਣੀ ਮਰਜ਼ੀ ਨਾਲ ਨਵੇਂ ਬਣੇ ਮੁਸਲਿਮ ਮੁਲਕ ਪਾਕਿਸਤਾਨ ਹਿਜਰਤ ਕਰ ਗਏ ਸਨ, ਜੋ ਅੱਜ ਕਲ੍ਹ ਲਾਹੌਰ ਦੇ ਮਾਡਲ ਟਾਊਨ, ਜਿਲਾ ਮੁਜ਼ੱਫਰਗੜ੍ਹ ਤੇ ਖਾਨਗੜ੍ਹ ਵਿਚ ਰਹਿ ਰਹੇ ਹਨ। ਮਲੇਰਕੋਟਲਾ ਰਿਆਸਤ ਦੇ ਆਖਰੀ ਨਵਾਬ ਇਫਤਖਾਰ ਅਲੀ ਖਾਨ, ਨਵਾਬ ਅਹਿਮਦ ਅਲੀ ਖਾਨ ਸ਼ਹਿਰ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁਸਲਿਮ ਨੇਤਾ ਤੇ ਸਾਬਕਾ ਮੰਤਰੀ ਜਨਾਬ ਨੁਸਰਤ ਅਲੀ ਖਾਨ, ਬੇਗਮ ਰਜੀਆ ਸੁਲਤਾਨਾ-ਰਾਜਨੀਤਿਕ, ਫਰਜਾਨਾ ਆਲਿਮ, ਇਰਸ਼ਾਦ ਕਾਮਿਲ-ਕਵੀ, ਕਦੀਰ ਥਿੰਦ, ਮੁਹੰਮਦ ਨਾਜਿਮ-ਟੀ. ਵੀ. ਕਲਾਕਾਰ, ਚੰਨੀ ਸਿੰਘ-ਗਾਇਕ ਤੇ ਸੰਗੀਤਕਾਰ, ਅਨਾਸ ਰਾਸ਼ਿਦ-ਟੀ. ਵੀ. ਕਲਾਕਾਰ, ਸਈਅਦ ਜਾਫਰੀ-ਫਿਲਮੀ ਕਲਾਕਾਰ, ਜੀਨਤ ਬੇਗਮ-ਗਾਇਕਾ, ਬੌਬੀ ਜਿੰਦਲ-ਅਮਰੀਕਨ ਰਾਜਨੀਤਿਕ, ਮੁਹੰਮਦ ਮੁਸਤਫਾ-ਪੰਜਾਬ ਪੁਲਿਸ ਅਫਸਰ, ਨਿਸਾਰ ਖਾਨ-ਟੀ. ਵੀ. ਕਲਾਕਾਰ, ਮੁਹੰਮਦ ਸਾਜਿਦ ਢੋਟ-ਫੁੱਟਬਾਲਰ ਆਦਿ ਮਲੇਰਕੋਟਲਾ ਦੇ ਦੇਸ਼-ਵਿਦੇਸ਼ ਵਿਚ ਸਰਕਾਰੇ-ਦਰਬਾਰੇ ਸਤਿਕਾਰੇ ਪੁਰਖਾਂ ਵਜੋਂ ਜਾਣੇ ਜਾਂਦੇ ਹਨ।

ਜਿਲਾ ਬਣਨ ਤੋਂ ਪਹਿਲਾਂ ਮਲੇਰਕੋਟਲਾ ਮਿਊਂਸੀਪਲ ਕਾਰਪੋਰੇਸ਼ਨ ਦਾ ਰੁਤਬਾ ਰਖਦਾ ਸੀ। ਪੁਰਾਣੇ ਸਮਿਆਂ ਵਿਚ ਸਾਰੇ ਰਿਆਸਤੀ ਸ਼ਹਿਰਾਂ ਵਿਚ ਪਰਜਾ ਦੀ ਬਾਹਰਲੇ ਧਾੜਵੀਆਂ ਤੇ ਲੁਟੇਰਿਆਂ ਤੋਂ ਰਾਖੀ ਲਈ ਖਾਸ ਕਿਸਮ ਦੇ ਮਜ਼ਬੂਤ ਦਰਵਾਜ਼ੇ ਤਾਮੀਰ ਕਰਵਾਏ ਜਾਂਦੇ ਸਨ। ਮਲੇਰਕੋਟਲਾ ਵਿਚ ਇਸ ਤਰ੍ਹਾਂ ਦੇ ਪੰਜ ਦਰਵਾਜ਼ੇ ਸਨ: ਦਿੱਲੀ ਦਰਵਾਜ਼ਾ, ਸਰਹੰਦੀ ਦਰਵਾਜ਼ਾ, ਢਾਬੀ ਦਰਵਾਜ਼ਾ-ਲੋਹਾ ਬਾਜ਼ਾਰ, ਸੁਨਾਮੀ ਦਰਵਾਜ਼ਾ-ਸੱਠਾ ਬਾਜ਼ਾਰ ਤੇ ਕੇਲੋਂ ਦਰਵਾਜ਼ਾ-ਕੇਲੋਂ ਪਿੰਡ ਵੱਲ ਹਨ। ਮਲੇਰਕੋਟਲਾ ਦਾ ਮੋਤੀ ਬਾਜ਼ਾਰ ਇਲਾਕੇ ਦੀ ਪ੍ਰਜਾ ਦੀ ਹਰ ਤਰ੍ਹਾਂ ਦੀ ਘਰ ਵਰਤਣ ਵਾਲੀ ਵਸਤੂ ਤੇ ਬੀਬੀਆਂ ਦੇ ਫੈਸ਼ਨ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਮੋਤੀ ਬਾਜ਼ਾਰ ਦੀ ਚੜ੍ਹਦੇ ਪਾਸੇ ਦੀ ਵੱਖੀ ਵੱਲ ਮਲੇਰਕੋਟਲਾ ਦੀ ਪੁਰਾਣੀ ਦਾਣਾ ਮੰਡੀ ਹਾਲੇ ਵੀ ਰਸਦੀ-ਵਸਦੀ ਹੈ। ਮਲੇਰਕੋਟਲਾ ਵਿਚ ਮੁਸਲਿਮ ਧਰਮ ਦੀ ਇਬਾਦਤ ਕਰਨ ਲਈ ਆਬਾਦੀ (ਹਰ ਮੁਹੱਲੇ) ਵਿਚ ਸੈਂਕੜੇ ਮਸਜਿਦਾਂ ਹਨ। ਇਕੱਠੇ ਇਬਾਬਤ ਕਰਨ ਵਾਲਾ ਸਥਾਨ 'ਈਦਗਾਹ' ਏਸ਼ੀਆ ਵਿਚ ਸਭ ਤੋਂ ਵੱਡੀ ਤੇ ਖੁੱਲ੍ਹੀ 'ਮਲੇਰਕੋਟਲਾ ਦੀ ਈਦਗਾਹ' ਹੈ। ਦਿੱਲੀ ਦਰਵਾਜ਼ੇ ਦੇ ਬਾਹਰ ਮਲੇਰਕੋਟਲੇ ਦਾ ਨਵਾਂ ਬੱਸ ਸਟੈਂਡ ਹੈ, ਜਿਥੋਂ ਦਿੱਲੀ-ਦੱਖਣ, ਸਭ ਪਾਸੇ ਲਈ ਨਵੀਆਂ-ਪੁਰਾਣੀਆਂ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਚੱਲਦੀਆਂ ਹਨ। ਬੱਸ ਸਟੈਂਡ ਦੇ ਲਾਗੇ ਹੀ ਮਲੇਰਕੋਟਲੇ ਦਾ ਨਵਾਂ ਖੇਡ ਸਟੇਡੀਅਮ ਹੈ, ਜਿਸ ਅੰਦਰ 'ਮੈਂ' ਅਪਰੈਲ 1998 ਵਿਚ ਪਹਿਲੀ ਵਾਰ ਭਾਰਤ ਪਾਕਿਸਤਾਨ ਦੀਆਂ ਕਬੱਡੀ ਟੀਮਾਂ ਦਾ ਇਤਿਹਾਸਕ ਕਬੱਡੀ ਮੈਚ ਪੰਜਾਬ ਸਰਕਾਰ ਤੇ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਕਰਨਲ ਰਾਮਿੰਦਰ ਸਿੰਘ ਦੀ ਮਦਦ ਨਾਲ, ਦਰਸ਼ਕਾਂ ਦੇ ਨੱਕੋ-ਨੱਕ ਭਰੇ ਸਟੇਡੀਅਮ ਵਿਚ, ਰਿਆਸਤ ਮਲੇਰਕੋਟਲਾ ਦੇ ਦਰਸ਼ਕਾਂ ਲਈ ਉਚੇਚਾ ਕਰਵਾਇਆ ਸੀ।

ਰੇਲਵੇ ਰੋਡ ਦੇ ਉੱਪਰ ਪੁਰਾਣੇ ਦਿੱਲੀ ਦਰਵਾਜ਼ੇ ਦੇ ਅੰਦਰ ਵੜ ਕੇ ਵਿੰਗਾ ਟੇਡਾ ਰਾਹ, ਕਚਹਿਰੀਆਂ ਲੰਘ ਕੇ ਤੰਗ ਸਦਰ ਬਾਜ਼ਾਰ ਸ਼ੁਰੂ ਹੋ ਜਾਂਦਾ ਹੈ, ਜੋ ਲੋਹਾ ਬਾਜ਼ਾਰ, ਤੇਲੀਆਂ ਬਾਜ਼ਾਰ, ਮੁਹੱਲਾ ਸਾਡੇ ਵਾਲਾ, ਮੋਤੀ ਬਾਜ਼ਾਰ ਹੁੰਦਾ ਹੋਇਆ, ਮਲੇਰ ਮੁਹੱਲੇ ਵਿਚ ਬਾਬਾ ਹੈਦਰ ਸ਼ੇਖ ਦੀ ਦਰਗਾਹ ਨੂੰ ਜਾ ਛੂੰਹਦਾ ਹੈ। ਮਲੇਰਕੋਟਲਾ ਸ਼ਹਿਰ ਵਿਚ ਭਾਰਤ ਭਰ ਤੇ ਬਾਹਰਲੇ ਮੁਲਕਾਂ ਲਈ ਫੌਜ, ਪੁਲਿਸ ਤੇ ਖੇਡਾਂ ਦੇ ਕਢਾਈ ਵਾਲੇ ਬੈਜ ਤੇ ਕੋਟ ਕਲਰ ਉਚੇਚੇ ਬਣਦੇ ਹਨ। ਜਰੀ ਦੀ ਕਢਾਈ ਵਾਲੀਆਂ ਜੁੱਤੀਆਂ ਤੇ ਪੰਜਾਬੀ ਖੁੱਸੇ ਵੀ ਮਸ਼ਹੂਰ ਹਨ। ਖੇਡਾਂ ਦਾ ਸਮਾਨ ਵੀ ਵੱਡੀ ਪੱਧਰ ਉਪਰ ਤਿਆਰ ਹੁੰਦਾ ਹੈ। ਹਾਜੀ ਹਨੀਫ ਸੰਨਜ਼ 'ਕੋਟ ਕਲਰ' ਬਣਾਉਣ ਵਾਲੇ ਪੁਰਾਣੇ ਤੇ ਨਾਮੀ ਕਾਰੀਗਰ ਹਨ। ਸਦਰ ਬਾਜ਼ਾਰ ਵਿਚ 'ਹਨੀਫ ਫੋਟੋਗ੍ਰਾਫਰ' ਦਾ ਸਕੂਲਾਂ, ਕਾਲਜਾਂ ਤੇ ਪਰਿਵਾਰਾਂ ਵਿਚ ਵੱਡਾ ਨਾਂ ਸੀ।

ਮਲੇਰਕੋਟਲਾ ਦਾ ਸਰਕਾਰੀ ਕਾਲਜ ਮਲੇਰਕੋਟਲਾ ਸ਼ਹਿਰ ਦੇ ਬਾਹਰਵਾਰ ਧੂਰੀ ਵਾਲੀ ਸੜਕ ਉੱਪਰ ਖੁੱਲ੍ਹੇ ਇਲਾਕੇ ਵਿਚ 'ਕਾਲਜ ਰੋਡ' ਦੇ ਖੱਬੇ ਹੱਥ, ਸੰਨ 1924 ਵਿਚ ਲਾਹੌਰ ਤੇ ਲੁਧਿਆਣਾ ਦੇ ਸਰਕਾਰੀ ਕਾਲਜਾਂ ਦੀ ਤਰਜ ਉੱਪਰ ਰਿਆਸਤ ਮਲੇਰਕੋਟਲਾ ਵਿਚ ਉੱਚੀ ਵਿਦਿਆ ਦਾ ਸੱਭ ਤੋਂ ਵੱਡਾ ਤੇ ਮਸ਼ਹੂਰ ਵਿਦਿਅਕ ਅਦਾਰਾ ਖੋਲ੍ਹਿਆ ਗਿਆ ਸੀ, ਜਿਥੇ ਇਲਾਕੇ ਦੇ ਸੈਂਕੜੇ ਨੌਜਵਾਨ ਮੁੰਡੇ-ਕੁੜੀਆਂ ਪੜ੍ਹੇ ਤੇ ਪੜ੍ਹ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਸਰਕਾਰੀ ਕਾਲਜ ਮਲੇਰਕੋਟਲਾ ਦੇ ਮੌਜੂਦਾ ਪ੍ਰਿੰਸੀਪਲ ਡਾ. ਗੁਰਪ੍ਰੀਤ ਕੌਰ ਹਨ। ਸ਼ਹਿਰ ਮਲੇਰਕੋਟਲਾ ਵਿਚ ਪੰਜਾਬੀ, ਹਿੰਦੀ ਤੇ ਉਰਦੂ ਬੋਲੀਆਂ ਤੇ ਭਾਸ਼ਾਵਾਂ ਲਿਖੀਆਂ, ਪੜ੍ਹੀਆਂ ਤੇ ਬੋਲੀਆਂ ਜਾਂਦੀਆਂ ਹਨ।

ਖੇਤਰੀ ਭਾਸ਼ਾਵਾਂ ਵਿਚ ਉਚੇਰੀ ਵਿਦਿਆ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਮਲੇਰਕੋਟਲਾ ਵਿਖੇ 'ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼' ਵਿਖੇ ਉਰਦੂ, ਅਰਬੀ, ਫਾਰਸੀ ਦੀ ਪੜ੍ਹਾਈ ਤੇ ਖੋਜ ਕਰਨ ਲਈ ਖਾਸ ਸਹੂਲਤਾਂ ਹਨ। ਮਲੇਰਕੋਟਲਾ ਦੇ ਖਾਸ ਖਾਸ ਪਰਿਵਾਰਾਂ ਵਿਚ ਅਰਬੀ ਤੇ ਫਾਰਸੀ ਦਾ ਗਿਆਨ ਵੀ ਬੱਚਿਆਂ ਨੂੰ ਦਿਤਾ ਜਾਂਦਾ ਹੈ। ਕੁੜੀਆਂ ਦੀ ਵਿਦਿਆ ਲਈ ਉਚੇਚਾ ਕਚਹਿਰੀਆਂ ਕੋਲ ਗੌਰਮਿੰਟ ਗਰਲਜ਼ ਸਕੂਲ ਹੈ। ਮਲੇਰਕੋਟਲਾ ਸ਼ਹਿਰ ਵਿਚ ਮੁਢਲੀ ਵਿਦਿਆ ਲਈ ਅਲ ਫਲਾਹ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਸਾਹਿਬਜ਼ਾਦਾ ਫਤਿਹ ਸਿੰਘ ਸੀਨੀਅਰ ਸੈਕੰਡਰੀ ਸਕੂਲ, ਸੀਤਾ ਗਰਾਮਰ ਸਕੂਲ, ਸਰਵ ਹਿਤਕਾਰੀ ਵਿਦਿਆ ਮੰਦਰ, ਡੀ. ਏ. ਵੀ. ਪਬਲਿਕ ਸਕੂਲ ਇਸਲਾਮੀਆ ਸਕੂਲ, ਅਲਅਦੀਸ ਸਕੂਲ, ਟੌਕ ਸਕੂਲ ਆਦਿ ਹੋਰ ਅਨੇਕਾਂ ਵਿਦਿਅਕ ਅਦਾਰੇ ਹਨ।

ਮਲੇਰਕੋਟਲਾ ਸ਼ਹਿਰ ਵਿਚ ਰਹਿਣ ਵਾਲੀ ਵਸੋਂ ਜ਼ਿਆਦਾ ਸੁੰਨੀ ਮੁਸਲਮਾਨ ਹੈ। ਸ਼ਿਆ ਮੁਸਲਿਮ ਭਾਈਚਾਰਾ ਵੀ ਕਾਫੀ ਹੈ, ਜੋ ਹਰ ਸਾਲ ਅਗਸਤ ਦੇ ਮਹੀਨੇ ਕਾਲੇ ਕੱਪੜੇ ਪਾ ਕੇ, ਕਰਬਲਾ (ਇਰਾਕ) ਵਿਚ ਸ਼ਹੀਦੀ ਪਾ ਗਏ ਹਸਨ ਹੁਸੈਨ ਦੀ ਯਾਦ ਵਿਚ 'ਤਾਜੀਏ' ਕੱਢਦੇ ਹਨ। ਤਾਜੀਏ ਦੀਆਂ ਰਸਮਾਂ ਵਿਚ ਪਿੱਠ ਪਿੱਛੇ ਹੱਥਾਂ ਨਾਲ ਘੁੰਮਾਂ ਕੇ ਛੁਰੀਆਂ ਮਾਰੀਆਂ ਜਾਂਦੀਆਂ ਹਨ ਅਤੇ ਛਾਤੀ ਉਪਰ ਜ਼ੋਰਦਾਰ ਹੱਥ ਮਾਰ ਕੇ ਖੂਨ ਨਾਲ ਲਿਬੜੇ ਹੱਥਾਂ ਨਾਲ ਖੂਬ ਪਿੱਟ-ਪਟਊਆ ਕੀਤਾ ਜਾਂਦਾ ਹੈ, ਜਿਸ ਵਿਚ ਅਸੀਂ ਵੀ ਸ਼ਾਮਿਲ ਹੋ ਜਾਈਦਾ ਸੀ। ਕਾਲੇ ਬੁਰਕਿਆਂ ਵਿਚ ਢਕੀਆਂ ਗੋਰੀਆਂ ਚਿੱਟੀਆਂ ਸ਼ੀਆ ਮੁਟਿਆਰਾਂ ਕੋਹ ਕਾਫ ਦੀਆਂ ਪਰੀਆਂ ਤੋਂ ਵੀ ਵੱਧ ਲਗਦੀਆਂ ਸਨ। ਮਲੇਰਕੋਟਲਾ ਦਾ ਰਕਬਾ 47 ਮੀਲ ਦੇ ਨੇੜੇ ਹੈ

(ਬਾਕੀ ਅਗਲੇ ਸਫੇ 'ਤੇ)

# ਤਿੰਨ ਚਿਹਰੇ



**ਡਾ. ਵਿਕਰਮ ਸੰਗਰੂਰ**
ਫੋਨ: 91-98884-13836

ਚਿਹਰਿਆਂ ਦੀ ਭੀੜ ਵਿਚ ਕੁਝ ਕੁ ਚਿਹਰੇ ਅਜਿਹੇ ਹੁੰਦੇ ਨੇ ਕਿ ਚਿੱਤ ਕਰਦੈ ਉਨ੍ਹਾਂ ਦੀ ਤਸਵੀਰਾਂ ਬਟੂਏ ਵਿਚ ਰੱਖ ਕੇ ਵਾਰ-ਵਾਰ ਦੇਖੀ ਜਾਈਏ। ਇਨ੍ਹਾਂ ਚਿਹਰਿਆਂ ਦਾ ਦਿਖਦੇ ਰਹਿਣਾ ਇਸ ਤਰ੍ਹਾਂ ਹੁੰਦਾ ਹੈ, ਜਿਵੇਂ ਕੋਈ ਔਖੇ ਰਾਹਾਂ ਵਿਚ ਉਂਗਲ ਫੜ੍ਹ ਕੇ ਰਹਿਨੁਮਾਈ ਕਰਦਾ ਹੋਵੇ! ਸਿਹਤ ਵਿਭਾਗ ਵਿਚ ਕੰਮ ਕਰਦਿਆਂ ਮੈਨੂੰ ਚਿਹਰਿਆਂ ਦੀ ਭੀੜ ਵਿਚੋਂ ਅਜਿਹੇ ਹੀ ਤਿੰਨ ਚਿਹਰੇ ਮਿਲੇ: 'ਠਾਕੁਰ ਅੰਕਲ', 'ਡਾ. ਪਰਵੀਨ ਜਿੰਦਲ' ਅਤੇ 'ਡਾ. ਰਜੀਵ ਪੁਰੀ।'

ਮੈਨੂੰ ਪਤੈ, 'ਠਾਕੁਰ ਅੰਕਲ' ਦਾ ਨਾਮ ਕਦੇ ਵੀ ਕਿਸੇ ਦਫਤਰ ਦੀ ਕੰਧ ਉਤੇ ਟੰਗੇ ਫੱਟੇ ਉਤੇ ਨਹੀਂ ਉਲੀਕਿਆ ਜਾਵੇਗਾ! ਤੇ ਮੈਨੂੰ ਇਹ ਵੀ ਪਤੈ ਕਿ ਇਸ ਚਿਹਰੇ ਦੀ ਚਾਹ ਹਮੇਸ਼ਾ ਛਿਪੇ ਰਹਿਣ ਦੀ ਰਹੀ ਹੈ ਤੇ ਸ਼ਾਇਦ ਛਿਪ ਤੁਰ ਜਾਣ ਦੀ ਵੀ!

'ਠਾਕੁਰ ਅੰਕਲ' ਯਾਨਿ 'ਉਮੇਸ਼ ਠਾਕੁਰ' ਦਫਤਰ ਸਿਵਲ ਸਰਜਨ ਸੰਗਰੂਰ ਦਾ ਉਹ ਚਿਹਰਾ ਹੈ, ਜੋ ਕਾਗਜ਼ਾਂ ਵਿਚ 'ਦਰਜਾ ਚਾਰ' ਦਾ ਅਹੁਦਾ ਰੱਖਦੇ ਹਨ, ਪਰ ਇਹ ਦਰਜਾ ਚਾਰ ਠਾਕੁਰ ਅੰਕਲ ਦਾ ਚਿਹਰਾ ਮੇਰੇ ਲਈ ਇਮਾਨਦਾਰੀ, ਸਖਤ ਮਿਹਨਤ, ਸਮੇਂ ਦੇ ਪਾਬੰਧ ਅਤੇ 'ਥੋੜ੍ਹਾ ਹੈ ਥੋੜ੍ਹੇ ਕੀ ਜ਼ਰੂਰਤ ਹੈ, ਜ਼ਿੰਦਗੀ ਫਿਰ ਭੀ ਖ਼ੂਬਸੂਰਤ ਹੈ' ਦੇ 'ਪਹਿਲੇ ਦਰਜੇ' ਦੀ ਮਿਸਾਲ ਬਣ ਕੇ ਮੇਰੇ ਦਿਲ ਦੇ ਚਾਰਾਂ ਹਿੱਸਿਆਂ 'ਚ ਸਮੋਇਆ ਹੋਇਆ ਹੈ।

ਦਫਤਰ ਖੁੱਲ੍ਹਣ ਦਾ ਸਮਾਂ ਸਵੇਰੇ 9 ਵਜੇ ਦਾ ਹੈ ਤੇ ਠਾਕੁਰ ਅੰਕਲ ਸਵੇਰੇ 8 ਵਜੇ ਆਉਂਦੇ ਨੇ! ਦਫਤਰ ਬੰਦ ਹੋਣ ਦਾ ਸਮਾਂ ਸ਼ਾਮੀ 5 ਵਜੇ ਹੈ ਤੇ ਠਾਕੁਰ ਅੰਕਲ 7 ਵਜੇ ਘਰ ਵਾਪਸ ਪਰਤਦੇ ਹਨ। ਉਹ ਸਮੇਂ ਦੇ ਇੰਨੇ ਪਾਬੰਦ ਹਨ ਕਿ ਘੜੀ ਦੀਆਂ ਸੂਈਆਂ ਗਲਤ ਹੋ ਸਕਦੀਆਂ ਹਨ, ਪਰ ਉਹ ਨਹੀਂ! ਇੱਕ ਵਾਰ ਮੌਸਮ ਖਰਾਬ ਹੋਣ ਕਾਰਨ ਮੈਂ ਸਮੇਂ ਤੋਂ ਪਹਿਲਾਂ ਦਫਤਰ ਆ ਗਿਆ। ਮੈਂ ਦੇਖਿਆ ਕਿ ਤੇਜ਼ ਮੀਂਹ ਵਿਚ ਵੀ ਆਪਣੇ ਨਿਰਧਾਰਤ ਸਮੇਂ 'ਤੇ ਠਾਕੁਰ ਅੰਕਲ ਸਾਈਕਲ ਉਤੇ ਦਫਤਰ ਆਏ। ਜਦੋਂ ਮੈਂ ਅੰਕਲ ਨੂੰ ਮਿਲਿਆ ਤਾਂ ਉਨ੍ਹਾਂ ਨੂੰ ਕਿਹਾ, ਅੱਜ ਤੁਸੀਂ ਕੁਝ ਰੁਕ ਕੇ ਆ ਜਾਂਦੇ, ਜਦੋਂ ਮੀਂਹ ਰੁਕਦਾ। ਉਹ ਮੇਰੀ ਇਹ ਗੱਲ ਸੁਣ ਕੇ ਬੋਲੇ, "ਮੀਂਹ ਤਾਂ ਰੁਕ ਜਾਂਦਾ, ਪਰ ਘੜੀ ਦੀਆਂ ਸੂਈਆਂ ਨਹੀਂ ਰੁਕਦੀਆਂ ਜੀ! ਨਾਲੇ ਸਰ ਦੇਖੋ ਕਿੰਨਾ ਵਧੀਆ ਹੋ ਗਿਆ ਸਾਰੇ ਸਵੇਰੇ ਇੱਕ ਵਾਰ ਨਹਾਉਂਦੇ ਨੇ ਤੇ ਅੱਜ ਇੰਦਰ ਦੇਵਤਾ ਦੀ ਕਿਰਪਾ ਨਾਲ ਮੈਂ ਦੋ ਵਾਰ ਨਹਾ ਲਿਆ, ਨਾਲੇ ਮੇਰਾ ਸਾਈਕਲ ਵੀ ਧੋਤਾ ਗਿਆ।" ਇੰਨਾ ਆਖ ਕੇ ਸਿਰ ਤੋਂ ਪੈਰਾਂ ਤੀਕ ਗਿੱਲੇ ਹੋਏ ਠਾਕੁਰ ਅੰਕਲ ਹੱਸਣ ਲੱਗ ਪਏ।

ਠਾਕੁਰ ਅੰਕਲ ਦੇ ਚਿਹਰੇ ਵਿਚ ਇੱਕ ਇਹ ਵੀ ਹੁਨਰ ਹੈ ਕਿ ਮਾਹੌਲ ਚਾਹੇ ਉਲਝਣਾਂ ਲਈ ਉਕਸਾ ਰਿਹਾ ਹੋਵੇ, ਪਰ ਉਨ੍ਹਾਂ ਦੇ ਮੂੰਹੋਂ ਕਦੀ ਵੀ ਸ਼ਿਕਵਾ ਨਹੀਂ ਨਿਕਲਿਆ। ਉਹ ਤਾਂ ਸਗੋਂ ਸ਼ਿਕਵਿਆਂ ਦੇ ਮਾਹੌਲ ਵਿਚੋਂ ਵੀ ਜ਼ਿੰਦਗੀ ਨੂੰ ਮਾਣਨ ਦੀਆਂ ਖੁਸ਼ੀਆਂ ਅਤੇ ਸ਼ੁਕਰਾਨੇ ਭਾਲ ਲਿਆਉਂਦੇ ਹਨ।

ਕੁਝ ਚਿਹਰੇ ਅਜਿਹੇ ਵੀ ਹੁੰਦੇ ਨੇ, ਜਿਨ੍ਹਾਂ ਦਾ ਮੁਸਕਰਾਉਣਾ ਇਲਾਜ ਬਣ ਜਾਂਦਾ ਹੈ! ਮੈਨੂੰ ਇੱਕ ਘਟਨਾ ਅੱਜ ਵੀ ਚੇਤੇ ਹੈ ਕਿ ਇੱਕ ਬਜ਼ੁਰਗ ਮਾਤਾ ਟੀ. ਬੀ. ਦੇ ਠੀਕ ਹੋਣ ਪਿੱਛੋਂ ਵੀ ਕਈ ਸਾਲ ਸਿਵਲ ਹਸਪਤਾਲ ਸੰਗਰੂਰ ਵਿਚ ਡਾ. ਪਰਵੀਨ ਜਿੰਦਲ ਨੂੰ ਮਿਲਣ ਆਉਂਦੀ ਰਹੀ...ਤੇ ਜਦੋਂ ਵੀ ਡਾ. ਪਰਵੀਨ ਉਸ ਬੇਬੇ ਜੀ ਨੂੰ ਮਿਲਦੇ ਤਾਂ ਮੁਸਕਰਾਉਂਦੇ ਹੋਏ ਆਖਦੇ ਕਿ ਬੇਬੇ ਜੀ ਤੁਸੀਂ ਤਾਂ ਕਦੋਂ ਦੇ ਤੰਦਰੁਸਤ ਹੋ ਚੁਕੇ ਹੋ, ਹੁਣ ਹਸਪਤਾਲ ਕਿਵੇਂ? ਬੇਬੇ ਦਾ ਜਵਾਬ ਹੁੰਦਾ, ਇਹ ਮੈਨੂੰ ਵੀ ਪਤੈ ਪੁੱਤ, ਪਰ ਮੈਂ ਤਾਂ ਸਿਰਫ ਹਸਪਤਾਲ ਤੇਰਾ ਮੁਸਕਰਾਉਂਦਾ ਚਿਹਰਾ ਦੇਖਣ ਆਉਂਦੀ ਹਾਂ, ਜਿਨ੍ਹੇ ਮੇਰਾ ਅਸਲ ਇਲਾਜ ਕੀਤਾ; ਨਹੀਂ ਤਾਂ ਮੈਂ ਕਦੋਂ ਦੀ ਮਰ ਮੁੱਕ ਗਈ ਹੁੰਦੀ! ਮੈਨੂੰ ਪਤੈ ਤੂੰ ਰੁੱਝਿਆ ਹੁੰਦੈਂ ਪੁੱਤ, ਐਵੇਂ ਕਰ ਆਪਣੀ ਕੋਈ ਫੋਟੋ ਹੀ ਦੇ ਦੇਹ ਮੈਨੂੰ, ਜਦੋਂ ਲੱਗੂ ਮੈਂ ਬਿਮਾਰ ਆਂ, ਪੁੱਤ ਤੇਰੀ ਮੁਸਕਰਾਉਂਦੀ ਫੋਟੋ ਹੀ ਦੇਖ ਲਿਆ ਕਰੂੰ! ਮੈਂ ਤਾਂ ਉਸੇ ਘੜੀ ਨੌ-ਬਰ-ਨੌ ਹੋ ਜਾਊਂ!"

ਡਾ. ਸਾਹਿਬ ਤਾਂ ਕਦੋਂ ਦੇ ਸੇਵਾ ਮੁਕਤ ਹੋ ਕੇ ਚਲੇ ਗਏ, ਪਰ ਉਸ ਬੇਬੇ ਜੀ ਨੂੰ ਮੈਂ ਬਾਅਦ ਵਿਚ ਵੀ ਕਈ ਵਾਰ ਹਸਪਤਾਲ ਵਿਚ ਲੋਕਾਂ ਤੋਂ ਪੁੱਛਦੇ ਸੁਣਿਆ, 'ਉਹ ਡਾਕਟਰ ਕਿੱਥੇ ਹੈ, ਜੋ ਮੁਸਕਰਾ ਕੇ ਹਰ ਬਿਮਾਰੀ ਦਾ ਇਲਾਜ ਕਰਦਾ ਸੀ!'

...ਤੇ ਕੁਝ ਚਿਹਰੇ ਇਸ ਤਰ੍ਹਾਂ ਦੇ ਵੀ ਹੁੰਦੇ ਨੇ, ਜੋ ਕੰਮ-ਕੰਮ ਵਿਚ ਬਿਨਾ ਕਿਸੇ ਦਾ ਸਿਰ ਝੁਕਾਏ, ਨੀਵਾਂ ਦਿਖਾਏ, ਦੂਜੇ ਨੂੰ ਜ਼ਿੰਦਗੀ ਦੀ ਬਹੁਤ ਵੱਡੀ ਸਿੱਖਿਆ ਦੇ ਜਾਂਦੇ ਹਨ।

ਕਰੋਨਾ ਵਾਇਰਸ ਦੇ ਇਸ ਹਾਲਾਤ ਵਿਚ, ਅੱਜ ਵੀ ਬਾਅਦ ਦੁਪਹਿਰ ਡਾਕਟਰ ਰਾਜੀਵ ਪੁਰੀ ਨੂੰ ਮਿਲੋ ਅਤੇ ਉਨ੍ਹਾਂ ਦੇ ਬੂਟ ਦੇਖੋ ਤਾਂ ਇਹ ਕਦੀ ਵੀ ਲਿਸ਼ਕਦੇ ਨਹੀਂ ਮਿਲਣਗੇ, ਸਗੋਂ ਉਨ੍ਹਾਂ ਉਤੇ



ਉਮੇਸ਼ ਠਾਕੁਰ



ਡਾ. ਪਰਵੀਨ ਜਿੰਦਲ



ਡਾ. ਰਾਜੀਵ ਪੁਰੀ

ਧੂੜ ਮਿੱਟੀ ਲੱਗੀ ਹੋਈ ਮਿਲੇਗੀ। ਇਹ ਧੂੜ ਮਿੱਟੀ ਉਨ੍ਹਾਂ ਪਿੰਡਾਂ ਦੇ ਰਾਹਾਂ ਦੀ ਹੁੰਦੀ ਹੈ, ਜਿੱਥੇ ਉਹ ਰੋਜ਼ਾਨਾ ਲੋੜਵੰਦਾਂ ਦਾ ਇਲਾਜ ਕਰ ਕੇ ਆਏ ਹੁੰਦੇ ਹਨ। ਜੇ ਡਾ. ਪੁਰੀ ਨੂੰ ਤੁਸੀਂ ਉਨ੍ਹਾਂ ਦੇ ਬੂਟਾਂ 'ਤੇ ਲੱਗੀ ਮਿੱਟੀ ਦਾ ਕੋਈ ਮਜ਼ਾਕ ਕਰਕੇ ਪੁੱਛੋਗੇ ਤਾਂ ਉਹ ਯਕੀਨਨ ਇਸ ਮਿੱਟੀ ਨੂੰ ਛੂਹ ਕੇ ਆਪਣੇ ਮੱਥੇ ਉਤੇ ਲਾ ਲੈਣਗੇ! ਤੇ ਇਹ ਜ਼ਰੂਰ ਆਖਣਗੇ ਕਿ ਇਹੀ ਮਿੱਟੀ ਤਾਂ ਮੇਰਾ ਅਸਲ 'ਮੇਕਅਪ' ਹੈ!

ਡਾ. ਰਾਜੀਵ ਕੋਲ ਇੱਕ ਅਜਿਹਾ 'ਅਜੀਬ' ਹੁਨਰ ਹੈ, ਜੋ ਆਪਣੇ ਉਤੇ ਮਜ਼ਾਕ ਦਾ ਜਵਾਬ ਵੀ ਇੰਜ ਦੇਣਗੇ, ਜੋ ਸਾਹਮਣੇ ਵਾਲੇ ਨੂੰ ਇਹ ਸਿਖਾ ਦਿੰਦਾ ਹੈ ਕਿ ਇਨਸਾਨ ਨੂੰ ਹਮੇਸ਼ਾ ਇਨਸਾਨ ਦੇ ਕੰਮ ਆਉਣਾ ਚਾਹੀਦਾ ਹੈ ਤੇ ਇਨਸਾਨ ਨੂੰ ਕਦੀ ਵੀ ਆਪਣੀ ਹੋਂਦ ਨਹੀਂ ਭੁੱਲਣੀ ਚਾਹੀਦੀ। ਕੀ ਪਤਾ ਜਿਸ ਇਨਸਾਨ ਦੀ ਤੁਸੀਂ ਅੱਜ ਬੇਅਦਬੀ ਕਰ ਰਹੇ ਹੋ ਜਾਂ ਕਰਨ ਜਾ ਰਹੇ ਹੋ, ਕੱਲ੍ਹ ਉਹੀ ਇਨਸਾਨ ਤੁਹਾਡੀ ਡੁੱਬਦੀ ਜ਼ਿੰਦਗੀ ਨੂੰ ਤਾਰੀ ਲਾ ਕੇ ਬਚਾਅ ਲਵੇ!

ਕੁਝ ਸਾਲ ਪਹਿਲਾਂ ਜਦੋਂ ਡਾ. ਰਾਜੀਵ ਪੁਰੀ ਆਪਰੇਸ਼ਨ ਕਰਨ ਜਾਣ ਲੱਗੇ ਤਾਂ ਉਨ੍ਹਾਂ ਆਪਣੇ ਸਹਿਯੋਗੀ ਦਰਜਾ ਚਾਰ ਬੀਬੀ ਨੂੰ ਬੇਨਤੀ ਕੀਤੀ ਕਿ ਆਪਰੇਸ਼ਨ ਦਾ ਸਮਾਨ ਉਨ੍ਹਾਂ ਨਾਲ ਗੱਡੀ ਵਿਚ ਰਖਵਾਉਣ ਵਿਚ ਮਦਦ ਕਰਨ, ਪਰ ਉਹ ਬੀਬੀ ਡਾ. ਰਾਜੀਵ ਪੁਰੀ ਨੂੰ ਬਹੁਤ ਗੁੱਸੇ ਵਿਚ ਬੋਲੀ, 'ਇਹ ਮੇਰਾ ਕੰਮ ਥੋੜ੍ਹਾ ਹੈ!' ਇਹ ਗੱਲ ਸੁਣ ਕੇ ਸ਼ਾਇਦ ਡਾ. ਪੁਰੀ ਨੂੰ ਵੀ ਗੁੱਸਾ ਆਇਆ ਹੋਵੇ, ਪਰ ਉਸ ਵਕਤ ਉਹ ਨਾ ਤਾਂ ਕੁਝ ਉਸ ਬੀਬੀ ਨੂੰ ਬੋਲੇ ਅਤੇ ਨਾ ਹੀ ਉਨ੍ਹਾਂ ਦੀ ਕਿਸੇ ਨੂੰ ਸ਼ਿਕਾਇਤ ਕੀਤੀ। ਕਈ ਸਾਲਾਂ ਬਾਅਦ ਉਸੇ ਬੀਬੀ ਦੇ ਬੇਟੇ ਨੂੰ ਇੱਕ ਸੜਕ ਹਾਦਸੇ ਵਿਚ ਸੱਟ ਵੱਜੀ ਅਤੇ ਉਨ੍ਹਾਂ ਨੂੰ ਹਸਪਤਾਲ ਦੀ ਐਮਰਜੈਂਸੀ ਵਿਚ ਲਿਆਂਦਾ ਗਿਆ। ਇਤਫਾਕ ਨਾਲ ਐਮਰਜੈਂਸੀ ਵਿਚ ਉਸ ਦਿਨ ਡਾ. ਰਾਜੀਵ ਪੁਰੀ ਦੀ ਡਿਊਟੀ ਸੀ। ਡਾ. ਪੁਰੀ ਨੂੰ ਪਤਾ ਲੱਗਾ ਕਿ ਇਹ ਉਸ ਦਰਜਾ ਚਾਰ ਬੀਬੀ ਦਾ ਬੇਟਾ ਹੈ, ਜਿਸ ਨੇ ਕਾਫੀ ਸਾਲ ਪਹਿਲਾਂ ਉਨ੍ਹਾਂ ਨੂੰ ਇਹ ਕਿਹਾ ਸੀ ਕਿ 'ਇਹ ਮੇਰਾ ਕੰਮ ਥੋੜ੍ਹਾ ਹੈ।' ਡਾ. ਪੁਰੀ ਨੇ ਉਸ ਮੁੰਡੇ ਦਾ ਇਲਾਜ ਬਹੁਤ ਵਧੀਆ ਢੰਗ ਨਾਲ ਕੀਤਾ ਅਤੇ ਉਸ ਦੀ ਜਾਨ ਬਚਾ ਲਈ।

ਡਾ. ਪੁਰੀ ਇਲਾਜ ਕਰਕੇ ਬਾਹਰ ਆਪਣੀ ਕੁਰਸੀ ਉਤੇ ਬੈਠੇ ਹੀ ਸਨ ਕਿ ਉਸ ਮੁੰਡੇ ਦੀ ਮਾਂ ਰੋਂਦੀ ਵਿਲਕਦੀ ਡਾਕਟਰ ਕੋਲ ਆਈ ਅਤੇ ਹੱਥ ਜੋੜ ਆਖਣ ਲੱਗੀ ਕਿ ਮੇਰੇ ਮੁੰਡੇ ਦੀ ਜਾਨ ਬਚਾ ਲਵੋ। ਮੁੰਡੇ ਦਾ ਇਲਾਜ ਹੋ ਚੁਕਾ ਸੀ ਅਤੇ ਉਹ ਸਹੀ ਸੀ, ਪਰ ਡਾ. ਸਾਹਿਬ ਨੇ ਉਸ ਬੀਬੀ ਨੂੰ ਸਿੱਖਿਆ ਦੇਣ ਲਈ ਕਿਹਾ, 'ਤੇਰੇ ਮੁੰਡੇ ਦਾ ਇਲਾਜ ਕਰਨਾ ਮੇਰਾ ਕੰਮ ਥੋੜੇ ਹੀ ਹੈ!' ਜਦੋਂ ਉਸ ਬੀਬੀ ਨੇ ਕਿਹਾ, ਹੋਰ ਕਿਸ ਦਾ ਕੰਮ ਹੈ? ਤਾਂ ਡਾ. ਪੁਰੀ ਨੇ ਉਨ੍ਹਾਂ ਨੂੰ ਕਈ ਸਾਲ ਪੁਰਾਣੀ ਉਹ ਗੱਲ ਚੇਤੇ ਕਰਵਾਈ, ਜਦੋਂ ਉਸ ਨੇ ਆਪਰੇਸ਼ਨ ਦਾ ਸਮਾਨ ਚੁਕਾਉਣ ਤੋਂ ਇਨਕਾਰ ਕਰਦਿਆਂ ਕਿਹਾ ਸੀ, 'ਇਹ ਮੇਰਾ ਕੰਮ ਥੋੜਾ ਹੈ!' ਇਹ ਸੁਣ ਕੇ ਜਦੋਂ ਉਹ ਬੀਬੀ ਮੁਆਫੀ ਮੰਗਦਿਆਂ ਰੋਣ ਲੱਗੀ ਤਾਂ ਡਾ. ਪੁਰੀ ਨੇ ਕਿਹਾ, ਤੁਹਾਡੇ ਬੇਟੇ ਦਾ ਇਲਾਜ ਤਾਂ ਮੈਂ ਕਦੋਂ ਦਾ ਕਰ ਦਿੱਤਾ ਹੈ, ਘਬਰਾਓ ਨਾ ਉਹ ਬਿਲਕੁਲ ਠੀਕ ਹੈ! ਪਰ ਹਮੇਸ਼ਾ ਚੇਤੇ ਰੱਖੋ ਕਿ ਜੋ ਕੰਮ ਸਾਡੇ ਜ਼ਿੰਮੇ ਹੈ, ਉਸ ਨੂੰ ਕਰਨ ਨਾਲ ਅਸੀਂ ਕਦੀ ਛੋਟੇ ਨਹੀਂ ਪੈਂਦੇ, ਸਗੋਂ ਉਹ ਕੰਮ ਕਰਨ ਨਾਲ ਸਾਡੀ ਸ਼ਾਨ ਦਾ ਕੱਦ ਵਧਦਾ ਹੀ ਹੈ।

ਇਸ ਘਟਨਾ ਤੋਂ ਬਾਅਦ ਉਸ ਦਰਜਾ ਚਾਰ ਬੀਬੀ ਨੇ ਹਮੇਸ਼ਾ ਆਪਣੇ ਕੰਮ ਨੂੰ ਆਪਣੀ ਸ਼ਾਨ ਸਮਝ ਕੇ ਕੀਤਾ ਅਤੇ ਉਹ ਅੱਜ ਵੀ ਜਦੋਂ ਡਾ. ਪੁਰੀ ਨੂੰ ਮਿਲਦੀ ਹੈ ਤਾਂ ਦੋਹਾਂ ਦਾ ਸਿਰ ਹਮੇਸ਼ਾ ਇੱਕ ਦੂਜੇ ਪ੍ਰਤੀ ਸਤਿਕਾਰ ਨਾਲ ਝੁਕਦਾ ਹੈ। ਨਾ ਤਾਂ ਡਾ. ਰਾਜੀਵ ਪੁਰੀ ਦੇ ਮਨ ਵਿਚ ਉਸ ਪ੍ਰਤੀ ਕੋਈ ਸ਼ਿਕਵਾ ਹੈ ਅਤੇ ਨਾ ਹੀ ਉਸ ਬੀਬੀ ਦੇ ਮਨ ਵਿਚ ਡਾ. ਰਜੀਵ ਪੁਰੀ ਪ੍ਰਤੀ।

ਹਰ ਇੱਕ ਦੀ ਜ਼ਿੰਦਗੀ ਵਿਚ 'ਠਾਕੁਰ ਅੰਕਲ', 'ਡਾ. ਪਰਵੀਨ ਜਿੰਦਲ' ਅਤੇ 'ਡਾ. ਰਾਜੀਵ ਪੁਰੀ' ਵਰਗੇ ਖਾਸ ਚਿਹਰੇ ਹੁੰਦੇ ਹਨ। ਜੇ ਇਹ ਖਾਸ ਚਿਹਰਿਆਂ ਦੀਆਂ ਤਸਵੀਰਾਂ ਬਟੂਏ ਵਿਚ ਹੋਣਗੀਆਂ ਤਾਂ ਬਟੂਆ ਹਮੇਸ਼ਾ ਨੱਕੋ-ਨੱਕ ਭਰਿਆ ਹੀ ਰਹੇਗਾ!

# ਰਿਆਸਤ ਮਲੇਰਕੋਟਲਾ ਤੋਂ ਜਿਲਾ ਮਲੇਰਕੋਟਲਾ ਦਾ ਸਫਰ

*(ਪਿਛਲੇ ਸਫੇ ਦੀ ਬਾਕੀ)*

ਤੇ ਆਬਾਦੀ 1.50 ਲੱਖ ਦੇ ਕਰੀਬ ਹੈ।

ਸੰਨ 1893 ਵਿਚ ਅੰਗਰੇਜ਼ੀ ਰਾਜ ਸਮੇਂ ਭਾਰਤੀ ਬ੍ਰਿਟਿਸ਼ ਸਰਕਾਰ ਨੇ ਪੱਛਮੀ ਭਾਰਤ ਦੀਆਂ ਖਾਨਦਾਨੀ ਸ਼ਾਹੀ ਆਜ਼ਾਦ ਰਿਆਸਤਾਂ-ਪਟਿਆਲਾ, ਮਲੇਰਕੋਟਲਾ, ਜੀਂਦ ਤੇ ਸੰਗਰੂਰ ਨਾਲ ਇਕ ਲਿਖਤੀ ਅਹਿਦਨਾਮਾ ਲੁਧਿਆਣਾ-ਧੂਰੀ-ਜਾਖਲ ਮੇਨ ਰੇਲਵੇ ਲਾਈਨ ਬਰਾਸਤਾ ਸੰਗਰੂਰ ਵਿਛਾਉਣ ਲਈ ਤਿਆਰ ਕੀਤਾ। ਸੰਨ 1901 ਵਿਚ ਇਹ ਨਵੀਂ ਰੇਲਵੇ ਲਾਈਨ 'ਸਾਊਦਰਨ (ਦੱਖਣੀ) ਪੰਜਾਬ ਰੇਲਵੇ ਕੰਪਨੀ' ਦੇ ਨਾਂ ਨਾਲ ਸ਼ੁਰੂ ਕਰ ਦਿੱਤੀ ਗਈ, ਜੋ ਬਾਅਦ ਵਿਚ ਹਿਸਾਰ ਰੇਲਵੇ ਜੰਕਸ਼ਨ ਤੱਕ ਵਧਾ ਦਿੱਤੀ ਗਈ ਸੀ। ਮਲੇਰਕੋਟਲਾ ਸ਼ਹਿਰ ਦਾ ਆਪਣਾ ਰੇਲਵੇ ਸਟੇਸ਼ਨ ਹੈ, ਜੋ ਸੰਨ 1905 ਵਿਚ ਵਿਕਟੋਰੀਅਨ ਇਮਾਰਤ ਭਵਨ ਕਲਾ ਨਾਲ ਇਕ ਸ਼ਾਨਦਾਰ ਇਮਾਰਤ ਦੇ ਰੂਪ ਵਿਚ ਬਣ ਕੇ ਤਿਆਰ ਹੋ ਗਿਆ ਸੀ। ਭਾਰਤੀ ਰੇਲ ਵਿਭਾਗ ਦੇ ਅੰਬਾਲਾ ਡਿਵੀਜ਼ਨ ਵਿਚ ਪੈਂਦਾ ਇਹ 'ਉਤਰੀ ਰੇਲਵੇ' ਦੇ ਪ੍ਰਬੰਧ ਥੱਲੇ ਆਉਂਦਾ ਹੈ। ਮਲੇਰਕੋਟਲਾ ਸ਼ਹਿਰ ਦਾ ਡਾਕ ਪਿੰਨ ਕੋਡ 148023 ਹੈ।

ਨਵਾਂ ਜਿਲਾ ਮਲੇਰਕੋਟਲਾ ਪੰਜਾਬ ਦੇ ਬਾਕੀ ਜਿਲਿਆਂ-ਲੁਧਿਆਣਾ, ਫਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ ਤੇ ਬਰਨਾਲਾ ਵਿਚਕਾਰ ਘਿਰਿਆ ਹੋਇਆ ਹੈ। ਮੇਰੇ ਪਿੰਡ ਜਰਗ ਦੀਆਂ ਹੱਦਾਂ ਪਹਿਲਾਂ ਸਬ-ਤਹਿਸੀਲ ਮਲੇਰਕੋਟਲਾ ਨਾਲ ਤੇ ਹੁਣ ਨਵੇਂ ਬਣੇ ਜਿਲਾ ਮਲੇਰਕੋਟਲਾ ਨਾਲ ਵੀ ਲਗਦੀਆਂ ਹਨ। ਪਿੰਡ ਜਰਗ ਤੋਂ ਪੱਕੀ ਸੜਕ ਰਾਹੀਂ 23ਵਾਂ ਨਵਾਂ ਜਿਲਾ ਮਲੇਰਕੋਟਲਾ ਦੇ ਨਵਾਬ ਖਾਨਦਾਨ ਦਾ ਸ਼ੀਸ਼ ਮਹਿਲ ਅਤੇ ਮੋਤੀ ਬਾਜ਼ਾਰ ਵੀ 23 ਕਿਲੋਮੀਟਰ ਦੂਰ ਹੈ। ਮਲੇਰਕੋਟਲਾ ਖੰਨਾ ਮੁੱਖ ਸੜਕ ਹੁਣ ਪੱਛਮੀ ਭਾਰਤ ਦੇ ਸੂਬੇ ਰਾਜਸਥਾਨ ਦੇ ਮੁੱਖ ਸ਼ਹਿਰਾਂ-ਜੈਪੁਰ, ਜੋਧਪੁਰ, ਬੀਕਾਨੇਰ, ਬਠਿੰਡਾ, ਬਰਨਾਲਾ, ਮਲੇਰਕੋਟਲਾ, ਜਰਗ, ਖੰਨਾ, ਸਮਰਾਲਾ, ਪਠਾਨਕੋਟ, ਜੰਮੂ, ਸ੍ਰੀਨਗਰ ਹੋ ਕੇ ਹਿਮਾਲਿਆ ਪਰਬਤ ਦੀਆਂ ਪਹਾੜੀਆਂ ਵਿਚ ਚੀਨ ਦੀਆਂ ਸਰਹੱਦਾਂ ਤੱਕ ਭਾਰਤ ਦੇਸ਼ ਦੀ ਦੂਜੀ ਫੌਜੀ ਡਿਫੈਂਸ ਲਾਈਨ ਵਾਲੀ ਵੱਡੀ ਸੜਕ ਬਣ ਰਹੀ ਹੈ। ਮਲੇਰਕੋਟਲਾ ਵਾਸੀਆਂ ਨੂੰ ਦੇਸ਼-ਵਿਦੇਸ਼ ਜਾਣ ਲਈ ਹਵਾਈ ਜਹਾਜ਼ ਦੀਆਂ ਸੇਵਾਵਾਂ ਲਈ ਚੰਡੀਗੜ੍ਹ ਅੰਤਰਰਾਸ਼ਟਰੀ ਏਅਰਪੋਰਟ 120 ਕਿਲੋਮੀਟਰ, ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਏਅਰਪੋਰਟ, ਅੰਮ੍ਰਿਤਸਰ ਸਾਹਿਬ 250 ਕਿਲੋਮੀਟਰ ਅਤੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ 328 ਕਿਲੋਮੀਟਰ, ਲਗਭਗ 6 ਘੰਟੇ ਦਾ ਸਫਰ ਤੈਅ ਕਰਕੇ ਨਵੀਂ ਦਿੱਲੀ ਦੇ ਅਤਿ ਆਧੁਨਿਕ ਤੇ ਬਹੁਤ ਸਾਫ ਸੁੰਦਰ ਹਵਾਈ ਅੱਡੇ ਤੋਂ ਅਮਰੀਕਾ, ਕੈਨੇਡਾ, ਆਸਟਰੇਲੀਆ, ਲੰਡਨ, ਯੂਰਪ ਤੇ ਅਰਬ ਮੁਲਕਾਂ ਨੂੰ ਜਾਣ ਲਈ ਹਵਾਈ ਜਹਾਜ਼ ਵਿਚ ਬੈਠਣਾ ਪੈਂਦਾ ਹੈ।

ਮਲੇਰਕੋਟਲਾ ਦੇ ਰਿਆਸਤੀ ਸ਼ੇਰਵਾਨੀ ਖਾਨਦਾਨ ਦੇ ਸ਼ਹਿਰ ਤੇ ਹੁਣ ਜਿਲਾ ਮਲੇਰਕੋਟਲਾ ਨਾਲ ਮੇਰਾ ਵੀ ਡੂੰਘਾ, ਗਹਿਰਾ ਤੇ ਮੁਹੱਬਤੀ ਰਿਸ਼ਤਾ ਹੈ। ਮੈਂ ਆਪਣੀ ਭਰ ਜੁਆਨੀ ਦੀ ਉਮਰ ਵਿਚ ਮਲੇਰਕੋਟਲਾ ਸ਼ਹਿਰ ਦੀਆਂ ਭੀੜੀਆਂ ਗਲੀਆਂ ਤੇ ਤੰਗ ਬਾਜ਼ਾਰਾਂ ਵਿਚ ਪੂਰੀ ਖੁਲ੍ਹਦਿਲੀ ਨਾਲ ਘੁੰਮਿਆ-ਫਿਰਿਆ ਸੀ ਅਤੇ ਮਲੇਰਕੋਟਲਾ ਦੇ ਮੁਹੱਲਿਆਂ ਵਿਚ ਰੱਜ ਕੇ ਖਾਧਾ-ਪੀਤਾ ਵੀ ਹੈ। ਮੈਂ ਜਲੰਧਰ ਦੇ ਸਪੋਰਟਸ ਸਕੂਲ ਤੋਂ ਬਾਅਦ ਖਿਡਾਰੀ ਦੇ ਖਾਸ ਕੋਟੇ ਵਿਚ, ਸੁਰਜੀਤ ਸਿੰਘ ਗਿੱਲ-ਫੁਟਬਾਲਰ ਅਤੇ ਬੰਤ ਸਿੰਘ ਗਿੱਲ-ਐਥਲੀਟ ਪਿੰਡ ਫਲੌਂਡ ਕਲਾਂ ਦੇ ਨਾਲ ਗੌਰਮਿੰਟ ਕਾਲਜ ਮਲੇਰਕੋਟਲੇ ਵਿਚ ਮੁਹੰਮਦ ਅਲੀ, ਮੁਖੀ ਖੇਡ ਵਿਭਾਗ (ਡੀ. ਪੀ. ਈ.) ਦੀ ਨੱਠ-ਭੱਜ ਸਦਕਾ ਦਾਖਲ ਹੋ ਗਿਆ ਤੇ ਦੋ ਸਾਲ ਇਸ ਕਾਲਜ ਵਿਚ ਪੜ੍ਹਿਆ। ਪਹਿਲੇ ਸਾਲ ਹੀ 1968 ਵਿਚ ਕਬੱਡੀ ਦੀ ਖੇਡ ਅੰਦਰ ਪੰਜਾਬ ਯੂਨੀਵਰਸਿਟੀ ਦੀ ਕਬੱਡੀ ਟੀਮ ਨਾਲ ਆਲ ਇੰਡੀਆ ਇੰਟਰ ਯੂਨੀਵਰਸਿਟੀ ਕਬੱਡੀ ਮੁਕਾਬਲਿਆਂ ਵਿਚ ਕਾਨਪੁਰ ਯੂਨੀਵਰਸਿਟੀ (ਉੱਤਰ ਪ੍ਰਦੇਸ਼) ਵਿਖੇ ਭਾਗ ਲਿਆ।

ਸਰਕਾਰੀ ਕਾਲਜ ਮਲੇਰਕੋਟਲਾ ਦੇ ਸਾਲਾਨਾ ਫੰਕਸ਼ਨ ਵਿਚ ਮੈਨੂੰ (ਸੰਤੋਖ ਸਿੰਘ) ਕਾਲਜ ਦਾ ਸਰਵਉੱਚ ਸਨਮਾਨ 'ਰੋਲ ਆਫ ਆਨਰ' ਕਾਲਜ ਵਲੋਂ ਪ੍ਰਦਾਨ ਕੀਤਾ ਗਿਆ। ਕਾਲਜ ਦੇ ਸਾਲਾਨਾ ਮੈਗਜ਼ੀਨ ਵਿਚ ਮੁੱਖ ਪੰਨਿਆਂ 'ਤੇ ਤਸਵੀਰਾਂ ਛਪੀਆਂ, ਕਾਲਜ ਤੇ ਇਲਾਕੇ ਵਿਚ ਖੂਬ ਬੱਲੇ ਬੱਲੇ ਹੋਈ। ਮਲੇਰਕੋਟਲਾ ਕਾਲਜ ਵਿਚ ਫੁੱਟਬਾਲਰ ਸਲੀਮ ਬਖਸ਼-ਭੀਮ, ਅਲੀ ਹਸਨ-ਕਉਆ, ਮੈਂਗਲ ਸਿੰਘ ਚੌਂਦਾ ਕਬੱਡੀ ਤੇ ਬਾਲੀਵਾਲ, ਬਲਦੇਵ ਸਿੰਘ ਮਦਨੀਪੁਰ ਕਬੱਡੀ ਦੇ ਚੰਗੇ ਖਿਡਾਰੀ ਸਨ। ਮੇਰਾ ਜਮਾਤੀ, ਯੂ. ਕੇ. ਵਿਚ ਸਾਊਥਹਾਲ ਰਹਿੰਦਾ ਪੰਜਾਬੀ ਗਾਇਕ ਚੰਨੀ ਸਿੰਘ ਵੀ ਸਰਕਾਰੀ ਕਾਲਜ ਮਲੇਰਕੋਟਲਾ ਦੀ ਦੇਣ ਹੈ, ਜੋ ਬਰਤਾਨੀਆ ਵਿਚ ਪੰਜਾਬੀ ਸੰਗੀਤ ਦਾ ਮੋਢੀ ਹੈ। ਮਲੇਰਕੋਟਲਾ ਦੇ ਸਰਕਾਰੀ ਕਾਲਜ ਦੀ ਫੁਟਬਾਲ ਟੀਮ ਦਾ ਪੰਜਾਬ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਦੇ ਕਾਲਜਾਂ ਵਿਚ ਵੱਖਰਾ ਨਾਂ ਤੇ ਬੋਲਬਾਲਾ ਹੁੰਦਾ ਸੀ।

ਮਲੇਰਕੋਟਲਾ ਵਿਚ ਕਾਂਗਰਸ ਪਾਰਟੀ ਦੀ ਸਰਗਰਮ ਸਿਆਸਤਦਾਨ, ਪੰਜਾਬ ਪੁਲਿਸ ਦੇ ਡੀ. ਜੀ. ਪੀ. ਮੁਹੰਮਦ ਮੁਸਤਫਾ ਦੀ ਬੇਗਮ ਤੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਸਰਕਾਰ ਵਿਚ ਇਕੋ ਇਕ ਮੁਸਲਿਮ ਭਾਈਚਾਰੇ ਦੀ ਆਗੂ ਅਤੇ ਟਰਾਂਸਪੋਰਟ, ਜਲ ਸਪਲਾਈ ਤੇ ਸਾਫ ਸਫਾਈ-ਕੈਬਨਿਟ ਮੰਤਰੀ 55 ਸਾਲਾ ਬੀਬੀ ਰਜ਼ੀਆ ਸੁਲਤਾਨਾ ਦੀ ਅਣਥੱਕ ਮਿਹਨਤ ਤੇ ਹਿੰਮਤ ਦੇ ਫਲਸਰੂਪ ਪੰਜਾਬ ਸਰਕਾਰ ਵਲੋਂ ਰਿਆਸਤ ਮਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਜਿਲਾ ਬਣਾਉਣ ਨਾਲ ਵਿਰਾਸਤੀ ਸ਼ਹਿਰ ਦੇ ਕਈ ਨਵੇਂ ਦਰਵਾਜ਼ੇ ਤੇ ਰਾਹ ਖੁਲ੍ਹਣ ਜਾ ਰਹੇ ਹਨ। ਬੜੀ ਜਲਦੀ ਮਲੇਰਕੋਟਲਾ ਵਿਚ ਰਾਏਕੋਟ ਵਾਲੀ ਸੜਕ ਉੱਪਰ 500 ਕਰੋੜ ਰੁਪਏ ਦੀ ਲਾਗਤ ਨਾਲ ਨਵਾਬ ਸ਼ੇਰ ਮੁਹੰਮਦ ਖਾਨ ਦੀ ਯਾਦ ਵਿਚ ਸਰਕਾਰੀ ਮੈਡੀਕਲ ਕਾਲਜ, ਸਿਰਫ ਲੜਕੀਆਂ ਲਈ 12 ਕਰੋੜ ਵਾਲਾ ਇਕ ਉਚੇਰਾ 'ਗੌਰਮਿੰਟ ਗਰਲਜ਼ ਕਾਲਜ', ਮਲੇਰਕੋਟਲਾ ਵਿਚ ਪੰਜਾਬ ਪੁਲਿਸ ਦਾ ਨਿਵੇਕਲਾ ਮਹਿਲਾ ਥਾਣਾ ਖੋਲ੍ਹਣ ਦਾ ਐਲਾਨ ਅਤੇ ਨਵਾਂ ਬੱਸ ਅੱਡਾ ਬਣਾਉਣ ਲਈ 10 ਕਰੋੜ ਰੁਪਏ ਦਿੱਤਾ ਗਿਆ ਹੈ। ਨਵਾਬ ਮਲੇਰਕੋਟਲਾ ਦੇ ਪੁਰਾਤਨ ਮਹਿਲ 'ਮੁਬਾਰਕ ਮੰਜ਼ਿਲ' ਨੂੰ ਆਗਾ ਖਾਨ ਫਾਊਂਡੇਸ਼ਨ ਰਾਹੀਂ ਵਿਰਾਸਤ ਵਜੋਂ ਸੰਭਾਲਣ ਦੇ ਉਪਰਾਲੇ ਦਾ ਵੀ ਐਲਾਨ ਕੀਤਾ ਗਿਆ ਹੈ।

## ਮਿੰਨੀ ਕਹਾਣੀ

# ਨਿਯੁਕਤੀ ਪੱਤਰ



ਸ਼ਹਿਰ ਦੀ ਮਸ਼ਹੂਰ ਕੰਪਨੀ ਵਿਚ ਇਕ ਡਿਪਟੀ ਮੈਨੇਜਰ ਦੀ ਪੋਸਟ ਖਾਲੀ ਸੀ, ਉਸ ਲਈ ਇੰਟਰਵਿਊ ਕੀਤੀ ਜਾਣੀ ਸੀ। ਸਿਰਫ ਤਿੰਨ ਹੀ ਉਮੀਦਵਾਰ ਸਮੇਂ 'ਤੇ ਪੁੱਜੇ। ਕੰਪਨੀ ਦੇ ਮਾਲਕ ਵਲੋਂ ਪਹਿਲੇ ਉਮੀਦਵਾਰ ਨੂੰ ਬੁਲਾਇਆ ਤੇ ਸਵਾਲ ਪੁੱਛਿਆ ਕਿ ਦੋ ਅਤੇ ਦੋ ਕਿੰਨੇ ਹੁੰਦੇ ਹਨ।

ਉਮੀਦਵਾਰ ਜਿਹੜਾ ਵਿਗਿਆਨ ਦੀ ਉਚੇਰੀ ਡਿਗਰੀ ਰੱਖਦਾ ਸੀ, ਨੇ ਸੋਚਿਆ ਅਤੇ ਪੂਰਾ ਵਿਗਿਆਨ ਦਾ ਢੰਗ ਸਮਝਾਇਆ ਅਤੇ ਦੱਸਿਆ ਕਿ ਸ੍ਰੀਮਾਨ ਜੀ, ਦੋ ਅਤੇ ਦੋ ਚਾਰ ਹੁੰਦੇ ਹਨ।

ਮਾਲਕ ਨੇ ਦੂਜੇ ਉਮੀਦਵਾਰ ਨੂੰ ਬੁਲਾਇਆ ਅਤੇ ਪੁੱਛਿਆ ਕਿ ਦੋ ਅਤੇ ਦੋ ਕਿੰਨੇ ਹੁੰਦੇ ਹਨ।

ਦੂਸਰਾ ਉਮੀਦਵਾਰ, ਜੋ ਐਮ. ਬੀ. ਏ. ਸੀ ਨੇ ਸਮਝਾਇਆ ਕਿ ਪ੍ਰਬੰਧਨ ਵਿਚ ਦੋ ਅਤੇ ਦੋ ਚਾਰ ਬਣਦੇ ਹਨ।

ਮਾਲਕ ਨੇ ਤੀਸਰੇ ਉਮੀਦਵਾਰ ਨੂੰ ਬੁਲਾਇਆ ਅਤੇ ਉਸ ਨੂੰ ਵੀ ਪੁੱਛਿਆ ਕਿ ਦੋ ਅਤੇ ਦੋ ਕਿੰਨੇ ਹੁੰਦੇ ਹਨ।

ਤੀਸਰਾ ਉਮੀਦਵਾਰ, ਜੋ ਇਕ ਲੇਖਾਕਾਰ (ਅਕਾਊਂਟੈਂਟ) ਸੀ, ਆਪਣੀ ਕੁਰਸੀ ਤੋਂ ਉਠਿਆ ਅਤੇ ਦਰਵਾਜ਼ੇ ਨੂੰ ਅੰਦਰੋਂ ਚਿਟਕਣੀ ਲਾ ਕੇ ਬੰਦ ਕੀਤਾ ਅਤੇ ਵਾਪਿਸ ਕੁਰਸੀ 'ਤੇ ਬੈਠ ਜਵਾਬ ਦਿੱਤਾ ਕਿ ਸ੍ਰੀਮਾਨ ਜੀ ਦੋ ਅਤੇ ਦੋ ਉਨੇ ਹੁੰਦੇ ਹਨ, ਜਿੰਨੇ ਤੁਸੀਂ ਚਾਹੋਗੇ। ਹੁਣ ਤੁਸੀਂ ਦੱਸੋ ਕਿ ਦੋ ਅਤੇ ਦੋ ਕਿੰਨੇ ਬਣਾਉਣੇ ਹਨ।

ਮਾਲਕ ਖੁਸ਼ ਹੋਇਆ ਅਤੇ ਉਸ ਨੂੰ ਨਿਯੁਕਤੀ ਪੱਤਰ ਦੇ ਦਿੱਤਾ ਗਿਆ।

**-ਡਾ. ਅਜੀਤ ਸਿੰਘ ਕੋਟਕਪੂਰਾ**

# ਬੈਚ ਫੁੱਲ ਇੰਪੇਸ਼ੈਂਜ਼: ਕਾਹਲਾਪਣ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜਦੋਂ ਵੀ ਕੋਈ ਲੇਖਕ ਕੁਝ ਲਿਖਦਾ ਹੈ, ਉਸ ਦਾ ਕੋਈ ਮਕਸਦ ਹੁੰਦਾ ਹੈ। ਇਸ ਨੂੰ 'ਲੇਖਕ ਦਾ ਉਦੇਸ਼' (Author's purpose) ਕਹਿੰਦੇ ਹਨ। ਲੇਖਕ ਦੀ ਲਿਖਤ ਦੇ ਪੰਜ ਉਦੇਸ਼ ਹੋ ਸਕਦੇ ਹਨ: ਸੂਚਨਾ ਦੇਣਾ, ਵਰਣਨ ਕਰਨਾ, ਸਮਝਾਉਣਾ ਭਾਵ ਟਿੱਪਣੀਆਂ-ਸਹਿਤ ਬਿਆਨ ਕਰਨਾ, ਪ੍ਰੇਰਿਤ ਕਰਨਾ ਤੇ ਮਨੋਰੰਜਨ ਕਰਨਾ ਭਾਵ ਦਿਲ ਲਾਉਣਾ। ਕਿਸੇ ਲੇਖਕ ਦੀ ਕਿਸੇ ਲਿਖਤ ਦਾ ਉਦੇਸ਼ ਇਕ ਵੀ ਹੋ ਸਕਦਾ ਹੈ, ਬਹੁਤੇ ਵੀ। ਜਿੰਨੇ ਵੱਧ ਉਦੇਸ਼ ਕਿਸ ਦੀ ਲਿਖਤ ਦੇ ਹੋਣਗੇ, ਉਨੀ ਹੀ ਉਹ ਵਧੇਰੇ ਪਾਏਦਾਰ ਤੇ ਨਿੱਗਰ ਸਾਹਿਤਕ ਲਿਖਤ ਹੋਵੇਗੀ। ਜਿੰਨਾ ਵਧੇਰੇ ਕਿਸੇ ਲਿਖਤ ਵਿਚੋਂ ਲੇਖਕ ਦਾ ਉਦੇਸ਼ ਉੱਭਰ ਕੇ ਸਾਹਮਣੇ ਆਵੇਗਾ ਉਨੀ ਹੀ ਪਾਠਕ ਉਸ ਦੀ ਵਧੇਰੇ ਕੀਮਤ ਪਾ ਸਕਣਗੇ। ਜਿੰਨੀ ਜਲਦੀ ਕੋਈ ਪਾਠਕ ਕਿਸੇ ਲਿਖਤ 'ਚੋਂ ਲੇਖਕ ਦੇ ਉਦੇਸ਼ ਨੂੰ ਸਮਝ ਜਾਵੇਗਾ, ਉਨਾ ਹੀ ਉਹ ਉਸ ਬਾਰੇ ਵਧੇਰੇ ਸੁਚੇਤ ਹੋਵੇਗਾ।

ਹਥਲੇ ਲੇਖਾਂ ਦੇ ਉਦੇਸ਼ ਇਸ ਲੇਖਕ ਨੇ ਕਈ ਵਾਰ ਸਪਸ਼ਟ ਕੀਤੇ ਹਨ। ਇਨ੍ਹਾਂ ਦਾ ਸਭ ਤੋਂ ਵੱਡਾ ਉਦੇਸ਼ ਪਾਠਕਾਂ ਨੂੰ ਬੈਚ ਫੁੱਲ ਪ੍ਰਣਾਲੀ ਬਾਰੇ ਜਾਣਕਾਰੀ ਦੇਣਾ ਹੈ। ਉਹ ਸਮਝਦਾ ਹੈ ਕਿ ਇਸ ਲਾਭਦਾਇਕ ਤੇ ਸੌਖੇ ਇਲਾਜ ਸਿਸਟਮ ਦਾ ਬਹੁਤਿਆਂ ਨੂੰ ਪਤਾ ਨਹੀਂ ਹੈ। ਇਨ੍ਹਾਂ ਦਾ ਦੂਜਾ ਉਦੇਸ਼ ਡਾ. ਬੈਚ ਦੀਆਂ ਦੱਸੀਆਂ ਅੱਠਤੀ ਫੁੱਲ ਦਵਾਈਆਂ (ਅਤੇ ਇਕ ਸੰਯੁਕਤ ਫੁੱਲ ਦਵਾਈ) ਦਾ ਵੇਰਵੇ ਸਹਿਤ ਵਰਣਨ ਕਰਨਾ ਤਾਂ ਜੋ ਪਾਠਕਾਂ ਨੂੰ ਇਨ੍ਹਾਂ ਦਵਾਈਆਂ ਦੇ ਪ੍ਰਭਾਵ ਖੇਤਰ ਦਾ ਗਿਆਨ ਹੋ ਜਾਵੇ। ਤੀਜਾ ਉਦੇਸ਼ ਪਾਠਕਾਂ ਨੂੰ ਵੱਖ ਵੱਖ ਕੇਸਾਂ ਦੀ ਜਾਣਕਾਰੀ ਰਾਹੀਂ ਇਨ੍ਹਾਂ ਦਵਾਈਆਂ ਦੇ ਉਪਯੋਗਿਤਾ ਨੂੰ ਸਮਝਾਉਣਾ ਹੈ ਤਾਂ ਜੋ ਉਹ ਬੇਝਿਜਕ ਹੋ ਕੇ ਇਨ੍ਹਾਂ ਤੋਂ ਲਾਭ ਲੈ ਸਕਣ।

ਚੌਥਾ ਉਦੇਸ਼ ਪਾਠਕਾਂ ਨੂੰ ਇਨ੍ਹਾਂ ਦੀ ਵਰਤੋਂ ਲਈ ਪ੍ਰੇਰਿਤ ਕਰਨਾ ਹੈ। ਇਸ ਪ੍ਰੇਰਣਾ ਪਿੱਛੇ ਉਸ ਦਾ ਕੋਈ ਨਿਜੀ ਹਿਤ ਨਹੀਂ ਹੈ। ਇਹ ਭਾਵਨਾ ਸਿਰਫ ਇਸ ਤਰਕ ਤੋਂ ਪ੍ਰੇਰਿਤ ਹੈ ਕਿ ਜੇ ਕੋਈ ਸਹਿਜ ਤੇ ਲਾਭਦਾਇਕ ਪ੍ਰਣਾਲੀ ਹੋਂਦ ਵਿਚ ਆਈ ਹੋਈ ਹੈ, ਜਿਸ ਨੂੰ ਵਰਤ ਕੇ ਆਮ ਆਦਮੀ ਆਪਣੇ ਸਮੇਂ, ਸਿਹਤ ਤੇ ਆਚਰਣ ਦੀ ਚੰਗੀ ਸੰਭਾਲ ਕਰ ਸਕਦਾ ਹੈ ਅਤੇ ਆਪਣੇ ਇਲਾਜ ਦੇ ਖਰਚਿਆਂ ਨੂੰ ਘਟਾ ਸਕਦਾ ਹੈ, ਤਾਂ ਉਹ ਜਾਣਕਾਰੀ ਉਸ ਨੂੰ ਵਰਤਣੀ ਚਾਹੀਦੀ ਹੈ। ਕਿਸੇ ਨਾ ਕਿਸੇ ਦਿਨ ਇਹ ਜਾਣਕਾਰੀ ਲੋਕਾਂ ਤੀਕ ਪਹੁੰਚ ਤਾਂ ਜਾਣੀ ਹੈ ਹੀ, ਕਿਉਂਕਿ ਕੋਈ ਗਿਆਨ ਡੱਬੀ ਵਿਚ ਬੰਦ ਕਰ ਕੇ ਨਹੀਂ ਰੱਖਿਆ ਜਾ ਸਕਦਾ; ਫਿਰ ਉਸ ਦਿਨ ਦੀ ਉਡੀਕ ਵਿਚ ਵਾਧੂ ਤਕਲੀਫ ਕਿਉਂ ਉਠਾਈ ਜਾਵੇ! ਰਿਹਾ ਪੰਜਵਾਂ ਉਦੇਸ਼ ਮਨੋਰੰਜਨ, ਪਾਠਕ ਦਾ ਸਿੱਧਾ ਮਨੋਰੰਜਨ ਕਰਨਾ, ਜਾਂ ਮਨੋਰੰਜਨ ਲਈ ਸਾਹਿਤਕ ਘੜਤਾਂ ਬੁਣਨਾ ਇਸ ਲੇਖ ਲੜੀ ਦਾ ਉਦੇਸ਼ ਨਹੀਂ ਹੈ। ਹਾਂ, ਨਵੇਂ ਵਿਸ਼ਾ-ਵਸਤੂ ਦੇ ਗਿਆਨ ਵਿਚ, ਸ਼ੈਲੀ ਦੀ ਨਵੀਨਤਾ ਵਿਚ, ਤੇ ਬਹੁ-ਪ੍ਰਕਾਰ ਦੇ ਕੇਸ ਵਿਸ਼ਲੇਸ਼ਣਾਂ ਵਿਚ ਜੋ ਰੌਚਿਕਤਾ ਆਮ ਹੀ ਸਮਾਈ ਹੋ ਸਕਦੀ ਹੈ, ਉਹ ਇਸ ਵਿਚ ਵੀ ਹੈ। ਇਉਂ ਕਹੋ ਕਿ ਹੋਰ ਵਾਰਤਕ ਵੰਨਗੀਆਂ ਤੋਂ ਇਹ ਲੇਖ ਕਿਸੇ ਤਰ੍ਹਾਂ ਵੀ ਘੱਟ ਰੌਚਿਕ ਨਹੀਂ ਹਨ।

ਪਰ ਇਸ ਵਾਰਤਕੀ ਰੌਚਿਕਤਾ ਦਾ ਲਾਭ ਤਾਂ ਹੀ ਹੈ, ਜੇ ਇਨ੍ਹਾਂ ਦੇ ਪੜ੍ਹਨ ਨਾਲ ਪਾਠਕਾਂ ਦਾ ਜੀਵਨ ਸੁਖਾਲਾ ਹੋਵੇ। ਜੇ ਢਾਹੂ ਸੋਚ, ਤਰੁਟੀਆਂ ਭਰੇ ਵਿਹਾਰ ਤੇ ਖਸਤਾ ਸੰਸਕਾਰਾਂ ਨਾਲ ਹੀ ਜੀਵਨ ਘਸੀਟਦੇ ਫਿਰਨਾ ਹੈ ਤਾਂ ਇਸ ਦਾ ਕੀ ਲਾਭ? ਮਿਸਾਲ ਵਜੋਂ ਉਨ੍ਹਾਂ ਵਿਅਕਤੀਆਂ ਨੂੰ ਹੀ ਲੈ ਲਉ, ਜਿਨ੍ਹਾਂ ਦੇ ਮਨ ਵਿਚ ਕੋਈ ਸਬਰ ਤੇ ਸ਼ਾਂਤੀ ਨਹੀਂ ਤੇ ਜੋ ਸਾਰਾ ਦਿਨ ਭੱਜੇ ਫਿਰਦੇ ਹਨ। ਖਾਂਦੇ ਵੀ ਤੇਜ ਹਨ, ਚਲਦੇ ਵੀ ਤੇਜ ਹਨ ਤੇ ਕੰਮ ਵੀ ਕਾਹਲ ਨਾਲ ਕਰਦੇ ਹਨ। ਜੇ ਉਹ ਆਪ ਸਭ ਕੁਝ ਤੇਜ ਕਰਦੇ ਹੋਣ ਤਾਂ ਵੀ ਕੋਈ ਮਾੜੀ ਗੱਲ ਨਹੀਂ, ਪਰ ਉਹ ਤਾਂ ਦੂਜਿਆਂ ਤੋਂ ਵੀ ਤੇਜੀ ਦੀ ਆਸ ਰੱਖਦੇ ਹਨ। ਉਹ ਦੂਜਿਆਂ ਨੂੰ ਹਮੇਸ਼ਾ ਢਿੱਲ੍ਹੇ ਤੇ ਬੇਕਾਰ ਸਮਝਦੇ ਹਨ, ਇਸ ਲਈ ਸਹਿਜ ਚਾਲ ਵਾਲਿਆਂ ਨਾਲ ਕੰਮ ਕਰਨ ਨੂੰ ਉਹ ਆਪਣਾ ਅਪਮਾਨ ਸਮਝਦੇ ਹਨ। ਉਹ ਅੰਦਰੋਂ ਕੁੜ੍ਹਦੇ ਹਨ ਤੇ ਉਨ੍ਹਾਂ ਨੂੰ ਬੁਰਾ-ਭਲਾ ਬੋਲਦੇ ਹਨ। ਉਨ੍ਹਾਂ ਦੇ ਵਿਹਾਰ ਰਾਹੀਂ ਸਹਿਜ ਸੰਤੋਖੀਆਂ ਨੂੰ ਠੇਸ ਪਹੁੰਚਦੀ ਹੈ। ਦੋਹੀਂ ਪਾਸੀਂ ਤਣਾਓ ਪੈਦਾ ਹੁੰਦਾ ਹੈ ਤੇ ਮਾਨਸਿਕ ਬਿਮਾਰੀਆਂ ਉਪਜਦੀਆਂ ਹਨ। ਸਿੱਟਾ ਇਹ ਕਿ ਜਾਂ ਉਹ ਦੂਜਿਆਂ ਨੂੰ ਪਿੱਛੇ ਛੱਡ ਕੇ ਅੱਗੇ ਨਿਕਲ ਜਾਂਦੇ ਹਨ ਤੇ ਜਾਂ ਦੂਜੇ ਉਨ੍ਹਾਂ ਨੂੰ ਛੱਡ ਕੇ ਪਾਸੇ ਹੋ ਜਾਂਦੇ ਹਨ। ਅੰਤ ਜਿਸ ਕਾਹਲ ਲਈ ਉਹ ਮਾਰਾ ਮਾਰੀ ਕਰਦੇ ਸਨ, ਉਸ ਦਾ ਭੋਗ ਪੈ ਜਾਂਦਾ ਹੈ। ਇਸ ਨੂੰ 'ਕਾਹਲੀ ਅੱਗੇ ਟੋਏ' ਕਹਿੰਦੇ ਹਨ ਤੇ ਅੰਗਰੇਜ਼ੀ ਵਿਚ 'ਜ਼ੀਰੋ ਸਮ ਗੇਮ' (Zero Sum Game) ਸੱਦਦੇ ਹਨ। ਅਣਗਿਣਤ ਨਾਵਲ, ਹਜ਼ਾਰਾਂ ਨਿੱਕੀਆਂ ਕਹਾਣੀਆਂ, ਸੈਂਕੜੇ ਦਿਲ ਟੁੰਬਵੇਂ ਲੇਖ ਤੇ ਦਰਜਨਾਂ ਜੀਵਨੀ ਸੰਗ੍ਰਹਿ ਪੜ੍ਹ ਕੇ ਵੀ ਇਹ ਕਾਹਲ ਮਨ ਵਿਚੋਂ ਨਹੀਂ ਜਾਂਦੀ। ਹਜ਼ਾਰਾਂ ਭਗਤੀਆਂ ਤੇ ਲੱਖਾਂ ਪੂਜਾ-ਪਾਠ ਇਸ ਦੇ ਨੇੜਿਓਂ ਨਹੀਂ ਲੰਘਦੇ। ਕੁਲ ਦੁਨੀਆਂ ਦੇ ਡਾਕਟਰਾਂ, ਹਕੀਮਾਂ ਤੇ ਸਿਆਣਿਆਂ ਦੀ ਫੌਜ ਕੋਲ ਵੀ ਇਸ ਦਿਮਾਗੀ ਕੋਝ ਦਾ ਕੋਈ ਸਿੱਧਾ ਇਲਾਜ ਨਹੀਂ। ਬਹੁਤੇ ਤਾਂ ਇਸ ਨੂੰ ਕੋਈ ਬਿਮਾਰੀ ਹੀ ਨਹੀਂ ਮੰਨਦੇ, ਬਸ ਬੰਦੇ ਦੀ ਮਾੜੀ ਆਦਤ ਹੀ ਦੱਸਦੇ ਹਨ। ਸਿਰਫ ਬੈਚ ਫੁੱਲ ਦਵਾਈ ਇੰਪੇਸ਼ੈਂਜ਼ (Impatiens) ਹੀ ਇਸ ਦਸ਼ਾ ਨੂੰ ਧਨਾਤਮਿਕ ਰੂਪ ਦੇ ਕੇ ਪ੍ਰਭਾਵਿਤ ਵਿਆਕਤੀਆ ਨੂੰ ਸਮਾਜਕ ਹੀਰੇ ਬਣਾ ਸਕਦੀ ਹੈ। ਫਿਰ ਇਸ ਦਾ ਪ੍ਰਚਾਰ ਕਿਉਂ ਨਾ ਹੋਵੇ?

ਡਾ. ਬੈਚ ਦੇ ਸ਼ਬਦਾਂ ਵਿਚ ਇੰਪੇਸ਼ੈਂਜ਼ ਫੁੱਲ ਦਵਾ ਉਨ੍ਹਾਂ ਲਈ ਹੈ, "ਜੋ ਵਿਚਾਰ ਤੇ ਅਮਲ ਵਿਚ ਕਾਹਲੇ ਹੁੰਦੇ ਹਨ ਅਤੇ ਜੋ ਹਰ ਕੰਮ ਨੂੰ ਬਿਨਾਂ ਕਿਸੇ ਝਿਜਕ ਜਾਂ ਦੇਰੀ ਨਾਲ ਨਬੇੜਨਾ ਚਾਹੁੰਦੇ ਹਨ। ਜਦੋਂ ਬੀਮਾਰ ਪੈ ਜਾਣ ਤਾਂ ਉਹ ਫੱਟਾ-ਫੱਟ ਠੀਕ ਹੋਣਾ ਚਾਹੁੰਦੇ ਹਨ। ਅਜਿਹੇ ਲੋਕ ਆਮ ਤੌਰ 'ਤੇ ਇਕੱਲੇ ਹੀ ਕੰਮ ਕਰਨਾ ਤੇ ਸੋਚਣਾ ਪਸੰਦ ਕਰਦੇ ਹਨ ਤਾਂ ਜੋ ਉਹ ਆਪਣੀ ਰਫਤਾਰ ਅਨੁਸਾਰ ਚਲ ਸਕਣ।" ਉਸ ਅਨੁਸਾਰ ਇੰਪੇਸ਼ੈਂਜ਼ ਦੇ ਮਰੀਜ਼ ਮਾਨਸਿਕ ਤੌਰ 'ਤੇ ਇਕ ਥਾਂ ਟਿਕੇ ਰਹਿਣਾ ਪਸੰਦ ਨਹੀਂ ਕਰਦੇ। ਉਹ ਆਪਣੀ ਅਵਸਥਾ ਨੂੰ ਕਾਹਲੀ ਨਾਲ ਬਦਲਣਾ ਚਾਹੁੰਦੇ ਹਨ। ਚੁਸਤੀ ਤੇ ਫੁਰਤੀ ਹੋਰ ਗੱਲਾਂ ਹਨ, ਪਰ ਕਾਹਲੀ ਕੁਝ ਹੋਰ ਹੈ। ਫੁਰਤੀਲੇ ਵਿਅਕਤੀਆਂ ਦਾ ਅੰਦਰਲਾ ਤੇ ਬਾਹਰਲਾ ਸਮਾਂ ਇਕਸਾਰ ਚਲਦਾ ਹੈ ਤੇ ਉਨ੍ਹਾਂ ਦੀ ਕਾਰਜਸ਼ੀਲਤਾ ਇਸੇ ਸਮੇਂ ਅਨੁਸਾਰ ਮਾਪੀ ਜਾਂਦੀ ਹੈ, ਪਰ ਕਾਹਲੇ ਵਿਅਕਤੀਆਂ ਦੇ ਅੰਦਰੂਨੀ ਕਾਲ ਦੀ ਗਰਾਰੀ ਬਾਹਰਲੇ ਸਮੇਂ ਤੋਂ ਤੇਜ਼ ਘੁੰਮਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਸਮਾਂ ਛੇਤੀ ਬੀਤਦਾ ਨਜ਼ਰ ਆਉਂਦਾ ਹੈ ਤੇ ਦੂਜਿਆਂ ਦੀ ਰਫਤਾਰ ਧੀਮੀ ਜਾਪਦੀ ਹੈ। ਇਸੇ ਲਈ ਉਹ ਆਪ ਤਾਂ ਕਾਹਲ ਕਰਦੇ ਹੀ ਹਨ, ਦੂਜਿਆਂ ਨੂੰ ਵੀ ਆਪਣੇ ਅਨੁਸਾਰ ਆਂਕਦੇ ਹਨ। ਲਗਦਾ ਇਹ ਇਕ ਭਰਮ-ਭੁਲੇਖਾ ਹੈ, ਪਰ ਹੈ ਸੱਚ। ਮੈਡੀਕਲ ਵਿਗਿਆਨ ਵਿਚ ਇਸ ਨੂੰ (ਗਿਆਨ ਇੰਦਰੀਆਂ ਦੀ) ਭ੍ਰਾਂਤੀ (Delusion) ਕਿਹਾ ਜਾਂਦਾ ਹੈ।

ਪੁਰਾਤਨ ਪੰਜਾਬੀ ਕਹਾਵਤ ਹੈ ਕਿ ਬੇਸਬਰਿਆਂ ਦੇ ਘਰ ਦਹੀਂ ਨਹੀਂ ਜੰਮਦਾ। ਕਾਰਨ ਇਹ ਹੈ ਕਿ ਦਹੀਂ ਜੰਮਣ ਦੀ ਪ੍ਰਕਿਰਿਆ ਕੁਦਰਤੀ ਸਮੇਂ ਅਨੁਸਾਰ ਹੁੰਦੀ ਹੈ, ਜਦੋਂ ਕਿ ਕਾਹਲੇ ਵਿਅਕਤੀ ਦੀ 'ਅੰਦਰੂਨੀ ਘੜੀ' (Sensory Clock) ਛੇਤੀ ਚਲਦੀ ਹੈ, ਭਾਵ ਉਸ ਦੀ ਸਮੇਂ ਨੂੰ ਅਨੁਭਵ ਕਰਨ ਦੀ ਗਤੀ ਤੇਜ਼ ਹੁੰਦੀ ਹੈ। ਹੋਮਿਓਪੈਥੀ ਵਿਚ 'ਸਮਾਂ ਤੇਜੀ ਨਾਲ ਗੁਜ਼ਰਦਾ ਹੈ' ਤੇ 'ਸਮਾਂ ਹੌਲੀ ਗੁਜ਼ਰਦਾ ਹੈ' ਦੀਆਂ ਦੋ ਪ੍ਰਸਿੱਧ ਅਲਾਮਤਾਂ ਡਾ. ਹੈਨੀਮੈਨ ਦੇ ਸਮੇਂ ਤੋਂ ਹੀ ਪਤਾ ਹਨ ਤੇ ਇਨ੍ਹਾਂ ਦੀਆਂ ਨਿਸ਼ਚਿਤ ਦਵਾਈਆਂ ਵੀ ਮਾਲੂਮ ਹਨ। ਸਮੇਂ ਦੀ ਸਮਝ ਵਿਗਾੜਨ ਵਾਲੇ ਅਜਿਹੇ ਮਾਨਸਿਕ ਦੋਸ਼ ਆਮ ਤੌਰ 'ਤੇ ਨਸ਼ਾ ਸੇਵਨ ਕਰਨ ਨਾਲ ਵੀ ਪੈਦਾ ਹੋ ਜਾਂਦੇ ਹਨ। ਬੈਚ ਫੁੱਲ ਚਿਕਿਤਸਾ ਵਿਚ ਇਨ੍ਹਾਂ ਦੋਸ਼ਾਂ ਦੀ ਦਵਾਈ ਇੰਪੇਸ਼ੈਂਜ਼ ਹੈ। ਇੰਪੇਸ਼ੈਂਜ਼ ਦੇਣ ਨਾਲ ਉਨ੍ਹਾਂ ਦੀ ਅੰਦਰੂਨੀ ਘੜੀ ਕੁਦਰਤੀ ਸਮੇਂ ਨਾਲ ਇਕਮੇਲ (Synchronize) ਹੋ ਜਾਂਦੀ ਹੈ ਤੇ ਉਨ੍ਹਾਂ ਦੇ ਦਿਮਾਗ ਦੀ ਰਫਤਾਰ ਸਹੀ ਥਾਂ 'ਤੇ ਟਿਕ ਜਾਂਦੀ ਹੈ।

ਇੰਪੇਸ਼ੈਂਜ਼ ਦੇ ਮਰੀਜ਼ ਹਰ ਗੱਲ ਵਿਚ ਤੇਜੀ ਦਿਖਾਉਂਦੇ ਹਨ। ਕਿਤੇ ਪਹੁੰਚਣਾ ਹੋਵੇ ਤਾਂ ਪਹਿਲਾ ਹੀ ਤਿਆਰ ਹੋ ਕੇ ਚਲ ਪੈਂਦੇ ਹਨ। ਸਵੇਰੇ ਕਿਤੇ ਜਾਣਾ ਹੋਵੇ ਤਾਂ ਰਾਤ ਨੂੰ ਨੀਂਦ ਨਹੀਂ ਆਉਂਦੀ। ਕਈ ਤਾਂ ਅਲਾਰਮ ਵੀ ਘੰਟਾ ਪਹਿਲਾਂ ਦਾ ਲਾ ਦਿੰਦੇ ਹਨ ਕਿ ਲੇਟ ਨਾ ਹੋ ਜਾਣ। ਕਈਆਂ ਨੂੰ ਕਾਹਲ ਦੇ ਰੌਂ ਵਿਚ ਦਸਤ ਲੱਗ ਜਾਂਦੇ ਹਨ। ਜੇ ਕਿਸੇ ਦੂਜੇ ਨੇ ਉਨ੍ਹਾਂ ਨਾਲ ਜਾਣਾ ਹੋਵੇ ਤਾਂ ਉਹ ਉਸ ਨੂੰ ਵੀ ਛੇਤੀ ਕਰਨ ਲਈ ਫੋਨ ਖੜਕਾਉਂਦੇ ਹਨ। ਉਨ੍ਹਾਂ ਦੀ ਪਤਨੀ ਦੀ ਤਾਂ ਸ਼ਾਮਤ ਆਈ ਰਹਿੰਦੀ ਹੈ। ਉਹ ਆਪਣਾ ਕੰਮ ਨਿਬੇੜ ਕੇ ਜਾਣਾ ਚਾਹੁੰਦੀ ਹੈ, ਪਰ ਉਸ ਨੂੰ ਜਲਦੀ ਬਾਹਰ ਆਉਣ ਲਈ ਝਿੜਕਾਂ ਪੈਂਦੀਆਂ ਹਨ। ਕਈ ਵਾਰ ਤਾਂ ਪਤੀ ਸਮਾਂ ਤੈਅ ਕਰ ਦਿੰਦਾ ਹੈ ਕਿ ਜੇ ਇੰਨੇ ਮਿੰਟ ਵਿਚ ਬਾਹਰ ਨਾ ਆਈ ਤਾਂ ਉਸ ਨੂੰ ਛੱਡ ਜਾਵੇਗਾ। ਜੇ ਪਤਨੀ ਵੀ ਕਾਹਲ ਕਰਨ ਵਾਲੀ ਹੋਵੇ ਤਾਂ ਉਹ ਵੀ ਆਪਣਾ ਬੈਗ ਚੁੱਕ ਕੇ ਪਹਿਲਾਂ ਹੀ ਬਾਹਰ ਖੜ੍ਹੀ ਹੋ ਜਾਂਦੀ ਹੈ, ਜਦੋਂ ਕਿ ਪਤੀ ਹਾਲੇ ਜੁੱਤੀਆਂ ਪਾਲਸ਼ ਕਰ ਰਿਹਾ ਹੁੰਦਾ ਹੈ। ਉਹ ਵਿਆਹ ਸ਼ਾਦੀ ਜਾਂ ਕਵੀ ਦਰਬਾਰ ਜਿਹੇ ਕਿਸੇ ਫੰਕਸ਼ਨ ਵਿਚ ਜਾ ਰਹੇ ਹੋਣ ਤਾਂ ਉੱਥੇ ਸਭ ਤੋਂ ਪਹਿਲਾਂ ਪਹੁੰਚਦੇ ਹਨ ਤੇ ਸਭ ਤੋਂ ਪਹਿਲਾਂ ਹੀ ਵਾਪਸ ਭੱਜ ਲੈਂਦੇ ਹਨ। ਬੈਚ ਫੁੱਲ ਦਵਾਈ ਇੰਪੇਸ਼ੈਂਜ਼ ਇਨ੍ਹਾਂ ਕਾਹਲੇ ਰੋਗੀਆਂ ਦੇ ਮਨ ਵਿਚ ਟਿਕਾਅ ਪੈਦਾ ਕਰਦੀ ਹੈ।

ਛੋਟੇ ਬੱਚਿਆਂ ਤੇ ਪੜ੍ਹਾਈ ਲਿਖਾਈ ਕਰ ਰਹੇ ਵਿਦਿਆਰਥੀਆਂ ਦੀ ਨਰੋਈ ਮਾਨਸਿਕ ਸਿਹਤ ਲਈ ਬੈਚ ਫੁੱਲ ਪ੍ਰਣਾਲੀ ਵਿਚ ਕਈ ਦਵਾਈਆਂ ਹਨ। ਇਨ੍ਹਾਂ ਦਵਾਈਆਂ ਦੀ ਵਰਤੋਂ ਨਾਲ ਬੱਚਿਆਂ ਦਾ ਗਿਆਨ ਤੇ ਕਾਬਲੀਅਤ ਸੌਖਿਆਂ ਵਧ ਜਾਂਦੇ ਹਨ। ਡਾ. ਵੀ. ਕ੍ਰਿਸ਼ਨਾਮੂਰਤੀ ਤਾਂ ਇਥੋਂ ਤੀਕ ਲਿਖਦੇ ਹਨ ਕਿ ਇਨ੍ਹਾਂ ਦੇ ਸੇਵਨ ਨਾਲ ਕਮਜ਼ੋਰ ਬੱਚੇ ਵੀ ਅਵੱਲ ਦਰਜਾ ਪ੍ਰਾਪਤ ਕਰ ਲੈਂਦੇ ਹਨ। ਉਹ ਠੀਕ ਕਹਿੰਦੇ ਹਨ। ਜੇ ਇਹ ਦਵਾਈਆਂ ਬੱਚੇ




ਦੇ ਮਾਨਸਿਕ ਰੁਝਾਨਾਂ ਦਾ ਸਹੀ ਅੰਦਾਜ਼ਾ ਲਾ ਕੇ ਦਿੱਤੀਆਂ ਜਾਣ ਤਾਂ ਕਰਾਮਾਤ ਕਰ ਦਿੰਦੀਆਂ ਹਨ। ਇੰਪੇਸ਼ੈਂਜ਼ ਉਨ੍ਹਾਂ ਬੱਚਿਆਂ ਲਈ ਕਮਾਲ ਹੈ, ਜੋ ਤੇਜ ਬੋਲਦੇ ਹਨ ਤੇ ਬੋਲਦੇ ਬੋਲਦੇ ਕੁਝ ਸ਼ਬਦ ਖਾ ਜਾਂਦੇ ਹਨ। ਜੋ ਪੜ੍ਹਦੇ-ਪੜ੍ਹਦੇ ਲਾਈਨਾਂ, ਪੈਹਰੇ ਜਾਂ ਸਫੇ ਉਲੰਘ ਜਾਂਦੇ ਹਨ, ਉਹ ਬੱਚੇ ਕਾਹਲ ਵਿਚ ਵਿਆਕਰਣਿਕ ਰੂਲ ਤੇ ਵਿਰਾਮ ਚਿੰਨ੍ਹ ਲਾਉਣਾ ਵੀ ਭੁੱਲ ਜਾਂਦੇ ਹਨ। ਇਨ੍ਹਾਂ ਦਾ ਹੈਂਡਰਾਈਟਿੰਗ ਭੱਦਾ ਤੇ ਧੂਹ-ਖਿੱਚਵਾਂ ਹੁੰਦਾ ਹੈ। ਅੰਗਰੇਜ਼ੀ ਵਿਚ ਇਨ੍ਹਾਂ ਦੀ ਲਿਖਤ ਦਾ ਆਖਰੀ ਅੱਖਰ ਬੇਢਬਾ, ਅਧੂਰਾ ਜਾਂ ਸੰਕੇਤਿਕ ਜਿਹਾ ਹੋ ਕੇ ਇਕ ਲਕੀਰ ਵਾਂਗ ਘਸੀਟਿਆ ਹੁੰਦਾ ਹੈ। ਇਹ ਆਪਣੀ ਲਿਖਤ ਵਿਚ ਕੱਟ ਵੱਢ ਬਹੁਤ ਕਰਦੇ ਹਨ। ਇਨ੍ਹਾਂ ਦੀ ਜ਼ਬਾਨ ਤੇ ਹੱਥ-ਦੋਵੇਂ ਲੜਖੜਾਏ ਰਹਿੰਦੇ ਹਨ। ਗਣਿਤ ਵਿਚ ਇਹ ਕੈਲਕੂਲੇਸ਼ਨਾਂ ਦੀ ਥਾਂ ਅੰਦਾਜ਼ਿਆਂ ਨਾਲ ਕੰਮ ਚਲਾਉਂਦੇ ਹਨ। ਇਨ੍ਹਾਂ ਦੇ ਜਵਾਬ ਤਰਕ 'ਤੇ ਨਹੀਂ, ਸਗੋਂ ਤੁੱਕਿਆਂ 'ਤੇ ਨਿਰਭਰ ਕਰਦੇ ਹਨ। ਪ੍ਰੀਖਿਆ ਵਿਚ ਇਹ ਕਾਹਲੀ ਨਾਲ ਪਰਚਾ ਕਰ ਕੇ ਸਭ ਤੋਂ ਪਹਿਲਾਂ ਬਾਹਰ ਆ ਜਾਂਦੇ ਹਨ। ਇੰਪੇਸ਼ੈਂਜ਼ ਦੇਣ ਨਾਲ ਇਹੀ ਬੱਚੇ ਆਪਣੇ ਪੜ੍ਹਾਈ ਲਿਖਾਈ ਦੇ ਕਾਰਜਾਂ ਵਿਚ ਲੋੜੀਂਦਾ ਧਿਆਨ ਦੇਣ ਲੱਗਣਗੇ। ਇਨ੍ਹਾਂ ਦੀ ਲਿਖਤ ਨਿੱਖਰ ਜਾਵੇਗੀ ਤੇ ਇਹ ਪੂਰੇ ਪਰਚੇ ਕਰ ਕੇ ਉੱਚੇ ਅੰਕ ਪ੍ਰਾਪਤ ਕਰਨ ਲੱਗਣਗੇ।

ਇੰਪੇਸ਼ੈਂਜ਼ ਦਾ ਮਰੀਜ਼ ਦਿਮਾਗੀ ਤੌਰ 'ਤੇ ਸਿਆਣਾ ਹੁੰਦਾ ਹੈ ਤੇ ਹਰ ਚੀਜ਼ ਦੀ ਸਮਝ ਰੱਖਦਾ ਹੈ, ਪਰ ਉਹ ਹਰ ਕੰਮ ਨੂੰ ਕਾਹਲੀ ਨਾਲ ਕਰਦਾ ਹੈ ਤੇ ਦੂਜਿਆਂ ਤੋਂ ਵੀ ਕਾਹਲ-ਕਦਮੀ ਦੀ ਮੰਗ ਕਰਦਾ ਹੈ। ਜੇ ਦੂਜੇ ਉਸ ਤੋਂ ਹੌਲੀ ਚੱਲਣ ਤਾਂ ਉਹ ਉਨ੍ਹਾਂ ਨਾਲ ਗੁੱਸੇ ਹੁੰਦਾ ਹੈ, ਗਾਲ੍ਹਾਂ ਕੱਢਦਾ ਹੈ ਤੇ ਥੱਪੜ ਵੀ ਮਾਰ ਸਕਦਾ ਹੈ। ਅਜਿਹਾ ਵਿਹਾਰ ਉਹ ਦੂਜੇ ਵਿਅਕਤੀਆਂ ਨਾਲ ਹੀ ਨਹੀਂ ਕਰਦਾ, ਸਗੋਂ ਹੌਲੀ ਚੱਲਣ ਵਾਲੇ ਪਸ਼ੂਆਂ ਜਾਂ ਕਲ-ਪੁਰਜਿਆਂ ਨਾਲ ਵੀ ਕਰਦਾ ਹੈ। ਉਹ ਪਸ਼ੂਆਂ 'ਤੇ ਚਾਬਕ ਵਰ੍ਹਾਉਂਦੇ ਹਨ ਤੇ ਹੌਲੀ ਚੱਲਣ ਵਾਲੀਆਂ ਮਸ਼ੀਨਾਂ ਨਾਲ ਸਿਰ ਭੰਨਦੇ ਹਨ। ਕਈ ਵਾਰ ਜਦੋਂ ਉਨ੍ਹਾਂ ਦਾ ਕੰਪਿਊਟਰ ਸਟਾਰਟ ਹੋਣ ਵਿਚ ਦੇਰ ਲਾਉਂਦਾ ਹੈ ਤਾਂ ਉਹ ਸਹਿਨ ਨਾ ਕਰਦਿਆਂ ਬੇਚੈਨੀ ਵਿਚ ਹੱਥ ਮਲਦੇ ਹਨ ਜਾਂ ਮੇਜ ਥਪਥਪਾਉਂਦੇ ਹੋਏ ਉਸ ਵਲ ਘੂਰਦੇ ਰਹਿੰਦੇ ਹਨ। ਨਵਾਂ ਪ੍ਰੋਗਰਾਮ ਚੜ੍ਹਾਉਣ ਵੇਲੇ ਜਾਂ ਉਤਾਰਨ ਵੇਲੇ ਵੀ ਉਪਰਾਮ ਹੋਏ ਹੁੰਦੇ ਹਨ। ਕਈ ਵਾਰ ਤਾਂ ਉਹ ਆਪਣੇ ਕੰਪਿਊਟਰਾਂ ਨੂੰ ਵਿਚੇ ਬੰਦ ਕਰ ਕੇ ਉੱਠ ਜਾਂਦੇ ਹਨ। ਅਜਿਹੇ ਕਾਹਲਿਆਂ ਲਈ ਇੰਪੇਸ਼ੈਂਜ਼ ਅਤਿ-ਢੁਕਵੀਂ ਦਵਾਈ ਹੈ, ਜੋ ਉਨ੍ਹਾਂ ਦੇ ਮਨ ਦੀ ਕਾਹਲ ਤੇ ਮਾਨਸਿਕ ਤਣਾਓ ਨੂੰ ਸ਼ਾਂਤ ਕਰ ਕੇ ਬਲੱਡ ਪ੍ਰੈਸ਼ਰ, ਸਟਰੋਕ ਤੇ ਦਿਲ ਦੇ ਦੌਰਿਆਂ ਦੇ ਮੌਕੇ ਘਟਾ ਦੇਵੇਗੀ।

ਇੰਪੇਸ਼ੈਂਜ਼ ਦੇ ਮਰੀਜ਼ਾਂ ਦੀ ਇਕ ਅਚੂਕ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਦੂਜਿਆਂ ਦੇ ਕੰਮਾਂ ਵਿਚ ਅੱਗੇ ਹੋ ਕੇ ਦਖਲ ਦਿੰਦੇ ਹਨ। ਉਨ੍ਹਾਂ ਤੋਂ ਕੰਮ ਖੋਹ ਕੇ ਆਪ ਕਰਨ ਲਗਦੇ ਹਨ। ਸੱਸ ਨੂੰਹ ਨੂੰ ਕਹਿੰਦੀ ਹੈ, "ਰਕਾਨੇ ਪਿੱਛੇ ਹਟ, ਲਿਆ ਫੁਲਕੇ ਮੈਂ ਲਾਹੁਨੀ ਆਂ। ਤੂੰ ਤਾਂ ਜਿਲਿਆਂ ਵਾਂਗ ਤਿੰਨ ਘੰਟੇ ਤਵਾ ਖੜਕਾਈ ਜਾਵੇਂਗੀ।" ਸੂਈ ਵਿਚ ਧਾਗਾ ਪਾਉਣ ਦੀ ਕੋਸ਼ਿਸ਼ ਕਰਦੀ ਬਿਰਧ ਮਾਂ ਦੇ ਹੱਥਾਂ ਵਿਚੋਂ ਸੂਈ-ਧਾਗਾ ਖੋਹ ਕੇ ਧੀ ਆਪ ਪਾਉਣਾ ਸ਼ੁਰੂ ਕਰ ਦਿੰਦੀ ਹੈ। ਟਰੈਕਟਰ ਦਾ ਪਹੀਆ ਖੋਲ੍ਹਦੇ ਛੋਟੇ ਭਰਾ ਨੂੰ ਇਕ ਪਾਸੇ ਕਰ ਕੇ ਵੱਡਾ ਭਰਾ ਆਪ ਚਾਬੀ ਘੁਮਾਉਣ ਲਗਦਾ ਹੈ। ਸ਼ਤਾਬੀ ਦੇ ਮਾਰੇ ਇਨ੍ਹਾਂ ਲੋਕਾਂ ਦੇ ਮਨ ਵਿਚ ਕਿਤੇ ਨਾ ਕਿਤੇ ਕਾਹਲ ਦਾ ਮਾਦਾ ਹੁੰਦਾ ਹੈ, ਜੋ ਦੂਜਿਆਂ ਦੇ ਕੀਤੇ ਕੰਮ ਨੂੰ ਬਹੁਤ ਹੌਲੀ ਦਰਸਾਉਂਦਾ ਹੈ। ਕਈ ਵਾਰ ਇਹ ਵੀ ਹੋ ਸਕਦਾ ਹੈ ਕਿ ਹੌਲੀ ਚੱਲਣ ਵਾਲਾ ਵਿਅਕਤੀ ਸੱਚੀਂ ਮੁੱਚੀਂ ਹੀ ਆਲਸੀ ਹੋਵੇ ਤੇ ਸਾਰੇ ਉਸ ਨੂੰ ਢਿੱਲਾ ਕਹਿੰਦੇ ਹੋਣ, ਪਰ ਜੇ ਕੋਈ ਸਹੀ ਰਫਤਾਰ ਨਾਲ ਚਲਦੇ ਨੂੰ ਵੀ ਹੌਲੀ ਸਮਝੇ ਤੇ ਉਸ ਤੋਂ ਕੰਮ ਖੋਹ ਕੇ ਆਪ ਕਰਨ ਲੱਗੇ ਤਾਂ ਇੰਪੇਸ਼ੈਂਜ਼ ਹੀ ਦੇਣੀ ਬਣਦੀ ਹੈ।

ਕਈ ਵਿਅਕਤੀ ਆਪਣੇ ਬੀਮਾਰ ਪੈਣ ਤੋਂ ਬਾਅਦ ਠੀਕ ਹੋਣ ਲਈ ਪਏ ਰਹਿਣ ਨੂੰ ਸਮੇਂ ਨੂੰ ਬਰਬਾਦੀ ਸਮਝਦੇ ਹਨ। ਉਹ ਆਪਣੀ ਜਾਨ ਵੱਲ ਨਹੀਂ, ਸਗੋਂ ਛੇਤੀ ਖੜ੍ਹੇ ਹੋਣ ਵਲ ਧਿਆਨ ਦਿੰਦੇ ਹਨ। ਉਹ ਦਵਾਈ ਲੈਣ ਤੋਂ ਪਹਿਲਾਂ ਹੀ ਪੁੱਛਣ ਲੱਗ ਜਾਂਦੇ ਹਨ ਕਿ ਕਿੰਨੇ ਦਿਨਾਂ ਵਿਚ ਠੀਕ ਹੋਣਗੇ। ਡਾਕਟਰ ਦਾ ਦੱਸਿਆ ਬੈੱਡ ਰੈਸਟ ਕਰਨਾ ਇਨ੍ਹਾਂ ਲਈ ਦੁੱਭਰ ਹੁੰਦਾ ਹੈ। ਕੋਈ ਲੱਤ-ਬਾਂਹ ਟੁੱਟ ਜਾਣ ਕਾਰਨ ਪਲਸਤਰ ਲੱਗਾ ਹੋਵੇ ਤਾਂ ਇਹ ਉਸ ਨੂੰ ਜਲਦੀ ਖੋਲ੍ਹਣ ਲਈ ਤਰਲੇ ਕਰਦੇ ਹਨ। ਸਾਧਾਰਨ ਸਰਦੀ ਬੁਖਾਰ ਆ ਜਾਵੇ ਤਾਂ ਵੀ ਪਲਾਂ ਵਿਚ ਛੁਟਕਾਰਾ ਪਾਉਣਾ ਚਾਹੁੰਦੇ ਹਨ। ਸਾਹ ਉੱਖੜਨ ਦੀ ਦਵਾਈ ਖਾਂਦੀ ਇੰਡੀਆ ਤੋਂ ਮੇਰੀ ਇਕ ਮਰੀਜ਼ ਹਰ ਰੋਜ਼ ਫੋਨ ਕਰ ਕੇ ਕਹਿੰਦੀ, "ਮੇਰਾ ਤਾਂ ਜੀ ਓਹੀ ਹਾਲ ਹੈ, ਕਦੋਂ ਕੁ ਠੀਕ ਹੋਊਂਗੀ?" ਫੁੱਲ ਦਵਾਈ ਇੰਪੇਸ਼ੈਂਜ਼ ਅਜਿਹੇ ਵਿਅਕਤੀਆਂ ਦੀ ਬੇਲੋੜੀ ਜਗਿਆਸਾ ਸ਼ਾਂਤ ਕਰਕੇ ਜਲਦੀ ਸਿਹਤਯਾਬੀ ਦਿੰਦੀ ਹੈ।

ਜੇ ਧਿਆਨ ਦੇਈਏ ਤਾਂ ਵਿਅਕਤੀ ਦੇ ਮਨ ਦੀ ਕਾਹਲ ਮਨ ਵਿਚ ਹੀ ਨਹੀਂ ਰਹਿੰਦੀ। ਇਹ ਕਈ ਤਰ੍ਹਾਂ ਦੀਆਂ ਸਰੀਰਕ ਪ੍ਰਕ੍ਰਿਆਵਾਂ ਰਾਹੀਂ ਨਿਕਲਦੀ ਹੈ। ਕਈ ਕਾਹਲੇ ਵਿਅਕਤੀ ਰਾਤ ਵੇਲੇ ਅਚਾਨਕ ਉੱਠ ਕੇ ਬੈਠ ਜਾਂਦੇ ਹਨ ਤੇ ਦਿਨੇ ਉਨੀਂਦਰੇਪਣ ਦੀ ਸ਼ਿਕਾਇਤ ਕਰਦੇ ਹਨ। ਕਈਆਂ ਨੂੰ ਅਚਾਨਕ ਇੰਨਾ ਤੇਜ ਪਿਸਾਬ ਆਉਂਦਾ ਹੈ ਕਿ ਜੇ ਉਹ ਭੱਜ ਕੇ ਬਾਥਰੂਮ ਨਾ ਜਾਣ ਤਾਂ ਕੰਟਰੋਲ ਨਹੀਂ ਕਰ ਸਕਦੇ। ਕਈ ਉਮਰ ਤੋਂ ਪਹਿਲਾਂ ਬੁੱਢੇ ਹੋਣ ਲਗਦੇ ਹਨ ਤੇ ਮੂੰਹ 'ਤੇ ਝੁਰੜੀਆਂ ਪੈਣ ਲਗਦੀਆਂ ਹਨ। ਕਈਆਂ ਦੇ ਵਾਲ ਸਮੇਂ ਤੋਂ ਪਹਿਲਾ ਸਫੈਦ ਹੋਣ ਲਗਦੇ ਹਨ। ਕਈ ਬੱਚੀਆਂ ਨੂੰ ਸਮੇਂ ਤੋਂ ਪਹਿਲਾਂ ਹੀ ਜਵਾਨੀ ਦੇ ਚਿੰਨ੍ਹ ਉੱਭਰ ਆਉਂਦੇ ਹਨ। ਕਈ ਔਰਤਾਂ ਨੂੰ ਗਰਭਪਾਤ ਹੋ ਜਾਂਦਾ ਹੈ ਤੇ ਕਈ ਮਹੀਨਾ, ਦੋ ਮਹੀਨੇ ਪਹਿਲਾਂ ਹੀ ਬੱਚਿਆਂ ਨੂੰ ਜਨਮ ਦੇ ਦਿੰਦੀਆਂ ਹਨ। ਕਈ ਵਿਦਿਆਰਥੀ ਪ੍ਰੀਖਿਆ ਜਾਂ ਇੰਟਰਵਿਊ ਵਿਚ ਜਾਣ ਤੋਂ ਪਹਿਲਾਂ ਚਿੰਤਾ ਨਾਲ ਘੜੀ ਘੜੀ ਬਾਥਰੂਮ ਜਾਣ ਲਗਦੇ ਹਨ। ਕਈ ਵਿਆਹੇ ਕਾਹਲ ਕਾਰਨ ਨਿਪੁੰਸਕਤਾ ਦਾ ਸ਼ਿਕਾਰ ਹੋ ਜਾਂਦੇ ਹਨ। ਜਿਨ੍ਹਾਂ ਦਾ ਕੋਈ ਕੁਦਰਤੀ ਕਾਰਜ ਕਾਹਲ ਵਿਚ ਹੁੰਦਾ ਹੋਵੇ, ਉਹ ਇਸ ਬੈਚ ਫੁੱਲ ਦਵਾਈ ਨੂੰ ਅਜ਼ਮਾਉਣ, ਜ਼ਰੂਰ ਲਾਭ ਪ੍ਰਾਪਤ ਹੋਵੇਗਾ।

ਇੰਪੇਸ਼ੈਂਜ਼ ਦੇ ਔਗੁਣਾਂ ਵਾਲੇ ਲੋਕਾਂ ਦਾ ਵਿਹਾਰ 'ਲੋਕਤੰਤਰੀ' ਨਹੀਂ ਹੁੰਦਾ। ਉਹ ਸਮਾਨ ਮੌਕੇ ਨਹੀਂ ਭਾਲਦੇ, ਸਗੋਂ ਆਪਣੇ ਲਈ ਵਿਸ਼ੇਸ਼ ਰਿਆਇਤਾਂ ਮੰਗਦੇ ਹਨ। ਜੇ ਦੋ ਵਿਅਕਤੀ ਗੱਲਾਂ ਕਰਦੇ ਹੋਣ ਤਾਂ ਉਹ ਤੈਸ਼ ਵਿਚ ਆ ਕੇ ਉਨ੍ਹਾਂ ਦੀ ਗੱਲ ਵਿਚ ਦਖਲ ਦੇਣ ਲੱਗਦੇ ਹਨ। ਮੀਟਿੰਗਾਂ, ਸੈਮੀਨਾਰਾਂ ਤੇ ਟੀ. ਵੀ. ਡਿਬੇਟਾਂ ਵਿਚ ਉਹ ਦੂਜਿਆਂ ਨੂੰ ਸੁਣਨ ਦੀ ਥਾਂ ਆਪਣੀ ਟੋਕਾ ਟਾਕੀ ਜਾਰੀ ਰੱਖਦੇ ਹਨ। ਉਨ੍ਹਾਂ ਦੀ ਅੰਦਰੂਨੀ ਕਾਹਲ ਨੇ ਉਨ੍ਹਾਂ ਦੀ ਆਦਤ ਇੰਨੀ ਬਦਲ ਦਿੱਤੀ ਹੁੰਦੀ ਹੈ ਕਿ ਉਹ ਲਾਈਨ ਵਿਚ ਖੜ੍ਹ ਕੇ ਆਪਣੀ ਵਾਰੀ ਉਡੀਕਣ ਦੀ ਥਾਂ ਲਾਈਨ ਤੋੜਨਾ ਪਸੰਦ ਕਰਦੇ ਹਨ। ਰੋਕਣ ਟੋਕਣ ਵਾਲਿਆਂ ਪ੍ਰਤੀ ਅੱਖਾਂ ਕੱਢ ਕੇ ਗੁੱਸਾ ਵਰ੍ਹਾਉਂਦੇ ਹਨ ਅਤੇ ਲੜਾਈ ਝਗੜੇ 'ਤੇ ਉਤਾਰੂ ਹੋ ਜਾਂਦੇ ਹਨ। ਉਡੀਕ ਤੋਂ ਬਚਣ ਲਈ ਇਹ ਸਿਫਾਰਿਸ਼ ਲਾਉਂਦੇ ਹਨ, ਰਿਸ਼ਵਤ ਦਿੰਦੇ ਹਨ ਤੇ ਝੂਠ ਬੋਲਦੇ ਹਨ। ਇਨ੍ਹਾਂ ਕਾਹਲੇ, ਗੁਸੈਲੇ ਤੇ ਲੜਾਕੇ ਲੋਕਾਂ ਨੂੰ ਜੋਤਸ਼ੀ ਲੋਕ ਮੰਗਲੀਕ ਆਖਦੇ ਹਨ। ਉਹ ਗੈਰ-ਮੰਗਲੀਕਾਂ ਨੂੰ ਉਨ੍ਹਾਂ ਨਾਲ ਵਿਆਹ ਕਰਵਾਉਣ ਤੋਂ ਵਰਜਦੇ ਹਨ, ਕਿਉਂਕਿ ਉਹ ਆਪਣੇ ਜੀਵਨ ਸਾਥੀ ਨਾਲ ਬਹੁਤੀ ਦੇਰ ਤੀਕ ਨਹੀਂ ਨਿਭਣਗੇ। ਇੰਪੇਸ਼ੈਂਜ਼ ਦੀਆਂ ਕੁਝ ਖੁਰਾਕਾਂ ਉਨ੍ਹਾਂ ਦਾ ਮੰਗਲ ਤਾਰਾ ਘਰ ਬੈਠੇ ਹੀ ਠੀਕ ਕਰ ਦੇਣਗੀਆਂ। ਕਿਸੇ ਡਿਬੇਟ-ਡਿਸ਼ਕਸ਼ਨ ਵਿਚ ਜਾਣ ਜਾਂ ਲੰਮੀ ਲਾਈਨ ਵਿਚ ਲੱਗਣ ਤੋਂ ਪਹਿਲਾਂ ਤਾਂ ਇਨ੍ਹਾਂ 'ਮੰਗਲੀਕ ਬਿਮਾਰਾਂ' ਨੂੰ ਇਸ ਫੁੱਲ ਦਵਾਈ ਦੀ ਇਕ ਖੁਰਾਕ ਦੇ ਹੀ ਦੇਣੀ ਚਾਹੀਦੀ ਹੈ।

ਇੰਪੇਸ਼ੈਂਜ਼ ਦੇ ਮਰੀਜ਼ ਕਾਹਲ ਨਾਲ ਸੜਕ ਪਾਰ ਕਰਦੇ ਹਨ ਤੇ ਕੁਚਲੇ ਜਾਂਦੇ ਹਨ। ਉਹ ਚੰਗੇ ਡਰਾਈਵਰ ਨਹੀਂ ਹੁੰਦੇ, ਇਸ ਲਈ ਐਕਸੀਡੈਂਟ ਕਰ ਬੈਠਦੇ ਹਨ। ਉਹ ਹਮੇਸ਼ਾ ਗੱਡੀ ਤੇਜ਼ ਚਲਾਉਂਦੇ ਹਨ ਭਾਵ ਆਪਣੇ ਅੱਗੇ ਜਾਂ ਬਗਲ ਵਿਚ ਕਿਸੇ ਹੌਲੀ ਚਲਦੀ ਗੱਡੀ ਨੂੰ ਬਰਦਾਸ਼ਤ ਨਹੀਂ ਕਰਦੇ। ਇਸ ਲਈ ਉਹ ਆਪਣੇ ਅੱਗੇ ਵਾਲੇ ਦੀ ਪੈਰਵੱਢੀ ਕਰਨ ਲਗਦੇ ਹਨ। ਉਨ੍ਹਾਂ ਦੀ ਇਸ ਬੇਅਸੂਲੀ ਕਰਤੂਤ ਕਾਰਨ ਅਗਲੀ ਗੱਡੀ ਦਾ ਡਰਾਈਵਰ ਚਿੜਚਿੜਾ ਹੋ ਜਾਂਦਾ ਹੈ। ਉਸ ਨੇ ਜੇ ਰਸਤਾ ਦੇਣਾ ਹੁੰਦਾ ਹੈ ਤਾਂ ਵੀ ਨਹੀਂ ਦਿੰਦਾ। ਕਾਹਲਾ ਡਰਾਈਵਰ ਫਿਰ ਜਿਵੇਂ ਕਿਵੇਂ ਆਪਣੀ ਗੱਡੀ ਨੂੰ ਭਜਾ ਕੇ ਉਸ ਤੋਂ ਅੱਗੇ ਕੱਢਦਾ ਹੈ ਤੇ ਬਦਲੇ ਦੇ ਤੌਰ 'ਤੇ ਉਸੇ ਲੇਨ ਵਿਚ ਜਾ ਕੇ ਉਸ ਤੋਂ ਵੀ ਹੌਲੀ ਚਲਾਉਣ ਲਗਦਾ ਹੈ। ਇਸ ਨਾਲ ਸੜਕੀ ਰੋਹ ਪੈਦਾ ਹੁੰਦਾ ਹੈ, ਖੂਨੀ ਲੜਾਈਆਂ ਵਾਪਰਦੀਆਂ ਹਨ, ਗੱਡੀਆਂ ਟੁੱਟਦੀਆਂ ਹਨ, ਮੁਕੱਦਮੇ ਚਲਦੇ ਹਨ, ਜੁਰਮਾਨੇ/ਜੇਲ੍ਹਾਂ ਹੁੰਦੀਆਂ ਹਨ, ਡਰਾਈਵਿੰਗ ਲਾਇਸੈਂਸ ਜ਼ਬਤ ਹੁੰਦੇ ਹਨ ਤੇ ਨੌਕਰੀਆਂ ਖੁਸਦੀਆਂ ਹਨ। ਜੇ ਲੜਾਈ ਝਗੜੇ ਤੋਂ ਬਿਨਾ ਹੀ ਕਿਸੇ ਪੁਲਿਸ ਅਫਸਰ ਦੀ ਨਜ਼ਰ ਚੜ੍ਹ ਜਾਣ ਤਾਂ ਟ੍ਰੈਫਿਕ ਟਿਕਟ ਤਾਂ ਪੱਕੀ; ਪਰ ਇਹ ਲੜਾਈਆਂ ਤੇ ਟਿਕਟਾਂ ਇਨ੍ਹਾਂ 'ਅੱਗਾ ਦੌੜ ਪਿੱਛਾ ਚੌੜ' ਕਰਨ ਵਾਲੇ ਡਰਾਈਵਰਾਂ ਦਾ ਕੁਝ ਨਹੀਂ ਵਿਗਾੜਦੀਆਂ। ਇਕ ਵਾਰ ਦੀ ਠੋਕਰ ਨਾਲ ਉਹ ਡਰ ਭਾਵੇਂ ਜਾਣ, ਪਰ ਆਦਤ ਤੋਂ ਮਜਬੂਰ ਹੋਏ ਫਿਰ ਉਹੀ ਕੰਮ ਕਰਨ ਲਗਦੇ ਹਨ। ਉਨ੍ਹਾਂ ਦਾ ਪੱਕਾ ਇਲਾਜ ਇਹੀ ਹੈ ਕਿ ਉਹ ਲੰਮੇ ਸਮੇਂ ਲਈ ਇੰਪੇਸ਼ੈਂਜ਼ ਫੁੱਲ ਦਵਾਈ ਲੈਣ, ਨਹੀਂ ਤਾਂ ਘੱਟੋ ਘੱਟ ਸਟੇਅਰਿੰਗ 'ਤੇ ਬੈਠਣ ਵੇਲੇ ਇਸ ਦੀ ਇਕ ਖੁਰਾਕ ਜਰੂਰ ਲੈ ਲੈਣ।

ਇੰਪੇਸ਼ੈਂਜ਼ ਦੇ ਮਰੀਜ਼ ਨਿਰੇ-ਪੁਰੇ ਬੁਰੇ ਨਹੀਂ ਹੁੰਦੇ। ਉਹ ਸ਼ਕਤੀ ਤੇ ਉਤਸ਼ਾਹ ਦੇ ਭਰੇ ਹੁੰਦੇ ਹਨ ਅਤੇ ਕਾਮਯਾਬੀ ਵਲ ਵਧਣ ਲਈ ਤਤਪਰ ਹੁੰਦੇ ਹਨ। ਉਨ੍ਹਾਂ ਵਿਚ ਸਿਰਫ ਇਕੋ ਘਾਟ ਹੁੰਦੀ ਹੈ ਕਿ ਉਹ ਆਪਣੀ ਸ਼ਕਤੀ ਨੂੰ ਕੰਟਰੋਲ ਨਹੀਂ ਕਰ ਸਕਦੇ ਤੇ ਸੰਜਮ ਤੋਂ ਬਾਹਰ ਹੋਏ ਰਹਿੰਦੇ ਹਨ। ਉਹ ਆਪਣੀ ਸਫਲਤਾ ਲਈ ਦੂਜਿਆਂ ਦਾ ਸਹਿਯੋਗ ਲੈਣ ਦੀ ਥਾਂ ਉਨ੍ਹਾਂ ਨੂੰ ਕਮਜ਼ੋਰ ਸਮਝ ਕੇ ਪਿੱਛੇ ਸੁੱਟਦੇ ਹਨ। ਕਾਹਲ ਤੇ ਗੁੱਸੇ ਕਰਕੇ ਉਹ ਆਪਣੀ ਸਫਲਤਾ ਦੇ ਸਾਰੇ ਮੌਕੇ ਖਰਾਬ ਕਰ ਲੈਂਦੇ ਹਨ ਤੇ ਬਣਦਾ ਜਸ ਖੱਟਣ ਤੋਂ ਵਾਂਝੇ ਰਹਿ ਜਾਂਦੇ ਹਨ। ਇਹ ਲੋਕ ਆਪ ਮੁਹਾਰੇ ਚੱਲ

(ਬਾਕੀ ਅਗਲੇ ਸਫੇ 'ਤੇ)

# ਆਰਥਿਕ ਵਾਧਾ ਦਰ ਅਤੇ ਅਵਾਮ

ਡਾ. ਗਿਆਨ ਸਿੰਘ

31 ਮਈ 2021 ਨੂੰ ਮਨਿਸਟਰੀ ਆਫ ਸਟੈਟਿਸਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਦੇ ਰਾਸ਼ਟਰੀ ਅੰਕੜਾ ਦਫਤਰ ਦੁਆਰਾ ਵਿੱਤੀ ਸਾਲ 2020-21 ਦੌਰਾਨ ਆਰਥਿਕ ਵਾਧਾ ਦਰ ਦੇ ਅੰਕੜੇ ਜਾਰੀ ਕੀਤੇ ਗਏ ਹਨ। ਇਸ ਵਿੱਤੀ ਸਾਲ ਦੀ ਚੌਥੀ ਤਿਮਾਹੀ (ਜਨਵਰੀ-ਮਾਰਚ) ਦੌਰਾਨ ਭਾਰਤ ਦੇ ਕੁੱਲ ਘਰੇਲੂ ਉਤਪਾਦ (ਆਰਥਿਕ ਵਾਧਾ ਦਰ) ਵਿਚ 1.6 ਪ੍ਰਤੀਸ਼ਤ ਦਾ ਵਾਧਾ, ਜਦੋਂ ਪੂਰੇ ਵਿੱਤੀ ਸਾਲ 2020-21 ਦੌਰਾਨ ਭਾਰਤ ਦੇ ਕੁੱਲ ਘਰੇਲੂ ਉਤਪਾਦ 'ਚ 7.3% ਦਾ ਸੰਗੋੜ ਦਰਜ ਕੀਤਾ ਗਿਆ ਹੈ।

ਭਾਰਤ ਸਰਕਾਰ ਦੁਆਰਾ ਵਿੱਤੀ ਸਾਲ 2020-21 ਦੀਆਂ ਦੂਜੀ ਤਿਮਾਹੀ (ਜੁਲਾਈ-ਸਤੰਬਰ) ਅਤੇ ਤੀਜੀ ਤਿਮਾਹੀ (ਅਕਤੂਬਰ-ਦਸੰਬਰ) ਦੇ ਅੰਕੜੇ ਸੋਧੇ ਗਏ ਹਨ, ਜਿਨ੍ਹਾਂ ਅਨੁਸਾਰ ਇਸ ਸਾਲ ਦੀ ਦੂਜੀ ਤਿਮਾਹੀ (ਜੁਲਾਈ-ਸਤੰਬਰ) ਦੌਰਾਨ ਆਰਥਿਕ ਵਾਧਾ ਦਰ ਵਿਚ ਪਹਿਲਾਂ ਜਿਹੜਾ ਸੰਗੋੜ 7.5 ਪ੍ਰਤੀਸ਼ਤ ਆਂਕਿਆ ਗਿਆ ਸੀ, ਉਸ ਨੂੰ ਸੋਧ ਕੇ 7.4% ਕਰ ਦਿੱਤਾ ਗਿਆ ਹੈ। ਪਹਿਲੇ ਅਨੁਮਾਨ ਅਨੁਸਾਰ ਤੀਜੀ ਤਿਮਾਹੀ (ਅਕਤੂਬਰ-ਦਸੰਬਰ) ਦੌਰਾਨ ਆਰਥਿਕ ਵਾਧਾ ਦਰ 0.4% ਆਂਕੀ ਗਈ ਸੀ, ਉਸ ਨੂੰ ਸੋਧ ਕੇ 0.5% ਕਰ ਦਿੱਤਾ ਗਿਆ ਹੈ। ਦੂਜੀ ਅਤੇ ਤੀਜੀ ਤਿਮਾਹੀਆਂ ਤੋਂ ਪਹਿਲਾਂ ਪਹਿਲੀ ਤਿਮਾਹੀ (ਅਪਰੈਲ-ਜੂਨ) ਵਿਚ ਮੁਲਕ ਦੀ ਆਰਥਿਕ ਵਾਧਾ ਦਰ ਵਿਚ 24.4% ਦਾ ਬਹੁਤ ਵੱਡਾ ਸੰਗੋੜ ਦਰਜ ਕੀਤਾ ਗਿਆ ਸੀ। ਆਰਥਿਕ ਵਾਧਾ ਦਰ ਵਿਚ ਇਹ ਸੰਗੋੜ ਭਾਰਤੀ ਆਰਥ-ਵਿਵਸਥਾ ਦੇ ਇਤਿਹਾਸ ਵਿਚ ਸਭ ਤੋਂ ਬੁਰਾ ਸੰਗੋੜ ਦਰਜ ਹੋਇਆ ਹੈ। ਇਸ ਸੰਗੋੜ ਨੂੰ ਕਰੋਨਾ ਵਾਇਰਸ ਮਹਾਮਾਰੀ ਕਰਕੇ ਕੀਤੀ ਗਈ ਤਾਲਾਬੰਦੀ ਨਾਲ ਜੋੜ ਕੇ ਦੇਖਿਆ ਗਿਆ ਹੈ।

ਆਰਥਿਕ ਵਾਧਾ ਦਰ ਦੇ ਪੱਖ ਤੋਂ ਵਿੱਤੀ ਸਾਲ 2020-21 ਦੀਆਂ ਸਾਰੀਆਂ ਚਾਰ ਤਿਮਾਹੀਆਂ ਦੌਰਾਨ ਆਸ ਦੀ ਕਿਰਨ ਸਿਰਫ ਇਕੱਲਾ ਖੇਤੀਬਾੜੀ, ਜੰਗਲਾਤ ਅਤੇ ਮੱਛੀਆਂ ਫੜਨ ਵਾਲਾ ਖੇਤਰ ਹੀ ਰਿਹਾ, ਕਿਉਂਕਿ ਸਾਰੀਆਂ ਤਿਮਾਹੀਆਂ ਦੌਰਾਨ ਇਸ ਖੇਤਰ ਦੀ ਵਾਧਾ ਦਰ ਹੀ ਸਕਾਰਾਤਮਕ ਰਹੀ। ਇਸ ਖੇਤਰ ਦੀ ਵਾਧਾ ਦਰ ਚੌਥੀ ਤਿਮਾਹੀ (ਜਨਵਰੀ-ਮਾਰਚ) ਦੌਰਾਨ 3.1 ਪ੍ਰਤੀਸ਼ਤ ਦਰਜ ਕੀਤੀ ਗਈ। ਉਦਯੋਗਿਕ ਖੇਤਰ ਦੀ ਵਾਧਾ ਦਰ, ਜੋ ਤੀਜੀ ਤਿਮਾਹੀ (ਅਕਤੂਬਰ-ਦਸੰਬਰ) ਦੌਰਾਨ 3.1 ਪ੍ਰਤੀਸ਼ਤ ਦਰਜ ਕੀਤੀ ਗਈ ਸੀ ਉਹ ਚੌਥੀ ਤਿਮਾਹੀ (ਜਨਵਰੀ-ਮਾਰਚ) ਦੌਰਾਨ 6.9 ਪ੍ਰਤੀਸ਼ਤ ਆਂਕੀ ਗਈ ਹੈ। ਨਿਰਮਾਣ ਖੇਤਰ ਵਿਚ ਤੀਜੀ ਤਿਮਾਹੀ (ਅਕਤੂਬਰ-ਦਸੰਬਰ) ਦੌਰਾਨ 6.5 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਸੀ, ਜੋ ਚੌਥੀ ਤਿਮਾਹੀ (ਜਨਵਰੀ-ਦਸੰਬਰ) ਦੌਰਾਨ ਵਧ ਕੇ 14.5% ਆਂਕਿਆ ਗਿਆ ਹੈ। ਪੂਰੇ ਵਿੱਤੀ ਸਾਲ 2020-21 ਦੌਰਾਨ ਵਪਾਰ, ਹੋਟਲ, ਆਵਾਜਾਈ, ਸੰਚਾਰ ਅਤੇ ਬਰਾਡਕਾਸਟਿੰਗ ਖੇਤਰਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੀ ਰਹੀ। ਇਨ੍ਹਾਂ ਖੇਤਰਾਂ ਵਿਚ ਤੀਜੀ ਤਿਮਾਹੀ (ਅਕਤੂਬਰ-ਦਸੰਬਰ) ਦੌਰਾਨ 7.9 ਪ੍ਰਤੀਸ਼ਤ ਦਾ ਸੰਗੋੜ ਦਰਜ ਕੀਤਾ ਗਿਆ ਸੀ ਅਤੇ ਇਹ ਸੰਗੋੜ ਚੌਥੀ ਤਿਮਾਹੀ (ਜਨਵਰੀ-ਮਾਰਚ) ਦੌਰਾਨ ਘਟ ਕੇ 2.3 ਪ੍ਰਤੀਸ਼ਤ ਆਂਕਿਆ ਗਿਆ।

ਵਿੱਤੀ ਸਾਲ 2020-21 ਦੀ ਪਹਿਲੀ ਤਿਮਾਹੀ (ਅਪਰੈਲ-ਜੂਨ) ਦੌਰਾਨ 24.4 ਪ੍ਰਤੀਸ਼ਤ ਅਤੇ ਦੂਜੀ ਤਿਮਾਹੀ (ਜੁਲਾਈ-ਸਤੰਬਰ) ਦੌਰਾਨ 7.4% ਸੰਗੋੜ ਆਉਣ ਕਾਰਨ ਭਾਰਤ ਦੀ ਅਰਥ-ਵਿਵਸਥਾ ਵਿਚ ਆਈ ਤਕਨੀਕੀ ਮੰਦੀ ਦੇ ਬਾਵਜੂਦ ਤੀਜੀ ਤਿਮਾਹੀ (ਅਕਤੂਬਰ-ਦਸੰਬਰ) ਅਤੇ ਚੌਥੀ ਤਿਮਾਹੀ (ਜਨਵਰੀ-ਮਾਰਚ) ਵਿਚ ਆਰਥਿਕ ਵਿਕਾਸ ਦਰ ਦੇ ਸਕਾਰਾਤਮਕ ਹੋਣ ਕਾਰਨ ਕੁਝ ਸੰਸਥਾਵਾਂ ਵਿੱਤੀ ਸਾਲ 2021-22 ਦੌਰਾਨ ਭਾਰਤ ਦੀ ਆਰਥਿਕ ਵਿਕਾਸ ਦਰ ਦੇ 8-10 ਪ੍ਰਤੀਸ਼ਤ ਰਹਿਣ ਦੇ ਅਨੁਮਾਨ ਲਾ ਰਹੀਆਂ ਹਨ। ਕਰੋਨਾ ਵਾਇਰਸ ਮਹਾਮਾਰੀ ਦੀ ਦੂਜੀ ਲਹਿਰ ਦੇ ਅਪਰੈਲ 2021 ਵਿਚ ਸ਼ੁਰੂ ਹੋਣ ਕਾਰਨ ਵੱਡੀ ਗਿਣਤੀ 'ਚ ਲੋਕਾਂ ਦੇ ਬਿਮਾਰ ਅਤੇ ਮੌਤਾਂ ਹੋਣ, ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਤਾਲਾਬੰਦੀ ਲਾਉਣ ਕਾਰਨ ਹਾਲ ਦੀ ਘੜੀ ਸਾਲ 2021-22 ਦੌਰਾਨ ਆਰਥਿਕ ਵਿਕਾਸ ਦੀ ਦਰ ਬਾਰੇ ਯਕੀਨ ਨਾਲ ਕੁਝ ਵੀ ਕਹਿਣਾ ਔਖਾ ਹੈ।

ਹੁਕਮਰਾਨ, ਕਾਰਪੋਰੇਸ਼ਨਾਂ ਅਤੇ ਸਰਕਾਰੀ ਅਰਥ-ਵਿਗਿਆਨੀ ਆਰਥਿਕ ਵਾਧਾ ਦਰ ਅਤੇ ਆਰਥਿਕ ਵਿਕਾਸ ਨੂੰ ਸਮਾਨ ਅਰਥ ਵਾਲੀ ਇਕੋ ਧਾਰਨਾ ਪ੍ਰਚਾਰਦੇ ਹਨ, ਜਦੋਂ ਕਿ ਇਹ ਵੱਖ ਵੱਖ ਅਰਥਾਂ ਵਾਲੀਆਂ ਦੋ ਧਾਰਨਾਵਾਂ ਹਨ। ਆਰਥਿਕ ਵਾਧਾ ਦਰ ਮੁਲਕ ਵਿਚ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਦੇ ਮੁੱਲ ਤੇ ਆਰਥਿਕ ਵਿਕਾਸ ਲੋਕਾਂ ਦੇ ਰਹਿਣ-ਸਹਿਣ ਦੇ ਪੱਧਰ ਵਿਚ ਤਬਦੀਲੀਆਂ ਨੂੰ ਦਰਸਾਉਂਦੇ ਹਨ। ਸਰਕਾਰੀ ਅਰਥ-ਵਿਗਿਆਨੀ ਮੁਲਕ ਵਿਚ ਵਧ ਰਹੀ ਆਰਥਿਕ ਦਰ ਨੂੰ ਅਵਾਮ ਦੀ ਬਿਹਤਰੀ ਲਈ ਕੀਤੀ ਜਾ ਰਹੇ ਆਰਥਿਕ ਵਿਕਾਸ ਵਜੋਂ ਪ੍ਰਚਾਰਨ ਵਿਚ ਆਪਣੀ ਸਮਰੱਥਾ ਤੋਂ ਕਿਤੇ ਵੱਧ ਜ਼ੋਰ ਲਾਉਂਦੇ ਦੇਖੇ ਜਾਂਦੇ ਹਨ। ਅਕਸਰ ਅਜਿਹਾ ਉਸ ਸਮੇਂ ਵੀ ਦੇਖਿਆ ਜਾਂਦਾ ਹੈ, ਜਦੋਂ ਆਰਥਿਕ ਵਿਕਾਸ ਦਰ ਤੇਜ਼ੀ ਨਾਲ ਵਧ ਰਹੀ ਹੁੰਦੀ ਹੈ, ਪਰ ਅਵਾਮ ਲਈ ਬੇਰੁਜ਼ਗਾਰੀ ਅਤੇ ਗਰੀਬੀ ਵਧ ਰਹੇ ਹੁੰਦੇ ਹਨ, ਉਨ੍ਹਾਂ ਦੀ ਖਪਤ ਦਾ ਪੱਧਰ ਨੀਵਾਂ ਆ ਰਿਹਾ ਹੁੰਦਾ ਹੈ। ਇਸ ਦੇ ਨਾਲ ਨਾਲ ਅਮੀਰਾਂ ਅਤੇ ਗਰੀਬਾਂ ਵਿਚਾਲੇ ਆਰਥਿਕ ਤੇ ਹੋਰ ਅਨੇਕਾਂ ਅਸਮਾਨਤਾਵਾਂ ਲਗਾਤਾਰ ਵਧ ਰਹੀਆਂ ਹੁੰਦੀਆਂ ਹਨ। ਇਨ੍ਹਾਂ ਕਾਰਨਾਂ ਕਰਕੇ ਆਮ ਲੋਕਾਂ ਦੇ ਰਹਿਣ-ਸਹਿਣ ਵਿਚ ਨਿਘਾਰ ਦਰਜ ਹੁੰਦਾ ਹੈ।

ਭਾਰਤ ਦੀ ਕੁੱਲ ਆਬਾਦੀ ਵਿਚੋਂ 50 ਪ੍ਰਤੀਸ਼ਤ ਦੇ ਕਰੀਬ ਲੋਕ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉਪਰ ਨਿਰਭਰ ਕਰਦੇ ਹਨ, ਪਰ ਉਨ੍ਹਾਂ ਨੂੰ ਰਾਸ਼ਟਰੀ ਆਮਦਨ ਵਿਚੋਂ 16% ਦੇ ਕਰੀਬ ਹਿੱਸਾ ਹੀ ਦਿੱਤਾ ਜਾਂਦਾ ਹੈ। ਭਾਰਤ ਵਿਚ ਕੀਤੇ ਗਏ ਬਹੁਤ ਖੋਜ-ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਮੁਲਕ ਦੇ ਵੱਡੀ ਗਿਣਤੀ ਵਿਚ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਤੇ ਗਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗਰੀਬੀ ਛੱਡ ਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਜ਼ਿੰਦਗੀ ਪ੍ਰਤੀ ਉਨ੍ਹਾਂ ਦੀਆਂ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖੁਦਕੁਸ਼ੀਆਂ ਵੀ ਕਰ ਰਹੇ ਹਨ। ਖੁਦਕੁਸ਼ੀ ਜ਼ਿੰਦਗੀ ਦੀ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦੀ, ਇਸ ਤੱਥ ਨੂੰ ਜਾਣਨ ਦੇ ਬਾਵਜੂਦ ਨਿਰਾਸ਼ਾ ਦੇ ਆਲਾਮ ਵਿਚ ਇਹ ਦੁਖਾਂਤਕਾਰੀ ਵਰਤਾਰਾ ਨਿਰੰਤਰ ਜਾਰੀ ਹੈ। ਆਮ ਤੌਰ ਉਤੇ, ਮੁਲਕ ਵਿਚ ਖੇਤੀਬਾੜੀ ਉਪਰ ਨਿਰਭਰ ਸਾਰੇ ਵਰਗਾਂ ਦਾ ਵੱਖ ਵੱਖ ਪੱਖਾਂ ਤੋਂ ਰਹਿਣ-ਸਹਿਣ ਦਾ ਪੱਧਰ ਉਚ ਦਰਮਿਆਨੀ ਆਮਦਨ ਵਰਗ ਅਤੇ ਅਤਿ ਦੇ ਅਮੀਰ ਵਰਗਾਂ ਨਾਲੋਂ ਕਾਫੀ ਨੀਵਾਂ ਹੈ।



1960ਵਿਆਂ ਦੇ ਆਖੀਰ ਵਿਚ ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਪਨਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧਦੀ ਵਰਤੋਂ ਨੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੇ ਦਿਨਾਂ ਦੀ ਗਿਣਤੀ ਨੂੰ ਵੱਡੀ ਪੱਧਰ 'ਤੇ ਘਟਾਇਆ ਹੈ, ਜਿਸ ਦੀ ਸਭ ਤੋਂ ਵੱਡੀ ਮਾਰ ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਉਪਰ ਪਈ ਹੈ। ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਨਾਲ ਸੰਬੰਧਿਤ ਬਣਾਏ ਗਏ ਤਿੰਨ ਕਾਲੇ ਕਾਨੂੰਨ ਸਾਰੇ ਵਰਗਾਂ ਅਤੇ ਮੁਲਕ ਦੇ ਖਪਤਕਾਰਾਂ ਦੀ ਹਾਲਤ ਨੂੰ ਹੋਰ ਵੀ ਮਾੜੀ ਕਰ ਦੇਣਗੇ।

ਵੱਖ ਵੱਖ ਕੌਮਾਂਤਰੀ ਸੰਸਥਾਵਾਂ ਵੱਲੋਂ ਕਰੋਨਾ ਵਾਇਰਸ ਮਹਾਮਾਰੀ ਕਾਰਨ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿਚ ਵਾਧੇ ਬਾਰੇ ਰਿਪੋਰਟਾਂ ਜਾਰੀ ਕੀਤੀਆਂ ਗਈਆਂ ਹਨ। ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਸਾਰੇ ਲੋਕਾਂ ਵਿਚ 60% ਦੇ ਕਰੀਬ ਵਾਧਾ ਇਕੱਲੇ ਭਾਰਤ ਵਿਚ ਹੋਇਆ ਹੈ। ਆਮ ਤੌਰ ਉਤੇ, ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਵਿਚ ਗੈਰ-ਰਸਮੀ ਰੁਜ਼ਗਾਰ ਵਾਲੇ ਕਿਰਤੀ ਹਨ। ਭਾਰਤ ਦੇ ਕੁੱਲ ਕਿਰਤੀਆਂ ਵਿਚੋਂ ਇਨ੍ਹਾਂ ਦੀ ਗਿਣਤੀ 93% ਦੇ ਕਰੀਬ ਹੈ। ਕਰੋਨਾ ਵਾਇਰਸ ਮਹਾਮਾਰੀ ਕਾਰਨ ਗੈਰ-ਰਸਮੀ ਰੁਜ਼ਗਾਰ ਵਾਲੇ ਕਿਰਤੀਆਂ ਵਿਚੋਂ ਸਭ ਤੋਂ ਵੱਡੀ ਮਾਰ ਮੁਲਕ ਵਿਚ ਹੀ ਪਰਵਾਸੀ ਕਿਰਤੀਆਂ ਉਪਰ ਪਈ ਹੈ। ਇਸ ਮਾਰ ਨੇ 'ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ' ਦੇ ਝੂਠੇ ਪ੍ਰਚਾਰ ਦੀਆਂ ਬੱਖੀਆਂ ਉਧੇੜ ਦਿੱਤੀਆਂ ਹਨ।

ਗੋਟਾ-ਕਿਨਾਰੀ ਤਾਂ ਹੀ ਚੰਗੀ ਲੱਗਦੀ ਹੈ, ਜੇ ਜਿਸ ਚਾਦਰ ਉਪਰ ਉਹ ਲੱਗੀ ਹੋਵੇ, ਉਹ ਸਾਬਤ ਅਤੇ ਮਜ਼ਬੂਤ ਹੋਵੇ। 1991 ਤੋਂ ਬਾਅਦ ਅੱਜ ਤੱਕ ਦਾ ਜਿਸ ਤਰ੍ਹਾਂ ਦਾ ਆਰਥਿਕ ਵਾਧਾ ਭਾਰਤ ਵਿਚ ਹੋਇਆ ਹੈ, ਉਸ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਗੋਟਾ-ਕਿਨਾਰੀ (ਸਰਮਾਏਦਾਰ/ਕਾਰਪੋਰੇਟ ਜਗਤ) ਬਹੁਤ ਜ਼ਿਆਦਾ ਮਜ਼ਬੂਤ ਹੋਈ ਹੈ, ਪਰ ਵਿਚਾਰੀ ਚਾਦਰ (ਅਵਾਮ) ਸਿਰਫ ਕਮਜ਼ੋਰ ਹੀ ਨਹੀਂ ਹੋਈ ਅਤੇ ਉਸ ਵਿਚ ਮੋਰੀਆਂ ਹੀ ਨਹੀਂ ਹਨ, ਸਗੋਂ ਉਸ ਵਿਚ ਤਾਂ ਵੱਡੇ ਵੱਡੇ ਮਘੋਰੇ ਕਰ ਦਿੱਤੇ ਗਏ ਹਨ। ਇਸ ਤਰ੍ਹਾਂ ਦੀ ਉਚੀ ਆਰਥਿਕ ਵਾਧਾ ਦਰ ਤਾਂ 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਵਾਲੇ ਮੁਹਾਵਰੇ ਵਾਲੀ ਤਾਸੀਰ ਦੀ ਹੈ।

ਪਿਛਲੇ 40-45 ਸਾਲਾਂ ਤੋਂ ਸਾਰੀ ਦੁਨੀਆਂ ਵਿਚ ਕਾਰਪੋਰੇਟ ਆਰਥਿਕ ਮਾਡਲ ਅਪਨਾਉਣ ਦੇ ਨਤੀਜੇ ਵਜੋਂ ਆਰਥਿਕ ਅਤੇ ਹੋਰ ਅਸਮਾਨਤਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਕੌਮਾਂਤਰੀ ਵਿੱਤੀ ਸੰਸਥਾਵਾਂ, ਜਿਨ੍ਹਾਂ ਉਪਰ ਸਰਮਾਏਦਾਰ/ਕਾਰਪੋਰੇਟ ਜਗਤ ਦਾ ਕਬਜ਼ਾ ਹੈ, ਵੀ ਹੁਣ ਇਹ ਮੰਨਣ ਲੱਗੀਆਂ ਹਨ ਕਿ ਸਰਮਾਏਦਾਰੀ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਉਣ ਲਈ ਗਰੀਬੀ ਦਾ ਖਾਤਮਾ ਜ਼ਰੂਰੀ ਹੈ। ਅਮਰੀਕਾ ਦੇ ਅਰਥ-ਵਿਗਿਆਨ ਵਿਚ ਨੋਬਲ ਪੁਰਸਕਾਰ ਵਿਜੇਤਾ ਜੋਸਫ ਸਟਿਗਇਟਜ਼, ਫਰਾਂਸ ਦੇ ਪ੍ਰਸਿੱਧ ਅਰਥ-ਵਿਗਿਆਨੀ ਥਾਮਸ ਪਿਕਟੀ ਅਤੇ ਅਮਰੀਕਾ ਦੇ ਡੈਮੋਕਰੈਟਿਕ ਸੈਨੇਟਰ ਬਰਨੀ ਸੈਂਡਰਜ਼ ਤੇ ਸੈਨੇਟਰ ਐਲਿਜ਼ਾਬੈਥ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਆਰਥਿਕ ਅਤੇ ਹੋਰ ਅਸਮਾਨਤਾਵਾਂ ਘਟਾਉਣ ਲਈ ਵਿੱਦਿਆ, ਸਿਹਤ-ਸੇਵਾਵਾਂ, ਆਵਾਜਾਈ ਖੇਤਰਾਂ 'ਚ ਜਨਤਕ ਅਦਾਰਿਆਂ ਉਪਰ ਜ਼ੋਰ ਦੇ ਰਹੇ ਹਨ।

ਸਾਡੀ ਆਰਥਿਕ ਵਿਕਾਸ ਦਰ ਸਾਡੀ ਆਬਾਦੀ ਦੇ ਵਾਧੇ ਦੀ ਦਰ ਤੋਂ ਉਨੀ ਹੀ ਵੱਧ ਹੋਣੀ ਬਣਦੀ ਹੈ, ਜਿਸ ਨਾਲ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤਾਂ ਦਾ ਖਿਆਲ ਰੱਖ ਸਕੀਏ ਅਤੇ ਵਰਤਮਾਨ ਆਰਥਿਕ ਵਾਧਾ ਦਰ ਨਾਲ ਮੁਲਕ ਵਿਚੋਂ ਆਰਥਿਕ ਤੇ ਹੋਰ ਅਸਮਾਨਤਾਵਾਂ ਨੂੰ ਘਟਾ ਸਕੀਏ। ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਮੁਲਕ ਵਿਚ ਲੋਕ ਅਤੇ ਕੁਦਰਤ-ਪੱਖੀ ਵਿਕਾਸ ਮਾਡਲ ਅਪਨਾਇਆ ਜਾਵੇ। ਅਜਿਹਾ ਕਰਨ ਲਈ ਜਨਤਕ ਖੇਤਰ ਦਾ ਪਸਾਰ ਤੇ ਵਿਕਾਸ ਅਤੇ ਨਿੱਜੀ ਖੇਤਰ ਉਪਰ ਨਿਗਰਾਨੀ ਤੇ ਨਿਯੰਤਰਣ ਕਰਨ ਦੀ ਸਖਤ ਲੋੜ ਹੈ। ਜਨਤਕ ਖੇਤਰ ਦੇ ਮਹੱਤਵ ਦਾ ਪਤਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 28 ਮਈ 2021 ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਕੇਂਦਰੀ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ ਵਿਚ ਬਿਜਲੀ ਦੇ ਨਿੱਜੀਕਰਨ ਦੇ ਵਿਰੁੱਧ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਕੇਂਦਰ ਸਰਕਾਰ ਤੋਂ ਇੱਕ ਪ੍ਰਸ਼ਨ ਪੁੱਛਦਿਆਂ ਕਿਹਾ ਹੈ ਕਿ ਕੇਂਦਰ ਸਰਕਾਰ ਦੀ ਨਿੱਜੀਕਰਨ ਦੀ ਨੀਤੀ ਸਾਰੀਆਂ ਸਮੱਸਿਆਵਾਂ/ਬੁਰਾਈਆਂ ਦਾ ਇਕੋ-ਇਕ ਹੱਲ ਨਹੀਂ ਹੈ। ਹਾਈਕੋਰਟ ਨੇ ਇਹ ਵੀ ਕਿਹਾ ਕਿ ਭਾਰਤ ਸਰਕਾਰ ਦੁਆਰਾ ਜਨਤਕ ਅਦਾਰੇ ਮੁਲਕ ਨੂੰ ਇੱਕ ਆਤਮ-ਨਿਰਭਰ ਰਾਸ਼ਟਰ ਬਣਾਉਣ ਅਤੇ ਆਪਣੀ ਕਿਸਮਤ ਦੇ ਮਾਲਕ ਆਪ ਬਣਨ ਲਈ ਸਥਾਪਤ ਕੀਤੇ ਗਏ ਸਨ। ਅਤਿ ਦੇ ਅਮੀਰਾਂ ਉਪਰ ਲਾਏ ਜਾਣ ਵਾਲੇ ਕਰ ਵਧਾਉਣੇ ਅਤੇ ਉਗਰਾਹੁਣੇ ਯਕੀਨੀ ਬਣਾਉਣੇ ਜ਼ਰੂਰੀ ਹਨ। ਲੋਕ ਅਤੇ ਕੁਦਰਤ-ਪੱਖੀ ਵਿਕਾਸ ਮਾਡਲ ਉਹ ਹੋਵੇਗਾ, ਜਿਸ ਵਿਚ ਅਵਾਮ ਦੀਆਂ ਮੁਢਲੀਆਂ ਲੋੜਾਂ-ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ ਸੰਭਾਲ, ਸਾਫ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਸਤਿਕਾਰਯੋਗ ਢੰਗ ਨਾਲ ਪੂਰੀਆਂ ਹੋਣ।

# ਬੈਚ ਫੁੱਲ ਇੰਪੇਸ਼ੈਂਜ਼: ਕਾਹਲਾਪਣ

*(ਪਿਛਲੇ ਸਫੇ ਦੀ ਬਾਕੀ)*

ਕੇ ਸਭ ਤੋਂ ਅੱਗੇ ਹੋਣ ਦੇ ਫਿਕਰਮੰਦ ਹੁੰਦੇ ਹਨ। ਇਨ੍ਹਾਂ ਨੂੰ ਆਪਣੇ ਵਧੀਆ ਹੋਣ ਦਾ ਅਹਿਸਾਸ ਸਿਰ ਚੜ੍ਹਿਆ ਹੁੰਦਾ ਹੈ, ਇਸ ਲਈ ਇਹ ਦੂਜਿਆਂ ਨੂੰ ਘਟੀਆ ਸਮਝਦੇ ਹਨ। ਧਰਮ ਗ੍ਰੰਥ, ਰਹਿਤਨਾਮੇ, ਸੰਵਿਧਾਨ ਤੇ ਕਾਨੂੰਨ ਜੋ ਵੀ ਇਨ੍ਹਾਂ ਦਾ ਰਾਹ ਰੋਕਦੇ ਹਨ, ਇਹ ਉਨ੍ਹਾਂ ਨੂੰ ਤੁੱਛ ਸਮਝਦੇ ਹਨ। ਇਨ੍ਹਾਂ ਦਾ ਪੂਜਾ ਪਾਠ ਤੇ ਸੋਚ ਵਿਚਾਰ ਵਿਚ ਦਿਲ ਨਹੀਂ ਲਗਦਾ, ਇਸ ਲਈ ਇਨ੍ਹਾਂ ਕੰਮਾਂ ਨੂੰ ਇਹ ਫਜ਼ੂਲ ਸਮਝਦੇ ਹਨ। ਮੀਟਿੰਗ, ਪਾਠ, ਸਤਿਸੰਗ ਆਦਿ ਕਿਸੇ ਵੀ ਭਾਵਪੂਰਨ ਥਾਂ 'ਤੇ ਬੈਠੇ ਹੋਏ ਇਹ ਬੇਚੈਨ ਰਹਿੰਦੇ ਹਨ ਤੇ ਵਾਰ ਵਾਰ ਘੜੀ ਦੇਖਦੇ ਹਨ। ਭਾਵੇਂ ਜਲਦੀ ਠੰਡੇ ਹੋ ਜਾਂਦੇ ਹਨ, ਪਰ ਇਕ ਵਾਰ ਤਾਂ ਇਨ੍ਹਾਂ ਦੇ ਗੁੱਸੇ ਦਾ ਪਾਰਾ ਸਿਖਰ 'ਤੇ ਚੜ੍ਹ ਜਾਂਦਾ ਹੈ। ਇਸੇ ਸਮੇਂ ਵਿਚ ਇਨ੍ਹਾਂ ਦੀ ਸਾਰੀ ਨੇਕ ਕਰਮੀ ਮਿੱਟੀ ਵਿਚ ਰੁਲ ਜਾਂਦੀ ਹੈ। ਇੰਪੇਸ਼ੈਂਜ਼ ਦੀਆਂ ਕੁਝ ਹੀ ਖੁਰਾਕਾਂ ਇਨ੍ਹਾਂ ਬੇਲਗਾਮਾਂ ਨੂੰ ਸੰਜਮ ਦਾ ਪਾਠ ਪੜ੍ਹਾ ਦੇਣਗੀਆਂ।

ਕਾਹਲ ਕਰਨ ਵਾਲਿਆਂ ਨੂੰ ਲਗਣ ਵਾਲੇ ਕਈ ਰੋਗਾਂ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ। ਉਨ੍ਹਾਂ ਤੋਂ ਬਿਨਾ ਜੋ ਬਿਮਾਰੀਆਂ ਇਨ੍ਹਾਂ ਨੂੰ ਲੱਗ ਸਕਦੀਆਂ ਹਨ, ਉਹ ਹਨ: ਅੱਖਾਂ ਦੀ ਲਾਲੀ, ਗੁੱਸਾ, ਪਿੱਤੇ ਦੀ ਖਰਾਬੀ, ਜਿਗਰ ਦੇ ਵਿਕਾਰ, ਛੱਪਾਕੀ, ਬਲੱਡ ਪ੍ਰੈਸ਼ਰ, ਦਿਲ ਦਾ ਤੇਜ਼ ਧੜਕਣਾ, ਸਾਹ ਦਾ ਚੜ੍ਹਨਾ ਤੇ ਦਿਲ ਦੇ ਦੌਰੇ। ਲੱਤਾਂ ਦੇ ਕੜੱਲ, ਅੱਖਾਂ ਅੱਗੇ ਹਨੇਰਾ ਆਉਣਾ, ਗਲ ਵਿਚ ਬੁਰਕੀ ਫਸਣੀ, ਨਹੁੰ ਚਬਾਉਣਾ, ਹਕਲਾਉਣਾ, ਸਮਝ ਦੀ ਘਾਟ, ਸੋਚਣ ਵਿਚ ਰੁਕਾਵਟ, ਗਲਤ ਸਿੱਟੇ ਕੱਢਣਾ, ਪ੍ਰਸ਼ਨਾਂ ਦੇ ਆਉਂਦੇ ਜਵਾਬ ਵੀ ਭੁੱਲ ਜਾਣਾ ਤੇ ਇੰਟਰਵਿਊ ਵਿਚ ਮਾਤ ਖਾ ਕੇ ਪਰਤਣਾ ਇਨ੍ਹਾਂ ਦੀਆਂ ਹੀ ਅਲਾਮਤਾਂ ਹਨ। ਸ਼ੇਅਰ ਦਾ ਧੰਦਾ ਕਰਨਾ, ਲਾਟਰੀਆਂ ਦੇ ਟਿਕਟ ਖਰੀਦਣਾ, ਛੋਟੇ ਰਸਤੇ (Short-cuts) ਅਪਨਾਉਣਾ ਇਨ੍ਹਾਂ ਦੀਆਂ ਕੁਝ ਹੋਰ ਨਿਸ਼ਾਨੀਆਂ ਹਨ। ਜੇ ਇਹ ਬੀਮਾਰ ਹੋਣ ਤਾਂ ਹਰ ਛੋਟੀ ਗੱਲ 'ਤੇ ਆਪਰੇਸ਼ਨ ਕਰਵਾਉਣ ਬੈਠ ਜਾਂਦੇ ਹਨ ਤੇ ਜੇ ਡਾਕਟਰ ਹੋਣ ਤਾਂ ਆਪਰੇਸ਼ਨ ਕਰ ਕੇ ਕੈਂਚੀ ਮਰੀਜ਼ ਦੇ ਪੇਟ ਵਿਚ ਹੀ ਛੱਡ ਆਉਂਦੇ ਹਨ। ਰਾਜਨੀਤੀ ਵਿਚ ਆ ਜਾਣ ਤਾਂ ਹਿਟਲਰ ਦੇ ਸੱਤਾਂ ਸਾਲਾਂ ਵਿਚ ਸਾਰੇ ਯੂਰਪ ਤੇ ਕਬਜ਼ਾ ਕਰ ਲੈਣ ਵਾਂਗ ਤੇਜ਼ ਨੀਤੀ ਅਪਨਾਉਂਦੇ ਹਨ ਤੇ ਜਾਂ ਫਿਰ ਭਾਰਤ ਦੇ ਮੋਦੀ ਵਾਂਗ ਸੱਤਰਾਂ ਸਾਲਾਂ ਦਾ ਕੰਮ ਸੱਤਾਂ ਵਿਚ ਕਰਨ ਦਾ ਦਾਈਆ ਕਰਦੇ ਹਨ। ਕੁਝ ਵੀ ਕਰਨ, ਹਸ਼ਰ ਇਨ੍ਹਾਂ ਦਾ ਕੱਛੂ ਕੁੰਮੇ ਵਾਲੇ ਖਰਗੋਸ਼ ਜਿਹਾ ਹੀ ਹੁੰਦਾ ਹੈ, ਜੋ ਤੇਜ਼ੀ ਦੇ ਬਾਵਜੂਦ ਹਾਰ ਦਾ ਮੂੰਹ ਦੇਖਦਾ ਹੈ। ਸਿਰਫ ਇੰਪੇਸ਼ੈਂਜ਼ ਹੀ ਇਨ੍ਹਾਂ ਨੂੰ ਦਿਮਾਗੀ ਤਵਾਜ਼ਨ ਠੀਕ ਕਰ ਕੇ ਸਹੀ ਸੋਝੀ ਦੇ ਸਕਦੀ ਹੈ।

# ਪੰਚ ਸੰਗਿ ਗੁਰ ਤੇ ਛੁਟੇ ਦੋਖ ਅਰੁ ਰਾਗਉ

## ਗੁਰਬਾਣੀ ਗਿਆਨ

**ਬਿਲਾਵਲੁ ਮਹਲਾ ੫**

ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ॥
ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ॥
ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ॥
ਲਪਟਿ ਰਹਿਓ ਮਨੁ ਬਾਸਨਾ ਤੇ ਗੁਰ ਮਿਲਿ ਇਹ ਤਿਆਗਉ॥ ਰਹਾਉ॥
ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ॥
ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ॥
ਪੰਚ ਸੰਗਿ ਗੁਰ ਤੇ ਛੁਟੇ ਦੋਖ ਅਰੁ ਰਾਗਉ॥
ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ॥
ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਉ॥
ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ॥

ਸਤਿਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਰਾਹੀਂ ਕਿੰਨਾ ਸੁੰਦਰ ਉਪਦੇਸ਼ ਕਰਦੇ ਆਖਦੇ ਹਨ, ਹੇ ਭਾਈ! ਉਸ ਮਿਹਰਬਾਨ ਪ੍ਰਭੂ ਜੀ ਦੇ ਮਿਲਾਪ ਦੇ ਟਾਕਰੇ 'ਤੇ ਲੋਕਾਂ ਵਲੋਂ ਮਿਲ ਰਹੀਆਂ ਦੁਨਿਆਵੀ ਇੱਜ਼ਤਾਂ ਨੂੰ ਤਾਂ ਮੈਂ ਅੱਗ ਵਿਚ ਪਾ ਕੇ ਸਾੜ ਦਿਆਂ; ਜਿਉ ਮਿਲੈ ਪਿਆਰਾ ਅਪਨਾ ਤੇ ਬੋਲ ਕਰਾਗਉ॥ ਲੋਕਾਂ ਦੀ ਖੁਸ਼ਾਮਦ ਕਰਨ ਦੀ ਥਾਂ ਮੈਂ ਤਾਂ ਉਹੀ ਬੋਲ ਬੋਲਾਂਗਾ, ਜਿਨਾ ਸਦਕਾ ਮੇਰਾ ਪਿਆਰਾ ਮੈਨੂੰ ਮਿਲ ਪਵੇ।

ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ॥
ਲਪਟਿ ਰਹਿਓ ਮਨੁ ਬਾਸਨਾ ਤੇ ਗੁਰ ਮਿਲਿ ਇਹ ਤਿਆਗਉ॥ ਰਹਾਉ॥

ਇਸ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰਦੇਵ ਪਿਤਾ ਜੀ ਆਖਦੇ ਨੇ, ਹੇ ਭਾਈ! ਜਦੋਂ ਪ੍ਰਭੂ ਜੀ ਮੇਰੇ ਉਤੇ ਦਇਆਵਾਨ ਹੋਣ, ਉਦੋਂ ਹੀ ਮੈਂ ਉਸ ਦੀ ਭਗਤੀ ਵਿਚ ਲੱਗ ਸਕਦਾ ਹਾਂ। ਇਹ ਮਨ ਸੰਸਾਰਕ ਪਦਾਰਥਾਂ ਦੀਆਂ ਵਾਸ਼ਨਾਵਾਂ ਵਿਚ ਫਸਿਆ ਰਹਿੰਦਾ ਹੈ, ਗੁਰੂ ਦੀ ਸ਼ਰਨ ਵਿਚ ਪੈ ਕੇ ਹੀ ਇਹ ਵਾਸ਼ਨਾਵਾਂ ਛੱਡੀਆਂ ਜਾ ਸਕੀਦੀਆਂ ਹਨ।

ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ॥
ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ॥

ਇਨ੍ਹਾਂ ਪੰਕਤੀਆਂ ਵਿਚ ਸਤਿਗੁਰੂ ਜੀ ਅਰਦਾਸ ਕਰਦੇ ਹਨ, ਹੇ ਭਾਈ! ਉਸ ਪ੍ਰਭੂ ਜੀ ਦੇ ਦਰ 'ਤੇ ਮੈਂ ਬਹੁਤ ਹੀ ਅਧੀਨਗੀ ਸਹਿਤ ਅਰਦਾਸਾਂ ਕਰਦਾ ਰਹਾਂਗਾ ਅਤੇ ਆਪਣੀ ਇਹ ਜਿੰਦ ਜਾਨ ਵੀ ਕੁਰਬਾਨ ਕਰ ਦਿਆਂਗਾ; ਆਪਣੇ ਪਿਆਰੇ ਦੇ ਇਕ ਪਲ ਭਰ ਦੇ ਮਿਲਾਪ ਦੇ ਅਨੰਦ ਦੇ ਵੱਟੇ ਵਿਚ ਮੈਂ ਇਸ ਦੁਨੀਆਂ ਦੇ ਸਾਰੇ ਹੀ ਪਦਾਰਥ ਕੁਰਬਾਨ ਕਰ ਦਿਆਂਗਾ।

ਪੰਚ ਸੰਗਿ ਗੁਰ ਤੇ ਛੁਟੇ ਦੋਖ ਅਰੁ ਰਾਗਉ॥
ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ॥

ਸਤਿਗੁਰੂ ਪਿਤਾ ਜੀ ਆਖਦੇ ਨੇ, ਹੇ ਭਾਈ! ਸੁਣੋ ਪੂਰੇ ਸਤਿਗੁਰੂ ਦੀ ਕਿਰਪਾ ਨਾਲ ਹੁਣ ਮੇਰੇ ਅੰਦਰੋਂ ਪੰਜਾਂ ਚੋਰਾਂ ਦਾ ਸਾਥ ਵੀ ਛੁਟ ਗਿਆ ਭਾਵ ਮੁੱਕ ਗਿਆ ਹੈ, ਮੇਰੇ ਅੰਦਰੋ ਦ੍ਵੈਖ ਅਤੇ ਮੋਹ ਵੀ ਦੂਰ ਹੋ ਗਏ ਹਨ। ਹੇ ਭਾਈ, ਹੁਣ ਮੇਰੇ ਹਿਰਦੇ ਵਿਚ ਸਹੀ ਜੀਵਨ ਦਾ ਚਾਨਣ ਹੋ ਗਿਆ ਹੈ ਅਤੇ ਹੁਣ ਮੈ ਕਾਮਾਦਿਕ ਚੋਰਾਂ ਦੇ ਹੱਲੇ ਵਲੋਂ ਰਾਤ ਦਿਨ ਸੁਚੇਤ ਰਹਿੰਦਾ ਹਾਂ।

ਸਰਣਿ ਸੋਹਗਨਿ ਆਇਆ ਜਿਸੁ ਮਸਤਕਿ ਭਾਗਉ॥
ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਜੀ ਬਖਸ਼ਿਸ਼ ਕਰਦੇ ਹਨ, ਹੇ ਭਾਈ! ਨਾਨਕ ਆਖਦਾ ਹੈ, ਜਿਸ ਮਨੁੱਖ ਦੇ ਮੱਥੇ ਉਤੇ ਚੰਗੇ ਭਾਗ ਜਾਗ ਪੈਂਦੇ ਹਨ, ਉਹ ਸੁਹਾਗਣ ਇਸਤਰੀ ਵਾਂਗ ਗੁਰੂ ਜੀ ਦੀ ਸ਼ਰਨ ਜਾ ਪੈਂਦਾ ਹੈ; ਗੁਰੂ ਕਿਰਪਾ ਨਾਲ ਉਸ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ, ਉਸ ਦਾ ਮਨ ਅਤੇ ਸਰੀਰ ਕਾਮਾਦਿਕਾਂ ਵਲੋਂ ਖਲਾਸੀ ਪਾ ਕੇ ਠੰਢਾ ਠਾਰ ਹੋ ਜਾਂਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਅਣਮਨੁੱਖੀ ਵਰਤਾਰੇ ਦਾ ਸ਼ਿਕਾਰ ਧਰਤੀ



ਗੁਰਮੀਤ ਸਿੰਘ ਪਲਾਹੀ
ਫੋਨ: 91-98158-02070

ਨਿਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਯੁੱਗ ਵਿਚ ਦੁਨੀਆਂ ਭਰ ਵਿਚ ਆਰਥਿਕ ਵਿਕਾਸ ਦੀ ਹੋੜ ਲੱਗੀ ਹੋਈ ਹੈ। ਨਵੀਨੀਕਰਨ ਨੇ ਕੁਦਰਤੀ ਵਸੀਲਿਆਂ ਦਾ ਨਾਸ ਮਾਰ ਦਿੱਤਾ ਹੈ। ਧਰਤੀ ਕੁਰਲਾ ਰਹੀ ਹੈ। ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨ 'ਚ ਉਹ ਬੇਬਸ ਦਿੱਖ ਰਹੀ ਹੈ। ਗਲੋਬਲ ਫੁਟਪ੍ਰਿੰਟ ਨੈਟਵਰਕ ਅਨੁਸਾਰ ਆਰਥਿਕ ਵਿਕਾਸ ਦਾ ਦਬਾਅ ਐਨਾ ਵੱਧ ਚੁਕਾ ਹੈ ਕਿ ਦੁਨੀਆਂ ਭਰ ਦੇ ਰਾਸ਼ਟਰ ਆਪਸ ਵਿਚ ਤਾਂ ਵਪਾਰਕ ਜੰਗਾਂ ਲਈ ਗੁਥਮ-ਗੁੱਥਾਂ ਹੋ ਹੀ ਰਹੇ ਹਨ, ਆਪੋ-ਆਪਣੇ ਦੇਸ਼ਾਂ ਵਿਚ ਵੀ ਵਿਕਾਸ ਦੇ ਵੱਡੇ-ਵੱਡੇ ਪ੍ਰਾਜੈਕਟ ਸ਼ੁਰੂ ਕਰਕੇ 'ਮਾਂ ਧਰਤੀ' ਦੇ ਸੀਨੇ 'ਚ ਛੇਕ ਪਾ ਰਹੇ ਹਨ। ਵੱਡੇ-ਵੱਡੇ ਪ੍ਰਾਜੈਕਟਾਂ ਦੀ ਸ਼ੁਰੂਆਤ ਨਾਲ ਕਾਰਬਨ ਦੀ ਪੈਦਾਇਸ਼ 'ਚ ਐਨਾ ਵਾਧਾ ਹੋ ਰਿਹਾ ਹੈ ਕਿ ਪ੍ਰਿਥਵੀ ਅਤੇ ਕੁਦਰਤੀ ਗੈਸਾਂ ਦਾ ਸਤੁੰਲਨ ਵਿਗੜ ਰਿਹਾ ਹੈ, ਜੋ ਇਸ ਧਰਤੀ 'ਤੇ ਰਹਿਣ ਵਾਲੇ ਮਨੁੱਖਾਂ, ਜੀਵਾਂ ਅਤੇ ਫਸਲਾਂ ਲਈ ਨਿੱਤ ਨਵੀਂਆਂ ਔਖਿਆਈਆਂ ਪੈਦਾ ਕਰ ਰਿਹਾ ਹੈ।

ਕੁਦਰਤੀ ਸਾਧਨਾਂ ਦੀ ਅੰਧਾਧੁੰਦ ਵਰਤੋਂ, ਵਾਤਾਵਰਨ ਵਿਚ ਸਿਰੇ ਦਾ ਪ੍ਰਦੂਸ਼ਣ, ਦਰਖਤਾਂ ਦੀ ਕੱਟ-ਕਟਾਈ ਮਨੁੱਖੀ ਜੀਵਨ ਨੂੰ ਅਸੰਤੁਲਿਤ ਕਰ ਰਿਹਾ ਹੈ। ਸਾਡੀਆਂ ਖਾਧ ਵਸਤਾਂ ਇਸ ਸਾਰੀ ਪ੍ਰਕ੍ਰਿਆ ਵਿਚ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ, ਜਿਸ ਨਾਲ ਮਨੁੱਖੀ ਜੀਵਨ ਉਤੇ ਪ੍ਰਸ਼ਨ ਚਿੰਨ ਲੱਗ ਰਿਹਾ ਹੈ। ਮਹਾਮਾਰੀ, ਕੁਦਰਤੀ ਆਫਤਾਂ ਇਸੇ ਦੇ ਸਿੱਟੇ ਵਜੋਂ ਸਾਹਮਣੇ ਆ ਰਹੀਆਂ ਹਨ।

ਧਰਤੀ ਉਤੇ ਅੱਜ ਪੌਦਿਆਂ, ਦਰਖਤਾਂ, ਫਸਲਾਂ, ਜੀਵ-ਜੰਤੂਆਂ ਉਤੇ ਪੂਰੀ ਸਰਦਾਰੀ ਮਨੁੱਖ ਦੀ ਹੈ। ਪੌਦਿਆਂ ਦਾ ਇੱਕ-ਇੱਕ ਬੀਜ ਮਨੁੱਖ ਦੀ ਮੁੱਠੀ ਵਿਚ ਹੈ। ਸਾਨੂੰ ਰੋਟੀ, ਦਾਲ, ਸਬਜ਼ੀਆਂ ਅਤੇ ਫਲ ਦੇਣ ਵਾਲੇ ਬੀਜ ਕਾਰਪੋਰੇਟ ਸੈਕਟਰਾਂ ਦੇ ਹਥਿਆਰ ਬਣ ਗਏ ਹਨ। ਧਰਤੀ ਉਤੇ ਕੋਈ ਇਹੋ ਜਿਹੀ ਚੀਜ਼ ਸ਼ਾਇਦ ਹੀ ਬਚਦੀ ਹੋਵੇ, ਜਿਹੜੀ ਮਨੁੱਖ ਦੀ ਅਣ-ਮਨੁੱਖੀ ਭੁੱਖ ਦਾ ਸ਼ਿਕਾਰ ਨਾ ਬਣੀ ਹੋਵੇ।

ਸੋਰ ਮੰਡਲ ਵਿਚ ਸਭ ਤੋਂ ਮਹੱਤਵਪੂਰਨ ਸਾਡੀ ਧਰਤੀ ਹੈ। ਆਪਣੇ ਧੁਰੇ ਦੁਆਲੇ ਇਹ 24 ਘੰਟੇ ਵਿਚ ਇੱਕ ਵਾਰ ਘੁੰਮਦੇ-ਘੁੰਮਦੇ 30 ਕਿਲੋਮੀਟਰ ਪ੍ਰਤੀ ਸੈਕਿੰਡ ਦੀ ਦਰ ਨਾਲ ਸੂਰਜ ਦੀ ਪਰਿਕਰਮਾ ਕਰਦੀ ਹੈ। ਆਪਣੀ ਇਕ ਸਾਲ ਦੀ ਲੰਮੀ ਪਰਿਕਰਮਾ ਵਿਚ ਧਰਤੀ ਵੱਖੋ-ਵੱਖਰੀਆਂ ਰੁੱਤਾਂ ਦੀ ਸਿਰਜਣਾ ਕਰਦੀ ਹੈ ਅਤੇ ਇੱਕ ਇਹੋ ਜਿਹਾ ਜਲਵਾਯੂ ਤੰਤਰ ਸਥਾਪਿਤ ਕਰਦੀ ਹੈ, ਜਿਸ ਵਿਚ ਅਣਗਿਣਤ ਜੀਵ-ਰੂਪ ਪੈਦਾ ਹੁੰਦੇ ਹਨ ਅਤੇ ਜਿਉਂਦੇ ਹਨ, ਇੱਕ ਹਰਿਆਵਲ ਖਿੜਦੀ ਹੈ ਅਤੇ ਸਾਰੇ ਜੀਵਧਾਰੀ ਆਪਣੀ ਸੁਭਾਵਿਕ ਪ੍ਰਵਿਰਤੀ ਅਨੁਸਾਰ ਵਿਕਾਸ ਕਰਦੇ ਹਨ। ਧਰਤੀ ਦੀ ਇੱਕ ਖਾਸ ਜਲਵਾਯੂ ਵਿਵਸਥਾ ਅਤੇ ਜੀਵ-ਮੰਡਲ ਦੀ ਅਨੂਠੀ ਵਿਵਸਥਾ ਹੈ, ਜੋ ਮਨੁੱਖੀ ਜੀਵਨ ਅਤੇ ਸ੍ਰਿਸ਼ਟੀ ਤੇ ਜੈਵਿਕ ਜੀਵਨ ਨੂੰ ਸੰਪੂਰਨਤਾ ਦਿੰਦੀ ਹੈ।



ਪਰ ਜਲਵਾਯੂ ਸੰਕਟ ਨੇ ਧਰਤੀ ਉਤੇ ਵੱਡਾ ਸੰਕਟ ਪੈਦਾ ਕੀਤਾ ਹੋਇਆ ਹੈ। ਧਰਤੀ ਨਿੱਤ ਪ੍ਰਤੀ ਮਨੁੱਖੀ ਕਾਰਨਾਮਿਆਂ ਕਾਰਨ ਗਰਮ ਹੋ ਰਹੀ ਹੈ। ਦੁਨੀਆਂ ਦੇ ਦੇਸ਼ਾਂ ਨੇ ਪੈਰਿਸ ਜਲਵਾਯੂ ਸੰਧੀ ਕੀਤੀ ਹੈ। ਉਸ ਵਿਚ ਸ਼ਾਮਲ ਦੁਨੀਆਂ ਦੇ ਮੁਲਕਾਂ ਨੇ ਇਹ ਤੈਅ ਕੀਤਾ ਹੈ ਕਿ ਇਸ ਸਦੀ ਦੇ ਅੰਤ ਤੱਕ ਕੁਦਰਤੀ ਗਰਮਾਹਟ ਨੂੰ ਦੋ ਡਿਗਰੀ ਸੈਂਟੀਗਰੇਟ ਤੱਕ ਸੀਮਤ ਕਰ ਦਿੱਤਾ ਜਾਏਗਾ, ਪਰ ਜਿਸ ਦੁਰਗਤੀ ਨਾਲ ਧਰਤੀ ਉਤੇ ਦਰਖਤਾਂ ਦਾ ਕਤਲੇਆਮ ਹੋ ਰਿਹਾ ਹੈ, ਕਾਰਬਨ ਦੀ ਬੇਲੋੜੀ ਪੈਦਾਇਸ਼ ਹੋ ਰਹੀ ਹੈ, ਉਸ ਨੂੰ ਵੇਖ ਕੇ ਇਵੇਂ ਲੱਗਦਾ ਹੈ ਕਿ ਧਰਤੀ ਦਾ ਤਾਪਮਾਨ ਤਾਂ 2050 ਤੋਂ ਪਹਿਲਾ ਹੀ ਵੱਧ ਜਾਏਗਾ। ਫਿਰ ਸਦੀ ਦੇ ਅੰਤ ਤੱਕ ਕੀ ਹੋਏਗਾ, ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪ੍ਰਸਿੱਧ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਅਨੁਸਾਰ 600 ਵਰ੍ਹਿਆਂ ਵਿਚ ਧਰਤੀ ਅੱਗ ਦਾ ਗੋਲਾ ਬਣ ਜਾਏਗੀ। ਇਹੋ ਜਿਹੀਆਂ ਸਥਿਤੀਆਂ 'ਚ ਮਨੁੱਖ ਹੋਰ ਕਿਹੜੀ ਧਰਤੀ ਲੱਭੇਗਾ? ਕਿਹੜੀ ਮਾਂ ਨੂੰ ਮਾਸੀ ਕਹੇਗਾ?

ਬ੍ਰਹਿਮੰਡ ਵਿਚ ਤਾਂ ਇੱਕ ਹੀ ਧਰਤੀ ਹੈ, ਇਹ ਧਰਤੀ ਸਾਡੀਆਂ ਲੋੜਾਂ ਨੂੰ ਪੂਰਿਆਂ ਕਰਨ 'ਚ ਸਮਰੱਥ ਹੈ। ਇਹ ਧਰਤੀ ਸਾਨੂੰ ਅੰਨ ਦਿੰਦੀ ਹੈ, ਪਾਣੀ ਦਿੰਦੀ ਹੈ, ਸੁੰਦਰ ਵਾਤਾਵਰਨ ਦਿੰਦੀ ਹੈ, ਸਾਡੀ ਰਾਖੀ ਕਰਦੀ ਹੈ; ਪਰ ਜਿਸ ਢੰਗ ਨਾਲ ਅਸੀਂ ਇਸ ਧਰਤੀ ਉਤੇ ਦਬਾਅ ਬਣਾ ਰਹੇ ਹਾਂ, ਉਸ ਅਨੁਸਾਰ ਮਨੁੱਖੀ ਲੋੜਾਂ ਦੀ ਪੂਰਤੀ ਲਈ 1.7 ਧਰਤੀ ਦੀ ਲੋੜ ਹੈ। ਇਹ ਦੂਜੀ ਧਰਤੀ ਅਸੀਂ ਕਿਥੋਂ ਲਿਆਵਾਂਗੇ?

ਸਾਡੀ ਧਰਤੀ ਬ੍ਰਹਿਮਡ ਦਾ ਅਦਭੁਤ ਗ੍ਰਹਿ ਹੈ। ਮਨੁੱਖ ਨੇ ਜਿਹੜਾ ਗਿਆਨ ਹੁਣ ਤੱਕ ਪ੍ਰਾਪਤ ਕੀਤਾ ਹੈ, ਉਸ ਅਨੁਸਾਰ ਤਾਂ ਧਰਤੀ ਬ੍ਰਹਿਮਡ ਦਾ ਇਕੋ ਇੱਕ ਜਿਊਂਦਾ ਗ੍ਰਹਿ ਹੈ। ਇਸ ਦੇ ਕਣ-ਕਣ ਵਿਚ ਜੀਵਨ ਹੈ। ਸਮੁੰਦਰੀ ਤਹਿ ਤੋਂ ਲਗਭਗ 10 ਕਿਲੋਮੀਟਰ ਹੇਠ ਅੰਧੇਰੇ ਤੋਂ ਲੈ ਕੇ ਧਰਾਤਲ ਤੱਕ ਕੋਈ 12 ਕਿਲੋਮੀਟਰ ਉਪਰ ਤੱਕ ਧਰਤੀ ਜੀਵਨ ਨਾਲ ਭਰਪੂਰ ਹੈ। ਸਾਡੇ ਮਨ 'ਚ ਸਦਾ ਹੀ ਇਹ ਤਮੰਨਾ ਰਹਿੰਦੀ ਹੈ ਕਿ ਜੇ ਅਸੀਂ ਕਿਸੇ ਹੋਰ ਬ੍ਰਹਿਮੰਡ ਤੋਂ ਧਰਤੀ ਨੂੰ ਵੇਖੀਏ ਤਾਂ, ਇਹ ਕਿਹੋ ਜਿਹੀ ਲੱਗਦੀ ਹੋਏਗੀ? ਜਦ ਮਨੁੱਖ ਨੇ ਕਿਸੇ ਹੋਰ ਥਾਂ ਤੋਂ ਨਿਹਾਰਿਆਂ ਤਾਂ ਇਹ ਅੰਤਾਂ ਦੀ ਸੁੰਦਰ ਲੱਗੀ। ਮਨੁੱਖ ਨੇ ਦੇਖਿਆ ਕਿ ਸਾਰੇ ਬ੍ਰਹਿਮੰਡ ਵਿਚ ਜੇ ਕੋਈ ਹੋਰ ਸੁੰਦਰ ਚੀਜ਼ ਹੈ, ਤਾਂ ਉਹ ਸਾਡੀ ਧਰਤੀ ਹੈ। ਅਸੀਂ ਆਪਣੀ ਅਤੀ-ਸੁੰਦਰ ਧਰਤੀ ਨੂੰ ਬਲੂ ਬਿਊਟੀ ਅਰਥਾਤ ਨੀਲ ਸੁੰਦਰੀ ਦਾ ਨਾਮ ਦਿੰਦੇ ਹਾਂ।

ਫਿਰ ਭਲਾ ਮਨੁੱਖ ਇਸ ਆਪਣੀ ਸਭ ਤੋਂ ਪਿਆਰੀ ਚੀਜ਼ ਨੂੰ ਨਸ਼ਟ ਕਰਨ 'ਤੇ ਕਿਉਂ ਤੁਲਿਆ ਹੈ? ਕਿਉਂ ਉਹ ਧਰਤੀ ਉਤੇ ਰਹਿ ਕੇ ਇਸ ਦੇ ਸੁੰਦਰ ਵਾਤਾਵਰਨ ਦਾ, ਇਸ ਦੇ ਜੰਗਲਾਂ ਦਾ, ਇਸ ਦੇ ਅਤੀ ਸੁੰਦਰ ਦ੍ਰਿਸ਼ਾਂ ਦਾ ਨਜ਼ਾਰਾ ਮਾਣਨ ਦੀ ਥਾਂ ਇਸ ਨੂੰ ਗੰਦਗੀ ਦਾ ਢੇਰ ਬਣਾ ਰਿਹਾ ਹੈ? ਕਿਉਂ ਇਸ ਦੀ ਕੁੱਖ ਦੇ ਪਾਣੀ ਨੂੰ ਗੰਦਲਾ ਕਰਕੇ ਆਪਣੇ ਜੜ੍ਹੀਂ ਆਪ ਤੇਲ ਦੇ ਰਿਹਾ ਹੈ?

ਦੂਰ ਨਹੀਂ ਜਾਂਦੇ, ਖੇਤੀ ਦੇ ਮਾਡਲ ਦੀ ਗੱਲ ਕਰ ਲੈਂਦੇ ਹਾਂ। ਸਿਰਫ ਉਦਯੋਗਿਕ, ਖਪਤਵਾਦ ਅਤੇ ਪਦਾਰਥਕ ਸਹੂਲਤਾਂ ਨੂੰ ਹੀ ਵਿਕਾਸ ਦੇਣ ਵਾਲੇ ਸਿਧਾਂਤ ਲਾਗੂ ਕਰਦਿਆਂ ਮਨੁੱਖ ਨੇ ਦੁਨੀਆਂ ਭਰ ਵਿਚ ਖੇਤੀਬਾੜੀ ਨੂੰ ਘਾਟੇ ਦਾ ਸੌਦਾ ਬਣਾ ਲਿਆ। ਖੇਤੀਬਾੜੀ ਨੂੰ ਵੀ ਉਦਯੋਗਿਕ ਲੀਹਾਂ ਉਪਰ ਤੋਰਨ ਦੇ ਮਾਡਲ ਨੇ ਕਿਸਾਨਾਂ-ਮਜ਼ਦੂਰਾਂ ਨੂੰ ਕਰਜ਼ੇ ਦੇ ਬੋਝ ਹੇਠਾਂ ਦੱਬ ਦਿੱਤਾ। ਕੀ ਮਨੁੱਖ ਖੇਤੀ ਨੂੰ ਕੁਦਰਤ ਨਾਲ ਇੱਕਸੁਰਤਾ ਵਾਲੀ ਕਿਰਤ ਪੱਖੀ ਅਤੇ ਮਨੁੱਖੀ ਲੋੜਾਂ ਦੀ ਪੂਰਤੀ ਵਾਲੀ ਨਹੀਂ ਸੀ ਬਣਾ ਸਕਦਾ?

ਅਸਲ 'ਚ ਜਿਊਣ ਵਾਸਤੇ ਸੱਤ ਤਾਰਾ ਹੋਟਲਾਂ ਦੀ ਅੱਯਾਸ਼ੀ ਦੀ ਥਾਂ ਸਭ ਨੂੰ ਲੋੜ ਅਨੁਸਾਰ ਮਿਲਣ ਅਤੇ ਸਮਰੱਥਾ ਅਨੁਸਾਰ ਕੰਮ ਕਰਨ ਦੇ ਸਿਧਾਂਤ ਦੇ ਕੁਦਰਤੀ ਨਿਯਮਾਂ ਵੱਲ ਮੁੜਨਾ, ਅਸਲੀ ਤੌਰ 'ਤੇ ਕੁਦਰਤ ਨਾਲ ਸਾਂਝ ਪਾਉਣ ਦਾ ਇਕੋ ਰਾਸਤਾ ਹੈ। ਅੱਜ ਦੇ ਯੁੱਗ ਵਿਚ ਤਾਂ ਮਨੁੱਖ ਮਨੁੱਖ ਤੋਂ ਡਰਨ ਲੱਗ ਪਿਆ ਹੈ। ਆਰਥਿਕ ਤੌਰ 'ਤੇ ਕਮਜ਼ੋਰ ਤਬਕੇ ਦੀ ਹਾਲਾਤ ਬਹੁਤ ਖਰਾਬ ਹੈ। ਪਿੰਡਾਂ ਤੋਂ ਸ਼ਹਿਰਾਂ ਤੇ ਇੱਕ ਸੂਬੇ ਤੋਂ ਦੂਸਰੇ ਸੂਬੇ 'ਚ ਲੋਕ ਜਾਣ ਲਈ ਮਜਬੂਰ ਹਨ, ਜਿਸ ਦਾ ਸਿੱਟਾ ਪਰਵਾਸ 'ਚ ਨਿਕਲਦਾ ਹੈ, ਜੋ ਬਹੁਤੀਆਂ ਹਾਲਤਾਂ ਵਿਚ ਨਾ ਰੋਟੀ ਦੇ ਸਕਦਾ ਹੈ, ਨਾ ਰਹਿਣ ਲਈ ਥਾਂ ਤੇ ਨਾ ਹੀ ਮਨੁੱਖੀ ਹਮਦਰਦੀ। ਧਰਤੀ ਉਤੇ ਮਨੁੱਖ ਦਾ ਜਿਊਣਾ ਔਖਾ ਹੋ ਗਿਆ ਹੈ।

ਧਰਤੀ ਨਾਲ ਕੀਤੇ ਜਾ ਰਹੇ ਜ਼ੁਲਮ ਦੀ, ਸ਼ਾਇਦ ਭਾਰਤ ਦੇ ਹਰਿਆਲੇ, ਪ੍ਰਕਿਰਤੀ ਭਰਪੂਰ, ਦਰਿਆਵਾਂ ਦੀ ਧਰਤੀ ਪੰਜਾਬ ਤੋਂ ਵੱਧ, ਹੋਰ ਕਿਸੇ ਸੂਬੇ ਦੀ ਮਿਸਾਲ ਦਿੱਤੀ ਹੀ ਨਹੀਂ ਜਾ ਸਕਦੀ। ਪੰਜ ਪਾਣੀਆਂ ਦੀ ਧਰਤੀ ਦੇ ਬੰਜਰ ਹੋਣ ਦੀਆਂ ਭਵਿੱਖਵਾਣੀਆਂ ਕੀਤੀਆਂ ਜਾ ਰਹੀਆਂ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਬਹੁਤ ਹੀ ਜ਼ਿਆਦਾ ਡੂੰਘਾ ਚਲਾ ਗਿਆ ਹੈ। ਇੱਕ ਸਰਵੇਖਣ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕ ਤਾਂ ਅਤਿ ਸ਼ੋਸ਼ਿਤ ਖਿੱਤੇ ਵਿਚ ਚਲੇ ਗਏ ਹਨ। ਕੁਝ ਕੁ ਹੋਰ ਬਲਾਕ ਸੇਮ ਦੇ ਮਾਰੇ ਹਨ। ਪੰਜਾਬ ਦੀ ਪੌਣ ਪਲੀਤ ਹੋ ਚੁਕੀ ਹੈ ਅਤੇ ਖੇਤੀਬਾੜੀ ਦੇ ਉਦਯੋਗਿਕ ਮਾਡਲ ਨੇ ਮਿੱਟੀ ਦੀ ਸ਼ਕਤੀ ਨੂੰ ਢਾਅ ਲਾਈ ਹੈ। ਤੰਦਰੁਸਤ ਤੇ ਰਿਸ਼ਟ-ਪੁਸ਼ਟ, ਮੌਤ ਨੂੰ ਮਖੌਲਾਂ ਕਰਨ ਵਾਲੇ ਪੰਜਾਬੀਆਂ ਦੇ ਘਰਾਂ ਵਿਚ ਕੈਂਸਰ, ਕਾਲਾ ਪੀਲੀਆ ਤੇ ਹੋਰ ਭਿਆਨਕ ਬੀਮਾਰੀਆਂ ਨੇ ਪੈਰ ਪਸਾਰ ਲਏ ਹਨ। ਸੂਬੇ ਦੀ ਆਰਥਿਕਤਾ ਦਾ ਵੀ ਲੱਕ ਟੁੱਟ ਗਿਆ ਹੈ। ਪੰਜਾਬ ਦੇ ਜ਼ਿੰਮੇ ਸਵਾ ਦੋ ਲੱਖ ਕਰੋੜ ਦਾ ਕਰਜ਼ਾ ਚੜ੍ਹ ਚੁਕਾ ਹੈ। ਸੂਬੇ ਦੇ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ। ਪੰਜਾਬ ਦੀ ਸਥਿਤੀ ਇਹ ਹੋ ਗਈ ਹੈ ਕਿ ਲੋਕਾਂ ਦੇ ਦਿਮਾਗਾਂ ਵਿਚ ਕੈਨੇਡਾ, ਅਮਰੀਕਾ, ਆਸਟਰੇਲੀਆ ਵੱਸ ਗਿਆ ਹੈ ਤੇ ਪੰਜਾਬ ਉਸ ਦੇ ਸੁਪਨਿਆਂ ਤੋਂ ਗਾਇਬ ਹੋ ਗਿਆ ਹੈ।

ਆਮ ਮਨੁੱਖ ਦਾ ਧਰਤੀ ਨਾਲ ਇੰਜ ਨਿਰਮੋਹੇ ਹੋਣਾ ਭਾਵੇਂ ਆਰਥਿਕ ਵਿਕਾਸ ਦੀ ਹੋੜ ਕਿਹਾ ਜਾਏ, ਪਰ ਅਸਲ ਅਰਥਾਂ 'ਚ ਧਨ-ਕੁਬੇਰਾਂ ਵਲੋਂ ਆਰਥਿਕ ਤਾਕਤ, ਸਿਆਸੀ ਤਾਕਤ ਹਥਿਆਉਣ ਅਤੇ ਸਭ ਕੁਝ ਆਪਣੇ ਹਿਤਾਂ 'ਚ ਢਾਲਣ ਕਾਰਨ ਹੋ ਰਿਹਾ ਹੈ।

ਧਰਤੀ ਉਤੇ ਸਮੁੱਚਾ ਜੀਵਨ, ਧਰਤੀ ਅਤੇ ਆਲੇ-ਦੁਆਲੇ ਨਾਲ ਚੰਗੇਰੀ ਸਾਂਝ ਪਾ ਕੇ ਹੀ ਜੀਵਿਆ ਜਾ ਸਕਦਾ ਹੈ। ਸਭ ਤੋਂ ਵੱਡੀ ਲੋੜ ਧਰਤੀ 'ਤੇ ਰਹਿਣ ਵਾਲੇ ਜੀਵਾਂ ਪ੍ਰਤੀ ਸਕਾਰਾਤਮਕ ਵਿਹਾਰ ਕਰਨਾ ਹੈ। ਸਾਨੂੰ ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਦੇ ਇਹ ਸ਼ਬਦ ਚੇਤੇ ਰੱਖਣੇ ਬਣਦੇ ਹਨ, "ਜਦੋਂ ਤੱਕ ਧਰਤੀ, ਜੰਗਲ, ਪਹਾੜ ਤੇ ਨਦੀਆਂ ਦੀ ਧਾਰਾ ਬਾਕੀ ਹੈ, ਉਦੋਂ ਤੱਕ ਜੀਵਨ ਪ੍ਰਵਾਹ ਹੈ।"

## ਵਾਤਾਵਰਨ

ਚੰਗੇ ਲੈ ਕੇ ਆਈਏ ਮਨ ਵਿਚ ਖਿਆਲ,
ਆਓ ਵਾਤਾਵਰਨ ਦੀ ਕਰੀਏ ਸੰਭਾਲ।
ਚਾਰੇ ਪਾਸੇ ਹਰਿਆਵਲ ਲਿਆਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ।

ਪੰਛੀ ਜਨੌਰ ਉਡਾਰੀ ਲਾਉਣ,
ਸਭ ਦੇ ਮਨ ਨੂੰ ਭਾਉਣ।
ਜ਼ਿੰਦਗੀ 'ਚ ਇੱਕ-ਦੋ ਰੁੱਖ ਲਗਾਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ।

ਰੱਬ ਨੇ ਦਿੱਤੇ ਤੋਹਫੇ ਮਿਟੀ, ਹਵਾ ਤੇ ਪਾਣੀ,
ਫਿਰ ਬਰਬਾਦ ਕਿਉਂ ਕਰੇ ਪ੍ਰਾਣੀ।
ਪ੍ਰਦੂਸ਼ਣ ਆਪਾਂ ਦੂਰ ਭਜਾਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ।

ਰੁੱਖ ਸਾਨੂੰ ਠੰਡੀਆਂ ਛਾਂਵਾਂ ਦਿੰਦੇ,
ਜਿਨ੍ਹਾਂ ਉਤੇ ਘਰ ਬਣਾਉਣ ਪਰਿੰਦੇ।
ਪੰਛੀਆਂ ਤੇ ਰੁੱਖਾਂ ਦੀ ਹੋਂਦ ਬਚਾਈਏ,
ਆਓ ਸਾਰੇ ਰਲ ਵਾਤਾਵਰਨ ਬਚਾਈਏ।

ਸ਼ੁੱਧ ਹਵਾ ਵਿਚ ਫੁੱਲ ਮੁਸਕਰਾਉਣ,
ਹਰ ਇਕ ਦੇ ਦਿਲ ਨੂੰ ਭਾਉਣ।
ਫਲ ਤੇ ਫੁੱਲ ਦਾ ਜੀਵਨ ਬਚਾਈਏ,
ਆਓ। 'ਗਗਨ' ਰਲ ਵਾਤਾਵਰਨ ਬਚਾਈਏ।

*-ਗਗਨਦੀਪ ਕੌਰ*

## ਪੁਸਤਕ ਚਰਚਾ

# ਕਿਸਾਨੀ ਸੰਘਰਸ਼ ਦੀ ਦਾਸਤਾਨ 'ਹੂਕ ਪੰਜਾਬ ਦੀ'

ਮਲਕੀਤ ਸੈਣੀ ਲੁਧਿਆਣਾ
ਫੋਨ: 91-95019-60486

ਆਦਿ ਕਾਲ ਤੋਂ ਹੀ ਸਾਮਰਾਜੀ ਤਾਕਤਾਂ ਸਮਾਜਵਾਦੀ ਢਾਂਚੇ ਉੱਤੇ ਹਾਵੀ ਰਹੀਆਂ ਹਨ, ਜਿਸ ਕਰਕੇ ਸਮਾਜਿਕ ਹਿਤਾਂ ਦੀ ਅਣਦੇਖੀ ਤੇ ਕਾਣੀ ਵੰਡ ਆਮ ਜਿਹੀ ਗੱਲ ਹੈ। ਮਨੁੱਖੀ ਲੋੜਾਂ ਪੂਰੀਆਂ ਕਰਨ ਵਾਲੇ ਤਮਾਮ ਸਾਧਨਾਂ ਉਤੇ ਸਾਮਰਾਜੀ ਤਾਕਤਾਂ ਦਾ ਕਬਜ਼ਾ ਹੋਣ ਕਰਕੇ ਆਮ ਆਦਮੀ ਪ੍ਰਭਾਵਿਤ ਹੋਇਆ ਹੈ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲਾ ਜੇ ਕੋਈ ਹੈ, ਤਾਂ ਕਿਸਾਨ ਹੈ। ਪੂਰੀ ਦੁਨੀਆਂ ਦੇ ਹਿਤ ਕਿਸਾਨ ਨਾਲ ਜੁੜੇ ਹੋਏ ਹਨ, ਪਰ ਕਿਸਾਨ ਦੇ ਹਿਤਾਂ ਨਾਲ ਮੁੱਢ ਤੋਂ ਹੀ ਅਣਦੇਖੀ ਕੀਤੀ ਗਈ ਹੈ। ਫਲਸਰੂਪ ਕਿਸਾਨ ਦੀ ਹਾਲਤ ਤਰਸਯੋਗ ਹੋ ਗਈ ਹੈ। ਇਸ ਕਾਰਨ ਕਰਕੇ ਸਮੂਹਿਕ ਤੌਰ 'ਤੇ ਅਜੋਕੇ ਕਿਸਾਨ ਅੰਦੋਲਨ ਦਾ ਹਰਕਤ ਵਿਚ ਆਉਣਾ ਹੈ, ਜਿਸ ਨੂੰ ਕਿ ਕਿਰਤੀ ਅਤੇ ਸਮੁੱਚੇ ਮੱਧ ਵਰਗ ਦਾ ਸਮਰਥਨ ਹਾਸਲ ਹੈ। ਇਹੋ ਜਿਹੀ ਅਸਾਵੀਂ ਸਥਿਤੀ ਦੇ ਵਿਰੋਧ ਵਿਚ ਕੁਦਰਤ ਹਮੇਸ਼ਾ ਇਹੋ ਜਿਹੇ ਬੁੱਧੀਜੀਵੀਆਂ ਤੇ ਲਿਖਾਰੀਆਂ ਨੂੰ ਜਨਮ ਦਿੰਦੀ ਰਹੀ ਹੈ। ਜਿਹੜੇ ਕਿ ਇਨ੍ਹਾਂ ਅਸਮਾਜਿਕ ਤੱਤਾਂ ਦੇ ਖਿਲਾਫ ਆਵਾਜ਼ ਬੁਲੰਦ ਕਰ ਸਕਣ।

ਸੋ ਕਿਸਾਨਾਂ ਨਾਲ ਹੋ ਰਹੇ ਗੈਰ-ਰਸਮੀ ਰਸੂਖ ਤੇ ਅਣਮਨੁੱਖੀ ਤਸ਼ੱਦਦ ਦੇ ਖਿਲਾਫ ਹਰ ਬੁੱਧੀਜੀਵੀ ਤੇ ਸੰਜੀਦਾ ਲੇਖਕਾਂ ਨੇ ਆਪਣੀ ਆਵਾਜ਼ ਉਠਾਈ ਹੈ। ਇਨ੍ਹਾਂ ਵਿਚੋਂ ਇੱਕ ਨਾਂ ਮੇਰੇ ਜ਼ਿਹਨ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਉਹ ਹੈ, ਸੁਖਵਿੰਦਰ ਸਿੰਘ ਬੋਦਲਾਂ ਵਾਲਾ। ਖੁਦ ਇੱਕ ਕਿਸਾਨ ਦਾ ਪੁੱਤ ਹੋਣ ਕਰਕੇ ਕਿਸਾਨ ਦੇ ਦਰਦ ਨੂੰ ਉਸ ਨੇ ਪਛਾਣਿਆਂ ਵੀ ਹੈ ਤੇ ਅਹਿਸਾਸਿਆ ਵੀ ਹੈ। ਜਿਸ ਦਾ ਨਤੀਜਾ ਹੈ ਕਿਸਾਨੀ ਅੰਦੋਲਨ ਨੂੰ ਸਮਰਪਿਤ ਇਹ ਕਿਤਾਬ, 'ਹੂਕ ਪੰਜਾਬ ਦੀ।'







ਖੁਦ ਕਿਸਾਨ ਹੋਣ ਕਰਕੇ ਉਸ ਨੇ ਕਿਸਾਨ ਦੇ ਦਰਦ ਨੂੰ ਪਛਾਣਿਆ ਹੀ ਨਹੀਂ ਹੰਢਾਇਆ ਵੀ ਹੈ। ਸੁਹਾਗੇ ਦੀ ਧੂੜ ਨਾਲ ਅੱਖਾਂ ਦੀਆਂ ਝਿੰਮਣੀਆਂ ਕਿੰਜ ਲੁਕ ਜਾਂਦੀਆਂ ਨੇ, ਉਹ ਬਾਖੂਬੀ ਜਾਣਦਾ ਹੈ। ਉੱਗਦੀ ਕਣਕ ਦੀਆਂ ਤੁੱਰੀਆਂ ਦੀ ਭਾਅ ਮਾਰਦੀ ਝਲਕ ਤੇ ਪੱਕੀ ਕਣਕ ਦੇ ਕਸੀਰਾਂ ਦੀ ਚੋਭ ਉਸ ਨੇ ਆਪਣੇ ਪਿੰਡੇ 'ਤੇ ਹੰਢਾਈ ਹੈ। ਇਸੇ ਲਈ ਉਸ ਦੀ ਹਰ ਰਚਨਾ ਵਿਚ ਯਥਾਰਥ ਝਲਕਦਾ ਹੈ। ਦੁਆਬੇ ਦੀ ਨਿਰਛਲ ਤੇ ਅਪਣੱਤ ਨਾਲ ਭਰੀ ਹੋਈ ਭਾਸ਼ਾ ਹੋਣ ਕਰਕੇ ਇੱਕ ਵੱਖਰੀ ਹੀ ਮਿਠਾਸ ਦਾ ਅਨੁਭਵ ਹੁੰਦਾ ਹੈ। ਬੇਸ਼ੱਕ ਲੇਖਕ ਵੀਹ-ਬਾਈ ਸਾਲ ਪਹਿਲਾਂ ਆਪਣੇ ਪਰਿਵਾਰਕ ਤੇ ਆਰਥਿਕ ਵਿਕਾਸ ਲਈ ਅਮਰੀਕਾ ਜਾ ਵੱਸਿਆ ਸੀ, ਪਰ ਮਾਨਸਿਕ ਤੌਰ 'ਤੇ ਉਹ ਆਪਣੀ ਜਨਮ ਭੋਇੰ ਨਾਲ ਹਮੇਸ਼ਾ ਜੁੜਿਆ ਰਿਹਾ। ਪ੍ਰਬੰਧਕੀ ਢਾਂਚੇ ਪ੍ਰਤੀ ਉਸ ਦਾ ਰੋਹ ਉਸ ਦੇ ਸੁਭਾਅ ਵਿਚੋਂ ਸਾਫ ਝਲਕਦਾ ਹੈ। ਅਜੇ ਦੋ-ਢਾਈ ਮਹੀਨੇ ਪਹਿਲਾਂ ਹੀ ਸੁਖਵਿੰਦਰ ਸਿੰਘ ਦੀ ਇੱਕ ਕਿਤਾਬ 'ਯਾਦਾਂ ਵਿਚ ਵਸਦੇ ਪਲ' ਨਜ਼ਰੀਂ ਪਈ ਸੀ, ਜਿਸ ਦੇ ਲੋਕ ਅਰਪਣ ਸਮਾਰੋਹ ਵਿਚ ਮੈਂ ਵੀ ਸ਼ਾਮਿਲ ਸਾਂ। ਇੰਨੇ ਘੱਟ ਸਮੇਂ ਵਿਚ ਆਪਣੀ ਦੂਸਰੀ ਕਿਤਾਬ 'ਹੂਕ ਪੰਜਾਬ ਦੀ' ਸਾਹਿਤ ਜਗਤ ਦੀ ਝੋਲੀ ਪਾਉਣਾ ਲੇਖਕ ਦੀ ਹਿੰਮਤ ਅਤੇ ਸਿਸਟਮ ਪ੍ਰਤੀ ਉਤੇਜਨਾ ਦਾ ਹੀ ਸਿੱਟਾ ਹੈ। ਲੇਖਕ ਦੀ ਨਿਡਰਤਾ ਬਾਰੇ ਉਸ ਦੀਆਂ ਰਚਨਾਵਾਂ ਖੁਦ ਮੂੰਹੋਂ ਬੋਲਦੀਆਂ ਹਨ:

ਝੋਲੀ-ਚੁੱਕ ਹੈ ਪਹਿਰੇਦਾਰ
ਫਿੱਟੇ ਮੂੰਹ ਗੋਦੀ ਮੀਡੀਆ।
ਰਲਿਆ ਨਾਲ ਐ ਚੌਕੀਦਾਰ
ਫਿੱਟੇ ਮੂੰਹ ਗੋਦੀ ਮੀਡੀਆ।

ਲੇਖਕ ਨੇ ਪੰਜਾਬ ਦੀ ਤ੍ਰਾਸਦੀ ਲਈ ਜ਼ਿੰਮੇਵਾਰ ਵਿਅਕਤੀਆਂ ਵੱਲ ਹਿੱਕ ਠੋਕ ਕੇ ਨਿਸ਼ਾਨਦੇਹੀ ਕੀਤੀ ਹੈ:

ਨੂੰਨੀ ਛਾਂ ਦੀ ਕਿਸਮਤ ਸੱਚੀਂ
ਕਿਸ ਨੇ ਬੈਅ ਕੀਤੀ?
ਦਸਤਖਤਾਂ ਦਾ ਉਹ ਕਾਗਜ਼
ਜਦ ਸਾਹਮਣੇ ਆਵੇਗਾ।

ਜਿੱਥੇ ਲੇਖਕ ਪੂਰੀ ਨਿਡਰਤਾ ਤੇ ਜੀਅ ਜਾਨ ਨਾਲ ਕਿਸਾਨੀ ਸੰਘਰਸ਼ ਨੂੰ ਸਮਰਪਿਤ ਹੈ, ਉੱਥੇ ਉਹ ਕੀ ਰਚਨਾਵਾਂ ਵਿਚ ਆਪਣੀ ਗੱਲ ਨੂੰ ਕਹਿਣ ਲਈ ਕਾਹਲੀ ਵਿਚ ਵੀ ਜਾਪਦਾ ਹੈ। ਜਿਸ ਕਾਰਨ ਲਗਾਂ-ਮਾਤਰਾਂ ਦੀ ਊਣਤਾਈ ਤੇ ਕਿਤੇ ਕਿਤੇ ਹਰਫਾਂ ਦਾ ਅਹੁਟਲ ਜਾਣਾ ਸੁਭਾਵਿਕ ਹੈ।

ਇਸ ਦੇ ਬਾਵਜੂਦ ਲੇਖਕ ਆਪਣੀ ਇਸ ਕਿਰਤ ਲਈ ਵਧਾਈ ਦਾ ਪਾਤਰ ਹੈ ਤੇ ਆਉਣ ਵਾਲੇ ਸਮੇਂ ਵਿਚ ਉਸ ਕੋਲੋਂ ਇਸ ਕੋਸ਼ਿਸ਼ ਨੂੰ ਨਿਰੰਤਰ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ।

# ਸਿਨੇਮਾ ਇਤਿਹਾਸ ਦੀ ਸਭ ਤੋਂ ਜ਼ਰੂਰੀ ਫਿਲਮ 'ਸਿਟੀਜ਼ਨ ਕੇਨ'

***ਫਿਲਮ 'ਸਿਟੀਜ਼ਨ ਕੇਨ' ਸੰਸਾਰ ਸਿਨੇਮਾ ਵਿਚ ਆਪਣੀ ਮਿਸਾਲ ਆਪ ਹੈ। ਡਾ. ਕੁਲਦੀਪ ਕੌਰ ਨੇ ਇਸ ਫਿਲਮ ਦੀ ਦਾਸਤਾਨ ਬਿਆਨ ਕਰਦਿਆਂ ਸਿਨੇਮਾ ਦੀ ਸਮਝ ਬਾਰੇ ਵੀ ਕੁਝ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਇਸ ਫਿਲਮ ਦੇ ਸਿਰਜਕ ਓਰਸਨ ਵੈਲੇਸ ਨੇ ਇਸ ਫਿਲਮ ਬਾਰੇ ਬੜੀਆਂ ਦਿਲਚਸਪ ਟਿੱਪਣੀਆਂ ਕੀਤੀਆਂ ਹਨ।***

## ਵਿਰਾਸਤ-ਏ-ਸਿਨੇਮਾ



**ਡਾ. ਕੁਲਦੀਪ ਕੌਰ**
ਫੋਨ: +91-98554-04330

ਸਿਨੇਮਾ ਦੇ ਇਤਿਹਾਸ ਵਿਚੋਂ ਜੇਕਰ ਸਭ ਤੋਂ ਸਫਲ ਸਾਬਤ ਹੋਈ ਪਰ ਹੁਣ ਤੱਕ ਵੀ ਆਲੋਚਕਾਂ ਅਤੇ ਦਰਸ਼ਕਾਂ ਦੇ ਚੰਗੀ ਤਰ੍ਹਾਂ ਸਮਝ ਨਾ ਆ ਸਕਣ ਵਾਲੀ ਫਿਲਮ ਦਾ ਨਾਮ ਲੈਣਾ ਹੋਵੇ ਤਾਂ ਲਿਹਾਜ਼ਾ 'ਸਿਟੀਜ਼ਨ ਕੇਨ' ਦਾ ਨਾਮ ਸਾਹਮਣੇ ਆਵੇਗਾ। ਇਸ ਫਿਲਮ ਨੇ ਸਿਨੇਮਾ ਦੇ ਇਤਿਹਾਸ ਵਿਚ ਅਜਿਹੀ ਫਿਲਮ ਦਾ ਦਰਜਾ ਹਾਸਿਲ ਕਰ ਲਿਆ ਹੈ ਕਿ ਇਹ ਦੁਨੀਆ ਭਰ ਦੇ ਫਿਲਮ ਸਕੂਲਾਂ ਦੇ ਸਿਲੇਬਸਾਂ ਦਾ ਜ਼ਰੂਰੀ ਹਿੱਸਾ ਬਣ ਚੁੱਕੀ ਹੈ। ਇਸ ਫਿਲਮ ਨੂੰ ਸਮਝਣਾ ਇਸ ਲਈ ਵੀ ਮੁਸ਼ਕਿਲ ਹੈ ਕਿ ਇਸ ਫਿਲਮ ਨਾਲ ਜੁੜੇ ਵਿਵਾਦਾਂ ਤੇ ਦੰਦ-ਕਥਾਵਾਂ ਨੇ ਇਸ ਦੇ ਆਲੇ-ਦੁਆਲੇ ਅਜਿਹਾ ਰਹੱਸਮਈ ਤਾਣਾ-ਬਾਣਾ ਬੁਣ ਰੱਖਿਆ ਹੈ ਕਿ ਇਸ ਫਿਲਮ ਨੂੰ ਕਈ-ਕਈ ਵਾਰ ਦੇਖਣ ਤੋਂ ਬਾਅਦ ਵੀ ਇਸ ਨੂੰ ਅਗਲੀ ਵਾਰ ਦੇਖਣ ਦੀ ਇੱਛਾ ਬਣੀ ਰਹਿੰਦੀ ਹੈ।

ਇਸ ਫਿਲਮ ਬਾਰੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਸ ਫਿਲਮ ਦੇ ਸਿਰਜਕ ਓਰਸਨ ਵੈਲੇਸ ਦਾ 1969 ਵਿਚ ਰਿਕਾਰਡ ਹੋਇਆ ਇੰਟਰਵਿਊ ਬਹੁਤ ਮਹਤੱਵਪੂਰਨ ਹੈ। ਉਹ ਇਸ ਇੰਟਰਵਿਊ ਵਿਚ ਇਸ ਫਿਲਮ ਬਾਰੇ ਆਖਦਾ ਹੈ ਕਿ ਇਸ ਫਿਲਮ ਦੀ ਰਿਲੀਜ਼ ਤੋਂ ਬਾਅਦ ਉਹਨੇ ਇਹ ਫਿਲਮ ਕਦੇ ਨਹੀਂ ਦੇਖੀ, ਭਾਵੇਂ ਉਹਦੇ ਆਸ-ਪਾਸ ਸਾਲਾਂਬੱਧੀ ਇਸ ਬਾਰੇ ਚਰਚਾ ਹੁੰਦੀ ਰਹੀ ਹੈ। ਉਸ ਨੂੰ ਜਾਣਨ ਵਾਲਿਆਂ ਦਾ ਇਹ ਮੰਨਣਾ ਸੀ ਇਸ ਦਾ ਕਾਰਨ ਸ਼ਾਇਦ ਇਹ ਹੋ ਸਕਦਾ ਕਿ ਇਸ ਫਿਲਮ ਦਾ ਮੁੱਖ ਕਿਰਦਾਰ ਜਿੰਨੀ ਬੁਰੀ ਤਰ੍ਹਾਂ ਨਾਲ ਜ਼ਿੰਦਗੀ ਹੱਥੋਂ ਹਾਰਦਾ ਹੈ, ਉਸ ਕਾਰਨ ਇਸ ਫਿਲਮਸਾਜ਼ ਦੀ ਹਿੰਮਤ ਹੀ ਨਹੀਂ ਪਈ ਕਿ ਉਹ ਇਸ ਨੂੰ ਦੁਬਾਰਾ ਦੇਖ ਸਕੇ। ਇਸ ਫਿਲਮ ਦਾ ਸਭ ਤੋਂ ਮਹਤੱਵਪੂਰਨ ਪਹਿਲੂ ਇਹ ਵੀ ਹੈ ਕਿ ਇਹ ਫਿਲਮ ਇਸ ਨਿਰਦੇਸ਼ਕ ਦੀ ਜ਼ਿੰਦਗੀ ਵਿਚ ਚੱਲ ਰਹੀ ਉਥਲ-ਪੁਥਲ ਨੂੰ ਵੀ ਦ੍ਰਿਸ਼ਾਂ ਦੀ ਜ਼ੁਬਾਨ ਦਿੰਦੀ ਹੈ।

ਫਿਲਮ 'ਸਿਟੀਜ਼ਨ ਕੇਨ' ਬਾਰੇ ਚਰਚਾ ਸ਼ੁਰੂ ਕਰਨ ਤੋਂ ਪਹਿਲਾ ਤਿੰਨ ਅਹਿਮ ਨੁਕਤਿਆਂ 'ਤੇ ਗੱਲ ਕਰਨੀ ਜ਼ਰੂਰੀ ਹੈ। ਪਹਿਲਾ: ਫਿਲਮ ਇਸ ਤੱਥ ਨੂੰ ਪੱਕੇ ਪੈਰੀਂ ਕਰਦੀ ਹੈ ਕਿ ਯਾਦ ਉਪਰ ਬਹੁਤ ਜ਼ਿਆਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਫਿਲਮ ਦੇ ਮੁੱਖ ਕਿਰਦਾਰ ਚਾਰਲਸ ਫੋਸਟਰ ਕੇਨ ਦੀ ਕਹਾਣੀ ਉਸ ਦੀ ਮੌਤ ਤੋਂ ਬਾਅਦ, ਉਸ ਦੇ ਸੰਪਰਕ ਵਿਚ ਆਉਣ ਵਾਲਿਆਂ ਦੇ ਨਜ਼ਰੀਏ ਤੋਂ ਨਿੱਕੇ-ਨਿੱਕੇ ਟੁਕੜਿਆਂ ਰਾਹੀਂ ਘੜੀ ਜਾਂਦੀ ਹੈ। ਉਸ ਦਾ ਸਭ ਤੋਂ ਕਰੀਬੀ ਮੁਲਾਜ਼ਮ ਉਸ ਪ੍ਰਤੀ ਸ਼ਰਧਾ ਨਾਲ ਭਰਿਆ ਹੋਣ ਕਾਰਨ ਉਸ ਦੀ ਕਹਾਣੀ ਵਿਚ ਸਾਰਾ ਕੁਝ ਚਮਤਕਾਰੀ ਤੇ ਅਸਾਧਾਰਨ ਹੀ ਦੇਖਦਾ ਹੈ। ਉਸ ਨੂੰ ਇਹ ਦਿਸਦਾ ਹੀ ਨਹੀਂ ਕਿ ਆਪਣੇ ਕੈਰੀਅਰ ਦੇ ਸ਼ੁਰੂਆਤੀ ਦਿਨਾਂ ਵਿਚ ਬੇਹੱਦ ਆਦਰਸ਼ਕ ਤੇ ਸਚਾਈ ਨਾਲ ਭਰਿਆ ਉਸ ਦਾ ਬਾਸ ਕੇਨ ਕਿਵੇਂ ਹੌਲੀ-ਹੌਲੀ ਭ੍ਰਿਸ਼ਟ ਤੇ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਵਾਲੇ ਸੰਪਾਦਕ ਵਿਚ ਬਦਲਦਾ ਚਲਾ ਗਿਆ। ਉਸ ਦੇ ਅਖਬਾਰ ਦਾ ਪ੍ਰਬੰਧਕੀ ਅੰਗ ਹੋਣ ਦੇ ਬਾਵਜੂਦ ਇਸ ਮੁਲਾਜ਼ਮ ਨੇ ਆਜ਼ਾਦ ਤੌਰ 'ਤੇ ਸੋਚਣਾ ਹੀ ਬੰਦ ਕਰ ਦਿੱਤਾ ਅਤੇ ਮਾਲਕ ਦੀ ਭਗਤੀ ਨਾਲ ਭਰੇ ਉਸ ਇਨਸਾਨ ਨੂੰ ਸਚਾਈ ਦਿਸਣੀ ਹੀ ਬੰਦ ਹੋ ਗਈ। ਇਹ ਹਰ ਕਿਸੇ ਦੀ ਹੋਣੀ ਹੋ ਸਕਦੀ ਹੈ, ਜੇਕਰ ਕਿਸੇ ਨੂੰ ਆਤਮਾ ਦੀਆਂ ਅੱਖਾਂ ਬੰਦ ਕਰ ਕੇ ਆਪਣੇ ਹੀ ਭਰਮਾਂ 'ਤੇ ਵਿਸ਼ਵਾਸਾਂ ਨੂੰ ਅੰਤਿਮ ਸੱਚ ਮੰਨਣ ਦੀ ਆਦਤ ਪੈ ਜਾਵੇ!



*ਫਿਲਮ 'ਸਿਟੀਜ਼ਨ ਕੇਨ' ਦੇ ਇਕ ਚਰਚਿਤ ਦ੍ਰਿਸ਼ ਵਿਚ ਅਦਾਕਾਰ/ਫਿਲਮਸਾਜ਼ ਓਰਸਨ ਵੈਲੇਸ।*






*ਫਿਲਮ 'ਸਿਟੀਜ਼ਨ ਕੇਨ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼ ਸਮਝਾ ਰਿਹਾ ਓਰਸਨ ਵੈਲੇਸ।*

ਕੇਨ ਦੀ ਕਹਾਣੀ ਨੂੰ ਸੂਤਰਬੱਧ ਕਰ ਰਿਹਾ ਪੱਤਰਕਾਰ ਥਾਮਸਨ ਉਸ ਦੇ ਨਜ਼ਦੀਕੀਆਂ ਕੋਲ ਉਸ ਦੀ ਮੌਤ ਦਾ ਰਹੱਸ ਲੱਭਣ ਜਾਂਦਾ ਹੈ ਜਿਸ ਦੀ ਗੁੱਥੀ ਕੇਨ ਦੁਆਰਾ ਮਰਦੇ ਸਮੇਂ ਬੋਲੇ ਸ਼ਬਦਾਂ 'ਰੋਜ਼ ਬੱਡ' ਵਿਚ ਛੁਪੀ ਹੋਈ ਹੈ। ਕੋਈ ਮਰਦੇ ਸਮੇਂ ਕਿਸ ਤਰ੍ਹਾਂ ਦੇ ਸ਼ਬਦ ਬੋਲੇਗਾ ਤੇ ਕੀ ਉਨ੍ਹਾਂ ਸ਼ਬਦਾਂ ਦਾ ਉਸ ਸ਼ਖਸ ਦੀ ਜ਼ਿੰਦਗੀ ਵਿਚ ਅਧੂਰੀਆਂ ਰਹਿ ਗਈਆਂ ਇੱਛਾਵਾਂ ਤੇ ਦੁੱਖਾਂ ਨਾਲ ਕੋਈ ਸਬੰਧ ਬਣਦਾ ਹੈ? ਇਨ੍ਹਾਂ ਹੀ ਸਵਾਲਾਂ ਦੇ ਆਧਾਰ 'ਤੇ ਉਸ ਸ਼ਖਸ ਦੀ ਜ਼ਿੰਦਗੀ ਦੀਆਂ ਜਿੱਤਾਂ ਤੇ ਹਾਰਾਂ ਦੀ ਦਰ ਤੈਅ ਕੀਤੀ ਜਾਂਦੀ ਹੈ? ਇਸ ਤੋਂ ਬਿਨਾਂ ਇਹ ਫਿਲਮ ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਬਹੁਤ ਸਾਰਾ ਪੈਸਾ, ਅੰਨ੍ਹੀ ਸ਼ੁਹਰਤ ਤੇ ਸਾਰੀ ਦੁਨੀਆ ਵਿਚ ਨਾਮ ਕਮਾਉਣ ਦੇ ਬਾਵਜੂਦ ਹਰ ਸ਼ਖਸ ਦੀ ਜ਼ਿੰਦਗੀ ਵਿਚ ਕੋਈ ਅਜਿਹਾ ਗਹਿਰਾ ਦੁੱਖ ਹੈ ਜਿਹੜਾ ਉਨ੍ਹਾਂ ਦੀ ਰੂਹ ਨੂੰ ਲਗਾਤਾਰ ਨਪੀੜੀ ਰੱਖਦਾ ਹੈ ਤੇ ਉਹ ਟੁੱਟੇ ਦਿਲਾਂ ਨਾਲ ਹੀ ਇਸ ਦੁਨੀਆ ਤੋਂ ਵਿਦਾ ਲੈ ਲੈਂਦੇ ਹਨ। ਆਖਿਰ ਵਿਚ ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਭੁਲਾ ਦਿੱਤਾ ਜਾਂਦਾ ਹੈ, ਜਿਵੇਂ ਇਸ ਧਰਤੀ ਦੀ ਕੋਈ ਵੀ ਚੀਜ਼ ਭੁਲਾ ਦਿੱਤੀ ਜਾਂਦੀ ਹੈ। ਇਸ ਫਿਲਮ ਦਾ ਇਹ ਸ਼ਾਨਦਾਰ ਸੁਨੇਹਾ ਹੀ ਇਸ ਫਿਲਮ ਨੂੰ ਇੰਨਾ ਆਸਧਾਰਨ ਬਣਾਉਂਦਾ ਹੈ ਕਿ ਕੋਈ ਵੀ ਇਨਸਾਨ ਮੌਤ ਤੋਂ ਬਾਅਦ ਸਿਰਫ ਓਨਾ ਹੀ ਜਿਊਂਦਾ ਹੈ, ਜਿੰਨਾ ਉਹ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦੀਆਂ ਯਾਦਾਂ ਵਿਚ ਬਚਿਆ ਰਹਿ ਜਾਂਦਾ ਹੈ। ਬੁੱਤਾਂ ਜਾਂ ਇਮਾਰਤਾਂ 'ਤੇ ਕੋਈ ਜ਼ਿਆਦਾ ਯਕੀਨ ਨਹੀਂ ਕੀਤਾ ਜਾ ਸਕਦਾ।

ਇਸ ਫਿਲਮ ਦਾ ਸਿਨੇਮਾ ਦੇ ਇਤਿਹਾਸ ਵਿਚ ਦੂਜਾ ਵੱਡਾ ਯੋਗਦਾਨ 'ਮਹਾਨ ਅਮਰੀਕਨ ਸੁਪਨੇ' ਦੀ ਤਰਾਸਦੀ ਨੂੰ ਬਿਆਨ ਕਰਨਾ ਸੀ। ਇਸ ਫਿਲਮ ਦੀ ਕਹਾਣੀ ਇੱਕ ਤਰ੍ਹਾਂ ਨਾਲ ਆਧੁਨਿਕ ਵਿਕਾਸ ਦੇ ਢਾਂਚਿਆਂ ਦੇ ਖੋਖਲੇਪਣ 'ਤੇ ਤਨਜ਼ ਕੱਸਦੀ ਹੈ। ਫਿਲਮ ਦੀ ਸ਼ੁਰੂਆਤ ਵਿਚ ਛੋਟਾ ਕੇਨ ਬਹੁਤ ਆਰਾਮ ਨਾਲ ਆਪਣੇ ਘਰ ਦੇ ਵਿਹੜੇ ਵਿਚ ਬਰਫ ਵਿਚ ਖੇਡ ਰਿਹਾ ਹੈ। ਉਹ ਬਿਲਕੁੱਲ ਬੇਫਿਕਰ ਅਤੇ ਮਾਸੂਮ ਹੈ। ਉਸ ਦੇ ਮਾਪੇ ਉਸ ਨੂੰ ਆਪਣੇ ਕਿਸੇ ਰਿਸ਼ਤੇਦਾਰ ਕੋਲ ਭੇਜ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਸ ਨੂੰ ਇੱਥੇ ਰੱਖ ਕੇ ਉਹ ਉਸ ਦੀ ਤਰੱਕੀ ਰੋਕ ਰਹੇ ਹਨ। ਸਾਰੇ ਮਾਪਿਆਂ ਵਾਂਗ ਉਨ੍ਹਾਂ ਨੂੰ ਜਾਪਦਾ ਹੈ ਕਿ ਬਹੁਤ ਸਾਰੀ ਦੌਲਤ ਤੇ ਸ਼ੁਹਰਤ ਉਨ੍ਹਾਂ ਦੇ ਬੱਚੇ ਦਾ ਭਵਿੱਖ ਸੁਨਹਿਰੀ ਬਣਾ ਦੇਵੇਗੀ। ਉਹ 'ਮਹਾਨ ਅਮਰੀਕਨ ਸੁਪਨੇ' ਦੀ ਬਨਾਵਟੀ ਤੇ ਦੋ-ਮੂੰਹੀਂ ਦੁਨੀਆ ਵਿਚ ਧੱਕ ਦਿੱਤਾ ਜਾਂਦਾ ਹੈ। ਪੈਸੇ ਦੀ ਅੰਨ੍ਹੀ ਦੌੜ ਵਿਚ ਉਹ ਆਪਣੀ ਮਾਸੂਮੀਅਤ, ਦਿਲ ਦੀ ਨਜ਼ਾਕਤ ਅਤੇ ਭਾਵਨਾਤਮਿਕ ਸ਼ਾਤੀ ਗੁਆ ਬੈਠਦਾ ਹੈ। ਉਹ ਪੈਸੇ ਨਾਲ ਖੁਸ਼ੀਆਂ ਖਰੀਦਣ ਦੀ ਕੋਸ਼ਿਸ ਕਰਦਾ ਹੈ ਤੇ ਦੂਜਿਆਂ ਦੀ ਗਰੀਬੀ ਦਾ ਮਜ਼ਾਕ ਉਡਾਉਂਦਾ ਹੈ ਪਰ ਸਮਾਂ ਗੁਜ਼ਰਨ ਦੇ ਨਾਲ-ਨਾਲ ਉਹ ਇਕੱਲਾ ਹੁੰਦਾ ਜਾਂਦਾ ਹੈ ਅਤੇ ਦਿਨੋ-ਦਿਨ ਆਪਣੇ ਤੇ ਤਰਸ ਖਾਣ ਦੀ ਹਾਲਤ ਵਿਚ ਆ ਜਾਂਦਾ ਹੈ। ਉਸ ਦੇ ਆਸ-ਪਾਸ ਦੇ ਲੋਕ ਉਸ ਨੂੰ ਸਿਰਫ ਪੈਸੇ ਕਾਰਨ ਪਛਾਣਦੇ ਹਨ ਅਤੇ ਉਸ ਸਾਹਮਣੇ ਚਾਪਲੂਸ ਬਣੇ ਰਹਿੰਦੇ ਹਨ। ਉਹ ਘਰ ਵਿਚ ਚੀਜ਼ਾਂ ਦਾ ਭੰਡਾਰ ਜਮ੍ਹਾਂ ਕਰ ਲੈਂਦਾ ਹੈ ਤੇ ਅੰਤ ਵਿਚ ਜਦੋਂ ਉਹ ਆਪਣੀ ਦੇਹ ਤਿਆਗਦਾ ਹੈ ਤੇ ਉਸ ਕੋਲ ਇੱਕ ਵੀ ਬੰਦਾ ਅਜਿਹਾ ਨਹੀਂ ਹੁੰਦਾ ਜੋ ਮੌਤ ਤੋਂ ਬਾਅਦ ਉਸ ਦੀਆਂ ਅੱਖਾਂ ਬੰਦ ਕਰ ਸਕੇ। ਉਸ ਦੇ ਆਖਰੀ ਸ਼ਬਦ ਸੁਣਨ ਵਾਲਾ ਵੀ ਕੋਈ ਨਹੀਂ।

ਇਸ ਤੋਂ ਬਿਨਾਂ ਇਹ ਫਿਲਮ ਸਿਆਸੀ ਇੱਛਾਵਾਂ ਬਾਰੇ ਵੱਖਰਾ ਬਿਰਤਾਂਤ ਸਿਰਜਦੀ ਹੈ ਜਿਹੜਾ ਅੱਜ ਵੀ ਅਮਰੀਕਾ ਦੀ ਮੌਜੂਦਾ ਸਿਆਸਤ ਲਈ ਸੱਚ ਹੈ। ਫਿਲਮ ਸਿਆਸੀ ਧਰੁਵੀਕਰਨ ਵਿਚ ਅਖਬਾਰਾਂ ਤੇ ਬਾਕੀ ਮੀਡੀਆਂ ਦੀ ਭੂਮਿਕਾ ਬਾਰੇ ਵੀ ਤਿੱਖੇ ਸਵਾਲ ਖੜ੍ਹੇ ਕਰਦੀ ਹੈ।

ਇਨ੍ਹਾਂ ਸਾਰੇ ਤੱਥਾਂ ਤੋਂ ਬਿਨਾਂ ਜਿਸ ਕਾਰਨ ਇਹ ਫਿਲਮ ਚਰਚਾ ਵਿਚ ਰਹਿੰਦੀ ਹੈ, ਉਹ ਫਿਲਮ ਦੇ ਫਿਲਮਾਉਣ ਦਾ ਤਰੀਕਾ ਜਿਸ ਨੇ ਇੱਕ ਤਰ੍ਹਾਂ ਨਾਲ ਫਿਲਮ ਬਣਾਉਣ ਦੇ ਖੇਤਰ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ।



***ਕੇਨ ਦੀ ਕਹਾਣੀ ਨੂੰ ਸੂਤਰਬੱਧ ਕਰ ਰਿਹਾ ਪੱਤਰਕਾਰ ਥਾਮਸਨ ਉਸ ਦੇ ਨਜ਼ਦੀਕੀਆਂ ਕੋਲ ਉਸ ਦੀ ਮੌਤ ਦਾ ਰਹੱਸ ਲੱਭਣ ਜਾਂਦਾ ਹੈ ਜਿਸ ਦੀ ਗੁੱਥੀ ਕੇਨ ਦੁਆਰਾ ਮਰਦੇ ਸਮੇਂ ਬੋਲੇ ਸ਼ਬਦਾਂ 'ਰੋਜ਼ ਬੱਡ' ਵਿਚ ਛੁਪੀ ਹੋਈ ਹੈ। ਕੋਈ ਮਰਦੇ ਸਮੇਂ ਕਿਸ ਤਰ੍ਹਾਂ ਦੇ ਸ਼ਬਦ ਬੋਲੇਗਾ ਤੇ ਕੀ ਉਨ੍ਹਾਂ ਸ਼ਬਦਾਂ ਦਾ ਉਸ ਸ਼ਖਸ ਦੀ ਜ਼ਿੰਦਗੀ ਵਿਚ ਅਧੂਰੀਆਂ ਰਹਿ ਗਈਆਂ ਇੱਛਾਵਾਂ ਤੇ ਦੁੱਖਾਂ ਨਾਲ ਕੋਈ ਸਬੰਧ ਬਣਦਾ ਹੈ? ਇਨ੍ਹਾਂ ਹੀ ਸਵਾਲਾਂ ਦੇ ਆਧਾਰ 'ਤੇ ਉਸ ਸ਼ਖਸ ਦੀ ਜ਼ਿੰਦਗੀ ਦੀਆਂ ਜਿੱਤਾਂ ਤੇ ਹਾਰਾਂ ਦੀ ਦਰ ਤੈਅ ਕੀਤੀ ਜਾਂਦੀ ਹੈ?***




Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 48 Cent + Team 58 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com